ਸੁਖ਼ਨ-ਸੁਨੇਹੇ

ਨਰਿੰਦਰ ਸਿੰਘ ਕਪੂਰ



ਲੇਖਕ ਦੀਆਂ ਕੁਝ ਹੋਰ ਪੁਸਤਕਾਂ :

ਵਿਚਾਰ-ਸੰਗ੍ਰਹਿ	:	ਮਾਲਾ ਮਣਕੇ
ਲੇਖ ਸੰਗ੍ਰਹਿ	:	ਡੂੰਘੀਆਂ ਸਿਖਰਾਂ ਰਾਹ-ਰਸਤੇ ਅੰਤਰ ਝਾਤ ਆਹਮੋ-ਸਾਹਮਣੇ ਬੂਹੇ-ਬਾਰੀਆਂ ਸੁਖ਼ਨ-ਸੁਨੇਹੇ ਵਿਆਖਿਆ ਵਿਸ਼ਲੇਸ਼ਣ ਸੱਚੋ-ਸੱਚ ਤਰਕਵੇਦ
ਆਲੋਚਨਾ ਅਤੇ ਖੋਜ	:	ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ ਗਿਆਨੀ ਦਿੱਤ ਸਿੰਘ-ਜੀਵਨ ਤੇ ਰਚਨਾ ਪੰਜਾਬੀ ਪੱਤਰਕਾਰੀ ਦਾ ਵਿਕਾਸ
ਅਨੁਵਾਦ	:	ਤੁਰਗਨੇਵ: ਪਿਉ ਪੁੱਤਰ ਜਵਾਹਰ ਲਾਲ ਨਹਿਰੂ: ਗਾਥਾ ਭਾਰਤ ਦੇਸ਼ ਦੀ ਜੱਸਾ ਸਿੰਘ ਆਹਲੂਵਾਲੀਆ ਮਾਰਟਿਨ ਲੂਥਰ ਕਿੰਗ ਭਾਈ ਵੀਰ ਸਿੰਘ: ਬਾਬਾ ਨੌਧ ਸਿੰਘ (ਅੰਗਰੇਜ਼ੀ ਵਿੱਚ)

ਸੁਖ਼ਨ-ਸੁਨੇਹੇ

ਨਰਿੰਦਰ ਸਿੰਘ ਕਪੂਰ

Sukhan Sunehe

(A Collection of Essays)

by

Dr. Narinder Singh Kapoor
4245, Phase 2, Urban Estate,
PATIALA 147002 India

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

Produced and Bound in India

ਤਤਕਰਾ

ਸੁਖ਼ਨ-ਸੁਨੇਹੇ

ਨਰਿੰਦਰ ਸਿੰਘ ਕਪੂਰ



ਸੁਖ਼ਨ-ਸੁਨੇਹੇ

ਇਸ ਪੁਸਤਕ ਵਿਚਲੇ ਲੇਖ ਤੁਹਾਡੇ ਵੱਲ ਲਿਖੇ ਗਏ ਸੁਖ਼ਨ-ਸੁਨੇਹੇ ਹਨ ਤਾਂ ਕਿ ਤੁਸੀਂ ਆਪਣੇ ਆਪ ਬਾਰੇ ਆਪਣੀ ਰਾਇ ਬਦਲ ਸਕੋ।

ਤੁਹਾਡੀ ਸੋਚ ਵਿਚੋਂ ਉਹੀ ਕੁਝ ਉਪਜੇਗਾ, ਜੋ ਕੁਝ ਤੁਸੀਂ ਬੀਜੋਗੇ। ਜਿਹੋ ਜਿਹੀ ਤੁਹਾਡੀ ਸੋਚ ਹੋਵੇਗੀ, ਉਹੋ ਜਿਹੇ ਮਨੁੱਖ ਤੁਸੀਂ ਹੋ ਨਿਬੜੋਗੇ।

ਉਸਾਰੂ ਸੋਚ ਤੋਂ ਬਿਨਾਂ ਕੋਈ ਉਸਾਰੀ ਸੰਭਵ ਨਹੀਂ ਹੁੰਦੀ। ਉਸਾਰੂ ਸੋਚ ਵਾਲਾ ਇਕ ਵਿਅਕਤੀ ਵੀ ਬਹੁ-ਗਿਣਤੀ ਹੁੰਦਾ ਹੈ।

ਤੁਹਾਡੇ ਵਿਸ਼ਵਾਸ ਹੀ ਤੁਹਾਡੇ ਆਲੇ-ਦੁਆਲੇ ਦਾ ਵਾਤਾਵਰਨ ਸਿਰਜਦੇ ਹਨ। ਜੀਵਨ ਅਤੇ ਸੰਸਾਰ ਦਾ ਸੋਹਣਾ ਹੋਣਾ ਤੁਹਾਡੇ ਵਿਸ਼ਵਾਸਾਂ ਉੱਤੇ, ਤੁਹਾਡੀ ਸੋਚ ਉੱਤੇ ਅਤੇ ਤੁਹਾਡੇ ਦ੍ਰਿਸ਼ਟੀਕੋਣ ਉੱਤੇ ਨਿਰਭਰ ਕਰਦਾ ਹੈ।

ਸਿਆਣਪ ਨਾਲੋਂ ਉਦਾਰ ਦ੍ਰਿਸ਼ਟੀਕੋਣ ਵਧੇਰੇ ਮਹੱਤਵਪੂਰਨ ਹੁੰਦਾ ਹੈ।

ਸਫ਼ਲਤਾ, ਪ੍ਰਸੰਨਤਾ ਅਤੇ ਸਬਰ-ਸੰਤੋਖ ਕਿਸੇ ਮੰਜ਼ਿਲ ਦੇ ਨਾਂ ਨਹੀਂ, ਇਹ ਯਾਤਰਾ ਦੇ ਪੜਾਅ ਹਨ।

ਚਿੰਤਾਵਾਂ ਅਤੇ ਦੁਚਿੱਤੀਆਂ, ਕਲਪਨਾ ਦੀ ਦੁਰਵਰਤੋਂ ਵਿਚੋਂ ਜਨਮਦੀਆਂ ਹਨ। ਇਹ ਸਵੈ-ਭਰੋਸੇ ਦੀ ਅਣਹੋਂਦ ਦੀਆਂ ਅਲਾਮਤਾਂ ਹਨ।

ਫਰਜ਼ ਨਿਭਾਏ ਬਿਨਾਂ ਸੁਖ ਦੀ ਪ੍ਰਾਪਤੀ ਅਸੰਭਵ ਹੈ। ਜ਼ਿੰਦਗੀ ਵੱਲ ਮੁਸਕਰਾ ਕੇ ਉਹੀ ਵੇਖ ਸਕਦੇ ਹਨ, ਜਿਨ੍ਹਾਂ ਵਿਚ ਆਪਣਾ ਫਰਜ਼ ਨਿਭਾਉਣ ਦੀ ਦਲੇਰੀ ਹੁੰਦੀ ਹੈ ਅਤੇ ਜਿਨ੍ਹਾਂ ਵਿਚ ਨਿੱਜ ਤੋਂ ਪਰੇ ਵੇਖਣ ਦਾ ਸਾਹਸ ਅਤੇ ਆਪਣੇ ਵਿਰੋਧੀ ਦਾ ਵੀ ਸਤਿਕਾਰ ਕਰਨ ਦਾ ਸਲੀਕਾ ਹੁੰਦਾ ਹੈ।

ਇਹ ਪੁਸਤਕ ਤੁਹਾਨੂੰ ਸਮਰਪਿਤ ਹੈ, ਕਿਉਂਕਿ ਤੁਹਾਡੇ ਵਿਚ ਅਜਿਹਾ ਮਨੁੱਖ ਬਣਨ ਦੀਆਂ ਸੰਭਾਵਨਾਵਾਂ ਹਨ।

- ਨਰਿੰਦਰ ਸਿੰਘ ਕਪੂਰ
ਸਾਬਕਾ ਪ੍ਰੋਫ਼ੈਸਰ, ਜਰਨਲਿਜ਼ਮ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸੁਖ਼ਨ-ਸੁਨੇਹੇ

ਨਰਿੰਦਰ ਸਿੰਘ ਕਪੂਰ



ਨਿਰਾਸ਼ ਹੋਣਾ ਮਨ੍ਹਾ ਹੈ

ਨਵੇਂ ਰਾਹ ਉਨ੍ਹਾਂ ਨੂੰ ਹੀ ਲੱਭਦੇ ਹਨ, ਜਿਹੜੇ ਰਾਹ ਭੁੱਲ ਜਾਣ।

ਇਸ ਤੱਥ ਦਾ ਸੱਚ ਤੁਹਾਨੂੰ ਕਿਸੇ ਮਾਰੂਥਲ ਜਾਂ ਪਹਾੜ ਵਿਚ ਇਕੱਲਿਆਂ ਵਿਚਰਨ ਨਾਲ ਹੀ ਸਮਝ ਆਵੇਗਾ।

ਅਸੀਂ ਉਹੀ ਕੁਝ ਹੁੰਦੇ ਹਾਂ ਜੋ ਕੁਝ ਅਸੀਂ ਆਪਣੇ ਆਪ ਬਾਰੇ ਸੋਚਦੇ ਰਹਿੰਦੇ ਹਾਂ।

ਜਿਹੋ ਜਿਹਾ ਸਾਡਾ ਅਮਲ ਹੁੰਦਾ ਹੈ, ਉਹੋ ਜਿਹਾ ਸਾਡਾ ਚਰਿੱਤਰ ਬਣ ਜਾਂਦਾ ਹੈ। ਜਿਹੋ ਜਿਹਾ ਸਾਡਾ ਚਰਿੱਤਰ ਬਣ ਜਾਂਦਾ ਹੈ, ਉਹੋ ਜਿਹੀ ਹੀ ਸਾਨੂੰ ਦੁਨੀਆਂ ਪ੍ਰਤੀਤ ਹੁੰਦੀ ਹੈ।

ਕਈ ਬਸੰਤ ਵਿਚ ਵੀ ਉਬਾਸੀ ਵਾਂਗ ਵਿਚਰਦੇ ਹਨ, ਕਈ ਪੱਤਝੜ ਵਿਚ ਵੀ ਮੋਰ ਵਾਂਗ ਨੱਚਦੇ ਹਨ।

ਕਈਆਂ ਦਾ ਸੁਭਾਅ ਬੰਦ ਨਾਲੀ ਵਾਲਾ ਹੁੰਦਾ ਹੈ, ਕਈ ਛੱਪੜ ਵਾਂਗ ਹੁੰਦੇ ਹਨ, ਕਈ ਝੀਲ ਜਿਹੇ ਲਗਦੇ ਹਨ, ਕਈ ਨਹਿਰ ਵਾਂਗ ਵਗਦੇ ਹਨ, ਕਈ ਦਰਿਆ ਵਾਂਗ ਚਲਦੇ ਹਨ, ਕਈ ਨਿਰੇ ਸਮੁੰਦਰ ਹੁੰਦੇ ਹਨ।

ਕਈ ਰਾਹ ਜਾਂਦਿਆਂ ਨੂੰ ਵੀ ਤਾੜੀ ਮਾਰ ਕੇ ਉਤਸ਼ਾਹ ਦਿੰਦੇ ਹਨ, ਕਈ ਆਪਣੇ ਬੱਚਿਆਂ ਦੀ ਅਸਫਲਤਾ ਉਡੀਕਦੇ ਹਨ ਤਾਂ ਕਿ ਕਹਿ ਸਕਣ 'ਮੈਨੂੰ ਤਾਂ ਪਹਿਲਾਂ ਹੀ ਪਤਾ ਸੀ, ਤੂੰ ਇਹੀ ਕੁਝ ਕਰਨਾ ਸੀ।'

ਮਨੁੱਖ ਦਾ ਸਭ ਤੋਂ ਵੱਡਾ ਫਰਜ਼ ਇਹ ਹੈ ਕਿ ਉਹ ਜ਼ਿੰਦਗੀ ਨੂੰ ਬਰਦਾਸ਼ਤ ਕਰੇ।

ਕਿਸੇ ਦੇ ਜੀਵਨ ਵਿੱਚ, ਸਭ ਕੁਝ ਚਾਹੇ ਅਨੁਸਾਰ ਨਹੀਂ ਵਾਪਰਦਾ।

ਤੁਹਾਨੂੰ ਉਹ ਹੀ ਮੁਸ਼ਕਿਲਾਂ ਪੈਣਗੀਆਂ, ਜਿਨ੍ਹਾਂ ਦਾ ਹੱਲ ਤੁਸੀਂ ਕਰ ਸਕੋਗੇ।

ਯਾਦ ਰੱਖਣ ਵਾਲੀ ਮਹੱਤਵਪੂਰਨ ਗੱਲ ਇਹ ਹੈ ਕਿ ਤੁਸੀਂ ਆਪਣੀਆਂ ਸਾਰੀਆਂ ਮੁਸ਼ਕਿਲਾਂ ਨਾਲੋਂ ਵੱਡੇ ਹੋ।

ਲੰਘ ਗਏ ਮੌਕਿਆਂ ਦਾ ਅਫਸੋਸ ਕਰਨ ਦੀ ਥਾਂ ਆਪਣੀ ਬਿਰਤੀ ਵਰਤਮਾਨ ਉਤੇ ਕੇਂਦਰਿਤ ਕਰ ਕੇ ਅਸੀਂ ਆਪਣੇ ਭਵਿੱਖ ਦੀ ਨੁਹਾਰ ਬਦਲ ਸਕਦੇ ਹਾਂ।

ਅਤੀਤ ਸਾਡੇ ਵੱਸ ਨਹੀਂ ਹੁੰਦਾ ਪਰ ਭਵਿੱਖ ਸਾਡੇ ਸਾਹਮਣੇ ਹੁੰਦਾ ਹੈ।

ਅਸਫਲ ਉਹ ਹੀ ਹੁੰਦੇ ਹਨ, ਜਿਹੜੇ ਸਫਲ ਨਹੀਂ ਹੋਣਾ ਚਾਹੁੰਦੇ। ਬੀਮਾਰ ਉਹ ਹੀ ਪੈਂਦੇ ਹਨ, ਜਿਨ੍ਹਾਂ ਕੋਲ ਬੀਮਾਰ ਹੋਣ ਦਾ ਸਮਾਂ ਹੁੰਦਾ ਹੈ।

ਅਕਸਰ ਜੋ ਕੁਝ ਸੰਭਵ ਹੁੰਦਾ ਹੈ, ਉਸ ਨੂੰ ਅਸੀਂ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਅਤੇ ਜੋ ਕੁਝ ਪ੍ਰਾਪਤ ਕਰਨਾ ਚਾਹੁੰਦੇ ਹਾਂ, ਉਹ ਸੰਭਵ ਨਹੀਂ ਹੁੰਦਾ।

ਅਸੀਂ ਗੁੜ ਦੀ ਡਲੀ ਨਾਲ ਟੋਭਾ ਮਿੱਠਾ ਕਰਨਾ ਚਾਹੁੰਦੇ ਹਾਂ।

ਜੇ ਸਫਲ ਹੋਣਾ ਸਾਡਾ ਉਦੇਸ਼ ਹੋਵੇ ਤਾਂ ਕਿਸੇ ਵੀ ਹਾਲਤ ਵਿਚ ਅਸੀਂ ਨਿਰਾਸ਼ ਨਹੀਂ ਹੋਵਾਂਗੇ ਪਰ ਅਸੀਂ ਤਾਂ ਦੂਜਿਆਂ ਨਾਲੋਂ ਵਧੇਰੇ ਸਫਲ ਹੋਣਾ ਚਾਹੁੰਦੇ ਹਾਂ, ਇਸੇ ਲਈ ਅਸੀਂ ਅਸਫਲ ਅਤੇ ਨਿਰਾਸ਼ ਹੁੰਦੇ ਹਾਂ।

ਸਾਡੇ ਸਾਰਿਆਂ ਦੇ ਜੀਵਨ ਦੇ ਸਭ ਤੋਂ ਸੁਹਾਵਣੇ ਵਰ੍ਹੇ ਉਹ ਸਨ ਜਦੋਂ ਅਸੀਂ ਉਹ ਕੁਝ ਕਰਦੇ ਰਹੇ, ਜਿਸ ਵਿਚੋਂ ਅਸੀਂ ਕਿਸੇ ਲਾਭ ਦੀ ਆਸ ਨਹੀਂ ਸੀ ਕੀਤੀ।

ਜਿਵੇਂ ਬਾਜ਼, ਬਾਜ਼ਾਂ ਨਾਲ ਅਤੇ ਕਬੂਤਰ, ਕਬੂਤਰਾਂ ਨਾਲ ਉਡਦੇ ਹਨ, ਉਵੇਂ ਹੀ ਉਸਾਰੂ ਵਿਚਾਰ, ਚੰਗੇ ਵਿਚਾਰਾਂ ਨਾਲ ਅਤੇ ਢਹਿੰਦੇ ਵਿਚਾਰ, ਢਾਹੂ ਸੋਚਾਂ ਅਤੇ ਬਿਰਤੀਆਂ ਨਾਲ ਚਲਦੇ ਹਨ।

ਕਈਆਂ ਦੇ ਗੋਡੇ ਬਹਿਣ ਤੋਂ ਪਹਿਲਾਂ ਹੀ ਦਿਲ ਵੀ ਬਹਿ ਜਾਂਦਾ ਹੈ।

ਹਰ ਬੰਦਾ ਆਪਣੇ ਮਨ ਦੀ ਸੇਧ ਨੂੰ ਬਦਲ ਕੇ ਜੀਵਨ ਵੀ ਬਦਲ ਸਕਦਾ ਹੈ।

ਹਸਪਤਾਲ ਵਿਚ ਤਪਦਿਕ ਦੇ ਇਕ ਰੋਗੀ ਨੇ ਦੂਜੇ ਨੂੰ ਕਿਹਾ, "ਸਾਡੇ ਵਿਚ ਇਸ ਗੱਲ ਦੀ ਸਾਂਝ ਹੈ ਕਿ ਸਾਨੂੰ ਦੋਹਾਂ ਨੂੰ ਤਪਦਿਕ ਦੀ ਬੀਮਾਰੀ ਹੈ!" ਜਵਾਬ ਮਿਲਿਆ, "ਨਹੀਂ, ਸਾਡੇ ਵਿਚ ਇਸ ਗੱਲ ਦੀ ਸਾਂਝ ਹੈ ਕਿ ਅਸੀਂ ਦੋਵੇਂ ਰੋਗ ਤੋਂ ਮੁਕਤ ਹੋ ਕੇ, ਜਿਊਣਾ ਚਾਹੁੰਦੇ ਹਾਂ।"

ਹਾਥੀ ਨੂੰ ਆਉਂਦਿਆਂ ਵੇਖ ਕੇ ਇਕ ਕੀੜੀ ਨੇ ਆਪਣਾ ਡਰ ਪ੍ਰਗਟਾਉਂਦਿਆਂ ਦੂਜੀ ਨੂੰ ਕਿਹਾ, "ਕਿਤਨਾ ਵੱਡਾ ਜਾਨਵਰ ਹੈ।" ਉਤਰ ਮਿਲਿਆ, "ਤਾਂ ਕੀ ਹੋਇਆ, ਉਹ ਇਕ ਹੈ, ਅਸੀਂ ਦੋ ਹਾਂ।"

ਇਕ ਮੁਟਿਆਰ ਨੇ ਦੂਜੀ ਨੂੰ ਪੁਛਿਆ, "ਤੂੰ ਪਰੀਆਂ ਵੇਖੀਆਂ ਹਨ?" ਉੱਤਰ ਮਿਲਿਆ, "ਨੀ ਹੌਲੀ ਬੋਲ, ਕੋਈ ਆਪਾਂ ਨੂੰ ਵੇਖ ਨਾ ਲਵੇ।"

ਸਾਡੇ ਅੰਦਰ ਸ਼ਕਤੀ ਦੇ ਖੂਹ ਹਨ ਪਰ ਅਸੀਂ ਉਨ੍ਹਾਂ ਨੂੰ ਗੇੜਦੇ ਨਹੀਂ।

ਜਿਹੜੇ ਪਹਾੜਾਂ ਦੀਆਂ ਚੋਟੀਆਂ 'ਤੇ ਚੜ੍ਹਦੇ ਹਨ, ਉਹ ਪਹਿਲਾਂ ਆਪਣੇ ਮਨ ਵਿਚ ਲੰਮਾ ਅਭਿਆਸ ਕਰਦੇ ਹਨ।

ਕੋਈ ਵੀ ਵਿਅਕਤੀ ਮੁਸੀਬਤਾਂ, ਮਜਬੂਰੀਆਂ, ਮਾਯੂਸੀਆਂ ਅਤੇ ਹਾਰਾਂ ਦਾ ਸਾਹਮਣਾ ਕੀਤੇ ਬਿਨਾਂ ਨਾ ਸਿਆਣਾ ਹੋ ਸਕਦਾ ਹੈ, ਨਾ ਤਕੜਾ, ਨਾ ਬਹਾਦਰ ਹੋ ਸਕਦਾ ਹੈ ਨਾ ਸਹਿਣਸ਼ੀਲ।

ਪਿਆਰ ਉਹੀ ਕਰਦੇ ਹਨ ਜਿਨ੍ਹਾਂ ਵਿਚ ਸਮਾਜ ਤੋਂ ਆਪਣੀ ਮਰਜ਼ੀ ਮਨਵਾਉਣ ਦਾ ਹੌਸਲਾ ਹੁੰਦਾ ਹੈ। ਭਾਵੇਂ ਉਹ ਹਾਰ ਜਾਣ ਪਰ ਉਨ੍ਹਾਂ ਨੂੰ ਆਪਣੇ ਵਿਸ਼ਾਲ ਅਤੇ ਡੂੰਘੇ ਅਨੁਭਵ ਉਤੇ ਮਾਣ ਹੁੰਦਾ ਹੈ।

ਜੋ ਕੁਝ ਤੁਹਾਡੇ ਨਾਲ ਵਾਪਰ ਰਿਹਾ ਹੈ, ਉਸ ਦੇ ਸ਼ਾਇਦ ਤੁਹਾਨੂੰ ਅਰਥ ਹੁਣ ਸਮਝ ਨਾ ਆਉਣ ਪਰ ਆਪਣੇ ਗੁਜ਼ਰੇ ਜੀਵਨ ਉਤੇ ਝਾਤ ਮਾਰ ਕੇ ਵੇਖੋ, ਉਸ ਸਮੇਂ ਦੇ ਸਾਡੇ ਕੰਮਾਂ ਵਿਚਲੀ ਕਾਰਜਸ਼ੀਲ ਰੂਪ-ਰੇਖਾ ਅਤੇ ਵਿਉਂਤ ਸਪਸ਼ਟ ਹੋ ਜਾਵੇਗੀ। ਅਤੀਤ ਵਿਚਲੇ ਸਾਡੇ ਹਰ ਇਕ ਕਾਰਜ ਵਿਚੋਂ ਇਹ ਵਿਉਂਤ ਝਲਕਦੀ ਹੈ।

ਇਕ ਵਾਰੀ ਤੇਲ ਨਾਲ ਲੱਦੇ ਇਕ ਟਰੱਕ ਨੂੰ ਜਦੋਂ ਅੱਗ ਲਗ ਗਈ ਤਾਂ ਕਿਸੇ ਦਾ ਨੇੜੇ ਜਾਣ ਦਾ ਹੌਸਲਾ ਨਾ ਪਿਆ ਪਰ ਅਚਾਨਕ ਹੀ ਇਕ ਮਾੜੂਆ ਜਿਹਾ ਬੰਦਾ ਦੌੜਿਆ ਆਇਆ ਅਤੇ ਉਸ ਨੇ ਅੱਗ ਦੀਆਂ ਲਾਟਾਂ ਵਿਚੋਂ ਡਰਾਈਵਰ ਨੂੰ ਬਾਹਰ ਖਿੱਚ ਲਿਆਂਦਾ।

ਮਗਰੋਂ ਉਸ ਨੇ ਦੱਸਿਆ ਕਿ ਉਸ ਦੇ ਦੋ ਬੱਚੇ ਅੱਗ ਵਿਚ ਸੜ ਕੇ ਮਾਰੇ ਗਏ ਸਨ, ਇਸ ਲਈ ਉਹ ਜਦੋਂ ਵੀ ਕਿਸੇ ਨੂੰ ਅੱਗ ਵਿਚ ਘਿਰਿਆ ਵੇਖਦਾ ਹੈ ਤਾਂ ਉਸ ਨੂੰ ਲਗਦਾ ਹੈ ਕਿ ਜਿਵੇਂ ਉਸ ਦੇ ਬੱਚਿਆਂ ਉਤੇ ਫਿਰ ਮੁਸੀਬਤ ਆ ਪਈ ਹੋਵੇ।

ਸਾਡੇ ਵਿਚੋਂ ਹਰ ਇਕ ਕੋਲ ਦੇਣ ਲਈ ਕੁਝ ਨਾ ਕੁਝ ਹੁੰਦਾ ਹੈ। ਜੇ ਤੁਹਾਨੂੰ ਵਿਸ਼ਵਾਸ ਨਹੀਂ ਤਾਂ ਕਿਸੇ ਹਸਪਤਾਲ ਜਾ ਕੇ ਵੇਖੋ, ਕਈ ਇਸ ਉਡੀਕ ਵਿਚ ਹੋਣਗੇ ਕਿ ਤੁਸੀਂ ਉਨ੍ਹਾਂ ਦਾ ਹਾਲ ਪੁੱਛੋਗੇ, ਕਈਆਂ ਨੇ ਖ਼ਤ ਲਿਖ ਲਿਆ ਹੋਵੇਗਾ ਪਰ ਉਹ ਤੁਹਾਡੀ ਉਡੀਕ ਕਰ ਰਹੇ ਹੋਣਗੇ ਕਿ ਉਨ੍ਹਾਂ ਦੇ ਖ਼ਤ ਨੂੰ ਲੈਟਰ-ਬਾਕਸ ਤਕ ਤੁਸੀਂ ਪਹੁੰਚਾਉਗੇ।

ਇਕ ਵਾਰੀ ਇਕ ਬਾਦਸ਼ਾਹ ਨੇ ਮੁਨਾਦੀ ਕਰਵਾਈ ਕਿ ਅਗਲੇ ਦਿਨ ਉਸ ਦੇ ਮਹਿਲ ਦੇ ਬਾਹਰ ਹਰ ਇਕ ਲੋੜਵੰਦ ਦੀ ਮੰਗ ਪੂਰੀ ਕੀਤੀ ਜਾਵੇਗੀ। ਅਗਲੇ ਦਿਨ ਭੀੜਾਂ ਲਗ ਗਈਆਂ। ਇਕ ਫਕੀਰ ਆ ਕੇ ਅਖੀਰ ਉਤੇ ਖਲੋ ਗਿਆ। ਜਦੋਂ ਉਸ ਦੀ ਵਾਰੀ ਆਈ ਤਾਂ ਉਹ ਆਪਣੀ ਵਾਰੀ ਆਪਣੇ ਤੋਂ ਪਿਛਲੇ ਬੰਦੇ ਨੂੰ ਦੇ ਕੇ ਮੁੜ ਅਖੀਰ 'ਤੇ ਜਾ ਕੇ ਖਲੋ ਗਿਆ। ਸਾਰਾ ਦਿਨ ਉਹ ਇਵੇਂ ਕਰਦਾ ਰਿਹਾ। ਸ਼ਾਹੀ ਖਜ਼ਾਨਾ ਖਾਲੀ ਹੋ ਰਿਹਾ ਸੀ ਪਰ ਪ੍ਰਸ਼ੰਸਾ ਬਾਦਸ਼ਾਹ ਦੀ ਨਹੀਂ, ਆਪਣੀ ਵਾਰੀ ਦੂਜਿਆਂ ਨੂੰ ਦੇਣ ਵਾਲੇ ਉਸ ਫਕੀਰ ਦੀ ਹੋ ਰਹੀ ਸੀ। ਬਾਦਸ਼ਾਹ ਨੇ ਫਕੀਰ ਨੂੰ ਪੁੱਛਿਆ, "ਇਹ ਕੀ ਕਰ ਰਿਹਾ ਹੈਂ ?" ਉੱਤਰ ਮਿਲਿਆ, "ਜੋ ਕੁਝ ਤੁਸੀਂ ਕਰ ਰਹੇ ਹੋ, ਉਹ ਕੁਝ ਹੀ ਮੈਂ ਕਰ ਰਿਹਾ ਹਾਂ, ਤੁਹਾਡੇ ਕੋਲ ਦੂਜਿਆਂ ਨੂੰ ਦੇਣ ਲਈ ਸ਼ਾਹੀ ਖਜ਼ਾਨਾ ਹੈ, ਮੇਰੇ ਕੋਲ ਦੇਣ ਨੂੰ ਤਾਂ ਮੇਰੀ ਵਾਰੀ ਹੀ ਹੈ, ਸੋ ਮੈਂ ਆਪਣੀ ਵਾਰੀ ਦੂਜਿਆਂ ਨੂੰ ਦੇ ਰਿਹਾ ਹਾਂ।"

ਆਲੇ-ਦੁਆਲੇ ਝਾਤ ਮਾਰ ਕੇ ਵੇਖੋ, ਬੜੇ ਲੋੜਵੰਦ ਲੋਕ ਵਿਖਾਈ ਦੇਣਗੇ।

ਆਪਣੇ ਘਰ ਦੇ ਅੰਦਰ ਝਾਤ ਮਾਰ ਕੇ ਵੇਖੋ, ਬੜਾ ਕੁਝ ਦੂਜਿਆਂ ਨੂੰ ਦੇਣ ਲਈ ਤੁਹਾਨੂੰ ਵਿਖਾਈ ਦੇਵੇਗਾ।

ਜੀਵਨ ਦੇ ਇਕ ਪੜਾਓ ਤਕ ਸਾਨੂੰ ਵਸਤਾਂ ਪ੍ਰਾਪਤ ਕਰਕੇ ਖੁਸ਼ੀ ਹੁੰਦੀ ਹੈ, ਇਕ ਪੜਾਓ ਅਜਿਹਾ ਵੀ ਆਉਂਦਾ ਹੈ ਜਦੋਂ ਕੁਝ ਦੇ ਕੇ ਖੁਸ਼ੀ ਹੁੰਦੀ ਹੈ।

ਕਈ ਪਹਿਲੇ ਪੜਾਓ ਤੋਂ ਅੱਗੇ ਨਹੀਂ ਲੰਘਦੇ, ਸੋ ਉਨ੍ਹਾਂ ਨੂੰ ਦੇਣ ਦੀ ਖੁਸ਼ੀ ਨਹੀਂ ਮਿਲਦੀ। ਅਜਿਹੇ ਵਿਅਕਤੀਆਂ ਤੋਂ ਖੋਹਣ ਵਾਲੇ ਕਈ ਪੈਦਾ ਹੋ ਜਾਂਦੇ ਹਨ।

ਅਧਿਆਪਕਾਂ ਦਾ ਜੀਵਨ ਭਾਵੇਂ ਅਮੀਰੀ ਵਾਲਾ ਨਾ ਹੋਵੇ ਪਰ ਦੂਜਿਆਂ ਦਾ ਜੀਵਨ ਉਸਾਰਨ ਕਾਰਨ, ਉਨ੍ਹਾਂ ਨੂੰ ਜੀਵਨ ਦੀ ਤਸੱਲੀ ਵਧੇਰੇ ਹੁੰਦੀ ਹੈ।

ਪੁਰਸ਼ ਨਾਲੋਂ ਇਸਤਰੀ ਵਧੇਰੇ ਤਿਆਗ, ਸਬਰ-ਸੰਤੋਖ ਅਤੇ ਮੋਹ ਵਾਲੀ ਹੁੰਦੀ ਹੈ। ਬਹੁਤਿਆਂ ਵਿਚ ਸਾਥ ਪ੍ਰਾਪਤ ਕਰਨ ਦੀ ਤਾਂਘ ਹੁੰਦੀ ਹੈ, ਸਾਥ ਦੇਣ ਦੀ ਦਲੇਰੀ ਨਹੀਂ ਹੁੰਦੀ।

ਸਾਥ ਦੇਣ ਦੀ ਬਿਰਤੀ, ਇਸਤਰੀ ਨੂੰ ਥੱਕਣ ਨਹੀਂ ਦਿੰਦੀ।

ਜਿਨ੍ਹਾਂ ਨੇ ਆਪਣੇ ਘਰ ਵਿਚ ਕੋਈ ਪਸ਼ੂ ਰੱਖਿਆ ਹੋਇਆ ਹੁੰਦਾ ਹੈ, ਉਨ੍ਹਾਂ ਕੋਲ ਤਸੱਲੀ ਅਤੇ ਪ੍ਰਸੰਨਤਾ ਦਾ ਇਕ ਸਰੋਤ ਵਧੇਰੇ ਹੁੰਦਾ ਹੈ।

ਤੁਹਾਨੂੰ ਮਾਣ ਹੋਣਾ ਚਾਹੀਦਾ ਹੈ ਕਿ ਤੁਸੀਂ ਦੂਜਿਆਂ ਦੇ ਕੰਮ ਆ ਸਕਦੇ ਹੋ।

ਅਸੀਂ ਨਿੱਕੀਆਂ ਇੱਜ਼ਤਾਂ ਵਾਲੇ ਲੋਕ ਹਾਂ। ਇਹੀ ਕਾਰਨ ਹੈ ਕਿ ਅਸੀਂ ਝਟ ਬੇਇੱਜ਼ਤੀ ਮਹਿਸੂਸ ਕਰਨ ਲੱਗ ਪੈਂਦੇ ਹਾਂ। ਇਵੇਂ ਅਸੀਂ ਆਪ ਹੀ ਸਮੱਸਿਆ ਬਣ ਜਾਂਦੇ ਹਾਂ ਅਤੇ ਆਪਣੇ ਲਈ ਆਪ ਹੀ ਮੁਸ਼ਕਿਲਾਂ ਉਪਜਾਉਂਦੇ ਰਹਿੰਦੇ ਹਾਂ।

ਪਹਿਲਾਂ ਅਸੀਂ ਸੋਚ ਦੀ ਪੱਧਰ 'ਤੇ ਹਾਰਦੇ ਹਾਂ, ਫਿਰ ਅਮਲ ਵਿਚ ਪਛੜਦੇ ਹਾਂ।

ਵਿਹਾਰ ਦੇ ਪੱਖੋਂ ਅਸੀਂ ਦੇਰ ਨਾਲ ਅਪੜ ਕੇ ਸਮਾਗਮ ਦੀ ਮੂਹਰਲੀ ਕਤਾਰ ਵਿਚ ਬੈਠਣ ਦਾ ਯਤਨ ਕਰਦੇ ਹਾਂ।

ਕਈ ਸਾਰਾ ਜੀਵਨ ਆਪ ਤੰਗ ਹੋਣ ਅਤੇ ਦੂਜਿਆਂ ਨੂੰ ਤੰਗ ਕਰਨ ਵਿਚ ਲੰਘਾ ਦਿੰਦੇ ਹਨ। ਕਈ ਆਪਣੀ ਅਣਖ ਦਾ ਸ਼ਮਲਾ ਇਤਨਾ ਲੰਬਾ ਕਰ ਲੈਂਦੇ ਹਨ ਕਿ ਉਨ੍ਹਾਂ ਦਾ ਹਰ ਕਾਰਜ ਬੇਰੁੱਤਾ ਅਤੇ ਬੇਢੰਗਾ ਪ੍ਰਤੀਤ ਹੁੰਦਾ ਹੈ।

ਹਰ ਕਿਸੇ ਤੋਂ ਅਣਜਾਣੇ ਹੀ ਕਈ ਵਧੀਕੀਆਂ ਹੋ ਜਾਂਦੀਆਂ ਹਨ।

ਆਪਣੀ ਗਲਤੀ ਜਾਂ ਕੀਤੀ ਵਧੀਕੀ ਦੀ ਕਦੀ ਮੁਆਫ਼ੀ ਮੰਗ ਕੇ ਵੇਖਣਾ, ਤੁਹਾਨੂੰ ਇਓਂ ਲਗੇਗਾ ਜਿਵੇਂ ਤੁਹਾਡੀ ਰੂਹ ਇਸ਼ਨਾਨ ਕਰ ਰਹੀ ਹੋਵੇ।

ਇਸ ਉਪਰੰਤ ਹੀ ਤੁਸੀਂ ਮਹਿਸੂਸ ਕਰੋਗੇ ਕਿ ਤੁਸੀਂ ਆਪਣਾ ਕਿਤਨਾ ਸਮਾਂ ਅਤੇ ਸ਼ਕਤੀ ਵਿਅਰਥ ਗੁਆਉਂਦੇ ਰਹੇ ਹੋ।

ਜੀਵਨ ਵਿਚ ਕਦੀ ਵੀ ਅਜਿਹਾ ਨਹੀਂ ਹੋਵੇਗਾ ਕਿ ਤੁਸੀਂ ਬਿਲਕੁਲ ਇਕੱਲੇ ਰਹਿ ਜਾਵੋ। ਸਥਿਤੀ ਕੋਈ ਵੀ ਹੋਵੇ, ਕੋਈ ਨਾ ਕੋਈ ਤੁਹਾਡੇ ਪੱਖ ਵਿਚ ਨਿੱਤਰੇਗਾ ਪਰ ਆਪਣੀਆਂ ਮੁਸ਼ਕਿਲਾਂ ਉਸ ਕੋਲ ਹੀ ਲੈ ਕੇ ਜਾਵੋ, ਜਿਸ ਕੋਲੋਂ ਹੱਲ ਦੀ ਆਸ ਹੋਵੇ ਜਾਂ ਜਿਸ ਕੋਲ ਤੁਹਾਡੀਆਂ ਮੁਸ਼ਕਿਲਾਂ ਸੁਣਨ ਦੀ ਸਮਰੱਥਾ ਹੋਵੇ।

ਪਿਆਰ ਕਰਨਾ ਅਤੇ ਧਿਆਨ ਦੇਣਾ ਉਦਾਸੀ ਦਾ ਇਲਾਜ ਹੁੰਦੇ ਹਨ। ਇਨ੍ਹਾਂ ਨਾਲ ਉਪਰਾਮਤਾ ਦੂਰ ਹੁੰਦੀ ਹੈ ਅਤੇ ਉਤਸ਼ਾਹ ਜਾਗਦਾ ਹੈ।

ਦੂਜਿਆਂ ਪ੍ਰਤੀ ਪਿਆਰ ਪ੍ਰਗਟਾਉਣ ਦੇ ਅਨੇਕਾਂ ਢੰਗ ਹੁੰਦੇ ਹਨ। ਇਹ ਇੱਛਾ ਹੀ

ਆਪਣੇ ਆਪ ਵਿਚ ਇਕ ਹੁਲਾਰਾ ਬਣ ਜਾਂਦੀ ਹੈ। ਤੁਸੀਂ ਕਿਸੇ ਦੀ ਸਮੱਸਿਆ ਧਿਆਨ ਨਾਲ ਸੁਣ ਲਵੋ, ਉਹ ਆਪਣੀ ਸਮੱਸਿਆ ਦਾ ਹੱਲ ਆਪ ਲੱਭ ਲਵੇਗਾ।

ਇਕ ਵਿਅਕਤੀ ਨੇ ਕਿਹਾ, "ਮੈਂ ਆਪਣਾ ਮਕਾਨ ਵੇਚਣਾ ਚਾਹੁੰਦਾ ਹਾਂ ਪਰ ਵਿਕ ਨਹੀਂ ਰਿਹਾ।" ਸੁਣਨ ਵਾਲੇ ਮਿੱਤਰ ਨੇ ਪੁੱਛਿਆ, "ਜੇ ਤੂੰ ਇਹ ਮਕਾਨ ਖਰੀਦਣਾ ਹੋਵੇ ਤਾਂ ਤੂੰ ਕੀ ਮੁੱਲ ਪਾਵੇਂਗਾ ?" ਵੇਚਣ ਵਾਲੇ ਨੂੰ ਸਮਝ ਆ ਗਈ ਕਿ ਉਸ ਦਾ ਮਕਾਨ ਕਿਤਨੇ ਵਿਚ ਵਿਕ ਸਕਦਾ ਸੀ।

ਸਾਡੀ ਸਮੱਸਿਆ ਉਦੋਂ ਉਲਝਦੀ ਹੈ ਜਦੋਂ ਅਸੀਂ ਆਪਣੀ ਦ੍ਰਿਸ਼ਟੀ ਦੇ ਪੱਖੋਂ ਸਪਸ਼ਟ ਨਹੀਂ ਹੁੰਦੇ। ਜਦੋਂ ਅਸੀਂ ਦ੍ਰਿਸ਼ਟੀ ਦੇ ਪੱਖੋਂ ਸਪਸ਼ਟ ਨਾ ਹੋਈਏ ਤਾਂ ਅਸੀਂ ਗਲਬਾਤ ਦੀ ਥਾਂ ਬਹਿਸ ਕਰਨ ਲੱਗ ਪੈਂਦੇ ਹਾਂ।

ਬਹਿਸ ਨਾਲ ਵਿੱਥ ਵੱਧਦੀ ਹੈ, ਕੁੜਿੱਤਣ ਉਪਜਦੀ ਹੈ।

ਜਦੋਂ ਤਕ ਤੁਸੀਂ ਯਤਨ ਨਹੀਂ ਕਰਦੇ, ਤੁਸੀਂ ਆਪਣੀ ਸਮਰੱਥਾ ਨੂੰ ਨਹੀਂ ਜਾਣ ਸਕਦੇ।

ਕਈ ਆਦਤ ਵਸ ਕਹਿੰਦੇ ਸੁਣੇ ਜਾਂਦੇ ਹਨ, "ਪਹਿਲਾਂ ਇਹ ਵਾਪਰ ਜਾਵੇ, ਇਸ ਉਪਰੰਤ ਹੀ ਮੈਂ ਕੰਮ ਕਰਾਂਗਾ।" ਕੁਝ ਕਰ ਕੇ ਵੇਖੋ, ਕੁਝ ਹੋਰ ਕਰਨ ਦਾ ਉਤਸ਼ਾਹ ਅਤੇ ਵਿਸ਼ਵਾਸ ਅਵੱਸ਼ ਜਾਗੇਗਾ।

ਦੂਜਿਆਂ ਦੀ ਮਦਦ ਕਰਦਿਆਂ ਅਤੇ ਸਮੱਸਿਆਵਾਂ ਸੁਲਝਾਉਂਦਿਆਂ ਸਾਨੂੰ ਆਪਣੀਆਂ ਸਮੱਸਿਆਵਾਂ ਦਾ ਹੱਲ ਸੁਝ ਜਾਵੇਗਾ।

ਜਦੋਂ ਤੁਹਾਨੂੰ ਕੋਈ ਮੁਸੀਬਤ ਬਣੇ, ਆਪਣੇ ਤੋਂ ਵਡੇਰੀ ਮੁਸੀਬਤ ਵਾਲੇ ਵਿਅਕਤੀ ਦਾ ਸਾਥ ਦੇ ਕੇ ਵੇਖਣਾ, ਤੁਹਾਨੂੰ ਆਪਣੀ ਮੁਸੀਬਤ ਬੜੀ ਛੋਟੀ ਅਤੇ ਆਸਾਨ ਪ੍ਰਤੀਤ ਹੋਣ ਲਗ ਪਵੇਗੀ।

ਕੁਝ ਕਰਨ ਦੇ ਪੱਖੋਂ ਅਸੀਂ ਉਦੋਂ ਤਕ ਹੀ ਡਰਦੇ ਰਹਿੰਦੇ ਹਾਂ ਜਦੋਂ ਤਕ ਅਸੀਂ ਸੋਚਦੇ ਰਹਿੰਦੇ ਹਾਂ। ਜਿਹੜੇ ਲੋਕ ਸੁੱਖਣਾ ਸੁੱਖਦੇ ਹਨ ਜਾਂ ਚਲੀਹਾ ਸੁੱਖਦੇ ਹਨ, ਉਹ ਸੋਚ ਦੇ ਪੱਖੋਂ ਮੁੱਕਤ ਹੋ ਜਾਂਦੇ ਹਨ। ਉਹ ਆਪਣਾ ਧਿਆਨ ਸੰਸਿਆਂ ਉਤੇ ਨਹੀਂ, ਸੰਭਾਵਨਾਵਾਂ ਉਤੇ ਕੇਂਦਰਿਤ ਕਰਦੇ ਹਨ।

ਇਵੇਂ ਹੀ ਜੇ ਕੋਈ ਰਿਸ਼ਤਾ ਕਰਨ ਸਮੇਂ ਦ੍ਰਿਸ਼ਟੀ ਪ੍ਰਵਾਨ ਕਰਨ ਦੀ ਹੋਵੇ ਤਾਂ ਔਗੁਣ ਵੀ ਗੁਣ ਦਿਖਾਈ ਦੇਣ ਲਗ ਪੈਂਦੇ ਹਨ।

ਧਾਰਮਿਕ ਬਿਰਤੀ ਵਾਲੇ ਵਿਅਕਤੀ ਇਸੇ ਕਰ ਕੇ ਵਧੇਰੇ ਸੰਤੁਸ਼ਟ ਹੁੰਦੇ ਹਨ ਕਿਉਂਕਿ ਉਹ ਸੋਚਣ ਨਾਲੋਂ ਵਧੇਰੇ, ਕਰਨ ਵਿਚ ਰੁੱਝੇ ਰਹਿੰਦੇ ਹਨ।

ਉਹ ਸੰਸਿਆਂ ਤੋਂ ਮੁੱਕਤ ਹੁੰਦੇ ਹਨ, ਇਸੇ ਲਈ ਪ੍ਰਸੰਨ ਪ੍ਰਤੀਤ ਹੁੰਦੇ ਹਨ।

ਚੁੱਪ ਰਹਿਣ ਦੀ ਆਦਤ, ਪ੍ਰਸੰਨਤਾ ਵੱਲ ਪਹਿਲਾ ਕਦਮ ਹੁੰਦੀ ਹੈ।

ਜਿਹੜੇ ਚੁੱਪ ਰਹਿੰਦੇ ਹਨ, ਉਨ੍ਹਾ ਦਾ ਮਨ ਉਨ੍ਹਾਂ ਦੀਆਂ ਸਮੱਸਿਆਵਾਂ ਵਾਸਤੇ ਸੋਚਣ

ਲਈ ਵਧੇਰੇ ਸਮਾਂ ਦੇ ਸਕਦਾ ਹੈ, ਸੋ ਉਨ੍ਹਾਂ ਵਿਚ ਨਾ ਕੇਵਲ ਵਧੇਰੇ ਟਿਕਾਓ ਹੁੰਦਾ ਹੈ ਸਗੋਂ ਉਨ੍ਹਾਂ ਦੇ ਬੋਲਾਂ ਵਿਚ ਵਧੇਰੇ ਡੂੰਘਾਈ ਵੀ ਹੁੰਦੀ ਹੈ ਅਤੇ ਉਨ੍ਹਾਂ ਨੂੰ ਵਧੇਰੇ ਧਿਆਨ ਨਾਲ ਸੁਣਿਆ ਜਾਂਦਾ ਹੈ।

ਕਈ ਸਮੱਸਿਆਵਾਂ ਨੂੰ ਅਸੀਂ ਖੋਲ੍ਹਦੇ ਹੀ ਨਹੀਂ। ਜਿਵੇਂ ਠੱਪੀ ਹੋਈ ਫੁਲਕਾਰੀ ਆਪਣਾ ਸਮੁੱਚ ਪੇਸ਼ ਨਹੀਂ ਕਰਦੀ, ਇਵੇਂ ਠੱਪੀ ਹੋਈ ਸਮੱਸਿਆ ਦੇ ਸਾਰੇ ਪੱਖ ਵੀ ਨਹੀਂ ਉਘੜਦੇ। ਸਮੱਸਿਆ ਨੂੰ ਖੋਲ੍ਹਣ ਨਾਲ ਕਈ ਪੱਖ ਆਪਸ ਵਿਚ ਹੀ ਮਨਫ਼ੀ ਹੋ ਜਾਂਦੇ ਹਨ ਅਤੇ ਅਲਜਬਰੇ ਦੀ ਵੱਡੀ ਰਕਮ ਦੇ ਨਿੱਕੇ ਜਿਹੇ ਹੱਲ ਵਾਂਗ ਸਭ ਕੁਝ ਨਿਖਰ ਕੇ ਸਪਸ਼ਟ ਹੋ ਜਾਂਦਾ ਹੈ।

ਕਿਸੇ ਨਜ਼ਦੀਕੀ ਦੀ ਮੌਤ ਕਈ ਵਾਰੀ ਸਾਡਾ ਲੱਕ ਤੋੜ ਦਿੰਦੀ ਹੈ।

ਬੀਮਾਰੀ, ਹਾਰ, ਗਲਤਫ਼ਹਿਮੀ, ਅਸਫਲਤਾ, ਬੇਇਜ਼ਤੀ, ਦੁਸ਼ਮਣੀ, ਆਰਥਿਕ ਤੰਗੀ ਆਦਿ ਸਾਨੂੰ ਨਿਰਾਸ਼ ਕਰਨ ਵਾਲੇ ਹੋਰ ਪੱਖ ਹਨ।

ਕਈ ਵਾਰੀ ਸਾਡੇ ਹੌਸਲੇ ਇਤਨੇ ਢਹਿ ਜਾਂਦੇ ਹਨ ਕਿ ਸਾਨੂੰ ਫਿਰ ਉੱਠਣ ਦੀ ਕੋਈ ਆਸ ਵਿਖਾਈ ਨਹੀਂ ਦਿੰਦੀ। ਇਥੇ ਹੀ ਲੋੜ ਪੈਂਦੀ ਹੈ, ਅੰਦਰਲੀ ਸ਼ਕਤੀ ਨੂੰ ਜਗਾਉਣ ਦੀ। ਕੋਈ ਵੀ ਉਦਾਸੀ ਜਾਂ ਨਿਰਾਸ਼ਾ ਅਜਿਹੀ ਨਹੀਂ ਹੁੰਦੀ, ਜਿਸ ਦਾ ਪਹਿਲਾਂ ਕਿਸੇ ਹੋਰ ਨੂੰ ਸਾਹਮਣਾ ਨਾ ਕਰਨਾ ਪਿਆ ਹੋਵੇ।

ਕੋਈ ਅਜਿਹਾ ਦਰਿਆ ਨਹੀਂ, ਜਿਸ ਨੂੰ ਮਨੁੱਖ ਨੇ ਪਾਰ ਨਾ ਕੀਤਾ ਹੋਵੇ।

ਕੋਈ ਅਜਿਹੀ ਮੁਸੀਬਤ ਨਹੀਂ, ਜਿਸ ਦਾ ਮਨੁੱਖ ਕੋਲ ਹੱਲ ਨਾ ਹੋਵੇ।

ਮਨੁੱਖ ਵਿਚ ਬਹੁਤ ਕੁਝ ਬਰਦਾਸ਼ਤ ਕਰਨ ਦੀ ਸੁਭਾਵਕ ਸ਼ਕਤੀ ਹੁੰਦੀ ਹੈ।

ਕਈ ਬੀਮਾਰੀਆਂ ਦਾ ਇਲਾਜ ਨਹੀਂ ਹੁੰਦਾ। ਉਨ੍ਹਾਂ ਨੂੰ ਆਪਣੇ ਮਨ ਦੀ ਪਕਿਆਈ ਨਾਲ ਸਹਿਣਾ ਹੀ ਇਲਾਜ ਹੁੰਦਾ ਹੈ।

ਸਾਡੇ ਚਰਿੱਤਰ ਦੀ ਪਕਿਆਈ ਇਸ ਗੱਲ ਵਿਚੋਂ ਮਾਪੀ ਜਾ ਸਕਦੀ ਹੈ ਕਿ ਅਸੀਂ ਆਪਣੀ ਅਸਫਲਤਾ ਨੂੰ ਕਿਤਨੇ ਸਾਬਤ ਕਦਮਾਂ ਨਾਲ ਬਰਦਾਸ਼ਤ ਕਰਦੇ ਹਾਂ।

ਜੋ ਕੁਝ ਯੋਗ ਹੁੰਦਾ ਹੈ, ਉਸ ਦੀ ਪ੍ਰਾਪਤੀ ਅਸੰਭਵ ਨਹੀਂ ਹੁੰਦੀ।

ਬੁਢਾਪਾ ਕਈਆਂ ਲਈ ਇਕ ਅਵਸਰ ਹੁੰਦਾ ਹੈ ਅਤੇ ਕਈਆਂ ਲਈ ਮੁਸੀਬਤ।

ਅਸੀਂ ਜਿਥੋਂ ਸੇਵਾ-ਮੁਕਤ ਹੁੰਦੇ ਹਾਂ, ਸੇਵਾ-ਮੁਕਤ ਹੋਣ ਉਪਰੰਤ ਵੀ ਉਥੋਂ ਹੀ ਮਾਨਤਾ ਦੀ ਅਭਿਲਾਸ਼ਾ ਕਰਦੇ ਹਾਂ ਅਤੇ ਸਾਨੂੰ ਜਾਣ ਕੇ ਦੁੱਖ ਹੁੰਦਾ ਹੈ ਕਿ ਸਾਡੇ ਬਿਨਾਂ ਵੀ ਸਭ ਕੁਝ ਠੀਕ-ਠਾਕ ਚੱਲ ਰਿਹਾ ਹੈ।

ਚੰਗਾ ਤਾਂ ਇਹੀ ਹੋਵੇਗਾ ਕਿ ਜਿਥੋਂ ਸੇਵਾ-ਮੁਕਤ ਹੋਈਏ, ਉਸ ਥਾਂ, ਸਥਾਨ ਜਾਂ ਸੰਸਥਾ ਤੋਂ ਸਦਾ ਲਈ ਮੁਕਤ ਹੋ ਜਾਈਏ ਅਤੇ ਜੀਵਨ ਦਾ ਇਕ ਨਵਾਂ ਪੰਧ ਉਲੀਕੀਏ।

ਕੋਰੀਆ ਵਿਚ ਜਦੋਂ ਕੋਈ ਸੱਠ ਵਰ੍ਹਿਆਂ ਦਾ ਹੁੰਦਾ ਹੈ ਤਾਂ ਉਹ ਆਪਣਾ ਨਾਂ ਵੀ ਬਦਲ ਲੈਂਦਾ ਹੈ।

ਰਾਜਸਥਾਨ ਵਿਚ ਜਦੋਂ ਕੋਈ ਸੇਵਾ-ਮੁਕਤ ਹੁੰਦਾ ਹੈ ਤਾਂ ਉਸ ਦੀ ਬਰਾਤ ਵਿਚ ਉਸ ਦੇ ਸਹਿਕਰਮੀ ਸ਼ਾਮਲ ਹੁੰਦੇ ਹਨ ਅਤੇ ਉਸ ਦੇ ਸਹਿਕਰਮੀ ਉਸ ਨੂੰ ਸੱਚੀ-ਮੁੱਚੀ ਦਾ ਲਾੜਾ ਬਣਾ ਕੇ ਘੋੜੀ 'ਤੇ ਚੜ੍ਹਾ ਕੇ, ਬੈਂਡ ਵਾਜੇ ਨਾਲ ਉਸ ਦੇ ਘਰ ਲੈ ਕੇ ਜਾਂਦੇ ਹਨ, ਜਿਥੇ ਉਸ ਦੀ ਪਤਨੀ, ਇਕ ਵਿਆਹੀ ਜਾਣ ਵਾਲੀ ਦੁਲਹਨ ਵਾਂਗ, ਜੈ ਮਾਲਾ ਪਾਉਂਦੀ ਹੈ। ਇਵੇਂ ਉਹ ਦੋਵੇਂ ਇਕ ਨਵਾਂ ਜੀਵਨ ਸ਼ੁਰੂ ਕਰਦੇ ਹਨ।

ਜਦੋਂ ਤਕ ਕੋਈ ਜਨੂੰਨ ਨਾ ਹੋਵੇ, ਜ਼ਿੰਦਗੀ ਨੂੰ ਸ਼ਿੱਦਤ ਨਾਲ ਜੀਣਾ ਸੰਭਵ ਨਹੀਂ ਹੁੰਦਾ। ਹਿਮਾਲਾ ਉਤੇ ਚੜ੍ਹਨਾ ਇਕ ਜਨੂੰਨ ਹੈ, ਸਭ ਤੋਂ ਲੰਮਾ ਖ਼ਤ ਲਿਖਣਾ ਇਕ ਜਨੂੰਨ ਹੈ, ਲਗਾਤਾਰ ਨੱਚਦੇ ਰਹਿਣਾ ਇਕ ਜਨੂੰਨ ਹੈ।

ਜਿਨ੍ਹਾਂ ਦੀ ਜ਼ਿੰਦਗੀ ਦਾ ਤਾਪਮਾਨ ਘੱਟ ਹੁੰਦਾ ਹੈ, ਉਨ੍ਹਾਂ ਨੂੰ ਦੂਜਿਆਂ ਦਾ ਜਨੂੰਨ ਕੇਵਲ ਪਾਗਲਪਣ ਪ੍ਰਤੀਤ ਹੋਵੇਗਾ ਪਰ ਕਿਸੇ ਸ਼ੌਕ ਵਿਚ ਪਾਗਲ ਹੋਏ ਬਿਨਾਂ ਕਲਪਨਾ ਅਤੇ ਉਮੀਦ ਦੇ ਨਵੇਂ ਦਿਸਹੱਦੇ ਵਿਖਾਈ ਨਹੀਂ ਦਿੰਦੇ।

ਪ੍ਰਸੰਨ ਹੋਣ ਵਾਸਤੇ ਧਨ ਦੀ ਨਹੀਂ, ਖੁਸ਼ਹਾਲ ਮਨ ਦੀ ਲੋੜ ਹੁੰਦੀ ਹੈ।

ਜਿਹੜੇ ਸਥਾਨ ਅਤੇ ਵਾਤਾਵਰਣ ਵਿਚ ਤੁਹਾਨੂੰ ਸਾਹ ਸੌਖਾ ਨਹੀਂ ਆਉਂਦਾ, ਉਥੋਂ ਦੂਰ ਚਲੇ ਜਾਵੋ। ਦੂਰ ਜਾਣ ਦੀ ਸਮਰੱਥਾ ਤੁਹਾਡੀਆਂ ਲੱਤਾਂ ਵਿਚ ਹੁੰਦੀ ਹੈ। ਦੂਰ ਜਾ ਕੇ ਜਦੋਂ ਤੁਸੀਂ ਆਪਣੀ ਸਮੱਸਿਆ ਬਾਰੇ ਸੋਚੋਗੇ ਤਾਂ ਉਹ ਬੜੀ ਸਰਲ ਪ੍ਰਤੀਤ ਹੋਵੇਗੀ ਅਤੇ ਤੁਸੀਂ ਵਧੇਰੇ ਫੁਰਤੀਲੇ ਕਦਮਾਂ ਨਾਲ ਵਾਪਸ ਮੁੜੋਗੇ।

ਝੱਟਪਟ ਫੈਸਲਾ ਕਰਨ ਦੀ ਥਾਂ ਆਪਣੇ ਮਨ ਨੂੰ ਟਿਕਾਓ ਵਿਚ ਆਉਣ ਦਿਓ, ਟਿਕੇ ਹੋਏ ਮਨ ਵਿਚ ਠੀਕ ਅਤੇ ਯੋਗ ਨਿਰਣੇ ਕਰਨ ਦੀ ਅਥਾਹ ਸ਼ਕਤੀ ਹੁੰਦੀ ਹੈ।

ਆਪਣੀਆਂ ਸਮੱਸਿਆਵਾਂ ਨੂੰ ਤੁਸੀਂ ਆਪ ਹੀ ਸਮਝ ਸਕਦੇ ਹੋ, ਸੋ ਉਨ੍ਹਾਂ ਦਾ ਹੱਲ ਵੀ ਤੁਸੀਂ ਹੀ ਲੱਭ ਸਕਦੇ ਹੋ।

ਇਹ ਯਾਦ ਰੱਖਣਾ ਵੀ ਜ਼ਰੂਰੀ ਹੈ ਕਿ ਜੋ ਅਸੰਭਵ ਹੈ ਉਸ ਦੇ ਹੋ ਜਾਣ 'ਤੇ ਤੁਸੀਂ ਵਧੇਰੇ ਦੁੱਖੀ ਹੋਵੋਗੇ, ਕਿਉਂਕਿ ਉਹ ਤੁਹਾਡੇ ਸਮੁੱਚ ਨਾਲ ਇਕ-ਸੁਰ ਨਹੀਂ ਹੋਵੇਗਾ।

ਸਾਡੀਆਂ ਸਮੱਸਿਆਵਾਂ ਉਦੋਂ ਤਕ ਹੀ ਪ੍ਰੇਸ਼ਾਨ ਕਰਦੀਆਂ ਹਨ, ਜਦੋਂ ਤੱਕ ਅਸੀਂ ਉਨ੍ਹਾਂ ਵਿਚ ਦਿਲਚਸਪੀ ਨਾ ਲਈਏ।

ਸੰਸਿਆਂ ਦਾ ਡਰ ਉਦੋਂ ਤਕ ਹੀ ਹੁੰਦਾ ਹੈ, ਜਦੋਂ ਤਕ ਅਸੀਂ ਸਮੱਸਿਆ ਦੇ ਅਖਾੜੇ ਵਿਚ ਨਾ ਉਤਰੀਏ।

ਫੌਜੀ ਉਦੋਂ ਤਕ ਹੀ ਡਰਦੇ ਹਨ, ਜਦੋਂ ਤਕ ਉਹ ਜੰਗ ਵਿਚ ਭਾਗ ਨਹੀਂ ਲੈਂਦੇ।

ਕਿਸੇ ਕਾਰਜ ਵਿਚ ਲਈ ਦਿਲਚਸਪੀ ਨਾਲ, ਮਨ ਇਕਾਗਰ ਹੋ ਜਾਂਦਾ ਹੈ।

ਇਕਾਗਰਤਾ ਆਪਣੇ ਆਪ ਵਿਚ ਸਾਰੀਆਂ ਸਮੱਸਿਆਵਾਂ ਦਾ ਹੱਲ ਕਰਨ ਵਾਲੀ ਸ਼ਕਤੀ ਹੁੰਦੀ ਹੈ।

ਤੁਸੀਂ ਦੂਜਿਆਂ ਦੇ ਚੰਗੇ ਕੰਮਾਂ ਦੀ ਪ੍ਰਸੰਸਾ ਕਰੋ, ਤੁਹਾਨੂੰ ਪ੍ਰਸੰਸਾਯੋਗ ਕੰਮ ਕਰਨ ਦੀ ਜਾਚ ਆ ਜਾਵੇਗੀ।

ਇਕਾਗਰ ਮਨ ਹੀ ਪ੍ਰਸੰਸਾਯੋਗ ਕਾਰਜ ਕਰਦੇ ਹਨ।

ਕਈ ਵਾਰੀ ਸਾਡੀ ਉਦਾਸੀ ਦਾ ਕਾਰਨ ਇਹ ਹੁੰਦਾ ਹੈ ਕਿ ਅਸੀਂ ਆਪਣੇ ਸਰੀਰ ਜਾਂ ਆਪਣੇ ਦਿਮਾਗ ਦੀ ਅਧਿਕ ਵਰਤੋਂ ਜਾਂ ਦੁਰਵਰਤੋਂ ਕੀਤੀ ਹੁੰਦੀ ਹੈ।

ਇਹ ਵਿਗੜਿਆ ਸੰਤੁਲਨ ਸਾਡੀ ਦ੍ਰਿਸ਼ਟੀ ਵਿਚ ਟੇਢ ਉਪਜਾਉਂਦਾ ਹੈ।

ਲੋੜੀਂਦਾ ਆਰਾਮ ਕਰਕੇ ਅਤੇ ਸੰਤੁਲਨ ਨੂੰ ਮੁੜ ਬਹਾਲ ਕਰ ਕੇ, ਅਸੀਂ ਗੁਆਚਿਆ ਟਿਕਾਓ ਮੁੜ ਪ੍ਰਾਪਤ ਕਰ ਸਕਦੇ ਹਾਂ।

ਕੰਮ ਤਿਆਗ ਕੇ ਬੈਠਣ ਵਾਲਾ ਅਤੇ ਕੇਵਲ ਸੋਚਣ ਵਾਲਾ ਵਿਅਕਤੀ ਆਪਣੀ ਹਾਰ ਬਾਰੇ ਸੋਚਦਾ ਹੈ ਅਤੇ ਉਸ ਨੂੰ ਡਰ ਲਗਦਾ ਹੈ, ਜਦੋਂ ਕਿ ਕਾਰਜ ਵਿਚ ਰੁੱਝਿਆ ਅਤੇ ਖਲੋਤਾ ਵਿਅਕਤੀ ਵਧੇਰੇ ਆਤਮ ਵਿਸ਼ਵਾਸ ਵਾਲਾ ਹੋ ਕੇ ਖਤਰਿਆਂ ਨੂੰ ਵੀ ਆਪਣੇ ਪੱਖ ਵਿਚ ਕਰ ਲੈਂਦਾ ਹੈ।

ਜਿਨ੍ਹਾਂ ਦੇ ਮਨ ਵਿਚ ਆਸ-ਉਮੀਦ ਹੁੰਦੀ ਹੈ, ਉਹ ਲਹਿਰਾਉਂਦੇ ਸਾਵੇ ਰੁੱਖ ਹੁੰਦੇ ਹਨ ਪਰ ਜਿਹੜੇ ਨਿਰ-ਆਸ ਹੁੰਦੇ ਹਨ, ਉਹ ਰੁੱਖ ਕੇਵਲ ਬਾਲਣ ਬਣਦੇ ਹਨ।

✲✲✲

ਲੰਘ ਆਓ, ਬੂਹਾ ਖੁੱਲ੍ਹਾ ਹੈ

ਜਿਹੜਾ ਵਿਅਕਤੀ ਘੋਰ ਨਿਰਾਸ਼ਾ ਵਿਚ ਵੀ ਚਾਨਣ ਦਾ ਸੁਪਨਾ ਲੈ ਸਕਦਾ ਹੋਵੇ, ਉਸ ਦੀ ਜ਼ਿੰਦਗੀ ਵਿਚ ਕਦੇ ਵੀ ਮੱਸਿਆ ਨਹੀਂ ਹੋ ਸਕਦੀ। ਅਜਿਹੇ ਵਿਅਕਤੀ ਦੀ ਜ਼ਿੰਦਗੀ ਵਿਚ ਜਦੋਂ ਵੀ ਕਿਧਰੇ ਮੱਸਿਆ ਆ ਜਾਵੇ, ਉਸ ਰਾਤ ਉਹ ਦੀਵੇ ਬਾਲ ਕੇ ਉਸਨੂੰ ਦੀਵਾਲੀ ਦਾ ਤਿਉਹਾਰ ਬਣਾ ਲਵੇਗਾ।

ਜਿਨ੍ਹਾਂ ਦੇ ਅੰਦਰ ਚਾਨਣਾ ਹੁੰਦਾ ਹੈ, ਉਹ ਗੁਨਾਹਾਂ ਦੇ ਭਰੇ ਪੰਡਾਲ ਵਿਚ ਵੀ ਆਸ਼ਕ ਦੀ ਅੱਖ ਵਾਂਗ ਚਮਕਦੇ ਹਨ ਅਤੇ ਗਰਜਦੀ-ਚਮਕਦੀ ਬਿਜਲੀ ਦੀ ਲਿਪੀ ਵਿਚ ਅੰਬਰ ਦੇ ਕਾਲੇ ਕਾਗਜ਼ਾਂ 'ਤੇ ਆਪਣੇ ਦਸਤਖਤ ਕਰ ਜਾਂਦੇ ਹਨ।

ਜਿਹੜੇ ਪਹਾੜਾਂ 'ਤੇ ਚੜ੍ਹਦੇ ਹਨ, ਉਹ ਪਹਾੜਾਂ ਨੂੰ ਚੜ੍ਹਨ ਦੀ ਦ੍ਰਿਸ਼ਟੀ ਨਾਲ ਵੇਖਦੇ ਹਨ, ਜਦੋਂ ਕਿ ਦੂਜੇ ਵਿਅਕਤੀ ਹਰ ਵੇਲੇ ਤਿਲ੍ਹਕ ਕੇ ਡਿਗ ਪੈਣ ਦੇ ਡਰ ਨਾਲ ਸਹਿਮੇ ਰਹਿੰਦੇ ਹਨ।

ਮੁਸੀਬਤਾਂ ਸਾਨੂੰ ਖੁੱਲ੍ਹਣ ਲਈ ਕਹਿੰਦੀਆਂ ਹਨ ਅਤੇ ਸਾਡੇ ਖੁੱਲ੍ਹਣ ਨਾਲ ਮੁਸੀਬਤਾਂ ਦੀ ਜਿਲਦ ਬੱਝ ਜਾਂਦੀ ਹੈ।

ਕਿਸੇ ਚੰਗੇ ਬੰਦੇ ਨੂੰ ਪਿਆਰ ਕਰਨ ਨਾਲ ਅਸੀਂ ਆਪਣੇ ਚੰਗੇ ਹੋਣ ਦਾ ਵਿਸ਼ਵਾਸ ਪਾਲਦੇ ਹਾਂ, ਇਸ ਵਿਸ਼ਵਾਸ ਕਾਰਨ ਸਾਡੀ ਦ੍ਰਿਸ਼ਟੀ ਵਿਸ਼ਾਲ, ਸਾਡਾ ਹਿਰਦਾ ਉਦਾਰ ਅਤੇ ਸਾਡਾ ਵਿਹਾਰ ਪਰਉਪਕਾਰੀ ਹੋ ਨਿਬੜਦਾ ਹੈ।

ਜਿਸ ਵਿਚ ਆਤਮ-ਵਿਸ਼ਵਾਸ ਹੁੰਦਾ ਹੈ, ਉਹ ਹੀ ਕਿਸੇ ਦੀ ਪ੍ਰਸੰਸਾ ਕਰ ਸਕਦਾ ਹੈ ਅਤੇ ਜਿਸ ਵਿਚ ਪ੍ਰਸੰਸਾ ਕਰਨ ਦਾ ਹੁਨਰ ਹੈ ਉਸ ਵਿਚ ਮੁਸੀਬਤਾਂ ਸਹਿਣ ਅਤੇ ਸਮੱਸਿਆਵਾਂ ਹੱਲ ਕਰਨ ਦੀ ਹਿੰਮਤ ਇਤਨੀ ਵਧੇਰੇ ਹੁੰਦੀ ਹੈ ਕਿ ਉਹ ਦੂਜਿਆਂ ਦੀਆਂ ਸਮੱਸਿਆਵਾਂ ਨੂੰ ਵੀ ਹੱਲ ਕਰਨ ਦੀ ਮੌਜ ਮਾਣਨ ਲੱਗ ਪੈਂਦਾ ਹੈ। ਉਸ ਦੀ ਹਾਜ਼ਰੀ ਨਾਲ ਹੀ ਮਤਰੇਈਆਂ ਪੀੜਾਂ ਆਪਣੀਆਂ ਪ੍ਰਤੀਤ ਹੋਣ ਲੱਗ ਪੈਂਦੀਆਂ ਹਨ ਅਤੇ ਸੋਚ ਨੂੰ ਆਈ ਮੋਚ ਠੀਕ ਹੋ ਜਾਂਦੀ ਹੈ।

ਹਮਦਰਦੀ ਅਤੇ ਤਰਸ, ਦੁੱਖੀ ਵਿਅਕਤੀ ਦੇ ਦੁੱਖ ਨੂੰ ਘਟਾਉਂਦੇ ਨਹੀਂ, ਸਗੋਂ ਉਸ ਦੇ ਪੱਛੜ ਜਾਣ ਜਾਂ ਹਾਰ ਜਾਣ ਦੇ ਅਹਿਸਾਸ ਨੂੰ ਵਧਾਉਂਦੇ ਹਨ।

ਡਿੱਗੇ ਹੋਏ ਬੰਦੇ ਨੂੰ ਉਪਰ ਚੁੱਕਣ ਦੀ ਥਾਂ, ਉਸ ਨੂੰ ਹੌਸਲਾ ਦੇਣਾ ਚਾਹੀਦਾ ਹੈ ਤਾਂ

ਕਿ ਉਹ ਆਪੇ ਉੱਠ ਸਕੇ, ਉਸ ਵਿਚ ਸਵੈ-ਵਿਸ਼ਵਾਸ ਪੈਦਾ ਕਰਨਾ ਚਾਹੀਦਾ ਹੈ ਤਾਂ ਕਿ ਉਹ ਫਿਰ ਨਾ ਡਿਗੇ, ਉਸ ਨੂੰ ਇਸ ਯੋਗ ਬਣਾਉਣਾ ਚਾਹੀਦਾ ਹੈ ਕਿ ਉਹ ਕਿਸੇ ਨੂੰ ਡਿਗਣ ਨਾ ਦੇਵੇ।

ਕਿਸੇ ਵਲੋਂ ਸਮੱਸਿਆ ਹੱਲ ਕਰਨ ਦੀ ਥਾਂ ਉਸ ਨੂੰ ਆਪ ਇਸ ਯੋਗ ਬਣਾਉਣਾ ਚਾਹੀਦਾ ਹੈ ਕਿ ਉਹ ਆਪਣੀਆਂ ਸਮੱਸਿਆਵਾਂ ਆਪ ਹੱਲ ਕਰੇ।

ਅੰਤਲੇ ਰੂਪ ਵਿਚ ਹਰ ਕਿਸੇ ਨੂੰ ਆਪਣੀਆਂ ਸਮੱਸਿਆਵਾਂ ਆਪ ਹੱਲ ਕਰਨੀਆਂ ਪੈਣਗੀਆਂ, ਸੋ ਜ਼ਰੂਰੀ ਹੈ ਕਿ ਸੱਮਸਿਆਵਾਂ ਹਲ ਕਰਨ ਦੀ ਆਪਣੀ ਯੋਗਤਾ ਨੂੰ ਵਧਾਇਆ ਜਾਵੇ।

ਰਿਸ਼ਤਿਆਂ ਦੀ ਪਰਿਭਾਸ਼ਾ ਬਦਲ ਰਹੀ ਹੈ, ਸਵਾਲ, ਜਵਾਬਾਂ ਵਿਚ ਅਤੇ ਜਵਾਬ, ਸਵਾਲਾਂ ਵਿਚ ਤਬਦੀਲ ਹੋ ਰਹੇ ਹਨ।

ਪਾਣੀ ਦੀ ਝਲਕ, ਲੂੱਕ ਦਾ ਲਿਸ਼ਕਾਰਾ ਵੀ ਹੋ ਸਕਦੀ ਹੈ।

ਜੀਵਨ ਦੇ ਹਰ ਖੇਤਰ ਵਿਚ ਭੁਲੇਖੇ ਵਰਤੇ ਹੋਏ ਹਨ, ਸਾਡੇ ਅੰਦਰ ਕਈ ਭਗੌੜਿਆਂ ਨੇ ਪਨਾਹ ਲਈ ਹੋਈ ਹੈ, ਅੱਗ ਪਾਣੀ ਦਾ ਲਿਬਾਸ ਪਾ ਕੇ ਫਿਰ ਰਹੀ ਹੈ, ਵਿਯੋਗ ਦੇ ਵਿਹੜੇ ਵਿਚ ਗਿੱਧਾ ਪੈ ਰਿਹਾ ਹੈ, ਹੁਣ ਮੌਸਮ ਇਜ਼ਤਦਾਰ ਨਹੀਂ ਰਹੇ, ਰੁੱਤ ਬੇਆਬਰੂ ਹੋ ਕੇ ਬੁੱਢਿਆ ਗਈ ਹੈ, ਅੱਖਾਂ ਵਿਚ ਮੌਤ ਦਾ ਮੋਤੀਆ ਉਤਰ ਆਇਆ ਹੈ, ਆਪਣਾ ਚਾਅ ਦੱਸਣ ਦਾ ਕੋਈ ਢੰਗ ਨਹੀਂ ਰਿਹਾ, ਸਭ ਕੁਝ ਉਦਾਸਿਆ ਗਿਆ ਹੈ, ਸਭ ਕੁਝ ਸਰਾਪਿਆ ਵਿਖਾਈ ਦਿੰਦਾ ਹੈ ਪਰ ਜ਼ਿੰਦਗੀ ਨੇ ਫਿਰ ਵੀ ਵਹਿਣਾ ਹੈ, ਅਸੀਂ ਇਸ ਦੇ ਵਹਿਣ ਨੂੰ ਜਾਰੀ ਰੱਖਣਾ ਹੈ।

ਸਾਰੇ ਜੀਵ-ਜੰਤੂ ਜਗਤ ਵਿਚ ਕੇਵਲ ਮਨੁੱਖ ਮੌਤ ਬਾਰੇ ਸੁਚੇਤ ਹੈ ਅਤੇ ਇਹ ਚੇਤਨਾ ਉਸ ਨੂੰ ਬੱਚਪਨ ਤੋਂ ਅੰਤ ਤਕ ਸਤਾਉਂਦੀ ਹੈ। ਚੇਤੰਨ ਹੋ ਕੇ ਮਨੁੱਖ ਨੇ ਮੌਤ ਨੂੰ ਆਪਣੀ ਸਭ ਤੋਂ ਵੱਡੀ ਸਮੱਸਿਆ ਬਣਾ ਲਿਆ ਹੈ ਅਤੇ ਇਸ ਦੇ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਸੰਸਿਆਂ ਵਿਚ ਘਿਰਿਆ ਉਹ ਨਿਰੰਤਰ ਸੋਚਦਾ ਰਹਿੰਦਾ ਹੈ।

ਨਿਰੰਤਰ ਸੋਚਣ ਕਾਰਨ ਮਨੁੱਖ ਦੇ ਸਿਰ ਦਾ ਆਕਾਰ ਵੱਡਾ ਹੋ ਰਿਹਾ ਹੈ। ਸਿਰ ਦਾ ਆਕਾਰ ਵੱਡਾ ਹੋਣ ਕਾਰਨ ਪ੍ਰਸੂਤ-ਪੀੜਾ ਵੱਧ ਰਹੀ ਹੈ ਅਤੇ ਹੁਣ ਬਹੁਤੇ ਬੱਚੇ ਓਪਰੇਸ਼ਨ ਰਾਹੀਂ ਜਨਮ ਲੈ ਰਹੇ ਹਨ। ਪ੍ਰਸੂਤ-ਪੀੜਾ ਕੇਵਲ ਮਨੁੱਖ ਜਾਤੀ ਵਿਚ ਹੈ ਅਤੇ ਇਸ ਦਾ ਕਾਰਨ ਬੱਚੇ ਦੇ ਸਿਰ ਦਾ ਵੱਡੇ ਹੁੰਦੇ ਜਾਣਾ ਹੈ। ਮਨੁੱਖ ਦੀਆਂ ਅਨੇਕਾਂ ਸਮੱਸਿਆਵਾਂ ਦਾ ਕਾਰਨ ਮੌਤ ਦੀ ਸੋਝੀ ਹੈ। ਇਸ ਸੋਝੀ ਤੋਂ ਮੁੱਕਤ ਨਹੀਂ ਹੋਇਆ ਜਾ ਸਕਦਾ। ਧਰਮ ਦੇ ਪ੍ਰਭਾਵ ਦੇ ਘੱਟਣ ਨਾਲ ਮੌਤ ਇਕ ਰਹੱਸ ਨਹੀਂ ਰਹੀ ਪਰ ਯਥਾਰਥ ਦਾ ਸਾਹਮਣਾ ਕਰਨ ਦੀ ਮਨੁੱਖ ਵਿਚ ਅਜੇ ਹਿੰਮਤ ਨਹੀਂ ਜਾਗੀ।

ਅਸੀਂ ਮੌਤ ਤੋਂ ਨਹੀਂ ਡਰਦੇ, ਅਸੀਂ ਮਰਨ ਤੋਂ ਡਰਦੇ ਹਾਂ।

ਕੇਵਲ ਮਾਨਵ ਜਾਤੀ ਵਿਚ ਰਿਸ਼ਤਾ-ਨਾਤਾ ਪ੍ਰਬੰਧ ਹੈ। ਸਾਡੀਆਂ ਬਹੁਤੀਆਂ ਸਮੱਸਿਆਵਾਂ ਰਿਸ਼ਤਿਆਂ-ਨਾਤਿਆਂ ਨਾਲ ਸਬੰਧਤ ਹੁੰਦੀਆਂ ਹਨ।

ਮੇਲ-ਮਿਲਾਪ ਉਦੋਂ ਤਕ ਹੀ ਪ੍ਰਸੰਨ ਕਰਦਾ ਹੈ ਜਦੋਂ ਤਕ ਉਸ ਉਤੇ ਰਿਸ਼ਤੇ-ਨਾਤੇ ਦੀ ਮੋਹਰ ਨਹੀਂ ਲਗਦੀ, ਇਹ ਮੋਹਰ ਲਗਦਿਆਂ ਹੀ ਮੋਹ ਦੇ ਗੂੜ੍ਹੇ ਪ੍ਰਤੀਤ ਹੁੰਦੇ ਰੰਗ, ਪਹਿਲੇ ਹੀ ਧੋਅ ਵਿਚ ਖੁਰ ਜਾਂਦੇ ਹਨ।

ਯੋਰਪ ਵਿਚ ਵਿਅਕਤੀ ਉਸ ਨਾਲ ਵਿਆਹ ਕਰਦਾ ਹੈ, ਜਿਸ ਨੂੰ ਉਹ ਪਿਆਰ ਕਰਦਾ ਹੈ, ਅਸੀਂ ਜਿਸ ਨਾਲ ਵਿਆਹ ਕਰਦੇ ਹਾਂ, ਉਸ ਨੂੰ ਪਿਆਰ ਕਰਨਾ ਪੈਂਦਾ ਹੈ।

ਸਾਡੇ ਰਿਸ਼ਤਾ-ਨਾਤਾ ਪ੍ਰਬੰਧ ਵਿਚ ਮਜਬੂਰੀਆਂ ਅਤੇ ਜ਼ਿੰਮੇਵਾਰੀਆਂ ਵਧੇਰੇ ਹਨ ਅਤੇ ਰਿਸ਼ਤਿਆਂ ਦਾ ਬੋਝ ਅਧਿਕ ਹੈ।

ਕੋਈ ਵੀ ਰਿਸ਼ਤਾ ਸਥਾਪਿਤ ਹੋਣ ਨਾਲ ਅਸੀਂ ਹਿਸਾਬੀ-ਕਿਤਾਬੀ ਹੋ ਜਾਂਦੇ ਹਾਂ। ਸਾਡੇ ਬਹੁਤੇ ਰਿਸ਼ਤੇ ਲੈਣ-ਦੇਣ ਦੇ ਹਨ, ਮਨ ਦੇ ਰਿਸ਼ਤਿਆਂ ਦੀ ਘਾਟ ਹੈ।

ਸਾਡੀ ਰੀਝ ਅਤੇ ਪੀੜ ਵਿਚ ਫ਼ਾਸਲਾ ਬਹੁਤ ਘੱਟ ਗਿਆ ਹੈ।

ਜੇ ਹਰ ਕਿਸੇ ਨੂੰ ਪਤਾ ਲਗ ਜਾਵੇ ਕਿ ਦੂਜੇ ਉਸ ਬਾਰੇ ਕੀ ਕਹਿੰਦੇ ਹਨ ਤਾਂ ਕਿਸੇ ਦੀ ਅਰਥੀ ਸ਼ਮਸ਼ਾਨਘਾਟ ਤਕ ਲੈ ਜਾਣ ਲਈ ਵੀ ਬੰਦੇ ਥੁੜ੍ਹ ਜਾਣਗੇ।

ਇਕ ਉਮਰ ਆਉਂਦੀ ਹੈ ਰੰਗਾਂ-ਚਾਵਾਂ ਵਾਲੀ, ਜਦੋਂ ਆਪਣੇ ਆਪ ਤੋਂ ਖ਼ੁਸ਼ਬੋ ਆਉਂਦੀ ਹੈ, ਜਦੋਂ ਉਡਣ ਨੂੰ ਮਨ ਕਰਦਾ ਹੈ, ਜਦੋਂ ਚੰਨ ਪਿੱਛੇ ਆਉਂਦਾ ਪ੍ਰਤੀਤ ਹੁੰਦਾ ਹੈ, ਜਦੋਂ ਕਵਿਤਾ ਪੜ੍ਹਨ ਦੀ ਲੋੜ ਨਹੀਂ ਪੈਂਦੀ ਕਿਉਂਕਿ ਕਵਿਤਾ ਅੰਦਰੋਂ ਉਠਦੀ ਹੈ, ਜਦੋਂ ਸੁਹਜ ਵੀ ਆਉਂਦਾ ਹੈ, ਸੋਝੀ ਵੀ ਜਾਗਦੀ ਹੈ, ਜਦੋਂ ਕੱਚੇ ਬਨੇਰੇ ਵੀ ਧੁੱਪ ਵਿਚ ਸੋਨੇ ਦੇ ਪ੍ਰਤੀਤ ਹੁੰਦੇ ਹਨ, ਜਦੋਂ ਪੱਤਝੜ ਬਸੰਤ ਨਾਲੋਂ ਵੀ ਸੋਹਣੀ ਲਗਦੀ ਹੈ, ਜਦੋਂ ਕਿਸੇ ਦੀਆਂ ਗੱਲਾਂ ਵਿਚੋਂ ਮਹਿੰਦੀ ਦੀ ਖ਼ੁਸ਼ਬੂ ਆਉਂਦੀ ਹੈ ਪਰ ਇਹ ਉਮਰ ਬਹੁਤਾ ਚਿਰ ਨਹੀਂ ਰਹਿੰਦੀ, ਕਿਉਂਕਿ ਅਹਿਸਾਸਾਂ ਦੇ ਅਸਮਾਨ 'ਤੇ ਬੱਦਲ ਛਾ ਹੀ ਜਾਂਦੇ ਹਨ।

ਜਿਗਰੀ ਦੋਸਤ ਵਾਅਦਾ-ਮੁਆਫ਼ ਗਵਾਹ ਬਣ ਕੇ ਸਾਨੂੰ ਮੁਹੱਬਤ ਕਰਨ ਦੀ ਸਜ਼ਾ ਦਿਵਾਉਂਦੇ ਹਨ। ਦੁੱਖਾਂ ਦੇ ਦਿਨਾਂ ਵਿਚ ਯਾਦਾਂ ਦੇ ਪ੍ਰਛਾਵੇਂ ਲੰਮੇ ਹੋ ਜਾਂਦੇ ਹਨ, ਅੰਦਰੋਂ ਹਜ਼ਾਰਾਂ ਬਗਾਵਤਾਂ ਉਠਦੀਆਂ ਹਨ, ਆਪਣੇ ਸੁਪਨਿਆਂ ਦੀ ਬੁੱਘਣੀ ਟੁੱਟਣ ਦਾ ਅਹਿਸਾਸ ਹੁੰਦਾ ਹੈ। ਅਸੀਂ ਰੌਲੇ ਵਿਚ ਡਿਗ ਪੈਂਦੇ ਹਾਂ, ਜੁਦਾਈ ਦੀ ਵਾਛੜ ਵਿਚ ਘਿਰ ਜਾਂਦੇ ਹਾਂ ਅਤੇ ਛੋਟੀ ਜਿਹੀ ਗਲਤੀ ਦੇ ਕੰਢੇ ਬੈਠੇ, ਟੁੱਟੇ ਹੋਏ ਵਾਅਦਿਆਂ ਦੇ ਕੁਰਲਾਉਂਦੇ ਕਾਫ਼ਲੇ ਵੇਖਦੇ ਹਾਂ।

ਰੂਹ ਦੇ ਬਨੇਰੇ 'ਤੇ ਬਾਲੇ ਦੀਵੇ ਬੁੱਝਦੇ, ਬੁੱਝਦੇ, ਬੁੱਝ ਜਾਂਦੇ ਹਨ।

ਇਹ ਉਹ ਮੌਸਮ ਹੁੰਦਾ ਹੈ, ਜਦੋਂ ਆਪਣੇ ਹੀ ਸਾਡੀ ਜੇਬ ਕਤਰ ਲੈਂਦੇ ਹਨ। ਜਿਨ੍ਹਾਂ ਨੂੰ ਅਸੀਂ ਬੜੇ ਮਹਿੰਗੇ ਸਮਝਦੇ ਸਾਂ, ਉਹ ਇਤਨੇ ਸੱਸਤੇ ਵਿਕਦੇ ਹਨ ਕਿ ਸੱਚ ਦਾ ਕ਼ਾਅ ਡਿਗ ਪੈਂਦਾ ਹੈ। ਅਸੀਂ ਜ਼ਿੰਦਗੀ ਨੂੰ ਕੈਦ-ਬਾਮੁਸ਼ੱਕਤ ਸਮਝਣ ਲੱਗ ਪੈਂਦੇ ਹਾਂ ਅਤੇ ਇਕੱਲੇ

ਰਹਿ ਜਾਣ ਦੀ ਸੂਰਤ ਵਿਚ ਆਪਣੇ ਕੋਟ ਦੀ ਉਤਲੀ ਜੇਬ ਵਿਚ ਸਾਡਾ ਹਾਰਨਾਮਾ ਅਤੇ ਮੁਆਫ਼ੀਨਾਮਾ ਸਾਡੇ ਦਸਤਖ਼ਤਾਂ ਸਹਿਤ ਤਿਆਰ ਹੁੰਦਾ ਹੈ, ਵਕਤ ਦੀ ਉਜੜੀ ਅਦਾਲਤ ਵਿਚ ਪੇਸ਼ ਕਰਨ ਲਈ।

ਸਭ ਕੁਝ ਦੇ ਬਾਵਜੂਦ ਕਿਸੇ ਦੇ ਚੇਤਿਆਂ ਵਿਚੋਂ ਜਲਾਵਤਨ ਹੋ ਕੇ ਵੀ ਪਿਆਰ ਕਰਨ ਦੀ ਰੀਝ ਮਰਦੀ ਨਹੀਂ। ਹਾਰ ਦਾ ਅਹਿਸਾਸ ਸਾਡੇ ਅਨੁਭਵ ਨੂੰ ਡੂੰਘਾ ਕਰਦਾ ਹੈ। ਸਭ ਕੁਝ ਦੇ ਬਾਵਜੂਦ ਅਸੀਂ ਦੁਨੀਆਂ ਨਾਲ ਰੁੱਸ ਜਾਣ ਵਾਲਿਆਂ ਨਾਲ ਰਲਣ ਲਈ ਤਿਆਰ ਨਹੀਂ ਹੁੰਦੇ। ਸਾਨੂੰ ਪਤਾ ਲਗਦਾ ਹੈ ਕਿ ਪਰਛਾਵਾਂ, ਛਾਂ ਨਹੀਂ ਹੁੰਦਾ।

ਸਾਨੂੰ ਪਤਾ ਲਗਦਾ ਹੈ ਕਿ ਪਾਣੀ ਪਾਣੀ ਵੀ ਹੈ, ਅੱਥਰੂ ਵੀ, ਮੀਂਹ ਵੀ, ਹੜ੍ਹ ਵੀ, ਦਰਿਆ ਵੀ। ਅਸੀਂ ਝਾੜੂ ਵਾਂਗ ਲੇਟਣ ਦੀ ਥਾਂ ਦਰਿਆ ਵਾਂਗ ਲੰਮੇ ਵਹਿਣ ਵਿਚ ਪੈਣ ਲਈ ਤਾਂਘਦੇ ਹਾਂ।

ਅਸੀਂ ਪੈਰਾਂ ਨੂੰ ਗਰਦ ਦੇ ਪੱਖ ਤੋਂ ਨਹੀਂ, ਸਫ਼ਰ ਦੇ ਸੰਦਰਭ ਵਿਚ ਵੇਖਦੇ ਹਾਂ। ਸਾਨੂੰ ਪੈਰਾਂ ਦੀਆਂ ਬਿਆਈਆਂ ਵਿਚੋਂ ਸਫ਼ਰ ਦੀਆਂ ਪੈੜਾਂ ਵਿਖਾਈ ਦਿੰਦੀਆਂ ਹਨ ਅਤੇ ਚਿਹਰਿਆਂ ਦੀਆਂ ਝੁਰੜੀਆਂ ਵਿਚੋਂ ਇਤਿਹਾਸ ਦੇ ਕਾਂਡ ਦਿਸਦੇ ਹਨ ਅਤੇ ਵਿਜੋਗ ਦੇ ਵਿਹੜੇ ਦੀ ਉਦਾਸ ਧੁਨ ਵਿਚੋਂ ਸੁਕਰਾਤੀ ਰਾਹ ਵਿਖਾਈ ਦਿੰਦੇ ਹਨ।

ਉਦਾਸ ਉਹੀ ਹੁੰਦੇ ਹਨ, ਜਿਹੜੇ ਜ਼ਿੰਦਗੀ ਦਾ ਹਿਸਾਬ-ਕਿਤਾਬ ਕਰਨ ਲੱਗ ਪੈਂਦੇ ਹਨ ਅਤੇ ਹਾਂ-ਨਾਂਹ ਦੀ ਸ਼ਤਰੰਜ ਵਿਚ ਉਲਝ ਜਾਂਦੇ ਹਨ।

ਜਿਹੜੀਆਂ ਸਮੱਸਿਆਵਾਂ ਮਨੁੱਖ ਨੂੰ ਵਧੇਰੇ ਪੀੜਤ ਕਰਦੀਆਂ ਹਨ, ਉਹ ਮੁੱਖ ਤੌਰ 'ਤੇ ਸਰੀਰ ਅਤੇ ਮਨ ਨਾਲ ਸਬੰਧਤ ਹੁੰਦੀਆਂ ਹਨ। ਕਿਸੇ ਸਰੀਰਕ ਸਮੱਸਿਆ ਕਾਰਨ ਸਾਡਾ ਸਵੈ-ਵਿਸ਼ਵਾਸ ਘਟਦਾ ਹੈ ਅਤੇ ਸਾਡੀ ਦੁਨੀਆਂ ਸੁੰਗੜਦੀ ਹੈ।

ਸਾਡੀ ਸਰੀਰਕ ਸਮੱਸਿਆ ਦਾ ਸਾਡੇ ਆਲੇ-ਦੁਆਲੇ ਨਾਲ ਸਾਡੇ ਸਬੰਧਾਂ 'ਤੇ ਪ੍ਰਭਾਵ ਪੈਂਦਾ ਹੈ। ਸਾਡੇ ਉਦੇਸ਼ ਅਤੇ ਸਾਡੀਆਂ ਪ੍ਰਾਪਤੀਆਂ ਵੀ ਸਾਡੀ ਸਰੀਰਕ ਸਥਿਤੀ ਅਨੁਸਾਰ ਉੱਚੀਆਂ-ਨੀਵੀਆਂ ਹੁੰਦੀਆਂ ਹਨ।

ਕਈ ਵਾਰੀ ਸਾਡੀ ਸਰੀਰਕ ਸੁੱਸਤੀ, ਸਥਿਤੀ ਦੀ ਕਾਹਲ ਨਾਲ ਬਰ ਨਹੀਂ ਮੇਚ ਸਕਦੀ ਅਤੇ ਕਈ ਅਵਸਰ ਇਵੇਂ ਡਿਗ ਪੈਂਦੇ ਹਨ, ਜਿਵੇਂ ਆਟਾ ਠੀਕ ਨਾ ਗੁੰਨ੍ਹਿਆ ਹੋਣ ਕਰਕੇ ਰੋਟੀ ਤੰਦੂਰ ਵਿਚ ਡਿਗ ਪੈਂਦੀ ਹੈ।

ਜਦੋਂ ਅਵਸਰ ਗੁਆਚਣ ਦੀ ਉਦਾਸੀ ਕਾਰਨ ਨੀਂਦਰਾਂ ਸਾਡੇ ਨਾਲੋਂ ਰੁੱਸ ਜਾਂਦੀਆਂ ਹਨ ਤਾਂ ਸੂਰਜ ਦੇ ਜਾਗਣ ਤੋਂ ਬਹੁਤ ਪਹਿਲਾਂ ਹੀ ਸਾਡੀ ਜਾਗ ਖੁਲ੍ਹ ਜਾਂਦੀ ਹੈ ਅਤੇ ਸਵੇਰੇ ਉਠਣ ਵੇਲੇ ਤਕ ਅਸੀਂ ਪੂਰੀ ਤਰ੍ਹਾਂ ਥੱਕ ਚੁੱਕੇ ਹੁੰਦੇ ਹਾਂ।

ਸਾਡੀਆਂ ਸਰੀਰਕ ਸਮੱਸਿਆਵਾਂ ਸਾਡੇ ਮਨ ਦੀਆਂ ਸ਼ਿਕਾਇਤਾਂ ਹੁੰਦੀਆਂ ਹਨ।

ਕਈ ਵਾਰੀ ਅਸੀਂ ਭਰੇ ਜਾਣ ਤੋਂ ਪਹਿਲਾਂ ਹੀ ਡੁਲ੍ਹ ਜਾਂਦੇ ਹਾਂ। ਜਦੋਂ ਸਾਨੂੰ ਮਾਨਸਿਕ

ਤਸੱਲੀ ਨਾ ਹੋਵੇ ਤਾਂ ਸਾਡਾ ਮਨ ਕੇਵਲ ਢਹਿੰਦੇ ਪਾਸੇ ਨੂੰ ਵੇਖਦਾ ਹੈ ਅਤੇ ਕਿਸੇ ਦੇ ਅੱਗੋ ਲੰਘ ਜਾਣ ਨੂੰ ਅਸੀਂ ਸਹਿਣ ਨਹੀਂ ਕਰਦੇ।

ਸਰੀਰ ਦੇ ਤੰਦਰੁਸਤ ਹੋਣ ਕਾਰਨ ਅਸੀਂ ਆਉਣ ਵਾਲੀਆਂ ਸਮੱਸਿਆਵਾਂ ਨੂੰ ਹੱਲ ਕਰਦੇ ਰਹਿੰਦੇ ਹਾਂ ਪਰ ਸਰੀਰ ਦੇ ਰੋਗੀ ਹੋਣ ਕਾਰਨ ਸਹਿਜ ਗਤੀ ਨਾਲ ਆਉਣ ਵਾਲੀਆਂ ਸਮੱਸਿਆਵਾਂ ਇਕੱਠੀਆਂ ਹੁੰਦੀਆਂ ਰਹਿੰਦੀਆਂ ਹਨ, ਜਿਹੜੀਆਂ ਰੋਗੀ ਦੇ ਮਨੋਬਲ ਨੂੰ ਡੇਗਦੀਆਂ ਹਨ।

ਸਰੀਰਕ ਸਮੱਸਿਆਵਾਂ ਨਾਲ ਸਾਡੇ ਕਾਮ-ਸਬੰਧਾਂ, ਭਾਵਕ ਸੰਤੁਸ਼ਟੀ ਅਤੇ ਮਾਨਸਿਕ ਸੰਤੁਲਨ ਉਤੇ ਸਿੱਧਾ ਪ੍ਰਭਾਵ ਪੈਂਦਾ ਹੈ। ਕਈ ਸਰੀਰਕ ਸਮੱਸਿਆਵਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਕੋਈ ਹੱਲ ਨਹੀਂ ਹੁੰਦਾ। ਅਜਿਹੀਆਂ ਸਮੱਸਿਆਵਾਂ ਦਾ ਹੱਲ ਇਨ੍ਹਾਂ ਨੂੰ ਸਹਿਣ ਅਤੇ ਜਰਨ ਵਿਚ ਹੀ ਹੁੰਦਾ ਹੈ।

ਕਿਸੇ ਹਾਦਸੇ ਵਿਚ ਕਿਸੇ ਦਾ ਅਪੰਗ ਹੋ ਜਾਣਾ ਜਾਂ ਸੰਤਾਨ ਵਿਚੋਂ ਕਿਸੇ ਦਾ ਊਣਾ ਨਿਕਲ ਆਉਣਾ ਜਾਂ ਸੰਤਾਨ ਨਾ ਪ੍ਰਾਪਤ ਹੋਣ ਦੀ ਬੇਵਸੀ ਜਾਂ ਕਿਸੇ ਮਾਰੂ ਰੋਗ ਵਿਚ ਘਿਰ ਜਾਣਾ, ਅਜਿਹੀਆਂ ਸਥਿਤੀਆਂ ਹਨ, ਜਿਨ੍ਹਾਂ ਨੂੰ ਬਰਦਾਸ਼ਤ ਕਰਨ ਲਈ ਮਾਨਸਿਕ ਸ਼ਕਤੀ ਦੇ ਨਾਲ ਆਤਮਕ ਬਲ ਦੀ ਵੀ ਲੋੜ ਹੁੰਦੀ ਹੈ।

ਮਾਂ ਹੋਣਾ ਔਰਤ ਦਾ ਸਿਖਰ ਹੈ ਅਤੇ ਔਰਤ ਦੀ ਬੇਵਸੀ ਦਾ ਸਿਖਰ ਉਸ ਦੀ ਕੁੱਖ ਦੀ ਚੁੱਪ ਹੈ। ਔਰਤ ਦੇ ਮਨ ਦੀਆਂ ਕਈ ਗਲੀਆਂ ਹਨ। ਉਸ ਦੇ ਘਰ ਦੇ ਕਈ ਸਿਰਨਾਵੇਂ ਹਨ। ਔਰਤ ਆਪਣੇ ਦੁੱਖਾਂ ਨੂੰ ਆਪਣੇ ਪੱਲੇ ਦੀ ਕੰਨੀ ਨਾਲ ਘੁੱਟ ਕੇ ਬੰਨ੍ਹ ਲੈਂਦੀ ਹੈ। ਨਦੀ ਵਰਗੀਆਂ ਧੀਆਂ ਜਦੋਂ ਉਜੜ ਕੇ ਨਾ-ਉਮੀਦੀ ਦੇ ਮਾਰੂਥਲਾਂ ਵਿਚ ਗੁਆਚ ਜਾਂਦੀਆਂ ਹਨ ਤਾਂ ਮਾਂ ਦੇ ਮਨ ਦਾ ਪ੍ਰਦੇਸੀ ਹੋਣਾ ਸੁਭਾਵਕ ਹੈ।

ਅਥਰੂਆਂ ਦੀ ਭਾਸ਼ਾ ਦਾ ਸ਼ਬਦਾਂ ਦੀ ਬੋਲੀ ਵਿਚ ਅਨੁਵਾਦ ਸਹੀ ਨਹੀਂ ਹੁੰਦਾ।

ਅਜਿਹੀ ਸਥਿਤੀ ਵਿਚ ਸੋਚਣਾ ਚਾਹੀਦਾ ਹੈ ਕਿ ਦੁੱਖ ਕਿਸ ਨੂੰ ਨਹੀਂ ਹਨ, ਦੁਖਾਂਤ ਕਿਸ ਨਾਲ ਨਹੀਂ ਵਾਪਰਦੇ। ਅੰਤ ਨੂੰ ਜ਼ਿੰਦਗੀ ਨੇ ਹਰ ਕਿਸੇ ਨਾਲ ਰੁੱਸਣਾ ਹੈ ਪਰ ਜ਼ਿੰਦਗੀ ਦੀ ਅਦਾਲਤ ਵਿਚ ਇਨਸਾਫ਼ ਵੀ ਮਿਲਦਾ ਹੈ ਪਰ ਜੋ ਕੁਝ ਸਾਡੇ ਕੋਲ ਨਹੀਂ ਹੁੰਦਾ ਅਸੀਂ ਉਸੇ ਨੂੰ ਹੀ ਵੇਖਦੇ ਰਹਿੰਦੇ ਹਾਂ।

ਦੂਜਿਆਂ ਦੇ ਦੁੱਖ ਵਿਚ ਭਾਈਵਾਲ ਹੋ ਕੇ ਆਪਣੇ ਦੁੱਖ ਭੁਲਾਏ ਜਾ ਸਕਦੇ ਹਨ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਹਰ ਸਮੱਸਿਆ ਹੱਲ ਕੀਤੇ ਜਾਣ ਦੇ ਯੋਗ ਨਹੀਂ ਹੁੰਦੀ, ਅਨੇਕਾਂ ਸਮੱਸਿਆਵਾਂ ਨੇ ਆਪੇ ਲੋਪ ਹੋ ਜਾਣਾ ਹੁੰਦਾ ਹੈ।

ਤੇਜ਼ ਦਰਦ, ਬਹੁਤਾ ਚਿਰ ਨਹੀਂ ਰਹਿੰਦੇ ਅਤੇ ਬਹੁਤ ਦੇਰ ਰਹਿਣ ਵਾਲੇ ਦਰਦ, ਤਿਖੇ ਨਹੀਂ ਹੁੰਦੇ।

ਅਜੋਕੇ ਸਮਾਜ ਦੀਆਂ ਬਹੁਤੀਆਂ ਸਮੱਸਿਆਵਾਂ ਆਰਥਿਕ ਹੀ ਹੁੰਦੀਆਂ ਹਨ। ਭਾਵੇਂ ਇਹ ਮੰਨਣਾ ਕਠਿਨ ਹੈ ਪਰ ਵਾਸਤਵਿਕਤਾ ਇਹ ਹੈ ਕਿ ਸਰੀਰਕ, ਮਾਨਸਿਕ,

ਭਾਵਕ ਅਤੇ ਆਤਮਿਕ ਸਮੱਸਿਆਵਾਂ ਦੇ ਮੁਕਾਬਲੇ ਆਰਥਿਕ ਸਮੱਸਿਆਵਾਂ ਘੱਟ ਪੀੜਤ ਕਰਦੀਆਂ ਹਨ। ਇਹ ਸਮੱਸਿਆਵਾਂ ਵਧੇਰੇ ਕਰਕੇ ਪੁਰਸ਼ਾਂ ਨਾਲ ਸਬੰਧਤ ਹੁੰਦੀਆਂ ਹਨ ਅਤੇ ਇਹ ਕਿਸੇ ਹਾਦਸੇ ਜਾਂ ਦੁਰਘਟਨਾ ਵਾਂਗ ਅਚਾਨਕ ਨਹੀਂ ਵਾਪਰਦੀਆਂ। ਇਨ੍ਹਾਂ ਸਬੰਧੀ ਕੋਈ ਕਿਸੇ ਨੂੰ ਸ਼ਿਕਾਇਤ ਵੀ ਨਹੀਂ ਕਰਦਾ ਅਤੇ ਨਾ ਹੀ ਇਹ ਝਟਪਟ ਹੱਲ ਹੋਣ ਵਾਲੀਆਂ ਹੁੰਦੀਆਂ ਹਨ।

ਆਰਥਿਕ ਸਮੱਸਿਆਵਾਂ ਸਾਡੇ ਸੁਚੇਤ ਅਤੇ ਵਿਹਾਰਕ ਸੰਸਾਰ ਨਾਲ ਸਬੰਧਤ ਹੋਣ ਕਰਕੇ ਸਾਡੇ ਲਈ ਮਾਨਸਿਕ ਪ੍ਰੇਸ਼ਾਨੀ ਥੋੜ੍ਹੇ ਚਿਰ ਲਈ ਹੀ ਉਪਜਾਉਂਦੀਆਂ ਹਨ। ਹਰ ਕੋਈ ਆਰਥਿਕਤਾ ਨਾਲ ਸਬੰਧਤ ਹੋਣ ਕਾਰਨ ਆਪਣੀ ਆਪਣੀ ਸਮਰੱਥਾ ਅਤੇ ਯੋਗਤਾ ਨਾਲ ਇਨ੍ਹਾਂ ਸਮੱਸਿਆਵਾਂ ਨੂੰ ਨਜਿੱਠਣ ਵਿਚ ਰੁੱਝਿਆ ਹੋਇਆ ਹੈ। ਭਾਵੇਂ ਆਰਥਿਕ ਸਮੱਸਿਆਵਾਂ ਦਾ ਸਾਡੀਆਂ ਭਾਵਕ ਅਤੇ ਮਾਨਸਿਕ ਸਮੱਸਿਆਵਾਂ ਉੱਤੇ ਪ੍ਰਛਾਵਾਂ ਪੈਂਦਾ ਹੈ ਪਰ ਅਜਿਹੀਆਂ ਸਮੱਸਿਆਵਾਂ ਦਾ ਆਰਥਿਕ ਪੱਖ ਮਹੱਤਵਪੂਰਨ ਨਹੀਂ ਹੁੰਦਾ।

ਆਰਥਿਕ ਪੱਖ ਸਬੰਧੀ ਅਸੀਂ ਤਰਕ ਨਾਲ ਸੋਚ-ਸਮਝ ਸਕਦੇ ਹਾਂ ਪਰ ਸਾਡੀ ਮਾਨਸਿਕ, ਭਾਵਕ ਅਤੇ ਆਤਮਿਕ ਤਸੱਲੀ ਦੇ ਸਰੋਤ ਆਰਥਿਕ ਨਹੀਂ ਹੁੰਦੇ।

ਸਾਡੀਆਂ ਸਰੀਰਕ ਸਮੱਸਿਆਵਾਂ ਭਾਵੇਂ ਸਾਡੀ ਆਰਥਿਕਤਾ ਤੋਂ ਪ੍ਰਭਾਵਤ ਤਾਂ ਹੁੰਦੀਆਂ ਹਨ ਪਰ ਸਾਨੂੰ ਦੁੱਖੀ ਉਹੀ ਸਰੀਰਕ ਸਮੱਸਿਆਵਾਂ ਕਰਦੀਆਂ ਹਨ, ਜਿਨ੍ਹਾਂ ਨੂੰ ਆਰਥਿਕਤਾ ਨਾਲ ਵੀ ਹੱਲ ਨਹੀਂ ਕੀਤਾ ਜਾ ਸਕਦਾ।

ਆਰਥਿਕ ਪੱਖ ਨਿਰਸੰਦੇਹ ਸਾਨੂੰ ਸਮੱਸਿਆਵਾਂ ਨਜਿੱਠਣ ਅਤੇ ਉਨ੍ਹਾਂ ਨਾਲ ਥਰ ਮੋਚਣ ਦੀ ਯੋਗਤਾ ਪ੍ਰਦਾਨ ਕਰਦਾ ਹੈ ਪਰ ਸਾਰੀਆਂ ਸਮੱਸਿਆਵਾਂ ਕੇਵਲ ਆਰਥਿਕ ਹਥਿਆਰਾਂ ਨਾਲ ਹੱਲ ਨਹੀਂ ਹੁੰਦੀਆਂ।

ਆਰਥਿਕ ਵਿਕਾਸ ਦੇ ਪੰਜ ਮੁੱਖ ਪੜਾਅ ਹੁੰਦੇ ਹਨ। ਹਰ ਵਿਅਕਤੀ ਇਨ੍ਹਾਂ ਵਿਚਲੇ ਕਿਸੇ ਨਾ ਕਿਸੇ ਪੜਾਅ ਉੱਤੇ ਹੁੰਦਾ ਹੈ। ਇਹ ਇਕ ਨਿਰੰਤਰ ਯਾਤਰਾ ਹੈ, ਜਿਸ ਵਿਚ ਰੁੱਝੇ ਰਹਿਣਾ ਚੰਗਾ ਵੀ ਲਗਦਾ ਹੈ ਅਤੇ ਉਪਯੋਗੀ ਵੀ ਹੁੰਦਾ ਹੈ। ਸਾਡਾ ਜੀਵਨ-ਅਨੁਭਵ ਵਾਸਤਵ ਵਿਚ ਉਪਜੀਵਕਾ ਕਮਾਉਣ ਦੇ ਰਾਹ ਵਿਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਅਮਲ ਵਿਚੋਂ ਪ੍ਰਾਪਤ ਹੁੰਦਾ ਹੈ।

ਜਿਹੜਾ ਉਪਜੀਵਕਾ ਕਮਾਉਣ ਦੇ ਅਮਲ ਵਿਚ ਨਹੀਂ ਪੈਂਦਾ ਉਸ ਦਾ ਸਮਾਜਿਕ, ਮਾਨਸਿਕ ਅਤੇ ਭਾਵਕ ਵਿਕਾਸ ਵੀ ਨਹੀਂ ਹੁੰਦਾ। ਸੋ ਆਰਥਿਕ ਸਮੱਸਿਆਵਾਂ ਵਿਚ ਅਵਸਰ ਵੀ ਛੁਪੇ ਹੁੰਦੇ ਹਨ ਅਤੇ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਸਾਨੂੰ ਜੀਵਨ ਦੇ ਅਰਥ ਵੀ ਸਮਝ ਪੈਂਦੇ ਹਨ।

ਪਹਿਲੇ ਪੜਾਅ ਵਿਚ ਅਸੀਂ ਜੀਵਨ ਦੀਆਂ ਬੁਨਿਆਦੀ ਸਹੂਲਤਾਂ ਪੈਦਾ ਕਰਦੇ ਹਾਂ, ਜਿਨ੍ਹਾਂ ਵਿਚ ਆਮਦਨ, ਆਹਾਰ ਅਤੇ ਆਵਾਸ ਦੀਆਂ ਲੋੜਾਂ ਆ ਜਾਂਦੀਆਂ ਹਨ।

ਕਈ ਵਾਰੀ ਇਹ ਸਹੂਲਤਾਂ ਸਾਨੂੰ ਬਣੀਆਂ ਬਣਾਈਆਂ ਵੀ ਮਿਲ ਜਾਂਦੀਆਂ ਹਨ

ਪਰ ਵਿਆਹ ਉਪਰੰਤ ਹਰ ਵਿਅਕਤੀ ਆਪਣੀ ਜ਼ਿੰਦਗੀ ਬਾਰੇ ਨਵੇਂ ਸਿਰਿਉਂ ਸੋਚਦਾ ਹੈ ਅਤੇ ਇਨ੍ਹਾਂ ਸਹੂਲਤਾਂ ਸਬੰਧੀ ਸਮੱਸਿਆਵਾਂ ਨੂੰ ਉਹ ਬਦਲੇ ਹੋਏ ਦ੍ਰਿਸ਼ਟੀਕੋਣ ਨਾਲ ਸਮਝਦਾ ਅਤੇ ਸੁਲਝਾਉਂਦਾ ਹੈ।

ਦੂਜੇ ਪੜਾਅ ਵਿਚ ਅਸੀਂ ਆਪਣੇ ਜੀਵਨ ਨੂੰ ਸੁਰੱਖਿਅਤ ਕਰਨ ਦੀ ਸਮੱਸਿਆ ਨਾਲ ਨਜਿੱਠਦੇ ਹਾਂ। ਇਸ ਪੜਾਅ ਵਿਚ ਆਪਣਾ ਘਰ ਹੋਣਾ ਜਾਂ ਆਪਣੇ ਘਰ ਲਈ ਸਾਧਨ ਜੁਟਾਣੇ ਅਤੇ ਆਪਣੇ ਪਰਿਵਾਰ ਲਈ ਸੁਖ-ਸਾਧਨ ਉਪਜਾਉਣਾ ਗਿਣਿਆ ਜਾ ਸਕਦਾ ਹੈ।

ਤੀਜੇ ਪੜਾਅ ਵਿਚ ਅਸੀਂ ਸਮਾਜਿਕ ਮੇਲ-ਜੋਲ ਵਧਾਉਂਦੇ ਹਾਂ, ਸਮਾਗਮ ਕਰਦੇ ਹਾਂ, ਜਨਮ ਦਿਨ ਮਨਾਉਂਦੇ ਹਾਂ, ਤੋਹਫ਼ੇ ਦਿੰਦੇ-ਲੈਂਦੇ ਹਾਂ, ਸ਼ੁੱਭ-ਇਛਾਵਾਂ ਭੇਜਦੇ ਹਾਂ ਅਰਥਾਤ ਅਸੀਂ ਉਨ੍ਹਾਂ ਘਰਾਂ ਦੀ ਗਿਣਤੀ ਵਧਾਉਂਦੇ ਹਾਂ ਜਿਥੇ ਅਸੀਂ ਜਾ ਸਕਦੇ ਹਾਂ ਅਤੇ ਉਨ੍ਹਾਂ ਲੋਕਾਂ ਦੀ ਸੂਚੀ ਲੰਮੀ ਕਰਦੇ ਹਾਂ ਜਿਹੜੇ ਸਾਡੇ ਘਰ ਆ ਸਕਦੇ ਹਨ।

ਇਹ ਮੇਲ-ਮਿਲਾਪ ਆਪਣੇ ਰਿਸ਼ਤੇਦਾਰਾਂ ਦੇ ਮੁਕਾਬਲੇ ਦੂਜੇ ਵਿਅਕਤੀਆਂ ਨਾਲ ਵਧੇਰੇ ਹੁੰਦਾ ਹੈ। ਇਸ ਸਥਿਤੀ ਵਿਚ ਸਾਡੀ ਥਾਲੀ ਵਿਚਲੀਆਂ ਕੌਲੀਆਂ ਅਤੇ ਸਾਡੀ ਅਲਮਾਰੀ ਵਿਚ ਕੱਪੜਿਆਂ ਦੀ ਗਿਣਤੀ ਵੱਧਦੀ ਹੈ ਅਰਥਾਤ ਵੰਨ-ਸੁਵੰਨਤਾ ਦਾ ਵਾਤਾਵਰਣ ਉਪਜਦਾ ਹੈ।

ਬਹੁਤੇ ਲੋਕ ਇੱਥੇ ਪਹੁੰਚ ਕੇ ਸੰਤੁਸ਼ਟ ਹੋ ਜਾਂਦੇ ਹਨ।

ਚੌਥੇ ਪੜਾਅ ਵਿਚ ਆਰਥਿਕ ਬਲ ਨਾਲ ਅਸੀਂ ਸਮਾਜਿਕ ਰੁਤਬੇ ਲਈ ਤਾਂਘਦੇ ਹਾਂ ਅਤੇ ਪਤਵੰਤੇ ਬਣਦੇ ਹਾਂ। ਕਿਸੇ ਸਭਾ ਜਾਂ ਕਲੱਬ ਦੇ ਮੈਂਬਰ ਜਾਂ ਅਹੁਦੇਦਾਰ ਬਣਨਾ ਸਾਡਾ ਸ਼ੌਕ ਬਣਦਾ ਹੈ। ਜਿਨ੍ਹਾਂ ਵਿਚ ਆਰਥਿਕ ਬਲ ਨਹੀਂ ਹੁੰਦਾ ਪਰ ਪਤਵੰਤੇ ਬਣਨ ਦੀ ਰੀਝ ਹੁੰਦੀ ਹੈ ਉਹ ਕਿਸੇ ਸੇਵਾ-ਸਦਨ ਜਾਂ ਭਜਨ-ਮੰਡਲੀ ਜਾਂ ਧਰਮਸਾਲਾ ਦੇ ਪ੍ਰਬੰਧਕ ਬਣਨ ਤਕ ਫੈਲਦੇ ਹਨ।

ਪੰਜਾਵੇਂ ਪੜਾਅ ਵਿਚ ਮਨੁੱਖ ਰਾਜਨੀਤਕ ਸ਼ਕਤੀ ਲਈ ਤਾਂਘਦਾ ਹੈ।

ਇਨ੍ਹਾਂ ਸਾਰੇ ਪੜਾਵਾਂ ਦੀਆਂ ਆਪਣੀਆਂ ਆਪਣੀਆਂ ਉਲਝਣਾਂ, ਆਰਥਿਕ ਮਜਬੂਰੀਆਂ ਅਤੇ ਸਮੱਸਿਆਵਾਂ ਹੁੰਦੀਆ ਹਨ।

ਹਰ ਕੋਈ ਜਾਣ ਸਕਦਾ ਹੈ ਕਿ ਉਹ ਕਿਹੜੇ ਪੜਾਅ 'ਤੇ ਹੈ।

ਹਰ ਕਿਸੇ ਵਿਚ ਅਗਲੇਰੇ ਪੜਾਅ ਵਿਚ ਦਾਖਲ ਹੋਣ ਦੀ ਰੀਝ ਹੁੰਦੀ ਹੈ, ਕਿਉਂਕਿ ਹਰ ਪੜਾਅ ਦੇ ਲੋਕਾਂ ਦੀ ਗਿਣਤੀ ਬਹੁਤ ਅਧਿਕ ਹੁੰਦੀ ਹੈ। ਨੀਵੇਂ ਪੜਾਵਾਂ ਵਿਚ ਤਾਂ ਗਿਣਤੀ ਬਹੁਤ ਹੀ ਵਧੇਰੇ ਹੁੰਦੀ ਹੈ, ਸੋ ਕੇਵਲ ਸਾਡੀਆਂ ਆਰਥਿਕ ਸਮੱਸਿਆਵਾਂ ਹੀ ਸਾਨੂੰ ਪੀੜਤ ਨਹੀਂ ਕਰਦੀਆਂ।

ਸਮਾਜਵਾਦ ਵੀ ਸਾਡੀਆਂ ਆਰਥਿਕ ਸਮੱਸਿਆਵਾਂ ਦਾ ਹੱਲ ਭਾਵੇਂ ਕਰ ਦੇਵੇ, ਸਾਡੀਆਂ ਭਾਵਕ, ਮਾਨਸਿਕ ਅਤੇ ਸਰੀਰਕ ਸਮੱਸਿਆਵਾਂ ਬਣੀਆਂ ਰਹਿਣਗੀਆਂ।

ਵਿਆਹ ਨਾਲ ਸਬੰਧਤ ਸਮੱਸਿਆਵਾਂ ਵੱਧ ਰਹੀਆਂ ਹਨ।

ਇਸਤਰੀ ਸੁਚੇਤ ਹੋ ਰਹੀ ਹੈ ਅਤੇ ਹੁਣ ਉਹ ਆਪਣੇ ਪਤੀ ਨੂੰ ਪਰਮੇਸ਼ਰ ਵਜੋਂ ਸਵੀਕਾਰਨ ਲਈ ਤਿਆਰ ਨਹੀਂ। ਵਿਆਹ ਨਾਲ ਸਬੰਧਤ ਸਮੱਸਿਆਵਾਂ ਦਾ ਇਕ ਕਾਰਨ ਇਹ ਵੀ ਹੈ ਕਿ ਵਿਆਹ ਵਿਉਂਤ ਕੇ ਨਹੀਂ ਕੀਤੇ ਜਾ ਰਹੇ।

ਤਿੰਨਾਂ ਵਿਚੋਂ ਦੋ ਮੰਗਣੀਆਂ ਹੀ ਵਿਆਹ ਵਿਚ ਵਟਦੀਆਂ ਹਨ।

ਜਵਾਨ ਮੰਨਣ ਲਈ ਤਿਆਰ ਹੀ ਨਹੀਂ ਕਿ ਜਿਹੜੀਆਂ ਮੁਸ਼ਕਿਲਾਂ ਅਤੇ ਸਮੱਸਿਆਵਾਂ ਦੂਜਿਆਂ ਨਾਲ ਵਾਪਰਦੀਆਂ ਹਨ, ਉਹ ਉਨ੍ਹਾਂ ਨਾਲ ਵੀ ਵਾਪਰ ਸਕਦੀਆਂ ਹਨ। ਸੁਰਮੇਲਤਾ ਦੀ ਘਾਟ ਕਾਰਨ ਸਹਿਣਸ਼ੀਲਤਾ ਘੱਟ ਰਹੀ ਹੈ ਅਤੇ ਫਰਜ਼ਾਂ ਦੀ ਥਾਂ ਹੱਕਾਂ ਪ੍ਰਤੀ ਅਸੀਂ ਵਧੇਰੇ ਸੁਚੇਤ ਹੋ ਰਹੇ ਹਾਂ।

ਵਿਆਹ ਪੱਕੀ ਉਮਰ ਵਿਚ ਹੋਣ ਕਾਰਨ ਪਤੀ-ਪਤਨੀ ਦੇ ਵਿਹਾਰ ਵਿਚ ਲੱਚਕ ਘੱਟ ਜਾਂਦੀ ਹੈ ਅਤੇ ਲੋੜਾਂ ਦੇ ਮੁਕਾਬਲੇ ਇੱਛਾਵਾਂ ਵੱਧ ਜਾਣ ਕਾਰਨ, ਵਸੀਲਿਆਂ ਦੀ ਥੁੜ ਪ੍ਰਤੀਤ ਹੋਣ ਲੱਗ ਪੈਂਦੀ ਹੈ।

ਮੰਗਣੀ ਦਾ ਉਦੇਸ਼ ਦੋਹਾਂ ਧਿਰਾਂ ਨੂੰ ਵਿਆਹ ਬਾਰੇ ਗੰਭੀਰਤਾ ਨਾਲ ਸੋਚਣ ਅਤੇ ਆਪਣੇ ਆਪ ਨੂੰ ਤਿਆਰ ਕਰਨ ਦਾ ਅਵਸਰ ਪ੍ਰਦਾਨ ਕਰਨਾ ਸੀ ਪਰੰਤੂ ਹੁਣ ਵਿਆਹ ਇਵੇਂ ਦੌੜ ਕੇ ਕਰਵਾਏ ਜਾ ਰਹੇ ਹਨ, ਜਿਵੇਂ ਗੱਡੀ ਚਲ ਪੈਣ ਉਪਰੰਤ ਉਸ ਉਤੇ ਦੌੜ ਕੇ ਚੜ੍ਹਨ ਦਾ ਯਤਨ ਕੀਤਾ ਜਾ ਰਿਹਾ ਹੋਵੇ।

ਲਗਭਗ ਹਰ ਵਿਆਹ ਉਪਰੰਤ ਦੋਹਾਂ ਵਿਚੋਂ ਇਕ ਧਿਰ ਨੂੰ ਆਪਣਾ ਜੀਵਨ-ਪੱਧਰ ਨੀਵਾਂ ਜਾਂ ਇਕ-ਸੁਰ ਕਰਨ ਅਤੇ ਤਾਲ-ਮੇਲ ਉਸਾਰਨ ਦੀ ਮਜਬੂਰੀ ਹੁੰਦੀ ਹੈ, ਜੇਕਰ ਇਸ ਸਥਿਤੀ ਨੂੰ ਪ੍ਰਵਾਨ ਨਾ ਕੀਤਾ ਜਾਵੇ ਤਾਂ ਸਬੰਧਤ ਧਿਰ ਆਪਣੇ ਨਾਲ ਠੀਕ ਵਰਤਾਓ ਨਾ ਹੋਣ ਦੀ ਸ਼ਿਕਾਇਤ ਕਰਦੀ ਹੈ।

ਵਿਦਿਆ ਪ੍ਰਾਪਤੀ ਨਾਲ ਸਾਨੂੰ ਆਪਣੀ ਗੱਲ ਕਹਿਣ ਦੀ ਜਾਚ ਆ ਜਾਂਦੀ ਹੈ ਅਤੇ ਇਹ ਯੋਗਤਾ ਸਾਡੇ ਵਿਚ ਸਹਿਣਸ਼ੀਲਤਾ ਨੂੰ ਘਟਾਉਂਦੀ ਹੈ, ਕਿਉਂਕਿ ਦੂਜੇ ਨੂੰ ਸੁਣਨ ਅਤੇ ਸਮਝਣ ਦੀ ਥਾਂ, ਅਸੀਂ ਦੂਜੇ ਨੂੰ ਸੁਣਾਉਣਾ, ਬਦਲਣਾ, ਸੁਧਾਰਨਾ ਅਤੇ ਸਮਝਾਉਣਾ ਚਾਹੁੰਦੇ ਹਾਂ।

ਵਧੇਰੇ ਪੜ੍ਹੀਆਂ ਲੜਕੀਆਂ ਦੇ ਵਿਆਹ ਲਈ ਉਨ੍ਹਾਂ ਦੀ ਯੋਗਤਾ ਅਨੁਸਾਰ ਵਰ ਲੱਭਣੇ ਮੁਸ਼ਕਿਲ ਹੋ ਗਏ ਹਨ ਅਤੇ ਜਦੋਂ ਪਤੀ ਦੀ, ਪਤਨੀ ਨਾਲੋਂ ਯੋਗਤਾ ਘੱਟ ਹੋਵੇ ਤਾਂ ਇਸ ਨਾਲ ਆਪਸੀ ਸਬੰਧਾਂ 'ਤੇ ਅਸਰ ਪੈਂਦਾ ਹੈ।

ਸਹੁਰਾ ਪਰਿਵਾਰ ਨੂੰਹ ਦੀ ਸਿਖਿਆ ਦਾ ਲਾਭ ਉਠਾਉਣ ਦੀ ਥਾਂ ਵੱਧ ਪੜ੍ਹੀ-ਲਿਖੀ ਨੂੰਹ ਨੂੰ ਨੀਵਾਂ ਵਿਖਾਉਣ ਦਾ ਯਤਨ ਕਰਦਾ ਹੈ ਪਰ ਨੂੰਹ ਆਪਣੀ ਵਿਕਸਿਤ ਸੋਝੀ ਦਾ ਤਿਆਗ ਕਰਨ ਲਈ ਤਿਆਰ ਨਹੀਂ ਹੁੰਦੀ, ਸੋ ਸਹਿਯੋਗ ਦੀ ਥਾਂ ਵਿਰੋਧ ਅਤੇ ਟਕਰਾਓ ਦਾ ਉਪਜਣਾ ਸੁਭਾਵਕ ਹੋ ਜਾਂਦਾ ਹੈ।

ਅਜੋਕੇ ਯੁੱਗ ਵਿਚ ਵਿਆਹ-ਸਬੰਧਾਂ ਨੂੰ ਤੋੜਨ ਦੇ ਸਾਰੇ ਸਾਧਨ ਮੌਜੂਦ ਹਨ ਪਰ ਟੁੱਟੀਆਂ ਨੂੰ ਗੰਢਣ ਦੀਆਂ ਸੰਭਾਵਨਾਵਾਂ ਸੁੰਗੜ ਰਹੀਆਂ ਹਨ ਅਤੇ ਨਤੀਜੇਵਸ ਦੰਪਤੀ-ਸਮੱਸਿਆਵਾਂ ਨਿੱਤ ਦਿਨ ਵੱਧ ਰਹੀਆਂ ਹਨ।

ਇਹ ਸਮੱਸਿਆਵਾਂ ਆਪਾ-ਪੜਚੋਲ ਨਾਲ ਹੀ ਹੱਲ ਹੋ ਸਕਦੀਆਂ ਹਨ।

ਆਵਾਜਾਈ ਅਤੇ ਸੰਚਾਰ ਦੇ ਸਾਧਨ ਸੌਖੇ ਅਤੇ ਤੇਜ਼ ਹੋ ਜਾਣ ਕਾਰਨ ਦੋਹਾਂ ਧਿਰਾਂ ਦੇ ਮਾਪਿਆ ਦਾ ਦਖਲ ਵੱਧ ਗਿਆ ਹੈ, ਜਿਹੜਾ ਕਿਸੇ ਸਮੱਸਿਆ ਨੂੰ ਸੁਲਝਣ ਨਹੀਂ ਦਿੰਦਾ। ਜੀਵਨ ਦੇ ਰੁਝੇਵੇਂ ਵੱਧ ਜਾਣ ਕਾਰਨ ਕਿਸੇ ਕੋਲ ਦੂਜਿਆਂ ਦੀਆਂ ਸਮੱਸਿਆਵਾਂ ਵੱਲ ਧਿਆਨ ਦੇਣ ਦੀ ਵਿਹਲ ਹੀ ਨਹੀਂ ਰਹੀ ਸੋ ਜ਼ਰੂਰੀ ਹੈ ਕਿ ਆਪਣੇ ਬੱਚਿਆਂ ਵਿਚ ਆਪਣੀਆਂ ਅਜੋਕੀਆਂ ਅਤੇ ਭਵਿੱਖ ਦੀਆਂ ਸਮੱਸਿਆਵਾਂ ਆਪ ਸੁਲਝਾਉਣ ਦੀ ਯੋਗਤਾ ਪੈਦਾ ਕੀਤੀ ਜਾਵੇ।

ਇਹ ਯੋਗਤਾ ਝੱਟਪਟ ਪੈਦਾ ਨਹੀਂ ਕੀਤੀ ਜਾ ਸਕਦੀ।

ਜਿਵੇਂ ਆਪਣੀ ਖਾਜ ਠੀਕ ਢੰਗ ਨਾਲ ਅਸੀਂ ਆਪ ਹੀ ਕਰ ਸਕਦੇ ਹਾਂ, ਉਵੇਂ ਹੀ ਆਪਣੀਆਂ ਸਮੱਸਿਆਵਾਂ ਦੇ ਹੰਢਣਸਾਰ ਹੱਲ ਸਾਨੂੰ ਆਪ ਹੀ ਲੱਭਣੇ ਪੈਣਗੇ।

ਜੀਵਨ ਇਕ ਸਮੁੰਦਰ ਵਾਂਗ ਹੈ। ਸਮੁੰਦਰ ਦਾ ਕੋਈ ਬਾਦਸ਼ਾਹ ਨਹੀਂ ਹੁੰਦਾ, ਜਿਸ ਅੱਗੇ ਫਰਿਆਦ ਕੀਤੀ ਜਾ ਸਕੇ। ਜ਼ਿੰਦਗੀ ਦੇ ਬਾਦਸ਼ਾਹ ਅਸੀਂ ਆਪ ਹੀ ਬਣਨਾ ਹੈ। ਜੇ ਅਸੀਂ ਆਪਣੇ ਆਪ ਨੂੰ ਮੈਂ ਦੀ ਥਾਂ ਅਸੀਂ ਜਾਣ ਕੇ ਵਿਚਰੀਏ ਤਾਂ ਸਾਨੂੰ ਸਮੱਸਿਆਵਾਂ ਹੋਰ ਤਰ੍ਹਾਂ ਵਿਖਾਈ ਦੇਣਗੀਆਂ।

ਭੁਲਣਾ ਨਹੀਂ ਚਾਹੀਦਾ ਕਿ ਬੱਦਲਾਂ ਤੋਂ ਬਿਨਾਂ ਸਤਰੰਗੀ ਪੀਂਘ ਨਹੀਂ ਬਣਦੀ।

ਇਵੇਂ ਹੀ ਗੁੜ ਦੀ ਡਲੀ ਨਾਲ ਗਲਾਸ ਹੀ ਮਿੱਠਾ ਹੋਵੇਗਾ, ਟੋਬਾ ਨਹੀਂ।

ਇੱਕਲਤਾ ਅਤੇ ਅਕੇਵੇਂ ਨੂੰ ਉਹੀ ਫਤਹਿ ਕਰ ਸਕਦੇ ਹਨ, ਜਿਨ੍ਹਾਂ ਨੂੰ ਇਕਾਂਤ ਨਾਲ ਮੁਹੱਬਤ ਹੋਵੇ।

ਬੱਤਖ ਤੈਰਦੀ ਹੋਈ ਹੀ ਚੰਗੀ ਲਗਦੀ ਹੈ, ਜਿਵੇਂ ਕਲਮ ਲਿਖਦੀ ਹੋਈ, ਝੀਲ ਭਰੀ ਹੋਈ ਅਤੇ ਜ਼ਿੰਦਗੀ ਵਗਦੀ ਹੋਈ। ਸਮੱਸਿਆਵਾਂ ਵੀ ਜ਼ਿੰਦਗੀ ਦੀ ਰੌਣਕ ਹੁੰਦੀਆਂ ਹਨ, ਇਨ੍ਹਾਂ ਨੂੰ ਖਿੜੇ-ਮੱਥੇ ਮਿਲਣਾ ਚਾਹੀਦਾ ਹੈ।

ਜ਼ਿੰਦਗੀ ਦੇ ਬੁਲੰਦ ਦਰਵਾਜ਼ੇ ਦੀ ਦਹਿਲੀਜ਼ 'ਤੇ ਕਿਉਂ ਖਲੋਤੇ ਹੋ?

ਲੰਘ ਆਓ, ਜ਼ਿੰਦਗੀ ਦਾ ਬੂਹਾ ਖੁੱਲ੍ਹਾ ਹੈ।

☆☆☆

ਲੈਂਪ ਦੀ ਰੋਸ਼ਨੀ ਵਿਚ.......

ਸਾਡੀ ਸੂਝ ਦੀਆਂ ਅੱਖਾਂ ਲੈਂਪ ਵਾਲੇ ਜ਼ਮਾਨੇ ਵਿਚ ਖੁਲ੍ਹੀਆਂ ਸਨ।

ਉਦੋਂ ਲੋਕਾਂ ਦੀ ਸ਼ਖ਼ਸੀਅਤ ਜਾਂ ਦੀਵੇ ਵਰਗੀ ਸੀ ਜਾਂ ਲੈਂਪ ਵਰਗੀ।

ਸਾਡੀ ਮਾਂ ਦੱਸਦੀ ਸੀ ਕਿ ਲੈਂਪ ਹੈ ਤਾਂ ਦੀਵਾ ਹੀ ਸੀ ਪਰ ਅੰਗ੍ਰੇਜ਼ਾਂ ਨੇ ਉਸ ਨੂੰ ਸ਼ੀਸ਼ੇ ਦਾ ਟੋਪ ਪਹਿਨਾ ਦਿੱਤਾ ਸੀ।

ਲੈਂਪ ਕੇਵਲ ਲੈਂਪ ਹੀ ਨਹੀਂ ਸੀ, ਇਹ ਸਾਡੇ ਘਰ ਦਾ ਇਕ ਜੀਅ ਸੀ, ਜਿਹੜਾ ਸ਼ਾਮ ਵੇਲੇ ਉਜਾਗਰ ਹੁੰਦਾ ਸੀ।

ਹੁਣ ਜਦੋਂ ਕਿਸੇ ਬਜ਼ੁਰਗ ਨੂੰ ਲਾਹੌਰ ਦੀਆਂ ਗੱਲਾਂ ਕਰਦਿਆਂ ਸੁਣਦਾ ਹਾਂ ਤਾਂ ਸਮਝ ਆਉਂਦੀ ਹੈ ਕਿ ਉਸ ਦੀ ਸੂਝ ਦੀਆਂ ਅੱਖਾਂ ਲਾਹੌਰ ਦੀਆਂ ਗਲੀਆਂ ਵਿਚ ਖੁੱਲ੍ਹੀਆਂ ਹੋਣਗੀਆਂ, ਉਸ ਦੀਆਂ ਜਾਗਦੀਆਂ ਅੱਖਾਂ ਨੇ ਸੁਪਨੇ ਉਥੇ ਹੀ ਵੇਖਣੇ ਸਿੱਖੇ ਹੋਣਗੇ। ਜਦੋਂ ਕੋਈ ਆਪਣੇ ਬੱਚਪਨ ਦੀਆਂ ਗੱਲਾਂ ਕਰਦਾ ਹੈ ਤਾਂ ਮੈਨੂੰ ਉਹ ਇਕ ਲੈਂਪ ਪ੍ਰਤੀਤ ਹੁੰਦਾ ਹੈ, ਜਗਦਾ ਹੋਇਆ ਲੈਂਪ।

ਲੈਂਪ ਦੀ ਰੋਸ਼ਨੀ ਵਿਚ ਸਾਰੇ ਸੋਹਣੇ ਲਗਦੇ ਸਨ।

ਮੇਰੀ ਮਾਂ ਤਾਂ ਹੈ ਵੀ ਸੋਹਣੀ ਸੀ, ਉਹ ਹੋਰ ਵੀ ਸੋਹਣੀ ਲਗਦੀ ਸੀ।

ਉਦੋਂ ਸੰਤਾਨ ਦੀ ਹਾਜ਼ਰੀ ਵਿਚ ਮਾਂਵਾਂ ਦਾ ਅੰਦਰਲਾ ਚਾਨਣ ਉਨ੍ਹਾਂ ਦੇ ਚਿਹਰਿਆਂ 'ਤੇ ਆ ਜਾਇਆ ਕਰਦਾ ਸੀ। ਲੈਂਪ ਬਾਲਦਿਆਂ ਜਦੋਂ ਮੈਂ ਆਪਣੀ ਮਾਂ ਦੇ ਚਿਹਰੇ ਨੂੰ ਵੇਖਦਾ ਤਾਂ ਮੈਨੂੰ ਇੰਜ ਲਗਦਾ, ਜਿਵੇਂ ਦੁੱਧ ਦੇ ਭਰੇ ਪਤੀਲੇ 'ਤੇ ਮਲਾਈ ਆ ਗਈ ਹੋਵੇ।

ਮੇਰੇ ਪਿਤਾ ਜੀ ਦੀ ਚੰਗੀ ਕਿਸਮਤ ਸੀ ਜੁ ਉਨ੍ਹਾਂ ਦਾ ਵਿਆਹ ਮੇਰੀ ਮਾਂ ਨਾਲ ਹੋ ਗਿਆ। ਮੇਰੀ ਮਾਂ ਉਸ ਜ਼ਮਾਨੇ ਦੀ ਪੰਜਵੀਂ ਪਾਸ ਸੀ ਜਦੋਂ ਤੀਜੀ ਪਾਸ ਦਾ ਵਿਆਹ ਤਹਿਸੀਲਦਾਰ ਨਾਲ ਹੋ ਜਾਇਆ ਕਰਦਾ ਸੀ। ਜਦੋਂ ਮੇਰੇ ਪਿਤਾ ਦਾ ਵਿਆਹ ਹੋਇਆ ਤਾਂ ਉਹ ਡਾਕਖਾਨੇ ਵਿਚ ਕੰਮ ਕਰਦੇ ਸਨ।

ਮੇਰੀ ਮਾਂ ਮੇਰੇ ਪਿਤਾ ਨੂੰ ਸਭ ਤੋਂ ਸਿਆਣਾ ਪੁਰਸ਼ ਮੰਨਦੀ ਸੀ ਅਤੇ ਮੇਰੇ ਪਿਤਾ, ਮੇਰੀ ਮਾਂ ਨੂੰ ਦੁਨੀਆਂ ਦੀ ਸਭ ਤੋਂ ਸੋਹਣੀ ਔਰਤ ਕਹਿੰਦੇ ਸਨ।

ਲੈਂਪ ਦੀ ਰੋਸ਼ਨੀ ਵਿਚ ਜਦੋਂ ਮੈਂ ਉਨ੍ਹਾਂ ਨੂੰ ਵੇਖਦਾ ਤਾਂ ਉਹ ਹੋਰ ਵੀ ਪਿਆਰੇ ਲਗਦੇ ਅਤੇ ਭੈਣਾਂ-ਭਰਾਵਾਂ ਵਿਚ ਇਸ ਗੱਲ ਦੀ ਬਹਿਸ ਛਿੜ ਪੈਂਦੀ ਕਿ ਕਿਸ ਨੇ ਕਿਸ ਦੀ ਗੋਦੀ ਵਿਚ ਬੈਠਣਾ ਹੈ।

ਹਰ ਕਿਸੇ ਦੀ ਜ਼ਿੰਦਗੀ ਵਿਚ ਇਕ ਗੀਤ ਵਰਗੀ ਉਮਰ ਹੁੰਦੀ ਹੈ, ਜਦੋਂ ਸਾਰੀ ਦੁਨੀਆਂ ਲਾਚੀਆਂ ਦਾ ਬਾਗ ਪ੍ਰਤੀਤ ਹੁੰਦੀ ਹੈ।

ਉਦੋਂ ਲਾਚੀਆਂ ਦੇ ਬਾਗ ਵਾਲੀ ਮਾਂ, ਲੈਂਪ ਬਾਲ ਕੇ, ਉਸ ਕੋਲ ਬੈਠੀ ਨਿੱਕਾ-ਮੋਟਾ ਕੰਮ ਕਰਦੀ, ਕੁਝ ਗਾਉਣ ਲਗ ਪੈਂਦੀ।

ਲੈਂਪ ਸ਼ਾਇਦ ਮੇਰੀ ਮਾਂ ਲਈ ਮਹਿਫਲ ਦੀ ਸ਼ਮ੍ਹਾਂ ਸੀ, ਜਿਸ ਵਿਚ ਉਸ ਨੂੰ ਦੁੱਧ ਉਤਰਨ ਵਾਂਗ ਗੀਤ ਅਤੇ ਕਵਿਤਾ ਉਤਰਦੀ ਸੀ।

ਲੈਂਪ ਦੀ ਨਿੱਕੀ ਜਿਹੀ ਲਾਟ ਤੋਂ ਸਿੱਖਿਆ ਸੀ ਕਿ ਕਿਸੇ ਵੀ ਕੀਮਤ 'ਤੇ ਹੌਸਲਾ ਨਹੀਂ ਛੱਡਣਾ ਚਾਹੀਦਾ। ਹਰ ਹਨੇਰੀ ਅਤੇ ਝੱਖੜ ਵਿਚ ਲੈਂਪ ਵਾਂਗ ਬਲਦੇ ਰਹਿਣਾ ਚਾਹੀਦਾ ਹੈ।

ਕਹਿੰਦੇ ਹਨ ਜਦੋਂ ਧਰਤੀ 'ਤੇ ਪਹਿਲੀ ਵਾਰ ਸੂਰਜ ਡੁੱਬਣ ਲੱਗਿਆ ਤਾਂ ਉਸ ਨੇ ਕਿਹਾ, 'ਹਨੇਰੇ ਵਿਚ ਮੇਰੀ ਹਾਜ਼ਰੀ ਕੌਣ ਲਾਵੇਗਾ ?' ਦੀਵੇ ਨੇ ਨਿਰਮਾਣਤਾ ਨਾਲ ਕਿਹਾ, 'ਮੈਂ ਜਤਨ ਕਰਾਂਗਾ।' ਕਹਿੰਦੇ ਹਨ, ਜਦੋਂ ਦੀਵਾ ਬੁੱਝਣ ਲਗਿਆ ਤਾਂ ਜੁਗਨੂੰ ਨੇ ਕਿਹਾ, 'ਤੇਰਾ ਸਫਰ ਮੈਂ ਜਾਰੀ ਰੱਖਾਂਗਾ।'

ਉਦੋਂ ਗਲੀਆਂ ਵਿਚ ਰੋਸ਼ਨੀ ਨਹੀਂ ਸੀ ਹੁੰਦੀ।

ਇਸੇ ਕਰ ਕੇ ਭੂਤਾਂ-ਪਰੇਤਾਂ ਦੀਆਂ ਕਹਾਣੀਆਂ ਵਧੇਰੇ ਪ੍ਰਚਲਿਤ ਸਨ।

ਗੁਰਦੁਆਰੇ ਵਿਚ ਵੀ ਅਸੀਂ ਆਪਣਾ-ਆਪਣਾ ਲੈਂਪ ਲੈ ਕੇ ਜਾਂਦੇ। ਉਦੋਂ ਗੁਰਦੁਆਰੇ ਮਾਂਵਾਂ ਤੋਂ ਇਲਾਵਾ ਬਹੁਤੇ ਬਾਬੇ ਹੀ ਆਇਆ ਕਰਦੇ ਸਨ, ਜਿਹੜੇ ਪਤਾਸਿਆਂ ਦਾ ਪ੍ਰਸ਼ਾਦ ਨਾਲ ਬੈਠੇ ਬੱਚੇ ਨੂੰ ਦੇ ਦਿੰਦੇ ਸਨ। ਅਸੀਂ ਆਪਣੇ-ਆਪਣੇ ਬਾਬੇ ਮੱਲੇ ਹੋਏ ਸਨ। ਸਾਨੂੰ ਮੁਸ਼ਕਿਲ ਉਦੋਂ ਹੁੰਦੀ ਜਦੋਂ ਬੱਚੇ ਵੱਧ ਜਾਂਦੇ ਅਤੇ ਬਾਬੇ ਘੱਟ ਜਾਂਦੇ।

ਸਾਨੂੰ ਕੀਰਤਨ ਦੀ ਉਕਾ ਹੀ ਕੋਈ ਸਮਝ ਨਹੀਂ ਸੀ ਪੈਂਦੀ। ਸਾਡੀਆਂ ਮਾਂਵਾਂ ਗੁਰਦੁਆਰੇ ਅੰਦਰ ਬੈਠ ਜਾਂਦੀਆਂ ਅਤੇ ਅਸੀਂ ਵਿਹੜੇ ਵਿਚ ਲੁਕਣ-ਮੀਚੀ ਖੇਡਦੇ।

ਖੇਡਦਿਆਂ-ਖੇਡਦਿਆਂ ਸਾਡੇ ਕੰਨ ਤੇਜ਼-ਤੇਜ਼ ਪੜ੍ਹੇ ਜਾਣ ਵਾਲੇ ਅਨੰਦ ਸਾਹਿਬ ਦੀ ਉਡੀਕ ਕਰਦੇ ਅਤੇ ਅਨੰਦ ਸਾਹਿਬ ਸ਼ੁਰੂ ਹੁੰਦਿਆਂ ਹੀ ਅਸੀਂ ਅੰਤਾਂ ਦੇ ਸਾਊ ਬਣ ਕੇ ਆਪਣੇ ਆਪਣੇ ਬਾਬੇ ਦੇ ਕੋਲ ਬਹਿ ਜਾਂਦੇ।

ਲੈਂਪ ਇਸ ਤਰ੍ਹਾਂ ਰੱਖੇ ਜਾਂਦੇ, ਜਿਵੇਂ ਉਹ ਵੀ ਸਮਾਗਮ ਕਰ ਰਹੇ ਹੋਣ। ਭੋਗ ਪੈਣ ਉਪਰੰਤ ਸੰਤੋਖਣ ਦੀ ਰਸਮ ਹੋਣੀ ਅਤੇ ਅਸੀਂ ਲੈਂਪ ਲੈ ਕੇ ਅੱਗੇ-ਅੱਗੇ ਤੁਰਨਾ। ਸਾਨੂੰ ਇਸ ਗੱਲ ਦੀ ਤਸੱਲੀ ਹੁੰਦੀ ਕਿ ਅਸੀਂ ਗੁਰੂ ਜੀ ਨੂੰ ਘਰ ਪਹੁੰਚਾ ਕੇ ਆਏ ਸਾਂ।

ਸਾਡੀ ਗਲੀ ਵਿਚ ਸਿਵਾਏ ਬਾਬੇ ਗੱਲੂ ਤੋਂ ਬਾਕੀ ਸਾਰੇ ਘਰਾਂ ਵਿਚ ਲੈਂਪ ਸਨ। ਬਾਬਾ ਗੱਲੂ ਦੀਵਾ ਬਾਲਦਾ ਸੀ। ਉਹ ਸ਼ਨੀ ਦੇ ਸ਼ਨੀ ਜਾਂਦਾ ਅਤੇ ਆਟਾ-ਤੇਲ ਲੈ ਆਉਂਦਾ। ਉਸ ਨੂੰ ਕਹਾਣੀਆਂ ਬਹੁਤ ਆਉਂਦੀਆਂ ਸਨ। ਅਸਲ ਵਿਚ ਤਾਂ ਉਸ ਦਾ ਵਿਆਹ ਹੀ ਨਹੀਂ ਸੀ ਹੋਇਆ ਪਰ ਉਹ ਆਪਣੀ ਪਤਨੀ ਨੂੰ ਸਾਡੀ ਚਾਚੀ ਦੱਸਦਾ। ਹਰ ਕਹਾਣੀ ਵਿਚ ਮੁਸੀਬਤ

ਵੇਲੇ ਕਿਧਰੋਂ ਨਾ ਕਿਧਰੋਂ ਚਾਚੀ ਆ ਜਾਂਦੀ ਅਤੇ ਸਮੱਸਿਆ ਹੱਲ ਹੋ ਜਾਂਦੀ। ਸਾਡੀਆਂ ਅੱਖਾਂ ਵਿਚ ਕਲਪਨਾ ਦੇ ਸੁਰਮੇ ਦੀ ਪਹਿਲੀ ਸਿਲਾਈ ਉਸੇ ਬਾਬੇ ਗੋਲੂ ਨੇ ਪਾਈ ਸੀ।

ਮੈਂ ਆਪਣੀ ਮਾਂ ਨੂੰ ਕਹਿਣਾ ਕਿ ਅਸੀਂ ਨਵਾਂ ਲੈਂਪ ਲੈ ਲਈਏ ਤੇ ਆਪਣਾ ਲੈਂਪ ਬਾਬੇ ਗੋਲੂ ਨੂੰ ਦੇ ਦੇਈਏ ਪਰ ਮਾਂ ਲੈਂਪ ਦੇਣ ਲਈ ਕਦੀ ਵੀ ਨਾ ਮੰਨੀ। ਸ਼ਾਇਦ ਉਸ ਨੂੰ ਇਹ ਦਾਜ ਵਿਚ ਮਿਲਿਆ ਸੀ।

ਮੇਰੀ ਮਾਂ ਨੇ ਅੰਤ ਤਕ ਉਹ ਲੈਂਪ ਸਾਂਭੀ ਰੱਖਿਆ।

ਜਿਨ੍ਹਾਂ ਚੀਜ਼ਾਂ ਨਾਲ ਸਾਡੀਆਂ ਯਾਦਾਂ ਜੁੜੀਆਂ ਹੋਣ, ਉਨ੍ਹਾਂ ਨੂੰ ਰੱਖਣ ਵਾਸਤੇ ਥਾਂ ਦੀ ਕਦੀ ਸਮੱਸਿਆ ਨਹੀਂ ਹੁੰਦੀ।

ਉਦੋਂ ਸਾਡੇ ਨਿੱਕੇ-ਨਿੱਕੇ ਸ਼ੌਕ ਸਨ। ਗੋਲਗੱਪੇ ਖਾਣ ਜਾਂਦੇ ਤਾਂ ਸੋਚਦਾ ਜਦੋਂ ਵੱਡਾ ਹੋਵਾਂਗਾ ਤਾਂ ਬਿਨਾਂ ਮੋਰੀ ਵਾਲੇ ਗੋਲਗੱਪੇ ਖਾਇਆ ਕਰਾਂਗਾ। ਉਦੋਂ ਸੋਚਦਾ ਸਾਂ ਪ੍ਰਧਾਨ-ਮੰਤਰੀ ਤਾਂ ਬਿਨਾਂ ਮੋਰੀ ਦੇ ਗੋਲਗੱਪੇ ਖਾਂਦਾ ਹੋਵੇਗਾ। ਉਦੋਂ ਮੋਰੀ ਵਾਲੇ ਇਕ ਪੈਸੇ ਨਾਲ ਤਿੰਨ-ਤਿੰਨ ਚੀਜ਼ਾਂ ਆ ਜਾਂਦੀਆਂ ਸਨ।

ਕਿਉਂਕਿ ਕਿਸੇ ਹੋਰ ਰੋਸ਼ਨੀ ਦਾ ਅਹਿਸਾਸ ਹੀ ਨਹੀਂ ਸੀ, ਸੋ ਲੈਂਪ ਦੀ ਰੋਸ਼ਨੀ ਵੀ ਕਾਫੀ ਲਗਦੀ। ਵਿਆਹਾਂ ਵਿਚ ਨਿੱਕੇ-ਨਿੱਕੇ ਮੁੰਡੇ ਸਿਰ 'ਤੇ ਗੈਸਾਂ ਲੈ ਕੇ ਚਲਦੇ।

ਉਦੋਂ ਲੋਕਾਂ ਦੇ ਚਾਅ ਸੁੱਚੇ ਸਨ, ਸੋ ਉਨ੍ਹਾਂ ਦੀਆਂ ਖੁਸ਼ੀਆਂ ਵੀ ਖਾਲਸ ਸਨ।

ਕਿਸੇ ਚਾਚੇ-ਤਾਏ ਜਾਂ ਭੂਆ-ਮਾਸੀ ਦੇ ਆਉਣ 'ਤੇ ਸਾਧਾਰਣ ਜਿਹਾ ਦਿਹਾੜਾ ਵੀ ਤਿਉਹਾਰ ਵਾਂਗ ਗੁਜ਼ਰਦਾ ਅਤੇ ਮਹਿਮਾਨ ਦੇ ਚਲੇ ਜਾਣ 'ਤੇ ਘਰ ਸ਼ਮਸ਼ਾਨ ਵਾਂਗ ਲਗਦਾ।

ਉਹ ਬੜੀ ਗਰੀਬੀ ਦੇ ਦਿਨ ਸਨ ਪਰ ਉਹ ਅਤਿ ਪ੍ਰਸੰਨਤਾ ਅਤੇ ਸੰਤੁਸ਼ਟਤਾ ਦਾ ਯੁੱਗ ਸੀ। ਉਦੋਂ ਮਾਂਗਵੇਂ ਸਾਈਕਲ ਨਾਲ ਅਸੀਂ ਗੱਡੀ ਨਾਲ ਦੌੜ ਲਾਉਂਦੇ ਸਾਂ ਅਤੇ ਗੁਸਲਖਾਨੇ ਵਿਚ ਵੀ ਸਰੋਵਰ ਵਾਂਗ ਨਹਾਉਂਦੇ ਸਾਂ।

ਉਦੋਂ ਟਿਕਟ ਲੈ ਕੇ ਸਫਰ ਕਰਨ ਵਾਲਿਆਂ ਦੀ ਗਿਣਤੀ, ਬੇਟਿਕਟੇ ਮੁਸਾਫਰਾਂ ਨਾਲੋਂ ਵਧੇਰੇ ਹੋਇਆ ਕਰਦੀ ਸੀ।

ਉਦੋਂ ਪੁਸਤਕਾਂ ਅਜਿਹੀਆ ਸਨ, ਜਿਹੜੀਆਂ ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕਾਂ ਨੂੰ ਵੀ ਸਮਝ ਆ ਜਾਇਆ ਕਰਦੀਆਂ ਸਨ।

ਉਦੋਂ ਜਦੋਂ ਕਿਸੇ ਇਸਤਰੀ ਦੇ ਸੰਤਾਨ ਨਾ ਹੁੰਦੀ ਤਾਂ ਸਾਰੇ ਮਹੱਲੇ ਦੇ ਬੱਚੇ ਉਸ ਦੇ ਪੁੱਤਰ-ਧੀਆਂ ਬਣ ਜਾਂਦੇ ਸਨ।

ਸਾਡੇ ਮਹੱਲੇ ਵਿਚ ਇਕ ਵਿਧਵਾ ਰਹਿੰਦੀ ਸੀ, ਚੇਚੋ, ਉਹ ਵਰਤ ਬੜੇ ਰੱਖਦੀ ਸੀ ਪਰ ਸਾਨੂੰ ਸਦਾ ਉਸ ਦੇ ਘਰੋਂ ਕੁਝ ਖਾਣ ਨੂੰ ਮਿਲ ਜਾਂਦਾ।

ਉਦੋਂ ਅਸੀਂ ਕਿਸੇ ਕਾਰ ਥਲੇ ਆਉਣ ਦੇ ਡਰ ਤੋਂ ਮੁਕਤ, ਆਪਣੀ ਗਲੀ ਵਿਚ ਦੌੜ ਸਕਦੇ ਸਾਂ। ਉਦੋਂ ਕਿਸੇ ਦੇ ਘਰੋਂ ਦਾਲ-ਸਬਜ਼ੀ ਦੀ ਕੌਲੀ ਲੈ ਆਉਣੀ, ਸਾਡਾ ਹੱਕ ਸੀ।

ਉਹ ਯੁੱਗ ਹੀ ਈਮਾਨਦਾਰੀ ਦਾ ਸੀ। ਪਿਆਰ, ਈਮਾਨਦਾਰੀ ਤੋਂ ਬਿਨਾਂ ਸੰਭਵ ਨਹੀਂ ਹੁੰਦਾ। ਲੈਂਪ ਦੀ ਰੋਸ਼ਨੀ ਤੇਲ ਤੋਂ ਬਿਨਾਂ ਸੰਭਵ ਨਹੀਂ ਸੀ ਪਰ ਤੇਲ ਵਿਚ ਮਿਲਾਵਟ ਲੈਂਪ ਦੀ ਰੋਸ਼ਨੀ ਨੂੰ ਵੀ ਧੁੰਦਲਾ ਕਰ ਸਕਦੀ ਸੀ।

ਉਦੋਂ ਨਿੱਕੀਆਂ-ਨਿੱਕੀਆਂ ਗੱਲਾਂ ਦਾ ਹਿਸਾਬ ਨਹੀਂ ਸੀ ਰੱਖਿਆ ਜਾਂਦਾ।

ਉਦੋਂ ਦਿਲਾਂ ਦੇ ਚਸ਼ਮੇ ਖੁੱਲ੍ਹੇ ਹਾਸਿਆਂ ਵਾਂਗ ਵਹਿੰਦੇ ਸਨ।

ਉਦੋਂ ਲੋਕ ਇਤਨੇ ਭੋਲੇ ਸਨ ਕਿ ਉਹ ਜੀਪ ਨੂੰ ਟਰੱਕ ਦਾ ਬੱਚਾ ਕਹਿੰਦੇ ਸਨ। ਗੱਡੀ ਦੀ ਸੀਟੀ ਸੁਣਨ ਲਈ ਲੋਕ ਸਟੇਸ਼ਨ 'ਤੇ ਚਲੇ ਜਾਂਦੇ ਸਨ। ਪਹਿਲੀ ਵਾਰੀ ਜਦੋਂ ਇਕ ਵਿਆਹ ਵਿਚ ਡੌਂਗੇ ਵੇਖੇ ਤਾਂ ਉਨ੍ਹਾਂ ਨੂੰ ਮੈਂ ਵੱਡੀਆਂ ਕੌਲੀਆਂ ਹੀ ਸਮਝਿਆ ਸੀ।

ਉਦੋਂ ਕਈ ਵਾਰੀ ਵੱਡੇ ਗੁਰਦੁਆਰੇ ਵਿਚ ਪ੍ਰਸ਼ਾਦ ਇਤਨਾ ਬਚ ਜਾਂਦਾ ਕਿ ਅਸੀਂ ਝੋਲੀਆਂ ਵਿਚ ਪਵਾ ਲੈਂਦੇ। ਉਦੋਂ ਥਾਲੀ ਵਿਚ ਕੌਲੀਆਂ ਦੀ ਗਿਣਤੀ ਘੱਟ ਹੁੰਦੀ ਸੀ ਪਰ ਰੱਜ ਵਧੇਰੇ ਹੁੰਦਾ ਸੀ।

ਸਾਡੇ ਘਰ ਜਦੋਂ ਕਿਸੇ ਮਹਿਮਾਨ ਨੇ ਆਉਣਾ ਉਸ ਦਿਨ ਮੇਰੀ ਮਾਂ ਲੈਂਪ ਦਾ ਸ਼ੀਸ਼ਾ ਜ਼ਰੂਰ ਸਾਫ ਕਰਦੀ, ਜਿਵੇਂ ਮਹਿਮਾਨ ਨੂੰ ਲੈਂਪ ਦੀ ਸਲਾਮੀ ਦੇਣੀ ਹੋਵੇ ਜਾਂ ਜਿਵੇਂ ਉਸ ਤੋਂ ਲੈਂਪ ਦਾ ਉਦਘਾਟਨ ਕਰਵਾਉਣਾ ਹੋਵੇ।

ਉਦੋਂ ਸਾਡੀ ਨਜ਼ਰ ਬਹੁਤ ਦੂਰ ਤਕ ਨਹੀਂ ਸੀ ਜਾਂਦੀ।

ਸ਼ਾਇਦ ਬਹੁਤੀ ਦੂਰ ਤਕ ਵੇਖਣ ਦੀ ਲੋੜ ਵੀ ਨਹੀਂ ਸੀ।

ਸਾਨੂੰ ਸਭ ਤੋਂ ਚੰਗਾ ਉਦੋਂ ਲਗਦਾ ਜਦੋਂ ਸਰਦੀਆਂ ਵਿਚ ਕਦੀ ਸ਼ਾਮ ਨੂੰ ਮੀਂਹ ਪੈ ਰਿਹਾ ਹੁੰਦਾ। ਅਸੀਂ ਸਾਰੇ ਬੂਹੇ-ਬਾਰੀਆਂ ਬੰਦ ਕਰ ਕੇ, ਖੇਸ ਵਿਛਾ ਕੇ ਬਹਿ ਜਾਂਦੇ ਅਤੇ ਪਕੌੜੇ ਜਾਂ ਕਿਸੇ ਹੋਰ ਚੀਜ਼ ਦੇ ਤੱਲਣ ਜਾਂ ਤਵੇ ਉਤੇ ਕੁਝ ਪੱਕਣ ਦੀ ਉਡੀਕ ਕਰਦੇ-ਕਰਦੇ ਹਰ ਕਿਸੇ ਦੀ ਵਾਰੀ ਬੰਨ੍ਹ ਲੈਂਦੇ, ਅਸੀਂ ਭੁੱਲ ਹੀ ਜਾਂਦੇ ਕਿ ਮਾਂ ਨੇ ਵੀ ਕੁਝ ਖਾਣਾ ਹੈ।

ਲੈਂਪ ਦੀ ਰੋਸ਼ਨੀ ਵਿਚ ਮਾਂ ਕਹਾਣੀਆਂ ਸੁਣਾਉਂਦੀ।

ਉਸ ਦੀ ਹਰ ਕਹਾਣੀ ਵਿਚ ਕੋਈ ਕਿਲ੍ਹਾ ਹੁੰਦਾ, ਜਿਸ ਵਿਚ ਜ਼ਾਲਮ ਰਾਜਾ ਰਹਿ ਰਿਹਾ ਹੁੰਦਾ ਸੀ। ਰਾਜਾ ਆਪਣੀਆਂ ਰਾਣੀਆਂ ਨਾਲ ਵਧੀਕੀਆਂ ਕਰਦਾ ਸੀ ਅਤੇ ਪਰਜਾ ਉਤੇ ਜ਼ੁਲਮ। ਮਗਰੋਂ ਜਾਂ ਕੇ ਪਤਾ ਲੱਗਿਆ ਕਿ ਪੰਜਾਬੀ ਸਾਹਿਤ ਅਤੇ ਸਭਿਆਚਾਰ ਵਿਚ ਰਾਜੇ ਦੀ ਸਦਾ ਨਿੰਦਾ ਹੀ ਹੋਈ ਹੈ।

ਸੋਚਦਾ ਹਾਂ ਰਾਜੇ ਜਾਬਰ ਨਹੀਂ ਹੁੰਦੇ ਹੋਣਗੇ ਸਗੋਂ ਜਾਬਰ ਹੀ ਰਾਜੇ ਬਣ ਜਾਂਦੇ ਹੋਣਗੇ। ਉਨ੍ਹਾਂ ਮਹਿਲਾਂ ਵਿਚ ਲੰਮੀਆਂ ਜੀਭਾਂ ਵਾਲੀਆਂ ਤਲਵਾਰਾਂ ਵਰਗੀਆਂ ਮਿਸ਼ਾਲਾਂ ਜਲਦੀਆਂ ਹੋਣਗੀਆਂ, ਜਿਨ੍ਹਾਂ ਦੀ ਰੋਸ਼ਨੀ ਵਿਚ ਸਭ ਕੁਝ ਬੜਾ ਭਿਆਨਕ ਪ੍ਰਤੀਤ ਹੁੰਦਾ ਹੋਵੇਗਾ।

ਮਹਿਲਾਂ ਵਿਚ ਮਿੱਠੇ ਅਤੇ ਮੱਠੇ ਸੁਭਾਅ ਵਾਲੇ ਲੈਂਪ ਨਹੀਂ ਬਲਦੇ ਹੋਣਗੇ।

ਲੈਂਪ ਮੈਨੂੰ ਮਰਦ ਵਾਂਗ ਪ੍ਰਤੀਤ ਹੁੰਦਾ ਅਤੇ ਮੋਮਬੱਤੀ ਇਸਤਰੀ ਵਾਂਗ ਲਗਦੀ।

ਲੈਂਪ ਵਿਚ ਬਲਦੀ ਲਾਟ ਮੈਨੂੰ ਕਿਸੇ ਮਹਾਂਪੁਰਸ਼ ਦੇ ਚਿਹਰੇ ਵਾਂਗ ਲਗਦੀ।

ਲੈਂਪ ਦੀ ਰੋਸ਼ਨੀ ਵਿਚ ਸਾਡੀ ਮਾਂ ਸਵੈਟਰ ਬੁਣਦੀ ਅਤੇ ਉਸ ਦੀਆਂ ਉਂਗਲਾਂ ਨੂੰ ਨਿੱਕਾ-ਨਿੱਕਾ ਨਾਚ ਕਰਦਿਆਂ ਅਸੀਂ ਵੇਖਦੇ, ਜਦੋਂ ਇਕ ਸਲਾਈ ਖਤਮ ਹੋ ਜਾਂਦੀ ਤਾਂ ਮਾਂ ਖਾਲੀ ਸਲਾਈ ਨੂੰ ਇਜ ਘੁਮਾਉਂਦੀ, ਜਿਵੇਂ ਜਾਦੂਗਰ ਆਪਣੀ ਛੜੀ ਨੂੰ ਘੁਮਾਉਂਦਾ ਹੈ।

ਹੁਣ ਸੋਚਦਾ ਹਾਂ ਕਿਸੇ ਇਸਤਰੀ ਵਲੋਂ ਕਿਸੇ ਪੁਰਸ਼ ਨੂੰ ਸਭ ਤੋਂ ਵਧੀਆ ਸੌਗਾਤ ਆਪਣੇ ਹੱਥਾਂ ਨਾਲ ਬੁਣਿਆ ਸਵੈਟਰ ਹੈ। ਮਹੱਲੇ ਵਿਚ ਸਾਡੀ ਸਭ ਦੀ ਸਾਂਝੀ ਭਾਬੀ ਨੇ ਮੈਨੂੰ ਅਜਿਹਾ ਇਕ ਸਵੈਟਰ ਦਿੱਤਾ ਸੀ, ਜਿਹੜਾ ਹੁਣ ਵੀ ਮੇਰੇ ਕੋਲ ਹੈ। ਜਦੋਂ ਉਹ ਬੀਮਾਰ ਪਈ ਤਾਂ ਕਿਸੇ ਨੂੰ ਦੱਸੇ ਬਿਨਾਂ ਮੈਂ ਉਸ ਲਈ ਜਦੋਂ ਖ਼ੂਨ ਦਿੱਤਾ ਤਾਂ ਅੰਤਾਂ ਦੀ ਤਸੱਲੀ ਮਿਲੀ। ਸਵੈਟਰ ਅਜਿਹੀ ਸੌਗਾਤ ਹੈ, ਜਿਸ ਦੇ ਹਰ ਕੁੰਡੇ 'ਤੇ ਜਿਵੇਂ ਕਿਸੇ ਨੇ ਸਲਾਈ ਨਾਲ ਅਦਿਖ ਦਸਤਖਤ ਕੀਤੇ ਹੋਣ।

ਲੈਂਪ ਦੀ ਰੋਸ਼ਨੀ ਵਿਚ ਬਣਾਈ ਸਵੈਟਰ ਰੋਸ਼ਨੀ ਦਾ ਛੱਤਾ ਪ੍ਰਤੀਤ ਹੁੰਦੀ ਰਹੀ।

ਲੈਂਪ ਦੀ ਰੋਸ਼ਨੀ ਵਿਚ ਮਾਂ ਸਾਡੀਆਂ ਕਮੀਜ਼ਾਂ ਦੇ ਟੁੱਟੇ ਬਟਨ ਵੀ ਲਾਉਂਦੀ।

ਉਸ ਕੋਲ ਕਿੰਨਾ ਹੀ ਨਿੱਕਾ-ਮੋਟਾ ਕੰਮ ਅਜਿਹਾ ਹੁੰਦਾ ਸੀ, ਜਿਹੜਾ ਉਹ ਲੈਂਪ ਦੀ ਰੋਸ਼ਨੀ ਵਿਚ ਕਰਨ ਵਾਸਤੇ ਰੱਖ ਲੈਂਦੀ ਸੀ।

ਜਦੋਂ ਕਿਸੇ ਮਹਿਮਾਨ ਨੇ ਸਾਡੇ ਘਰ ਠਹਿਰਣਾ, ਅਸੀਂ ਲੈਂਪ ਜਗਦਾ ਰੱਖਣਾ, ਉਸ ਦੀ ਲਾਟ ਨੀਵੀਂ ਕਰ ਦੇਣੀ ਪਰ ਬੁਝਾਉਣਾ ਨਾ ਜਿਵੇਂ, ਮਹਿਮਾਨ ਦੀ ਸ਼ਾਨ ਵਿਚ ਅਸੀਂ ਅਮਰ ਜਯੋਤੀ ਬਾਲੀ ਹੋਵੇ।

ਰਾਤ ਪੈਣ ਉਤੇ ਲੈਂਪ ਦੇ ਚਾਨਣੇ ਵਿਚ ਅਸੀਂ ਕੰਧਾਂ ਉਤੇ ਕਿਨੇ ਹੀ ਪ੍ਰਛਾਵੇਂ ਬਣਾਉਂਦੇ। ਇਹ ਸਾਡਾ ਫਿਲਮ-ਸ਼ੋਅ ਹੋਇਆ ਕਰਦਾ ਸੀ।

ਅਸੀਂ ਆਪ ਹੀ ਅਦਾਕਾਰ ਹੁੰਦੇ ਅਤੇ ਪ੍ਰਛਾਵਿਆਂ ਨੂੰ ਅਸੀਂ ਮਨਚਾਹੇ ਅਰਥ ਦਿੰਦੇ। ਆਪਣੀ ਛੋਟੀ ਭੈਣ ਨੂੰ ਇਨ੍ਹਾਂ ਪ੍ਰਛਾਵਿਆਂ ਨਾਲ ਡਰਾਉਂਦੇ ਅਤੇ ਉਹ ਮੈਨੂੰ ਮਨਾਉਣ ਲਈ ਕਹਿ ਦਿੰਦੀ : ਤੂੰ ਮੇਰੀ ਵੱਡੀ ਸਲੇਟੀ ਲੈ ਲਵੀਂ।

ਉਸ ਦੀ ਸਭ ਤੋਂ ਵੱਡੀ ਸਲੇਟੀ, ਉਸ ਦੀ ਚੀਚੀ ਨਾਲੋਂ ਵੀ ਛੋਟੀ ਹੁੰਦੀ ਪਰ ਉਸ ਦੀ ਤਲੀ ਜਿੰਨੀ ਛੋਟੀ ਦੁਨੀਆਂ ਵਿਚ ਸਲੇਟੀ ਨੂੰ ਕੁਰਬਾਨ ਕਰਨਾ, ਕਿਸੇ ਮਲਕਾ ਵਲੋਂ ਆਪਣਾ ਹਾਰ ਨਿਛਾਵਰ ਕਰਨ ਵਾਲੀ ਗੱਲ ਸੀ।

ਲੈਂਪ ਦੇ ਉਪਰ ਮੋਰੀਆਂ ਵਿਚੋਂ ਆ ਰਹੀ ਨਿੱਘੀ-ਨਿੱਘੀ ਬੁੱਲ੍ਹਾਂ ਦੇ ਸੇਕ ਵਰਗੀ ਹਵਾ ਉਤੇ ਅਸੀਂ ਕੌਲੀ ਵਿਚ ਗੁੜ ਪਾ ਕੇ ਰੱਖ ਦਿੰਦੇ।

ਇਹ ਸਾਡਾ ਟਾਫੀਆਂ ਬਣਾਉਣ ਦਾ ਕਾਰਖਾਨਾ ਹੁੰਦਾ ਸੀ।

ਸ਼ਾਇਦ ਉਦੋਂ ਸਬਰ ਵੱਡੇ ਸਨ ਜਾਂ ਦਿਲਾਂ ਵਿਚ ਪਿਆਰ ਹੀ ਬੜਾ ਸੀ ਤਾਂ ਹੀ ਨਿੱਕੀਆਂ-ਨਿੱਕੀਆਂ ਚੀਜ਼ਾਂ ਵਿਚੋਂ ਖੁਸ਼ੀ ਮਿਲਦੀ ਸੀ।

ਚਾਨਣੀਆਂ ਰਾਤਾਂ ਵਿਚ ਲੈਂਪ ਨੂੰ ਬਹੁਤੀ ਦੇਰ ਤਕ ਨਹੀਂ ਸੀ ਬਾਲਿਆ ਜਾਂਦਾ। ਉਦੋਂ ਛੱਤ ਉਤੇ ਪਹੁੰਚਣ ਦੀ ਕਾਹਲ ਹੁੰਦੀ ਸੀ ਅਤੇ ਦੇਰ ਰਾਤ ਤਕ ਚੰਨ ਸਾਡੀਆਂ ਕਹਾਣੀਆਂ ਦਾ ਨਾਇਕ ਹੁੰਦਾ। ਜਦੋਂ ਬੱਦਲ ਹੋਣੇ ਤਾਂ ਚੰਨ ਦਾ ਬੱਦਲਾਂ ਪਿੱਛੋਂ ਲੁਕ-ਛਿਪ ਜਾਣਾ ਅਤੇ ਕੁਝ ਚਿਰ ਮਗਰੋਂ ਝਾਤ ਮਾਰਨਾ ਸਾਨੂੰ ਇਕ ਖੇਡ ਲਗਦਾ।

ਸਾਡੇ ਵਿਚ ਬਹਿਸ ਹੋਣੀ ਕਿ ਚਰਖਾ ਕੱਤਣ ਵਾਲੀ ਮਾਈ ਕਿੱਥੇ ਹੈ ਅਤੇ ਉਸ ਦਾ ਚਰਖਾ ਕਿੱਥੇ ਹੈ।

ਨਿਰਸੰਦੇਹ ਇਹ ਸਾਡੀ ਅਗਿਆਨਤਾ ਦਾ ਯੁੱਗ ਸੀ, ਸ਼ਾਇਦ ਇਸੇ ਕਰ ਕੇ ਸਾਨੂੰ ਰਾਂਗਲੇ ਸੁਪਨੇ ਵਧੇਰੇ ਆਉਂਦੇ ਸਨ।

ਚੰਨ ਦੀਆਂ ਗੱਲਾਂ ਕਰਦਿਆਂ-ਕਰਦਿਆਂ ਨੀਂਦਰ ਨਾਲ ਸਾਡੀਆਂ ਅੱਖਾਂ ਭਾਰੀਆਂ ਹੋ ਜਾਂਦੀਆਂ ਅਤੇ ਅਸੀਂ ਸੁਪਨਿਆਂ ਨਾਲ ਪੀਚੋ ਖੇਡਦੇ।

ਘਰ ਵਿਚ ਲੈਂਪ ਦੀ ਆਪਣੀ ਸ਼ਖ਼ਸੀਅਤ ਸੀ।

ਜਗਦਾ ਹੋਇਆ ਉਹ ਰੋਸ਼ਨੀ ਦਾ ਕਰਮੰਡਲ ਪ੍ਰਤੀਤ ਹੁੰਦਾ।

ਕਦੀ ਉਹ ਸ਼ੀਸ਼ੇ ਦੀ ਜੇਲ੍ਹ ਵਿਚ ਕੈਦ ਲਾਟ ਪ੍ਰਤੀਤ ਹੁੰਦਾ।

ਦਿਨ ਵੇਲੇ ਲੈਂਪ ਉਦਾਸ ਜਿਹਾ ਲੱਗਦਾ, ਬੁਝਿਆ-ਬੁਝਿਆ, ਰੁੱਸਿਆ-ਰੁੱਸਿਆ।

ਉਦੋਂ ਸਾਧਨ ਘੱਟ ਸਨ ਪਰ ਸਾਧਨਾ ਵਧੇਰੇ ਸੀ। ਉਦੋਂ ਮਜਬੂਰੀਆਂ ਵਧੇਰੇ ਸਨ, ਮਿਹਨਤ ਵਧੇਰੇ ਕਰਨੀ ਪੈਂਦੀ ਹੀ ਨਹੀਂ ਸੀ, ਚੰਗੀ ਵੀ ਲਗਦੀ ਸੀ। ਮਜਬੂਰੀਆਂ ਵਸ ਹੀ ਸਾਨੂੰ ਦੋਵਾਂ ਭਰਾਵਾਂ ਨੂੰ ਨਿੱਕੀ ਉਮਰ ਵਿਚ ਅਨੇਕਾਂ ਕੰਮ ਕਰਨੇ ਪਏ।

ਸਾਡੇ ਵਿਚੋਂ ਜਦੋਂ ਕਿਸੇ ਨੂੰ ਦੇਰ ਹੋ ਜਾਣੀ ਤਾਂ ਪਿਤਾ ਜੀ ਨੇ ਲੈਂਪ ਲੈ ਕੇ ਸਾਨੂੰ ਅੱਗੋਂ ਲੈਣ ਆਉਣਾ ਅਤੇ ਬਾਕੀ ਸਾਰਿਆਂ ਨੇ ਹਨੇਰੇ ਵਿਚ ਸਾਡੀ ਉਡੀਕ ਕਰਨੀ। ਇਸ ਹਾਲਤ ਵਿਚ ਕਈ ਵਾਰੀ ਦੀਵਾਲੀ ਦਾ ਬਚਿਆ ਕੋਈ ਦੀਵਾ ਹੀ ਬਾਲ ਲਿਆ ਜਾਂਦਾ। ਦੇਰ ਨਾਲ ਆਉਣ ਕਰ ਕੇ ਬਾਕੀ ਸਾਰਿਆਂ ਨੇ ਰੋਟੀ ਖਾ ਲਈ ਹੁੰਦੀ ਅਤੇ ਜਦੋਂ ਸਾਡੀਆਂ ਥਾਲੀਆਂ ਦੇ ਨੇੜੇ ਲੈਂਪ ਰੱਖਿਆ ਜਾਂਦਾ ਤਾਂ ਸੂਰਜ ਦੇ ਗੁਆਂਢ ਵਿਚ ਬੈਠੇ ਹੋਣ ਦਾ ਅਹਿਸਾਸ ਹੁੰਦਾ।

ਲੈਂਪ ਦੀ ਰੋਸ਼ਨੀ ਵਿਚ, ਸਕੂਲ ਦੀਆਂ ਕਿਤਾਬਾਂ ਨੂੰ ਅਸੀਂ ਪੋਥੀਆਂ ਵਾਂਗ ਪੜ੍ਹਦੇ, ਉਚਾ-ਉਚਾ, ਬੋਲ-ਬੋਲ ਕੇ। ਉਦੋਂ ਪੁਸਤਕਾਂ ਸਨ ਵੀ ਥੋੜ੍ਹੀਆਂ, ਸੋ ਉਹ ਕਈ ਵਾਰ ਪੜ੍ਹ ਲਈਆਂ ਜਾਂਦੀਆਂ ਸਨ।

ਉਦੋਂ ਮਾਪਿਆਂ ਕੋਲ ਬੱਚਿਆਂ ਦੇ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਵਿਹਲ ਸੀ।

ਉਦੋਂ ਘਰਾਂ ਵਿਚ ਚੀਜ਼ਾਂ ਘੱਟ ਅਤੇ ਪਿਆਰ ਵਧੇਰੇ ਹੁੰਦਾ ਸੀ, ਉਦੋਂ ਮਹਿਮਾਨ ਦੇ ਆਉਣ ਉਤੇ ਨਹੀਂ, ਜਾਣ ਵੇਲੇ ਉਦਾਸੀ ਦਾ ਅਹਿਸਾਸ ਹੁੰਦਾ ਸੀ।

ਜਦੋਂ ਕਿਸੇ ਦੇ ਵਿਆਹ ਦਾ ਪੋਸਟ-ਕਾਰਡ ਆਉਣਾ, ਅਸੀਂ ਉਸੇ ਦਿਨ ਆਪਣੇ ਕੱਪੜੇ ਧੋਣੇ ਆਰੰਭ ਕਰ ਦਿੰਦੇ ਸਾਂ।

ਉਦੋਂ ਮਾਂ ਦੇ ਰੁਝੇਵਿਆਂ ਵਿਚ ਹਰ ਕਿਸੇ ਲਈ ਥਾਂ ਸੀ। ਉਦੋਂ ਜਿਹੜੀ ਚਾਚੀ ਹੁੰਦੀ, ਉਹ ਸਾਰੇ ਮਹੱਲੇ ਦੀ ਚਾਚੀ ਹੁੰਦੀ ਅਤੇ ਹਰ ਭਾਬੀ ਦੇ ਦਰਜਨਾਂ ਦਿਉਰ ਹੁੰਦੇ।

ਮਾਂ ਨੂੰ ਰਜਾਈਆਂ ਭਰਵਾਉਣ ਦਾ ਕੁਝ ਵਧੇਰੇ ਹੀ ਸ਼ੌਕ ਸੀ, ਸਾਡੇ ਸਾਰੇ ਮਹੱਲੇ ਦੀਆਂ ਰਜਾਈਆਂ ਸਾਡੀ ਮਾਂ ਨੇ ਹੀ ਭਰਵਾਈਆਂ ਸਨ।

ਜੇ ਕਿਸੇ ਨੇ ਮੱਝ ਰੱਖੀ ਹੁੰਦੀ ਤਾਂ ਸੱਤ ਘਰਾਂ ਵਿਚ ਲੱਸੀ ਪਹੁੰਚਦੀ ਸੀ।

ਅਸੀਂ ਰੋਟੀਆਂ ਆਪਣੇ ਹੱਥਾਂ ਵਿਚ ਲੈ ਕੇ ਗਵਾਂਢੀਆਂ ਦੇ ਘਰੋਂ ਸਬਜ਼ੀ ਲੈਣ ਨਿਕਲ ਪੈਂਦੇ। ਉਦੋਂ ਬਹੀਆਂ ਦੀ ਥਾਂ ਤਾਜ਼ੀਆਂ ਚੀਜ਼ਾਂ ਖਾਣ ਦਾ ਰਿਵਾਜ ਸੀ, ਉਦੋਂ ਨਲਕਿਆਂ ਅਤੇ ਤੰਦੂਰਾਂ 'ਤੇ ਮੇਲੇ ਲਗਦੇ ਸਨ।

ਉਦੋਂ ਦੇਸ਼-ਵੰਡ ਤੋਂ ਉਪਜੇ ਉਜਾੜੇ ਕਾਰਨ ਹਰੇਕ ਵਿਚ ਅਪਣੱਤ ਸੀ।

ਉਦੋਂ ਕੱਪੜੇ ਲਾਹ ਕੇ ਵੀ ਨੰਗੇ ਹੋਣ ਦਾ ਅਹਿਸਾਸ ਨਹੀਂ ਸੀ ਹੁੰਦਾ।

ਉਦੋਂ ਲੋਕਾਂ ਦੀ ਨਜ਼ਰ ਵਿਚ ਸ਼ਰਮ ਸੀ।

ਉਦੋਂ ਖੋਹਣ ਦੀ ਥਾਂ ਕੁਝ ਦੇਣ ਦੀ ਬਿਰਤੀ ਬਲਵਾਨ ਸੀ।

ਉਦੋਂ ਲੋਕਾਂ ਦਾ ਸੁਭਾਅ ਲੈਂਪ ਵਰਗਾ ਸੀ, ਆਲੇ-ਦੁਆਲੇ ਨੂੰ ਰੁਸ਼ਨਾਉਣ ਵਾਲਾ।

ਉਦੋਂ ਆਪਣੇ ਆਪ ਨੂੰ ਸਵੀਕਾਰ ਕਰਨ ਦਾ ਖਤਰਾ ਸਹੇੜਨ ਦੀ ਦਲੇਰੀ ਸੀ। ਉਦੋਂ ਦੂਜਿਆਂ ਦੇ ਬਰਾਬਰ ਉੱਚੇ ਉਠਣ ਦਾ ਸ਼ੌਕ ਸੀ, ਦੂਜਿਆਂ ਨੂੰ ਡੇਗ ਕੇ ਆਪਣੇ ਬਰਾਬਰ ਕਰਨ ਦਾ ਤਰੀਕਾ ਅਜੇ ਕਿਸੇ ਨੇ ਨਹੀਂ ਸੀ ਸਿੱਖਿਆ।

ਉਦੋਂ ਲੋਕ ਆਪਣੇ ਆਪ ਨਾਲ ਪ੍ਰਸੰਨ ਸਨ। ਉਦੋਂ ਅਸਹਿਮਤ ਹੋਣ ਦੀ ਥਾਂ ਵਧੇਰੇ ਯਤਨ ਸਹਿਮਤ ਹੋਣ ਦਾ ਕੀਤਾ ਜਾਂਦਾ ਸੀ।

ਜਦੋਂ ਮੇਰੀ ਮਾਂ ਦਾ ਰਿਸ਼ਤਾ ਆਇਆ ਤਾਂ ਮੇਰੇ ਪਿਤਾ ਅਤੇ ਤਾਇਆ ਜੀ ਸੁੱਤੇ ਹੋਏ ਸਨ, ਦਾਦਾ ਜੀ ਨੇ ਮਾਮਾ ਜੀ ਨੂੰ ਕਿਹਾ, ਜਾਓ, ਆਵਾਜ਼ ਮਾਰੋ, ਜਿਹੜਾ ਪਹਿਲਾਂ ਜਾਗ ਪਿਆ, ਉਸੇ ਨਾਲ ਰਿਸ਼ਤਾ ਪੱਕਾ ਕਰ ਲਵਾਂਗੇ।

ਮੇਰੇ ਪਿਤਾ ਘੋੜੇ ਹੀ ਨਹੀਂ, ਸਭ ਕੁਝ ਵੇਚ ਕੇ ਸੌਂਦੇ ਸਨ ਪਰ ਉਸ ਕਿਸਮਤ ਦੀ ਘੜੀ ਵਿਚ ਮੇਰੇ ਤਾਇਆ ਜੀ ਸੁੱਤੇ ਰਹੇ ਅਤੇ ਪਿਤਾ ਜੀ ਜਾਗ ਪਏ, ਇਵੇਂ ਸਾਡੀ ਬਣਨ ਵਾਲੀ ਤਾਈ, ਸਾਡੀ ਮਾਂ ਬਣ ਗਈ।

ਉਦੋਂ ਵਾਅਦੇ ਪੂਰੇ ਕਰਨ ਵਾਸਤੇ ਕੀਤੇ ਜਾਂਦੇ ਸਨ, ਮੁੱਕਰਨ ਵਾਸਤੇ ਨਹੀਂ।

ਮੇਰੇ ਮਾਤਾ-ਪਿਤਾ ਦਾ ਸੁਭਾਅ ਵੱਖਰਾ-ਵੱਖਰਾ ਸੀ।

ਮਾਂ ਚੰਗਾ ਜੀਵਨ ਜਿਉਣ, ਸਾਫ-ਸੁਥਰਾ ਪਹਿਨਣ ਅਤੇ ਚੰਗਾ ਖਾਣ-ਖੁਆਉਣ ਵਾਲੀ ਸੀ ਜਦੋਂ ਕਿ ਪਿਤਾ ਸਰਲ, ਸਾਊ, ਸਿੱਧੇ ਅਤੇ ਸੰਜਮੀ ਸੁਭਾਅ ਵਾਲੇ ਸਨ ਪਰ ਪਿਤਾ ਨੂੰ ਰੱਜ ਮਾਂ ਦੀਆਂ ਪਕਾਈਆਂ ਰੋਟੀਆਂ ਨਾਲ ਹੀ ਆਉਂਦਾ ਸੀ।

ਉਨ੍ਹਾਂ ਦੇ ਸੁਭਾਅ ਵੱਖਰੇ ਸਨ, ਉਨ੍ਹਾਂ ਦੀ ਸੋਚ ਵੱਖਰੀ ਸੀ ਪਰ ਇਕ-ਦੂਜੇ ਤੋਂ ਬਿਨਾਂ ਉਹ ਆਪਣੇ ਆਪ ਨੂੰ ਅਧੂਰਾ ਸਮਝਦੇ ਸਨ।

ਜਦੋਂ ਕਦੇ ਮਾਂ ਬੀਮਾਰ ਪੈਂਦੀ ਤਾਂ ਪਿਤਾ ਜੀ ਲਾਡ ਨਾਲ ਕਹਿੰਦੇ: ਮੈਂ ਤੇਰੇ ਤੋਂ ਪਹਿਲਾਂ ਮਰਨਾ ਹੈ, ਤੂੰ ਕਾਹਲ ਨਾ ਕਰ।

ਮੇਰੇ ਪਿਤਾ ਨੇ ਨਵੇਂ ਦੰਦ ਲਾਉਣ ਦੀ ਤਜਵੀਜ਼ ਇਹ ਕਹਿ ਕੇ ਰੱਦ ਕਰ ਦਿੱਤੀ ਸੀ ਕਿ ਰੱਬ ਨਾਲ ਧੋਖਾ ਨਹੀਂ ਕਰਨਾ।

ਮੌਤ ਬਾਰੇ ਪਿਤਾ ਜੀ ਦਾ ਵਿਚਾਰ ਸੀ, ਅਸੀਂ ਤਾਂ ਤਿਆਰ ਬੈਠੇ ਹਾਂ, ਉਹ ਬੁਲਾਉਣਾ ਹੀ ਭੁੱਲ ਗਿਆ ਹੈ। ਉਹ ਕਿਹਾ ਕਰਦੇ ਸਨ: ਮੇਰੀ ਆਤਮਾ ਦੀ ਸ਼ਾਂਤੀ ਵਾਸਤੇ ਕਿਸੇ ਅਰਦਾਸ ਦੀ ਲੋੜ ਨਹੀਂ, ਮੇਰੀ ਆਤਮਾ ਸ਼ਾਂਤ ਹੈ।

ਮੇਰੇ ਪਿਤਾ ਵਿਚ ਮਹਾਨ ਬਣਨ ਦੀ ਉੱਕਾ ਹੀ ਕੋਈ ਇੱਛਾ ਨਹੀਂ ਸੀ।

ਉਹ ਸਾਧਾਰਣ ਵਿਅਕਤੀ ਬਣੇ ਰਹਿਣਾ ਚਾਹੁੰਦੇ ਸਨ।

ਆਪਣੀ ਲੈਂਪ ਦੀ ਰੋਸ਼ਨੀ ਵਾਲੀ ਨਿੱਕੀ ਜਿਹੀ ਦੁਨੀਆਂ ਵਿਚ ਉਹ ਪ੍ਰਸੰਨ ਹੀ ਨਹੀਂ ਸਨ, ਅਤਿ ਪ੍ਰਸੰਨ ਸਨ।

ਉਨ੍ਹਾਂ ਨੇ ਆਪਣੇ ਵਿਹਾਰ ਨਾਲ ਸਿੱਧ ਕੀਤਾ ਸੀ ਕਿ ਪ੍ਰਸੰਨਤਾ ਵੱਖਰੇਵਿਆਂ ਨੂੰ ਬਰਦਾਸ਼ਤ ਕਰਨ ਵਿਚ ਹੈ, ਸਾਧਾਰਣ ਬਣੇ ਰਹਿਣ ਵਿਚ ਹੈ, ਦੂਜਿਆਂ ਨੂੰ ਜਿਵੇਂ ਵੀ ਉਹ ਹਨ, ਸਵੀਕਾਰ ਕਰਨ ਵਿਚ ਹੈ।

ਉਦੋਂ ਲੋਕਾਂ ਦੀ ਉਦਾਸੀ ਵਿਚ ਵੀ ਰੌਣਕ ਹੁੰਦੀ ਸੀ।

ਉਦੋਂ ਗੱਡੀ ਦਾ ਮੂੰਹ ਉੱਤਰ ਵਲ ਅਤੇ ਸਵਾਰੀਆਂ ਦੇ ਮੂੰਹ ਦੱਖਣ ਵਲ ਨਹੀਂ ਸਨ ਹੁੰਦੇ। ਉਦੋਂ ਅਜਨਬੀਆਂ ਨੂੰ ਵੀ ਆਪਣੇ ਸਮਝਿਆ ਜਾਂਦਾ ਸੀ।

ਲੈਂਪ ਦੀ ਰੋਸ਼ਨੀ ਵਿਚ ਗੱਲਾਂ ਕੀਤੀਆਂ ਜਾਂਦੀਆਂ ਸਨ, ਬਹਿਸ ਨਹੀਂ। ਉਦੋਂ ਜਿਹੜੀ ਗੱਲ ਚਲ ਪੈਂਦੀ, ਉਸ ਬਾਰੇ ਗੱਲਾ ਹੋਣ ਲਗ ਪੈਂਦੀਆਂ ਸਨ।

ਉਦੋਂ ਬੱਚੇ ਇਹ ਨਹੀ ਸੋਚਦੇ ਸਨ ਕਿ ਮਾਪਿਆਂ ਦਾ ਬੁੱਧੂ ਕਿਵੇਂ ਬਣਾਈਏ।

ਉਦੋਂ ਭੁੱਖ ਪਹਿਲਾਂ ਲਗਦੀ ਸੀ ਅਤੇ ਰੋਟੀ ਮਗਰੋਂ ਪੱਕਦੀ ਸੀ।

ਉਦੋਂ ਸ਼ੋਰ ਅਤੇ ਸੰਗੀਤ ਵਿਚਕਾਰ ਅੰਤਰ ਕਾਇਮ ਸੀ।

ਉਦੋਂ ਕਵੀ, ਕਵੀ ਦਰਬਾਰ ਅਤੇ ਗਤਕੇਬਾਜ਼ ਘੱਟ ਸਨ।

ਉਦੋਂ ਕਾਟੀ ਮਾਰੇ ਜਾਣ ਦੇ ਡਰ ਤੋਂ ਬਿਨਾਂ ਪਤੰਗ ਉਡਾਇਆ ਜਾਂਦਾ ਸੀ।

ਉਦੋਂ ਸਰਦੀਆਂ ਵਿਚ ਕੰਬਲ ਦੀ ਬੁੱਕਲ ਸਰਦੀ ਤੋਂ ਬਚਣ ਲਈ ਹੀ ਮਾਰੀ ਜਾਂਦੀ ਸੀ, ਪਿਸਤੌਲ ਜਾਂ ਬੰਦੂਕ ਛੁਪਾਉਣ ਲਈ ਨਹੀਂ।

ਉਦੋਂ ਕਿਸੇ ਦੇ ਆਉਣ 'ਤੇ ਨੌਕਰ ਮਾਲਕ ਨੂੰ ਪੁੱਛਦਾ ਨਹੀਂ ਸੀ ਕਿ ਉਹ ਘਰ ਹੈ ਕਿ ਨਹੀਂ। ਉਦੋਂ ਸਾਹਮਣੇ ਤਾਂ ਕੀ ਪਿੱਠ ਪਿੱਛੇ ਵੀ ਗਾਲ੍ਹਾਂ ਕੱਢਣ ਦਾ ਰਿਵਾਜ ਨਹੀਂ ਸੀ।

ਉਦੋਂ ਸਬੱਬ ਨਾਲ ਨਹੀਂ, ਲੋਕ ਆਦਤਵਸ ਈਮਾਨਦਾਰ ਸਨ।

ਉਦੋਂ ਸ਼ਹੀਦ ਸਾਡੇ ਨਾਇਕ ਸਨ, ਫਿਲਮ ਵਿਚ ਸ਼ਹੀਦ ਦੀ ਐਕਟਿੰਗ ਕਰਨ ਵਾਲਾ ਅਦਾਕਾਰ ਸਾਡਾ ਨਾਇਕ ਨਹੀਂ ਸੀ।

ਉਦੋਂ ਪੀਚੋ, ਗੀਟੇ, ਲੁਕਣਮੀਚੀ, ਕੋਟਲਾ-ਛੁਪਾਕੀ ਆਦਿ ਹਰਾਉਣ ਦੀ ਭਾਵਨਾ ਨਾਲ ਨਹੀਂ, ਖੇਡਣ ਦੀ ਭਾਵਨਾ ਨਾਲ ਖੇਡੇ ਜਾਂਦੇ ਸਨ।

ਉਦੋਂ ਸੁਣਾਉਣ ਨਾਲੋਂ ਸੁਣਨ ਦਾ ਰਿਵਾਜ ਵਧੇਰੇ ਸੀ।

ਉਦੋਂ ਖੇਤਾਂ ਵਿਚ ਨਦੀਨਾਂ ਨਾਲੋਂ ਫਸਲ ਵਧੇਰੇ ਹੁੰਦੀ ਸੀ।

ਉਦੋਂ ਸ਼ਕਲ ਵਿਗਾੜ ਕੇ ਫੈਸ਼ਨ ਕਰਨ ਦਾ ਰਿਵਾਜ ਨਹੀਂ ਸੀ।

ਉਦੋਂ ਕਵੀ ਆਪਣੀ ਕਵਿਤਾ ਸੁਣਾਉਣ ਦੀ ਜ਼ਿੱਦ ਨਹੀਂ ਕਰਦੇ ਸਨ।

ਉਦੋਂ ਦੁਸ਼ਮਣੀ ਵਿਚ ਵੀ ਸਲੀਕਾ ਸੀ।

ਪਰਸੋਂ ਜਦੋਂ ਮੈਂ ਘਰ ਪਰਤਿਆ ਤਾਂ ਬਿਜਲੀ ਦੀ ਖਰਾਬੀ ਕਾਰਨ, ਮੇਰੀ ਪਤਨੀ, ਮੇਰੀ ਮਾਂ ਦੇ ਦਾਜ ਵਾਲਾ ਪੁਰਾਣਾ ਲੈਂਪ ਸਾਫ ਕਰ ਰਹੀ ਸੀ। ਉਸ ਨੂੰ ਵੇਖ ਕੇ ਯਾਦਾਂ ਦਾ ਇਕ ਕਾਫ਼ਲਾ ਮੇਰੇ ਨਾਲ ਹੋ ਟੁਰਿਆ ਅਤੇ ਅਸੀਂ ਲੈਂਪ ਦੀ ਰੋਸ਼ਨੀ ਵਿਚ......।

***

ਸੁੱਕ ਗਏ ਦਰਿਆਵਾਂ ਦੇ ਪਾਣੀ

ਹੁਣ ਅਸਥੀਆਂ ਵੀ ਜਲ-ਪ੍ਰਵਾਹ ਕਰਨ ਵਾਸਤੇ ਪਾਣੀ ਨਹੀਂ ਰਿਹਾ।

ਸਾਡੇ ਦਰਿਆਵਾਂ ਵਿਚ ਉਦਾਸ ਅੱਖਾਂ ਦੇ ਹੰਝੂਆਂ ਜਿੰਨਾ ਪਾਣੀ ਰਹਿ ਗਿਆ ਹੈ। ਇਸੇ ਕਰ ਕੇ ਰਾਧਾ ਨਿਰਾਸ਼ ਹੈ; ਰੁਕਮਣੀ ਉਦਾਸ ਹੈ ਅਤੇ ਕ੍ਰਿਸ਼ਨ ਪ੍ਰੇਸ਼ਾਨ ਹੈ।

ਰਾਂਝਾ ਕਿਸੇ ਦਫਤਰ ਵਿਚ ਦਿਹਾੜੀਦਾਰ ਵਾਂਗ ਬੈਠਾ ਹੈ।

ਮੱਮਟੀ 'ਤੇ ਕਾਂ ਬੋਲਣ ਨਾਲ ਹੁਣ ਪ੍ਰਾਹੁਣੇ ਨਹੀਂ, ਆਫਤਾਂ ਆਉਂਦੀਆਂ ਹਨ, ਸੋ ਅੱਗ ਵਰਗੇ ਜੱਗ ਅੰਦਰ, ਹੁਣ ਫੁੱਲ ਬਣ ਕੇ ਜੀਣਾ ਸੰਭਵ ਨਹੀਂ ਰਿਹਾ।

ਹੁਣ ਮਹੀਂਵਾਲ ਨਹੀਂ ਕਹਿੰਦਾ ਕਿ ਸੋਹਣੀ ਉਸ ਦੇ ਸੰਸਾਰ ਵਿਚ ਵਗਦੀ ਇਕੋ-ਇਕ ਨਦੀ ਸੀ। ਨਿਸ਼ਚੇ ਹੀ ਅਸੀਂ ਅਜੋਕੇ ਯੁੱਗ ਵਿਚ ਤਿਹਾਈ ਰੇਤ ਵਾਲਾ ਅਤੇ ਸਹਿਕਦੇ ਪੰਛੀ ਵਾਲਾ ਜੀਵਨ ਜਿਉਂ ਰਹੇ ਹਾਂ।

ਜਿਉਂ-ਜਿਉਂ ਸਾਡੇ ਮਨਾਂ ਅੰਦਰ ਦਬੀਆਂ ਹੋਈਆਂ ਕਾਲੀਆਂ ਭਾਵਨਾਵਾਂ ਦੇ ਮੈਲੇ ਦਰਿਆਵਾਂ ਦੇ ਪਾਟ ਵੱਡੇ ਹੁੰਦੇ ਜਾ ਰਹੇ ਹਨ, ਤਿਉਂ-ਤਿਉਂ ਬਾਹਰ ਵਗਦੇ ਦਰਿਆ ਸਾਡੇ ਤੋਂ ਦੂਰ ਹੁੰਦੇ ਜਾ ਰਹੇ ਹਨ।

ਹੁਣ ਜਦੋਂ ਕਿਸੇ ਦਰਿਆ ਉਤੋਂ ਗੱਡੀ ਲੰਘਦੀ ਹੈ ਤਾਂ ਵਗਦੇ ਪਿਤਾ-ਪਾਣੀਆਂ ਦੇ ਦੀਦਾਰ ਨਹੀਂ ਹੁੰਦੇ। ਰੇਤ ਦੇ ਇਕ ਵਿਸ਼ਾਲ ਭਿਆਨਕ ਮਾਰੂਥਲ ਵਿਚ ਵਗਦੇ ਪਾਣੀ ਦੀ ਕੁਰਲਾਉਂਦੀ ਇਕ ਲੀਕ ਹੀ ਵਿਖਾਈ ਦਿੰਦੀ ਹੈ।

ਸਾਡੇ ਦਰਿਆ ਇਤਨੇ ਪੇਤਲੇ ਹੋ ਗਏ ਹਨ ਕਿ ਰੇਤ ਦਿਸਦੀ ਹੈ।

ਉਂਜ ਤਾਂ ਕੋਕੇ-ਕੋਲੇ ਦੇ ਇਸ ਦੌਰ ਵਿਚ ਹਰ ਬੰਦਾ ਪਿਆਸਾ ਹੈ ਪਰ ਕਦੇ ਨਹੀਂ ਸੀ ਸੋਚਿਆ ਕਿ ਸਾਡੇ ਦਰਿਆ ਵੀ ਇਕ ਦਿਨ ਸੁੱਕ ਜਾਣਗੇ ਅਤੇ ਲੋਰੀਆਂ ਤੋਂ ਵੈਣਾਂ ਦਾ ਫਾਸਲਾ ਅਤੇ ਚੁੱਲ੍ਹਿਆਂ ਤੋਂ ਸ਼ਮਸ਼ਾਨ ਤਕ ਦੀ ਯਾਤਰਾ ਇਤਨੀ ਸੁੰਗੜ ਜਾਵੇਗੀ।

ਸਾਡੀ ਹਿੱਕ ਵਿਚ ਮੌਤ ਨੇ ਆਲ੍ਹਣਾ ਪਾ ਲਿਆ ਹੈ। ਸਾਡੇ ਸਾਹ ਨਿੱਕੇ ਅਤੇ ਹੌਕੇ ਲੰਮੇ ਹੋ ਗਏ ਹਨ। ਸਾਡੇ ਸੁਪਨਿਆਂ ਨੂੰ ਹਿਚਕੀ ਲੱਗ ਗਈ ਹੈ।

ਜਦੋਂ ਤੋਂ ਸਾਡਾ ਸਮਾਜ ਹੋਂਦ ਵਿਚ ਆਇਆ ਹੈ, ਉਦੋਂ ਤੋਂ ਹੀ ਸਾਡੇ ਘਰਾਂ ਵਿਚ ਪਾਣੀ ਲਿਆਉਣਾ, ਸਾਂਭਣਾ ਅਤੇ ਵਰਤਾਉਣਾ ਸਾਡੇ ਬੱਚਿਆਂ ਦੀਆਂ ਦਾਦੀਆਂ ਦੀ ਜ਼ਿੰਮੇਵਾਰੀ

ਰਹੀ ਹੈ। ਉਹ ਪਾਣੀ ਇੰਜ ਪਿਲਾਉਂਦੀਆਂ ਸਨ, ਜਿਵੇਂ ਅਸੀਸ ਦੇ ਰਹੀਆਂ ਹੋਣ। ਸਾਡੇ ਬੱਚਿਆਂ ਦੀਆਂ ਮਾਵਾਂ ਨੂੰ ਪਾਣੀ ਦੇ ਪੱਖੋਂ ਕੁਝ ਸਹੂਲਤ ਮਿਲੀ ਹੈ ਪਰ ਸਾਡੀਆਂ ਧੀਆਂ ਨੂੰ ਪਾਣੀ ਦੀ ਥੁੜ੍ਹ ਦਾ ਨਿਰੰਤਰ ਸਾਹਮਣਾ ਕਰਨਾ ਪਵੇਗਾ। ਪਾਣੀ ਦੀ ਥੁੜ੍ਹ ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਵਿਚ ਅਤੇ ਗੁਸਲਖਾਨਿਆਂ ਅਤੇ ਰਸੋਈਆਂ ਦੇ ਮੁਕਾਬਲੇ ਖੇਤਾਂ ਅਤੇ ਬਾਗਾਂ ਵਿਚ ਵਧੇਰੇ ਸ਼ਿੱਦਤ ਭਰੀ ਉਦਾਸੀ ਨਾਲ ਮਹਿਸੂਸ ਕੀਤੀ ਜਾ ਰਹੀ ਹੈ।

ਮਨੁੱਖੀ ਸਭਿਅਤਾ ਦਾ ਵਿਕਾਸ ਉਨ੍ਹਾਂ ਥਾਂਵਾਂ 'ਤੇ ਹੀ ਸੰਭਵ ਹੋਇਆ ਹੈ, ਜਿਥੇ ਪਾਣੀ ਅਤੇ ਸੁਖਾਵੇਂ ਪੌਣ-ਪਾਣੀ ਦੀ ਸਹੂਲਤ ਸੀ। ਵਿਸ਼ਵ ਦੇ ਸਾਰੇ ਪੁਰਾਣੇ ਸ਼ਹਿਰ ਦਰਿਆਵਾਂ, ਝੀਲਾਂ, ਝਰਨਿਆਂ ਆਦਿ ਦੇ ਨੇੜੇ ਸਥਿਤ ਰਹੇ ਹਨ।

ਜਦੋਂ ਮਨੁੱਖ ਨੇ ਧਰਤੀ ਹੇਠ ਪਾਣੀ ਲੱਭ ਲਿਆ ਤਾਂ ਹੀ ਉਹ ਦਰਿਆਵਾਂ ਤੋਂ ਦੂਰ, ਸਮੁੰਦਰੀ ਕਿਨਾਰਿਆਂ ਤੋਂ ਪਰ੍ਹੇ, ਪਿੰਡਾਂ, ਕਸਬਿਆਂ ਵਿਚ ਰਹਿਣ ਦੇ ਯੋਗ ਹੋਇਆ। ਲੱਖਾਂ ਸਾਲਾਂ ਦੇ ਆਪਣੇ ਇਤਿਹਾਸ ਵਿਚ ਮਨੁੱਖ ਨੇ ਪਾਣੀ-ਪ੍ਰਵਾਹ ਵਿਚ ਕੋਈ ਵਿਘਨ ਨਹੀਂ ਪਾਇਆ ਸਗੋਂ ਉਹ ਆਪਣੇ ਜੀਵਨ ਨੂੰ ਪਾਣੀ ਦੇ ਪ੍ਰਵਾਹ ਅਨੁਸਾਰ ਢਾਲਦਾ ਰਿਹਾ ਹੈ ਅਤੇ ਪਾਣੀ ਦੇ ਸਰੋਤਾਂ ਨਾਲ ਆਪਣੇ ਜੀਵਨ ਨੂੰ ਇਕਸੁਰ ਕਰਦਾ ਰਿਹਾ ਹੈ।

ਭਾਰਤੀਆਂ ਕੋਲ ਪ੍ਰਕ੍ਰਿਤੀ ਦਾ ਸੰਕਲਪ ਮਾਂ ਵਾਲਾ ਹੈ, ਜਿਸ ਦੀ ਗੋਦ ਵਿਚ ਮਾਨਵਜਾਤੀ ਅਤੇ ਜੀਵ-ਜੰਤੂ-ਜਗਤ ਵਸਦਾ ਰਿਹਾ ਹੈ।

ਜਿਉਂ-ਜਿਉਂ ਮਨੁੱਖ ਪੀਣ ਵਾਲੇ ਪਾਣੀ ਨੂੰ ਸਾਫ ਕਰਦਾ ਗਿਆ ਹੈ, ਤਿਉਂ-ਤਿਉਂ ਉਸ ਦੀ ਉਮਰ ਦੇ ਵਰ੍ਹੇ ਵਧਦੇ ਗਏ ਹਨ।

ਕਿਉਂਕਿ ਮਨੁੱਖ ਨੇ ਕਦੀ ਪਾਣੀ ਦੇ ਪ੍ਰਵਾਹ ਵਿਚ ਵਿਘਨ ਨਹੀਂ ਸੀ ਪਾਇਆ, ਸੋ ਉਸ ਨੂੰ ਗੰਭੀਰ ਸੋਕੇ ਅਤੇ ਭਿਆਨਕ ਹੜ੍ਹਾਂ ਦੀ ਮਾਰ ਵੀ ਨਹੀਂ ਸੀ ਝੱਲਣੀ ਪਈ।

ਪਾਣੀ ਨੂੰ ਸਾਂਭਣ ਅਤੇ ਵਰਤਾਉਣ ਦੀ ਜ਼ਿੰਮੇਵਾਰੀ ਸਦਾ ਇਸਤਰੀ ਦੀ ਰਹੀ ਹੈ, ਸੋ ਇਸਤਰੀ ਨਾਲ ਪ੍ਰਕ੍ਰਿਤੀ ਦਾ ਸਬੰਧ ਸਦਾ ਮਾਂ-ਧੀ ਵਾਲਾ ਰਿਹਾ ਹੈ।

ਇਸਤਰੀ ਅਤੇ ਪ੍ਰਕ੍ਰਿਤੀ ਦੇ ਸੁਭਾਅ ਵਿਚ ਸਾਂਝ ਹੈ ਪਰ ਹੁਣ ਇਹ ਸਾਂਝ ਟੁੱਟ ਗਈ ਹੈ।

ਭਾਵੇਂ ਹੁਣ ਵੀ ਜਦੋਂ ਪਾਣੀ ਦੀ ਥੁੜ੍ਹ ਉਪਜਦੀ ਹੈ ਤਾਂ ਸਭ ਤੋਂ ਪਹਿਲਾਂ ਇਸਤਰੀ ਨੂੰ ਹੀ ਚਿੰਤਾ ਲਗਦੀ ਹੈ ਪਰ ਕੋਈ ਹੱਲ ਦਿਖਾਈ ਨਾ ਦੇਣ ਕਾਰਨ ਉਸ ਦੀ ਪ੍ਰੇਸ਼ਾਨੀ ਵੱਧਦੀ ਜਾ ਰਹੀ ਹੈ।

ਇਹ ਪ੍ਰੇਸ਼ਾਨੀ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਇਸ ਨਾਲ ਇਸਤਰੀ ਦੀ ਸਿਹਤ ਅਤੇ ਮਾਨਸਿਕ ਸਥਿਤੀ ਦੋਵੇਂ ਬੜੀ ਨੇੜਿਓਂ ਪ੍ਰਭਾਵਿਤ ਹੁੰਦੀਆਂ ਹਨ।

ਹੁਣ ਪਾਣੀ ਦੀ ਥੁੜ੍ਹ ਨੂੰ ਦੂਰ ਕਰਨ ਦਾ ਹਰ ਢੰਗ, ਸਾਧਨ ਅਤੇ ਵਸੀਲਾ ਕੁਝ ਚਿਰ ਲਈ ਹੀ ਸਹਾਇਕ ਹੋਵੇਗਾ ਅਤੇ ਕੁਝ ਚਿਰ ਮਗਰੋਂ ਥੁੜ੍ਹ ਪਹਿਲੇ ਨਾਲੋਂ ਵੀ ਵਧੇਰੇ ਗੰਭੀਰ ਹੁੰਦੀ ਜਾਵੇਗੀ।

ਹੁਣ ਤਾਂ ਚਿਰਾਪੂੰਜੀ ਵੀ ਪਿਆਸਾ ਹੈ, ਹੁਣ ਤਾਂ ਝਰਨੇ ਵੀ ਉਦਾਸ ਹਨ, ਹੁਣ ਤਾਂ ਝੀਲਾਂ ਵੀ ਵਿਧਵਾ ਹੋ ਗਈਆਂ ਹਨ, ਹੁਣ ਤਾਂ ਪਿੰਡਾਂ ਦੇ ਛੱਪੜ ਡਰਾਉਣੇ ਲੱਗਣ ਲੱਗ ਪਏ ਹਨ। ਹੁਣ ਤਾਂ ਇੰਜ ਪ੍ਰਤੀਤ ਹੋਣ ਲਗ ਪਿਆ ਹੈ, ਜਿਵੇਂ ਨੀਰ ਆਪਣੇ ਸੋਮਿਆਂ ਵਲ ਵਾਪਸ ਮੁੜ ਗਏ ਹੋਣ।

ਸਾਡੀ ਇਖ਼ਲਾਕੀ ਸ਼ਕਤੀ ਸਾਡੀ ਖ਼ੁਰਾਕ ਦੀ ਕਿਸਮ ਅਤੇ ਪਾਣੀ ਦੀ ਉਪਲਬਧੀ ਉਤੇ ਨਿਰਭਰ ਕਰਦੀ ਹੈ। ਜਦੋਂ ਸਾਨੂੰ ਇਹ ਪਤਾ ਨਹੀਂ ਲੱਗੇਗਾ ਕਿ ਸਾਡੀ ਖ਼ੁਰਾਕ ਕਿੱਥੇ ਉਪਜਦੀ ਹੈ ਅਤੇ ਸਾਡੇ ਪਾਣੀ ਦਾ ਸਰੋਤ ਕੀ ਹੈ, ਉਦੋਂ ਅਸੀਂ ਇਹ ਵੀ ਨਹੀਂ ਜਾਣ ਸਕਾਂਗੇ ਕਿ ਸਾਡੀ ਇਖ਼ਲਾਕੀ ਸ਼ਕਤੀ ਕਿੱਥੇ ਹੈ ਅਤੇ ਕਿੰਨੀ ਹੈ।

ਜਿਵੇਂ ਹੁਣ ਜਲਾਉਣ ਵਾਲੀ ਲੱਕੜ ਦੂਰੋਂ, ਹੋਰ ਦੂਰੋਂ ਆਉਂਦੀ ਹੈ, ਤਿਵੇਂ ਹੀ ਪੀਣ ਵਾਲੇ ਪਾਣੀ ਦਾ ਸਰੋਤ ਪਰ੍ਹੇ, ਹੋਰ ਪਰ੍ਹੇ ਹੁੰਦਾ ਜਾ ਰਿਹਾ ਹੈ।

ਇਲਾਜ ਦੂਰੋਂ, ਹੋਰ ਦੂਰੋਂ ਕਰਵਾਏ ਜਾਣ ਲੱਗ ਪਏ ਹਨ, ਸੋ ਬੀਮਾਰੀਆਂ ਭਿਆਨਕ, ਹੋਰ ਭਿਆਨਕ ਹੁੰਦੀਆਂ ਜਾ ਰਹੀਆਂ ਹਨ।

ਸਾਡੇ ਜੀਵਨ ਦੀ ਚੂਲ ਗੁਆਚ ਗਈ ਹੈ, ਅਸੀਂ ਧੁਰੇ ਤੋਂ ਹਿੱਲ ਗਏ ਹਾਂ।

ਦਰਿਆਵਾਂ ਨੂੰ ਜੋੜਨ ਦਾ ਲਾਭ ਠੇਕੇਦਾਰਾਂ ਨੂੰ ਭਾਵੇਂ ਹੋ ਜਾਵੇ, ਇਸ ਨਾਲ ਪਾਣੀ ਦੀ ਸਮੱਸਿਆ ਹੱਲ ਨਹੀਂ ਹੋਵੇਗੀ।

ਹਰ ਬੀਤਦੇ ਵਰ੍ਹੇ ਨਾਲ ਹਰ ਥਾਂ 'ਤੇ ਪਾਣੀ ਨਾਲ ਸਬੰਧਤ ਸਮੱਸਿਆਵਾਂ, ਝਗੜੇ, ਮੁੱਕਦਮੇ ਆਦਿ ਵੱਧਣਗੇ। ਪਾਣੀ ਦੀ ਥੁੜ੍ਹ ਦੀ ਸਮੱਸਿਆ ਸਾਡੀਆਂ ਬਾਕੀ ਸਾਰੀਆਂ ਸਮੱਸਿਆਵਾਂ ਨੂੰ ਪਿੱਛੇ ਛੱਡ ਜਾਵੇਗੀ।

ਪਹਾੜਾਂ ਵਿਚ ਪਹਿਲਾਂ ਵੀ ਮੀਂਹ ਤਿੰਨ ਮਹੀਨੇ ਹੀ ਪੈਂਦਾ ਸੀ ਪਰ ਪਾਣੀ ਸਾਰਾ ਸਾਲ ਵਗਦਾ ਰਹਿੰਦਾ ਸੀ।

ਪਹਾੜ, ਜੰਗਲਾਂ ਦੀਆਂ ਆਂਤੜੀਆਂ ਵਿਚ ਪਾਣੀ ਸੰਭਾਲ ਲੈਂਦੇ ਸਨ ਅਤੇ ਪਾਣੀ ਹੌਲੀ-ਹੌਲੀ ਰਿਸਦਾ ਰਹਿੰਦਾ ਸੀ, ਇਸੇ ਕਰ ਕੇ ਸਾਡੇ ਦਰਿਆ ਸਾਰਾ ਵਰ੍ਹਾ ਵਗਦੇ ਸਨ।

ਹੁਣ ਮਨੁੱਖ ਦੀ ਪੈਸਾ ਕਮਾਉਣ ਦੀ ਹਵਸ ਨੇ ਪਹਾੜਾਂ ਨੂੰ ਗੰਜਾ ਕਰ ਦਿੱਤਾ ਹੈ ਅਤੇ ਹੁਣ ਜਦੋਂ ਪਹਾੜਾਂ ਵਿਚ ਮੀਂਹ ਪੈਂਦਾ ਹੈ ਤਾਂ ਉਸ ਮੀਂਹ ਨੂੰ ਸਾਂਭਣ ਵਾਲੇ ਜੰਗਲ ਨਾ ਹੋਣ ਕਾਰਨ, ਕੁਝ ਘੰਟਿਆਂ ਵਿਚ ਹੀ ਮੀਂਹ ਦਾ ਪਾਣੀ ਛੜੱਪੇ ਮਾਰਦਾ ਹੜ੍ਹ ਦੇ ਰੂਪ ਵਿਚ, ਮੈਦਾਨਾਂ ਵਿਚ ਤਬਾਹੀ ਮਚਾ ਕੇ ਲੋਪ ਹੋ ਜਾਂਦਾ ਹੈ ਅਤੇ ਕੁਝ ਦਿਨਾਂ ਮਗਰੋਂ ਹੀ ਪਹਾੜ ਅਤੇ ਮੈਦਾਨ ਪਾਣੀ ਦੀ ਘਾਟ ਦਾ ਸੰਤਾਪ ਹੰਢਾਉਣ ਲਈ ਮਜਬੂਰ ਹੋ ਜਾਂਦੇ ਹਨ।

ਘਰਾਂ ਦੇ ਅੰਦਰ ਦਰਖ਼ਤ, ਦਰਖ਼ਤਾਂ ਦੇ ਰੂਪ ਵਿਚ ਦਾਖ਼ਲ ਨਹੀਂ ਹੋ ਸਕਦੇ, ਉਨ੍ਹਾਂ ਨੂੰ ਕੁਰਸੀਆਂ, ਮੇਜ਼, ਬਾਰੀਆਂ, ਅਲਮਾਰੀਆਂ ਬਣਾ ਦਿੱਤਾ ਜਾਂਦਾ ਹੈ।

ਆਰੇ ਰੁੱਖਾਂ ਦੀ ਰਾਇ ਲੈ ਕੇ ਨਹੀਂ ਚਲਦੇ।

ਦਰਖਤ ਪਾਣੀ ਨੂੰ ਸਾਂਭਣ ਵਾਲੇ ਪ੍ਰਕ੍ਰਿਤੀ ਦੇ ਘੜੇ ਹਨ ਪਰ ਹੁਣ ਤਾਂ ਬੂਹੇ-ਬਾਰੀਆਂ ਵਿਚ ਚਿਣੇ ਦਰਖਤ ਕਹਿੰਦੇ ਹਨ ਕਿ ਅਸੀਂ ਤਾਂ ਮੁੱਦਤਾਂ ਦੇ ਮਰ ਗਏ, ਅਸੀਂ ਤਾਂ ਆਪਣੀ ਚਿਤਾ ਦੇ ਬਲਣ ਤੋਂ ਪਹਿਲਾਂ ਹੀ ਠਰ ਗਏ।

ਜਦੋਂ ਮਨੁੱਖ ਦਰਖਤਾਂ ਦੇ ਝੁੰਡਾਂ ਵਿਚਕਾਰ ਰਹਿੰਦਾ ਸੀ, ਉਦੋਂ ਸੁਰਗ ਦਾ ਰਸਤਾ ਬਹੁਤ ਸਿੱਧਾ ਸੀ। ਦਰਿਆ ਰਿਸ਼ੀਆਂ ਤੋਂ ਰਸਤਾ ਪੁੱਛਦੇ ਸਨ, ਹੁਣ ਭਗੌੜੇ ਰਿਸ਼ੀ ਅਤੇ ਗੁਆਚੇ ਸੰਨਿਆਸੀ ਦਰਿਆਵਾਂ ਨੂੰ ਲੱਭ ਰਹੇ ਹਨ।

ਕਿਸੇ ਵੀ ਥਾਂ ਦਰਖਤ ਲਾਉਣ ਨਾਲ ਪਾਣੀ ਦੀ ਥੁੜ੍ਹ ਦੀ ਸਮੱਸਿਆ ਹੱਲ ਨਹੀਂ ਹੋਵੇਗੀ, ਸਮੱਸਿਆ ਨੂੰ ਹੱਲ ਕਰਨ ਲਈ ਦਰਖਤ-ਬੂਟੇ ਉਥੇ ਲਾਉਣੇ ਪੈਣਗੇ, ਜਿਥੋਂ ਪਾਣੀ ਦਾ ਪ੍ਰਵਾਹ ਲੰਘਦਾ ਹੈ। ਅਗਿਆਨਤਾ ਵਸ ਦਰਖਤ ਉਥੇ ਲਾਏ ਜਾ ਰਹੇ ਹਨ, ਜਿਥੇ ਪਹਿਲਾਂ ਹੀ ਪਾਣੀ ਦੀ ਘਾਟ ਹੈ ਅਤੇ ਨਤੀਜੇ ਵਸ ਦਰਖਤ ਧਰਤੀ ਹੇਠ ਜਿਤਨਾ ਕੁ ਪਾਣੀ ਹੁੰਦਾ ਹੈ, ਉਸ ਨੂੰ ਚੂਸ ਕੇ ਮੁਰਝਾ ਜਾਂਦੇ ਹਨ ਅਤੇ ਪਾਣੀ ਦੀ ਸਤਹਿ ਹੋਰ ਥੱਲੇ ਚਲੀ ਜਾਂਦੀ ਹੈ। ਸਫ਼ੈਦੇ ਦੇ ਦਰਖਤ ਸੇਮ ਦੀ ਸਮੱਸਿਆ ਦੇ ਇਲਾਜ ਲਈ ਅਪਣਾਏ ਗਏ ਸਨ ਪਰ ਇਹ ਇਤਨਾ ਪਾਣੀ ਪੀਣ ਲੱਗ ਪਏ ਹਨ ਕਿ ਬਾਕੀ ਦਰਖਤ ਤਰਿਹਾਏ ਮਰ ਰਹੇ ਹਨ।

ਸਫ਼ੈਦੇ ਦੇ ਦਰਖਤ ਸਾਡੇ ਖੇਤਾਂ ਉਤੇ ਕਰਜ਼ੇ ਵਾਂਗ ਚੜ੍ਹ ਗਏ ਹਨ, ਇਹ ਹੁਣ ਮੁਸ਼ਕਿਲ ਨਾਲ ਹੀ ਉਤਰਨਗੇ।

ਵੇਖਿਆ ਗਿਆ ਹੈ ਕਿ ਜਿਹੜੀਆਂ ਫਸਲਾਂ ਪਾਣੀ ਨੂੰ ਸੰਜਮ ਨਾਲ ਵਰਤਦੀਆਂ ਹਨ, ਉਨ੍ਹਾਂ ਨੂੰ, ਉਨ੍ਹਾਂ ਫਸਲਾਂ ਨਾਲ ਵਟਾ ਲਿਆ ਗਿਆ ਹੈ, ਜਿਹੜੀਆਂ ਫਸਲਾਂ ਪਾਣੀ ਦਾ ਨਸ਼ਾ ਕਰਦੀਆਂ ਹਨ।

ਹਰ ਚੀਜ਼ ਪੈਸੇ ਦੇ ਸੰਦਰਭ ਵਿਚ ਵੇਖਣ ਦੀ ਪ੍ਰਵਿਰਤੀ ਨੇ ਇਖ਼ਲਾਕ ਦੇ ਪੱਖੋਂ ਜੀਵਨ ਨੂੰ ਅਮੀਰ ਕਰਨ ਦੀ ਥਾਂ, ਇਸ ਨੂੰ ਗਰੀਬ ਕੀਤਾ ਹੈ।

ਘਰੋਂ ਬਾਹਰ ਤੁਹਾਨੂੰ ਸ਼ਾਇਦ ਹੀ ਕਿਧਰੇ ਪੀਣ ਲਈ ਯੋਗ ਪਾਣੀ ਮਿਲੇ।

ਇਹੀ ਕਾਰਨ ਹੈ ਕਿ ਹੁਣ ਜਦੋਂ ਲੋਕ ਘਰੋਂ ਬਾਹਰ ਨਿਕਲਦੇ ਹਨ ਤਾਂ ਪੀਣ ਵਾਲੇ ਪਾਣੀ ਦੀ ਚਿੰਤਾ ਨਾਲ ਲੈ ਕੇ ਨਿਕਲਦੇ ਹਨ।

ਅਜੋਕੀ ਸਦੀ ਸਾਡੇ ਲਈ ਪਾਣੀ ਦੇ ਕਾਲ ਦੀ ਸਦੀ ਹੋਵੇਗੀ।

ਲੋਕ ਜਦੋਂ ਰਿਸ਼ਤਾ ਕਰਿਆ ਕਰਨਗੇ ਤਾਂ ਚੋਣ ਦਾ ਆਧਾਰ ਆਮਦਨ ਜਾਂ ਵਿਦਿਅਕ ਯੋਗਤਾ ਨਹੀਂ ਹੋਵੇਗੀ ਸਗੋਂ ਆਧਾਰ ਇਹ ਹੋਵੇਗਾ ਕਿ ਘਰ ਵਿਚ ਪਾਣੀ ਦੀ ਸਥਿਤੀ ਕੀ ਹੈ।

ਅਮੀਰੀ-ਗਰੀਬੀ ਵੀ ਪਾਣੀ ਦੇ ਸੰਦਰਭ ਵਿਚ ਮਾਪੀ-ਤੋਲੀ ਜਾਵੇਗੀ।

ਜਿੱਥੇ ਪਾਣੀ ਦੀ ਘਾਟ ਹੋਵੇਗੀ, ਉਥੇ ਲੋਕ ਆਪਣੀਆਂ ਧੀਆਂ ਨਹੀਂ ਵਿਆਹੁਣਗੇ।

ਪ੍ਰੇਮੀ ਜਦੋਂ ਇਕ-ਦੂਜੇ ਨਾਲ ਭਵਿੱਖ ਦੇ ਸੁਪਨੇ ਸਾਂਝੇ ਕਰਨਗੇ ਤਾਂ ਟੂਟੀਆਂ ਅਤੇ ਨਲਕਿਆਂ ਦਾ ਜ਼ਿਕਰ ਅਵੱਸ਼ ਹੋਵੇਗਾ। ਸਮਾਗਮਾਂ ਦੇ ਸੱਦਾ-ਪੱਤਰਾਂ 'ਤੇ ਵਿਸ਼ੇਸ਼ ਤੌਰ 'ਤੇ

ਲਿਖਿਆ ਜਾਵੇਗਾ ਕਿ ਸਮਾਗਮ ਦੇ ਅੰਤ 'ਤੇ ਹਰ ਕਿਸੇ ਨੂੰ ਪੀਣ ਲਈ ਇਕ ਇਕ ਬੋਤਲ ਪਾਣੀ ਮਿਲੇਗਾ। ਲੋਕ ਹੁਣ ਗਰਮੀਆਂ ਆਪਣੇ ਘਰਾਂ ਵਿਚ ਹੀ ਗੁਜ਼ਾਰਨਗੇ, ਕਿਉਂਕਿ ਪਹਾੜਾਂ ਵਿਚਲੀ ਪਾਣੀ ਦੀ ਥੁੜ ਬਰਦਾਸ਼ਤ ਕਰਨ ਨਾਲੋਂ ਸ਼ਹਿਰ ਆਪਣੇ ਦੀ ਲੂਅ ਬਰਦਾਸ਼ਤ ਕਰਨੀ ਸੌਖੀ ਹੋਵੇਗੀ।

ਲੜਕੇ ਵਾਲੇ ਲੜਕੀ ਵਾਲਿਆਂ ਨੂੰ ਕਹਿਣਗੇ, 'ਤੁਸੀਂ ਚਿੰਤਾ ਨਾ ਕਰੋ, ਸਾਰੇ ਬਾਰਾਤੀ ਆਪਣੇ-ਆਪਣੇ ਘਰੋਂ ਨਹਾ ਕੇ ਆਉਣਗੇ।' ਜਦੋਂ ਕੋਈ ਵਿਦਿਆਰਥਣ ਆਪਣੇ ਜਮਾਤੀ ਨੂੰ ਦੱਸੇਗੀ ਕਿ ਉਹ ਪਿਛਲੇ ਮਹੀਨੇ ਦੋ ਵਾਰੀ ਨਹਾਤੀ ਸੀ ਤਾਂ ਉਸ ਦਾ ਜਮਾਤੀ ਪ੍ਰਸੰਸਾ ਭਰੀ ਨਜ਼ਰ ਨਾਲ ਆਖੇਗਾ, 'ਤੂੰ ਤਾਂ ਜਲ ਦੀ ਪਰੀ ਹੈਂ।'

ਬੱਸਾਂ-ਗੱਡੀਆਂ ਵਿਚ ਲਿਖਿਆ ਜਾਵੇਗਾ, 'ਸਵਾਰੀ ਆਪਣੇ ਪਾਣੀ ਦੀ ਆਪ ਜ਼ਿੰਮੇਵਾਰ ਹੈ।' ਘੜੇ ਪੂਰੀ ਤਰ੍ਹਾਂ ਲੋਪ ਹੋ ਜਾਣਗੇ, ਕਿਉਂਕਿ ਘੜਿਆਂ ਲਈ ਪਾਣੀ ਨਹੀਂ ਹੋਵੇਗਾ। ਘਰ ਠਹਿਰੇ ਮਹਿਮਾਨ ਦੀ ਸਭ ਤੋਂ ਵੱਡੀ ਸੇਵਾ ਇਹ ਹੋਵੇਗੀ ਕਿ ਉਸ ਨੂੰ ਨਹਾਉਣ ਲਈ ਅੱਧੀ ਬਾਲਟੀ ਵੱਧ ਪਾਣੀ ਮਿਲੇਗਾ।

ਹੁਣ ਘਰਾਂ ਵਿਚ ਗੁਸਲਖਾਨੇ ਵੀ ਕਈ ਮੰਜ਼ਿਲਾਂ ਵਾਲੇ ਹੋਣਗੇ ਤਾਂ ਕਿ ਸਭ ਤੋਂ ਉਪਰਲੀ ਮੰਜ਼ਿਲ 'ਤੇ ਨਹਾਉਣ ਵਾਲੇ ਦਾ ਪਾਣੀ ਹੇਠਲੀ ਮੰਜ਼ਿਲ ਵਾਲਾ ਵਰਤ ਸਕੇ। ਪਾਣੀ ਦੀ ਘਾਟ ਕਾਰਨ, ਮਾਲਕ-ਮਕਾਨਾਂ ਅਤੇ ਕਿਰਾਏਦਾਰਾਂ ਵਿਚਕਾਰ ਸਬੰਧ ਸੁਖਾਵੇਂ ਰਹਿਣ ਦੀਆਂ ਸਾਰੀਆਂ ਸੰਭਾਵਨਾਵਾਂ ਮੁੱਕ ਜਾਣਗੀਆਂ।

ਹੁਣ ਮਹਿਮਾਨਾਂ ਨੂੰ ਪੁੱਛਿਆ ਜਾਇਆ ਕਰੇਗਾ, 'ਪਾਣੀ ਤੋਂ ਸਿਵਾਏ ਤੁਹਾਡੀ ਕੀ ਸੇਵਾ ਕਰੀਏ ?' ਨਿਰਸੰਦੇਹ ਲੋਕ ਪਾਣੀ ਨੂੰ ਘਿਓ ਵਾਂਗ ਵਰਤਣਗੇ।

ਉਪਰੋਕਤ ਸਾਰੇ ਵੇਰਵੇ ਭਵਿੱਖ ਵਿਚ ਸਾਹਮਣੇ ਨਹੀਂ ਆਉਣੇ, ਅਨੇਕਾਂ ਥਾਂਵਾਂ 'ਤੇ ਹੁਣ ਵੀ ਵੇਖੇ ਜਾ ਸਕਦੇ ਹਨ।

ਵਿਸ਼ਾਲ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਹਰ ਡੈਮ ਅਤੇ ਨਹਿਰ ਉਜਾੜੇ ਦਾ ਸੁਨੇਹਾ ਹੁੰਦੀ ਹੈ। ਕੁਝ ਚਿਰ ਲਈ ਅਫਸਰਾਂ, ਠੇਕੇਦਾਰਾਂ, ਰਾਜਸੀ ਨੇਤਾਵਾਂ ਅਤੇ ਕੁਝ ਕਿਸਾਨਾਂ ਨੂੰ ਲਾਭ ਪਹੁੰਚੇਗਾ ਪਰ ਸਮੁੱਚੇ ਰੂਪ ਵਿਚ ਨੁਕਸਾਨ ਹੋਵੇਗਾ।

ਨਹਿਰਾਂ ਦਾ ਪਾਣੀ ਆਪਣੇ ਨਾਲ ਲੂਣ ਰੋਹੜ ਕੇ ਲੈ ਆਉਂਦਾ ਹੈ, ਇਸ ਲੂਣ ਨੂੰ ਰੋਹੜਨ ਲਈ ਹੋਰ ਪਾਣੀ ਦੀ ਲੋੜ ਪਵੇਗੀ ਅਤੇ ਇਵੇਂ ਹੋਰ ਲੂਣ ਆਵੇਗਾ ਅਤੇ ਅੰਤ ਨੂੰ ਧਰਤੀ ਬੰਜਰ ਹੋ ਜਾਵੇਗੀ।

ਡੈਮਾਂ, ਨਹਿਰਾਂ ਨੇੜੇ ਸੇਮ ਦੀ ਸਮੱਸਿਆ ਉਪਜੇਗੀ, ਜਿਹੜੀ ਧਰਤੀ ਨੂੰ ਉਪਜਾਊ ਅਤੇ ਵਾਹੀਯੋਗ ਨਹੀਂ ਰਹਿਣ ਦੇਵੇਗੀ।

ਅੰਤ ਵਿਚ ਜਦੋਂ ਹਿਸਾਬ-ਕਿਤਾਬ ਕੀਤਾ ਜਾਵੇਗਾ ਤਾਂ ਕਿਸਾਨ ਡੈਮ-ਨਹਿਰ ਬਣਨ ਤੋਂ ਪਹਿਲੇ ਦੀ ਸਥਿਤੀ ਨਾਲੋਂ ਵਧੇਰੇ ਗਰੀਬ ਅਤੇ ਵਧੇਰੇ ਉਦਾਸ ਹੋਵੇਗਾ।

ਮਾਰੂਥਲ ਪਸਰ ਰਿਹਾ ਹੈ ਪਰ ਸੁਆਰਥ ਅਧੀਨ ਇਸ ਨੂੰ ਸੋਕਾ ਕਿਹਾ ਜਾ ਰਿਹਾ ਹੈ। ਸਿੰਚਾਈ ਸਕੀਮਾਂ ਅੰਤ ਵਿਚ ਤਬਾਹੀ ਸਕੀਮਾਂ ਕਹਾਉਣਗੀਆਂ। ਕਾਰਨ ਇਹ ਹੈ ਕਿ ਡੈਮਾਂ-ਨਹਿਰਾਂ ਨਾਲ ਮਨੁੱਖ ਪਾਣੀ ਨੂੰ ਉਨ੍ਹਾਂ ਥਾਂਵਾਂ 'ਤੇ ਲੈ ਜਾ ਰਿਹਾ ਹੈ, ਜਿਥੇ ਪ੍ਰਕਿਤੀ ਨਹੀਂ ਲੈ ਕੇ ਜਾਣਾ ਚਾਹੁੰਦੀ।

ਜਿਥੇ ਜ਼ਿੱਦ ਕਰ ਕੇ ਪਾਣੀ ਲੈਜਾਇਆ ਜਾ ਰਿਹਾ ਹੈ, ਉਥੇ ਧਰਤੀ ਵਿਚ ਪਾਣੀ ਪੀਣ ਦੀ ਸਮਰੱਥਾ ਤਾਂ ਹੈ ਪਰ ਉਸ ਧਰਤੀ ਵਿਚ ਪਾਣੀ ਨੂੰ ਸਾਂਭਣ ਅਤੇ ਹੌਲੀ-ਹੌਲੀ ਪ੍ਰਦਾਨ ਕਰਨ ਦੀ ਉੱਕਾ ਕੋਈ ਸਮੱਰਥਾ ਨਹੀਂ।

ਬੰਨ੍ਹ ਮਾਰ ਕੇ ਦਰਿਆਵਾਂ ਦੀਆਂ ਆਂਤੜੀਆਂ ਵਿਚੋਂ ਪਾਣੀ ਰਿਸਾਉਣ ਦੀ ਸਮਰੱਥਾ ਖੋਹ ਲਈ ਗਈ ਹੈ ਅਤੇ ਦਰਿਆ ਸੁੱਕ ਗਏ ਹਨ।

ਇਵੇਂ ਪਾਣੀ ਨੂੰ ਉਸ ਦੇ ਸੁਭਾਵਕ ਅਤੇ ਸਹਿਜ ਪ੍ਰਵਾਹ ਤੋਂ ਨਿਖੇੜ ਕੇ ਉਨ੍ਹਾਂ ਥਾਂਵਾਂ 'ਤੇ ਡੋਲ੍ਹਿਆ ਜਾ ਰਿਹਾ ਹੈ, ਜਿੱਥੇਂ ਹੋਰ ਪਾਣੀ ਉਪਜਣ ਦੀ ਕੋਈ ਸਮਰੱਥਾ ਨਹੀਂ।

ਡੂੰਘੇ ਅਤੇ ਵੱਡੇ ਟਿਊਬਵੈਲ ਧਰਤੀ ਵਿਚੋਂ ਪਾਣੀ ਨੂੰ ਡੀਕ ਲਾ ਕੇ ਪੀਣ ਕਾਰਨ ਕੁਝ ਮਹੀਨਿਆਂ ਵਿਚ ਹੀ ਨਿਕਾਰੇ ਸਾਬਤ ਹੋ ਰਹੇ ਹਨ।

ਦੂਜੇ ਸ਼ਬਦਾਂ ਵਿਚ ਧਰਤੀ ਵਿਚ ਉਤਨਾ ਪਾਣੀ ਜਾ ਨਹੀਂ ਰਿਹਾ, ਜਿਤਨਾ ਇਸ ਵਿਚੋਂ ਕੱਢਿਆ ਜਾ ਰਿਹਾ ਹੈ। ਇਸ ਕਾਰਨ ਕਰਕੇ ਪਾਣੀ ਦੀ ਸਤ੍ਹਾ ਥੱਲ੍ਹੇ ਹੁੰਦੀ ਜਾ ਰਹੀ ਹੈ।

ਪ੍ਰਕ੍ਰਿਤੀ ਨੇ ਕਦੀ ਨਹੀਂ ਸੀ ਚਾਹਿਆ ਕਿ ਮਨੁੱਖ ਵੱਡੇ-ਵੱਡੇ ਸ਼ਹਿਰਾਂ ਵਿਚ ਰਹੇ ਜਿੱਥੇ ਲੱਖਾਂ ਦੀ ਗਿਣਤੀ ਵਿਚ ਆਬਾਦੀ ਪਾਣੀ ਨੂੰ ਵਿਅਰਥ ਗੁਆਉਣ ਵਿਚ ਲੱਗੀ ਹੋਈ ਹੈ।

ਸਾਫ-ਸਫਾਈ ਦਾ ਜਿਹੜਾ ਫਲੱਸ਼ ਵਾਲਾ ਢੰਗ-ਤਰੀਕਾ ਅਤੇ ਧੋਆ-ਧੁਆਈ ਲਈ ਵਧੇਰੇ ਝੱਗ ਵਾਲਾ ਜਿਹੜਾ ਢੰਗ ਅਸੀਂ ਅਪਣਾ ਲਿਆ ਹੈ, ਉਹ ਪਾਣੀ ਦੇ ਪੱਖੋਂ ਇਤਨਾ ਖਰਚੀਲਾ ਅਤੇ ਮਹਿੰਗਾ ਹੈ ਕਿ ਸਾਡਾ ਵਰਤਮਾਨ ਅਤੇ ਭਵਿੱਖ ਦੋਵੇਂ ਗ੍ਰਹਿਣੇ ਜਾ ਰਹੇ ਹਨ।

ਪਾਣੀ ਦੀ ਘਾਟ ਨਾਲ ਉਪਜਣ ਵਾਲੀਆਂ ਸਰੀਰਕ, ਸਮਾਜਿਕ ਅਤੇ ਮਾਨਸਿਕ ਸਮੱਸਿਆਵਾਂ ਵਲ ਅਜੇ ਕਿਸੇ ਦਾ ਧਿਆਨ ਨਹੀਂ ਗਿਆ ਪਰੰਤੂ ਇਨ੍ਹਾਂ ਸਮੱਸਿਆਵਾਂ ਪ੍ਰਤੀ ਅਵੇਸਲੇ ਹੋਣਾ ਮਨੁੱਖ ਲਈ ਅਸੰਭਵ ਹੋ ਜਾਵੇਗਾ।

ਭਾਰਤ ਵਿਚ ਪਾਣੀ ਦਾ ਪ੍ਰਬੰਧ ਸਦਾ ਹੀ ਇਸਤਰੀ ਕਰਦੀ ਰਹੀ ਹੈ ਪਰ ਯੋਰਪ ਵਿਚ ਇਹ ਜ਼ਿੰਮੇਵਾਰੀ ਪੁਰਸ਼ ਦੀ ਰਹੀ ਹੈ।

ਪ੍ਰਕ੍ਰਿਤੀ ਉੱਪਰ ਕਾਬੂ ਪਾਉਣ ਦੀ ਭਟਕਣ ਦਾ ਸ਼ਿਕਾਰ ਯੋਰਪੀਨ ਪੁਰਸ਼ ਵੱਡੇ-ਵੱਡੇ ਡੈਮ ਉਸਾਰ ਕੇ ਆਪਣੇ-ਆਪ ਨੂੰ ਸ਼ਾਬਾਸ਼ ਦਿੰਦਾ ਰਿਹਾ ਹੈ ਪਰ ਭਾਰਤ ਵਿਚ ਯੋਰਪੀਨ ਵਿਧੀ ਨਾਲ ਉਸਾਰੇ ਗਏ ਡੈਮ ਵੇਖਣ ਨੂੰ ਜ਼ਰੂਰ ਸੋਹਣੇ ਲਗਦੇ ਹਨ ਪਰ ਇਨ੍ਹਾਂ ਤੋਂ ਹੋਣ ਵਾਲੀ ਹਾਨੀ ਪ੍ਰਤੀ ਅਸੀਂ ਜਾਗਰੂਕ ਨਹੀਂ।

ਸਾਡੇ ਦੇਸ਼ ਦੀ ਵੱਧਦੀ ਆਬਾਦੀ ਨੇ ਵੀ ਇਹ ਸਮੱਸਿਆ ਗੁੰਝਲਦਾਰ ਬਣਾਈ ਹੈ ਪਰ ਕੇਵਲ ਆਬਾਦੀ ਇਸ ਸਮੱਸਿਆ ਲਈ ਜ਼ਿੰਮੇਵਾਰ ਨਹੀਂ ਹੈ।

ਭਾਰਤ ਵਿਚ ਨਦੀਆਂ ਅਤੇ ਦਰਿਆ ਸਦਾ ਹੀ ਪਵਿੱਤਰ ਮੰਨੇ ਜਾਂਦੇ ਰਹੇ ਹਨ ਅਤੇ ਦਰਿਆਵਾਂ ਦੇ ਨਾਂ ਵੀ ਗੰਗਾ, ਜਮਨਾ, ਕ੍ਰਿਸ਼ਨਾ, ਕਾਵੇਰੀ, ਨਰਬਦਾ, ਸਰਸਵਤੀ ਆਦਿ ਇਸਤਰੀ-ਦੇਵੀਆਂ ਦੇ ਨਾਂਵਾਂ ਨਾਲ ਜੁੜੇ ਹੋਏ ਹਨ।

ਭਾਰਤ ਵਿਚ ਦਰਿਆ ਕੇਵਲ ਬ੍ਰਹਮਪੁੱਤਰ ਹੈ, ਬਾਕੀ ਸਭ ਨਦੀਆਂ ਹਨ।

ਭਾਰਤ ਵਿਚ ਸਦਾ ਹੀ ਦਰਿਆਵਾਂ ਪ੍ਰਤੀ ਭਾਵਨਾ ਸਤਿਕਾਰ ਵਾਲੀ ਰਹੀ ਹੈ।

ਸਾਡੀ ਸਮੱਸਿਆ ਅਸਲ ਵਿਚ ਇਹ ਹੈ ਕਿ ਅਸੀਂ ਪੁਰਸ਼ ਦੇ ਮੁਨਾਫ਼ਾ ਕਮਾਉਣ ਦੇ ਦ੍ਰਿਸ਼ਟੀਕੋਣ ਕਰਕੇ ਮੀਂਹ ਨੂੰ ਉਤਸ਼ਾਹ ਦੇਣ ਵਾਲੇ ਪਹਾੜੀ ਜੰਗਲਾਂ ਨੂੰ ਕੰਗਾਲ ਕਰ ਦਿੱਤਾ ਹੈ ਅਤੇ ਝੱਟਪੱਟ ਅਮੀਰ ਹੋਣ ਵਾਲੀ ਬਿਰਤੀ ਅਧੀਨ ਪਾਣੀ ਚੂਸਣ ਵਾਲੀਆਂ ਫ਼ਸਲਾਂ, ਬੂਟਿਆਂ ਆਦਿ ਰਾਹੀਂ ਆਪਣਾ ਸਾਰਾ ਪਾਣੀ ਇਤਨੀ ਤੇਜ਼ੀ ਨਾਲ ਵਰਤ ਲਿਆ ਹੈ ਕਿ ਪਾਣੀ ਦੇ ਲਗਭਗ ਸਾਰੇ ਸਰੋਤ ਸੁੱਕ ਗਏ ਹਨ।

ਪਾਣੀ-ਪ੍ਰਬੰਧ ਵਿਚੋਂ ਪਰਉਪਕਾਰੀ ਇਸਤਰੀ-ਦ੍ਰਿਸ਼ਟੀ ਨੂੰ ਖਾਰਜ ਕਰ ਕੇ ਮੁਨਾਫ਼ਾਖੋਰ ਸੁਆਰਥੀ ਪੁਰਸ਼-ਦ੍ਰਿਸ਼ਟੀ ਨੂੰ ਖੁੱਲ੍ਹੇ ਖੇਡਣ ਦੀ ਆਗਿਆ ਦੇ ਕੇ ਅਸੀਂ ਆਪਣੀ ਹੋਂਦ ਨੂੰ ਹੀ ਖਤਰੇ ਵਿਚ ਪਾ ਦਿੱਤਾ ਹੈ।

ਹੁਣ ਉਹ ਸਮਾਂ ਕਦੇ ਨਹੀਂ ਆਵੇਗਾ ਜਦੋਂ, ਕਟੋਰਾ ਲੱਭਣ ਉਤੇ ਕੋਈ ਪਾਣੀ ਪੀ ਪੀ ਆਫਰ ਜਾਵੇਗਾ। ਹੁਣ ਸਾਨੂੰ ਆਪਣੇ ਅਖਾਣ-ਮੁਹਾਵਰੇ ਬਦਲਣੇ ਪੈਣਗੇ।

ਕਿਉਂਕਿ ਹੁਣ ਪ੍ਰਕ੍ਰਿਤੀ ਵਲ ਮਨੁੱਖ ਦਾ ਮੂੰਹ ਨਹੀਂ, ਉਸ ਦੀ ਪਿੱਠ ਹੈ, ਸੋ ਪ੍ਰਕ੍ਰਿਤੀ ਵੀ ਮਨੁੱਖ ਵਲ ਪਿੱਠ ਕਰ ਕੇ ਖਲੋ ਗਈ ਹੈ।

ਅਤੀਤ ਵਿਚ ਸਾਡੇ ਦਰਿਆ ਭਰ ਕੇ ਸ਼ਾਨ ਨਾਲ ਵਗਦੇ ਸਨ ਅਤੇ ਮਨੁੱਖਾਂ ਦਾ ਸੁਭਾਅ ਵੀ ਦਰਿਆਵਾਂ ਵਾਲਾ ਸੀ।

ਉਦੋਂ ਸੰਤ, ਭਗਤ ਜਾਂ ਗੁਰੂ ਦੀ ਸਮਾਜਿਕ ਜ਼ਿੰਦਗੀ ਉਤੇ ਬਖਸ਼ਿਸ਼ ਇਤਨੀ ਵੱਡੀ ਹੁੰਦੀ ਸੀ ਕਿ ਖਾਲੀ ਥਾਂਵਾਂ ਵੀ ਭਰੀਆਂ ਹੋਈਆਂ ਲਗਦੀਆਂ ਸਨ।

ਰਿਸ਼ੀਆਂ-ਮੁਨੀਆਂ ਵਾਂਗ ਪਾਣੀ ਵੀ ਜਿੱਥੇ ਜਿੱਥੇ ਜਾਂਦਾ ਸੀ, ਉਥੇ ਉਥੇ ਬਹਾਰ-ਗੁਲਜ਼ਾਰ ਪ੍ਰਗਟ ਹੁੰਦੀ ਜਾਂਦੀ ਸੀ।

ਪਾਣੀ ਦੀ ਮਾਤਰਾ ਵਧਾਈ ਨਹੀਂ ਜਾ ਸਕਦੀ, ਘਟਾਈ ਜਾ ਸਕਦੀ ਹੈ।

ਪਾਣੀ ਦੀ ਦੁਰਵਰਤੋਂ ਇਸ ਦੀ ਮਾਤਰਾ ਨੂੰ ਨਿਰੰਤਰ ਘਟਾ ਰਹੀ ਹੈ।

ਹਰ ਦਰਿਆ ਦੀ ਆਪਣੀ ਸ਼ਖ਼ਸੀਅਤ ਅਤੇ ਸੁਭਾਅ ਹੁੰਦਾ ਹੈ, ਹਰ ਦਰਿਆ ਦਾ ਆਪਣਾ ਇਤਿਹਾਸ ਅਤੇ ਆਪਣਾ ਮੁਹਾਵਰਾ ਹੁੰਦਾ ਹੈ ਪਰ ਮਨੁੱਖ ਇਨ੍ਹਾਂ ਪੱਖਾਂ ਤੋਂ ਬੇਮੁਖ ਹੋ ਕੇ ਦਰਿਆਵਾਂ ਨਾਲ ਗੁਸਤਾਖ਼ੀ ਕਰ ਰਿਹਾ ਹੈ।

ਡੈਮ ਸ਼ਹਿਰੀਆਂ ਨੂੰ ਲਾਭ ਪਹੁੰਚਾਉਣ ਦੀ ਦ੍ਰਿਸ਼ਟੀ ਨਾਲ ਉਸਾਰੇ ਜਾ ਰਹੇ ਹਨ, ਸੋ ਪੇਂਡੂਆਂ ਦਾ ਲੁੱਟਿਆ ਜਾਣਾ ਸੁਭਾਵਕ ਹੈ। ਇਵੇਂ ਉਪਜੀ ਪਾਣੀ ਦੀ ਘਾਟ ਅਸ਼ਾਂਤੀ, ਚਿੰਤਾ, ਗੁੱਸੇ ਅਤੇ ਹਿੰਸਕ ਲਹਿਰਾਂ ਵਿਚ ਪ੍ਰਗਟ ਹੋ ਰਹੀ ਹੈ।

ਪਿੰਡਾਂ ਵਿਚ ਪਾਣੀ ਦੀ ਘਾਟ ਨਾਲ ਬੇਰੋਜ਼ਗਾਰੀ ਦੇ ਵੱਧਣ ਕਾਰਨ, ਲੋਕਾਂ ਦੀਆਂ ਸ਼ਹਿਰਾਂ ਵਲ ਵਹੀਰਾਂ ਵੱਡੀਆਂ ਹੁੰਦੀਆਂ ਜਾਣਗੀਆਂ ਅਤੇ ਸ਼ਹਿਰਾਂ ਵਿਚ ਪਾਣੀ ਦੀ ਥੁੜ੍ਹ ਹੋਰ ਗੰਭੀਰ ਹੁੰਦੀ ਜਾਵੇਗੀ, ਜਿਹੜੀ ਆਪਸੀ ਰਿਸ਼ਤਿਆਂ ਵਿਚ ਤਣਾਓ ਅਤੇ ਦੁਸ਼ਮਣੀਆਂ ਅਤੇ ਨਵੀਆਂ ਬੀਮਾਰੀਆਂ ਸਿਰਜੇਗੀ।

ਗੁਆਂਢੀ ਰਾਜਾਂ ਵਿਚਕਾਰ ਇਹ ਤਣਾਓ ਉਭਰਨ ਲਗ ਪਿਆ ਹੈ।

ਪਾਣੀ ਦੀ ਘਾਟ ਕਾਰਨ ਪਹਾੜ ਅਤੇ ਜੰਗਲ ਉਪਜੀਵਕਾ ਦਾ ਸਾਧਨ ਨਹੀਂ ਰਹੇ, ਇਸ ਲਈ ਚੋਰੀਆਂ, ਡਾਕੇ, ਖੋਹਾਂ ਅਤੇ ਭਾੜਾ ਲੈ ਕੇ ਕੀਤੇ ਅਤੇ ਕਰਵਾਏ ਕਤਲ ਉਪਜੀਵਕਾ ਦੇ ਨਵੇਂ ਸਾਧਨ ਬਣਨਗੇ।

ਪਿਆਸਾ ਵਿਅਕਤੀ ਸੰਤੁਲਤ ਸੋਚ ਦਾ ਮਾਲਕ ਕਿਵੇਂ ਹੋ ਸਕਦਾ ਹੈ ?

ਪਿਆਸੇ ਵਿਅਕਤੀ ਬਾਹਰ ਖਾਣ-ਪੀਣ ਵਲ ਉਲ੍ਹਰਨਗੇ ਅਤੇ ਮਾਂਵਾਂ ਸੁੱਕੀਆਂ ਰਸੋਈਆਂ ਵਿਚ ਪਾਣੀ ਲਈ ਰੋਂਦੇ ਬੱਚਿਆਂ ਨੂੰ ਪਰਚਾਅ ਨਾ ਸਕਣ ਕਾਰਨ, ਆਪ ਵੀ ਰੋਣ ਲਗ ਪਿਆ ਕਰਨਗੀਆਂ।

ਬੋਤਲ ਵਿਚੋਂ ਪੀਤੇ ਪਾਣੀ ਨਾਲ ਪਿਆਸ ਨਹੀਂ ਬੁਝੇਗੀ।

ਗਰਮੀ ਜਾਂ ਭੁੱਖ ਦੇ ਮੁਕਾਬਲੇ ਹੁਣ ਪਿਆਸ ਨਾਲ ਮੌਤਾਂ ਦੀ ਗਿਣਤੀ ਵਧੇਗੀ।

ਪੁਰਸ਼ ਦੀ ਪ੍ਰਕ੍ਰਿਤੀ ਦੇ ਵਿਰੁਧ ਜਾਣ ਵਾਲੀ ਹਰ ਕਾਰਵਾਈ ਅੰਤਲੇ ਰੂਪ ਵਿਚ ਸਮਾਜ, ਪਰਿਵਾਰ, ਇਸਤਰੀਆਂ ਅਤੇ ਬੱਚਿਆਂ ਦੇ ਵਿਰੁਧ ਕੀਤੀ ਸ਼ੋਸ਼ਣ, ਹਿੰਸਾ ਅਤੇ ਅਪਰਾਧ ਦੀ ਕਾਰਵਾਈ ਸਾਬਤ ਹੋਵੇਗੀ।

ਵਿਗਿਆਨ, ਤਕਨਾਲੋਜੀ, ਆਰਥਿਕਤਾ ਅਤੇ ਰਾਜਨੀਤੀ ਆਦਿ ਦੇ ਪ੍ਰਭਾਵਾਂ ਅਧੀਨ ਮਨੁੱਖੀ ਕਾਰਜ ਦਾ ਹਰ ਖੇਤਰ ਪ੍ਰਕ੍ਰਿਤੀ ਅਤੇ ਇਸਤਰੀ ਉਤੇ ਬੋਝ ਪਾਉਣ, ਉਸ ਨੂੰ ਸਰੀਰਕ ਅਤੇ ਭਾਵਕ ਪੱਖੋਂ ਲੁੱਟਣ ਅਤੇ ਉਸ ਦੇ ਮਹੱਤਵ ਨੂੰ ਘਟਾਉਣ ਵਾਲਾ ਹੋ ਨਿੱਬੜਦਾ ਹੈ।

ਮਨੁੱਖ ਦੇ ਸਾਹਮਣੇ ਵਿਕਾਸ ਦਾ ਮਾਡਲ ਸ਼ੋਸ਼ਣ-ਆਧਾਰਿਤ ਹੈ, ਸੋ ਉਹ ਪ੍ਰਕ੍ਰਿਤੀ ਨੂੰ ਵਪਾਰਿਕ ਬਿਰਤੀ ਅਤੇ ਸ਼ੋਸ਼ਣ ਦੀ ਭਾਵਨਾ ਨਾਲ ਹੀ ਵੇਖਦਾ ਹੈ।

ਪੀਣ ਵਾਲੇ ਪਾਣੀ ਦੀ ਸਭਨੀ ਥਾਂਈਂ ਘਾਟ ਕਾਰਨ ਮਨੁੱਖ ਦੇ ਵਿਹਾਰ ਵਿਚ ਸੁਆਰਥ, ਸੰਕੀਰਣਤਾ, ਈਰਖਾ ਅਤੇ ਸਾੜਾ ਉਪਜ ਰਹੇ ਹਨ। ਪਾਣੀ ਲਈ ਆਪਾ-ਧਾਪੀ ਵਿਚ ਬੁੱਢੇ, ਬੱਚੇ ਅਤੇ ਇਸਤਰੀਆਂ ਰੁਲ ਜਾਣਗੀਆਂ।

ਥੁੜ੍ਹ ਦਾ ਆਪਣਾ ਹਿੰਸਕ ਤਰਕ ਹੁੰਦਾ ਹੈ ਅਤੇ ਇਹ ਤਰਕ ਮਨੁੱਖੀ ਵਿਹਾਰ ਨੂੰ ਬੜੀ ਨੇੜਿਓਂ ਪ੍ਰਭਾਵਿਤ ਕਰ ਰਿਹਾ ਹੈ।

ਪਾਣੀ, ਜ਼ਿੰਦਗੀ ਨੂੰ ਜਿਊਣਯੋਗ ਹੀ ਨਹੀਂ ਬਣਾਉਂਦਾ, ਇਹ ਪ੍ਰਕ੍ਰਿਤੀ ਨਾਲ ਪਿਆਰ ਵਾਲਾ ਵਿਹਾਰ ਕਰਨਾ ਵੀ ਸਿਖਾਉਂਦਾ ਹੈ ਅਤੇ ਮਾਨਵਜਾਤੀ ਦੇ ਡਿਗਦੇ ਜਾਂਦੇ ਮਨੋਬਲ ਨੂੰ ਉੱਚਾ ਚੁੱਕਣ ਦਾ ਰੋਲ ਵੀ ਨਿਭਾਉਂਦਾ ਹੈ।

ਮਨੁੱਖ ਖੋਟੇ ਸਿੱਕਿਆ ਨੂੰ ਹੀ ਦੌਲਤ ਸਮਝ ਕੇ ਦਰਿਆਵਾਂ, ਝੀਲਾਂ, ਪਹਾੜਾਂ, ਖੇਤਾਂ, ਜੰਗਲਾਂ ਆਦਿ ਦੀ ਦੌਲਤ ਤੋਂ ਬੇਮੁਖ ਹੋ ਗਿਆ ਹੈ।

ਚਿੰਤਾ ਇਸ ਗੱਲ ਦੀ ਕਰਨੀ ਚਾਹੀਦੀ ਹੈ ਕਿ ਪ੍ਰਕ੍ਰਿਤੀ ਦੇ ਹੁੰਗਾਰੇ ਬਿਨਾਂ, ਮਨੁੱਖ ਜਿਉਂਦਾ ਕਿਵੇਂ ਰਹੇਗਾ?

ਸਾਡੀਆਂ ਦਾਦੀਆਂ ਅਤੇ ਮਾਂਵਾਂ ਦੀਆਂ ਕਹਾਣੀਆਂ ਵਿਚ, ਕਥਾਵਾਂ ਅਤੇ ਲੋਰੀਆਂ ਵਿਚ, ਦਰਿਆਵਾਂ ਅਤੇ ਪਾਣੀਆਂ ਦੀ ਭਰਪੂਰ ਮਹਿਮਾ ਸੀ।

ਅਜੋਕਾ ਮਨੁੱਖ ਦਰਿਆਵਾਂ ਦੀਆਂ ਸਮਾਧਾਂ ਉੱਤੇ ਸੁੱਕੇ ਗਲਿਆਂ, ਪਿਆਸੀਆਂ ਨਜ਼ਰਾਂ ਅਤੇ ਟੁੱਟੇ ਹੱਥਾਂ ਨਾਲ ਵੈਣ ਪਾ ਰਿਹਾ ਹੈ।

ਹਰ ਬੀਤਦੇ ਵਰ੍ਹੇ ਨਾਲ ਇਹ ਵੈਣ ਹੋਰ ਉੱਚੇ, ਹੋਰ ਦਰਦੀਲੇ ਹੁੰਦੇ ਜਾ ਰਹੇ ਹਨ।

ਮਨੁੱਖ ਬੜੀ ਥਾਂ ਭਟਕੇਗਾ, ਭਟਕਦਾ ਰਹੇਗਾ ਪਰ ਉਸ ਦੀ ਮੁੱਕਤੀ ਪ੍ਰਕ੍ਰਿਤੀ ਦੇ ਦੁਆਰ 'ਤੇ ਆ ਕੇ ਹੀ ਹੋਵੇਗੀ।

ਉਥੇ ਹੀ ਉਸ ਦੀ ਸਦੀਵੀ ਪਿਆਸ ਬੁਝੇਗੀ।

ਅੰਤ ਨੂੰ ਮਨੁੱਖ ਪਾਣੀ ਦੇ ਸਰੋਤਾਂ ਵਲ ਮੁੜਨ ਲਈ ਮਜਬੂਰ ਹੋਵੇਗਾ ਪਰ ਉਦੋਂ ਤਕ ਬਹੁਤ ਨੁਕਸਾਨ ਹੋ ਚੁੱਕਾ ਹੋਵੇਗਾ।

***

ਰਹੁ-ਰੀਤਾਂ

ਸਾਨੂੰ ਭੁਲੇਖਾ ਹੈ ਕਿ ਅਸੀਂ ਵਰਤਮਾਨ ਵਿਚ ਰਹਿ ਰਹੇ ਹਾਂ।

ਵਰਤਮਾਨ ਵਿਚ ਅਸੀਂ ਜੋ ਕੁਝ ਵੀ ਕਰਦੇ ਹਾਂ, ਉਸ ਨੂੰ ਕਰਨ ਦੀਆਂ ਪ੍ਰੇਰਨਾਵਾਂ, ਉਦੇਸ਼, ਵਿਧੀਆਂ, ਆਦਤਾਂ ਅਤੇ ਰਹੁ-ਰੀਤਾਂ ਸਾਨੂੰ ਸਮਾਜ ਤੋਂ ਬੱਚਪਨ ਵਿਚ ਸੁੱਤੇ-ਸਿੱਧ ਹੀ ਮਿਲ ਜਾਂਦੀਆਂ ਹਨ।

ਸਥਾਪਤ ਰਹੁ-ਰੀਤਾਂ ਨੂੰ ਨਿਭਾਉਣ ਵਿਚ ਸਾਡਾ ਹੀ ਨਹੀਂ, ਹਰੇਕ ਪੀੜ੍ਹੀ ਦਾ ਸਮੁੱਚਾ ਜੀਵਨ ਲੱਗ ਜਾਂਦਾ ਹੈ।

ਇਹ ਰਹੁ-ਰੀਤਾਂ ਹੀ ਸਾਡੀ ਜੀਵਨ-ਜਾਚ ਅਖਵਾਉਂਦੀਆਂ ਹਨ।

ਰਹੁ-ਰੀਤਾਂ ਦੇ ਵੱਖਰੇਵਿਆਂ ਕਾਰਨ ਹੀ ਵੱਖਰੇ-ਵੱਖਰੇ ਸਮਾਜ ਆਪਣੀ ਵਿਲੱਖਣ ਪਛਾਣ ਸਥਾਪਤ ਕਰਦੇ ਹਨ।

ਜਨਮ, ਵਿਆਹ ਅਤੇ ਮੌਤ ਅਜਿਹੇ ਅਵਸਰ ਹਨ, ਜਦੋਂ ਰਹੁ-ਰੀਤਾਂ ਦਾ ਪ੍ਰਦਰਸ਼ਨ ਅਤੇ ਪ੍ਰਗਟਾਵਾ ਵਧੇਰੇ ਹੁੰਦਾ ਹੈ।

ਗੀਤ, ਸੰਗੀਤ, ਨ੍ਰਿਤ, ਮੂਰਤੀਕਲਾ ਅਤੇ ਚਿੱਤਰਕਲਾ ਸਾਡੀਆਂ ਰਹੁ-ਰੀਤਾਂ ਵਿਚੋਂ ਵਿਕਸਿਤ ਹੋਈਆਂ ਹਨ ਅਤੇ ਇਨ੍ਹਾਂ ਕਲਾਵਾਂ ਨੇ ਰਹੁ-ਰੀਤਾਂ ਨੂੰ ਵਿਕਸਿਤ ਕੀਤਾ ਹੈ।

ਜਦੋਂ ਲੋਕ ਸੁੱਚੇ ਅਤੇ ਸੱਚੇ ਹੋਣ ਤਾਂ ਤਸੱਲੀ, ਮੇਲ-ਮਿਲਾਪ ਦੀਆਂ ਰਹੁ-ਰੀਤਾਂ ਵਿਚੋਂ ਮਿਲਦੀ ਹੈ ਪਰ ਜੇ ਲੋਕ ਧੋਖੇਬਾਜ਼ ਹੋਣ ਤਾਂ ਵਿਰੋਧ, ਨਫ਼ਰਤ ਅਤੇ ਬਗਾਵਤ ਵੀ ਰਹੁ-ਰੀਤਾਂ ਰਾਹੀਂ ਪ੍ਰਗਟਾਈ ਜਾਂਦੀ ਹੈ।

ਜਿਥੇ ਜੀਵਨ ਸਾਦਾ ਅਤੇ ਜੀਵਨ ਦੀ ਟੋਰ ਸਹਿਜ ਹੈ, ਉਥੇ ਰਹੁ-ਰੀਤਾਂ ਪ੍ਰਤੀ ਸ਼ਰਧਾ ਵਧੇਰੇ ਹੈ। ਪੁਰਾਤਨ ਯੁੱਗ ਵਿੱਚ ਅਤੇ ਅੱਜ ਵੀ ਕਈ ਇਲਾਕਿਆਂ ਵਿਚ ਹਰ ਪਿੰਡ ਦਾ ਆਪਣਾ ਦੇਵਤਾ ਰਿਹਾ ਹੈ ਅਤੇ ਉਸ ਦੀ ਪੂਜਾ ਦੀਆਂ ਵੱਖਰੀਆਂ-ਵੱਖਰੀਆਂ ਰਹੁ-ਰੀਤਾਂ ਪ੍ਰਚਲਤ ਰਹੀਆਂ ਹਨ।

ਰਸਮਾਂ-ਰਿਵਾਜਾਂ, ਦਿਨਾਂ-ਦਿਹਾੜਿਆਂ, ਰਹੁ-ਰੀਤਾਂ, ਮਰਯਾਦਾ-ਵਿਧੀਆਂ ਆਦਿ ਦਾ ਸਾਡੇ ਜੀਵਨ ਵਿਚ ਇਤਨਾ ਵਧੇਰੇ ਪਸਾਰਾ ਹੈ ਕਿ ਇਨ੍ਹਾਂ ਦੀ ਪੂਰਤੀ ਸੁੱਤੇ-ਸਿੱਧ ਕਰਨ ਕਰ ਕੇ ਇਨ੍ਹਾਂ ਦੀ ਹੋਂਦ ਪ੍ਰਤੀ ਅਸੀਂ ਸੁਚੇਤ ਨਹੀਂ ਹੁੰਦੇ। ਅਸੀਂ ਸੁਚੇਤ ਉਦੋਂ ਹੀ ਹੁੰਦੇ ਹਾਂ ਜਦੋਂ ਕੋਈ ਵਿਅਕਤੀ ਕਿਸੇ ਰਹੁ-ਰੀਤ ਨੂੰ ਤੋੜਦਾ ਜਾਂ ਉਸ ਦੀ ਅਵੱਗਿਆ ਕਰਦਾ ਹੈ।

ਰਹੁ-ਰੀਤਾਂ ਦੀ ਅਵੱਗਿਆ ਕਰਨ ਵਾਲੇ ਦੀ ਅਕਸਰ ਨਿੰਦਾ ਹੁੰਦੀ ਹੈ।

ਸਮਾਜ ਬਾਹਰ ਨਹੀਂ, ਸਾਡੇ ਮਨਾਂ ਅੰਦਰ ਵਸਦਾ ਹੈ।

ਮਨੁੱਖ ਨੇ ਆਪਣੇ ਅਨੁਭਵ ਤੋਂ ਸਿਖਿਆ ਹੈ ਕਿ ਖਲੋਣ ਜਾਂ ਬੈਠਣ ਦੇ ਮੁਕਾਬਲੇ ਲੇਟਣਾ ਵਧੇਰੇ ਸੁਖਦਾਈ ਹੈ, ਇਵੇਂ ਹੀ ਮਨੁੱਖ ਨੂੰ ਜਿਹੜੇ ਕਾਰਜਾਂ ਅਤੇ ਵਿਧੀਆਂ ਤੋਂ ਸਰੀਰਕ ਸੁਖ ਅਤੇ ਮਾਨਸਿਕ ਤਸੱਲੀ ਮਿਲੀ, ਉਨ੍ਹਾਂ ਨੂੰ ਉਸ ਨੇ ਰਹੁ-ਰੀਤਾਂ ਬਣਾ ਲਿਆ।

ਸਾਰੇ ਉਪਦੇਸ਼ਾਂ ਦੇ ਬਾਵਜੂਦ ਮਨੁੱਖ ਕਿਸੇ ਅਜਿਹੀ ਰਹੁ-ਰੀਤ ਨੂੰ ਨਹੀਂ ਅਪਣਾਏਗਾ ਜਿਹੜੀ ਸਰੀਰ ਨੂੰ ਦੁੱਖ ਦੇਵੇ ਅਤੇ ਮਨ ਨੂੰ ਬੇਚੈਨ ਕਰੇ।

ਸਮਾਜ ਲੋਕਾਂ ਦੇ ਉਸ ਸਮੂਹ ਨੂੰ ਕਹਿੰਦੇ ਹਨ, ਜਿਹੜਾ ਲਗਭਗ ਇਕੋ ਢੰਗ ਨਾਲ ਸੋਚਦਾ-ਵਿਚਾਰਦਾ ਅਤੇ ਇਕੋ ਪ੍ਰਕਾਰ ਦੇ ਜੀਵਨ ਉਦੇਸ਼ਾਂ ਨੂੰ ਪਾਲਦਾ ਹੈ।

ਸਮਾਜ ਦੇ ਲਗਭਗ ਸਾਰੇ ਵਿਅਕਤੀਆਂ ਵਿਚ ਲਗਭਗ ਸਹਿਮਤੀ ਹੁੰਦੀ ਹੈ ਕਿ ਕੀ ਮਹੱਤਵਪੂਰਨ ਹੈ ਅਤੇ ਕੀ ਮਹੱਤਵਹੀਣ ਹੈ, ਕੀ ਉਪਯੋਗੀ ਹੈ ਅਤੇ ਕੀ ਹਾਨੀਕਾਰਕ ਹੈ, ਕਿਹੜਾ ਵਿਹਾਰ ਯੋਗ ਹੈ ਅਤੇ ਕਿਹੜਾ ਅਯੋਗ, ਕਿਹੜਾ ਪਹਿਰਾਵਾ ਸਭਿਅਕ ਹੈ ਅਤੇ ਕਿਹੜਾ ਅਸਭਿਅਕ ਹੈ, ਕਿਹੜਾ ਭੋਜਨ ਠੀਕ ਹੈ ਅਤੇ ਕਿਹੜਾ ਵਰਜਿਤ।

ਦੂਜੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਇਕ ਸਮਾਜ ਵਿਚ ਵੱਸਣ ਵਾਲੇ ਲੋਕਾਂ ਦੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵਿਚ ਸਾਂਝ ਅਤੇ ਏਕਤਾ ਹੁੰਦੀ ਹੈ।

ਇਸੇ ਸਾਂਝ ਅਤੇ ਏਕਤਾ ਦੇ ਆਧਾਰ ਉਤੇ ਹੀ ਸਾਰਾ ਸਮਾਜ ਵਿਸ਼ੇਸ਼ ਪ੍ਰਕਾਰ ਦੀਆਂ ਰਹੁ-ਰੀਤਾਂ ਨੂੰ ਨਾ ਕੇਵਲ ਸਵੀਕਾਰ ਕਰਦਾ ਹੈ, ਸਗੋਂ ਉਨ੍ਹਾਂ ਨੂੰ ਆਪਣੇ ਵਿਹਾਰ ਦਾ ਸਜੀਵ ਅੰਗ ਵੀ ਬਣਾਉਂਦਾ ਹੈ।

ਸਾਡੇ ਵਿਹਾਰ ਦੇ ਦੋ ਮੁੱਖ ਆਧਾਰ ਹੁੰਦੇ ਹਨ; ਰਹੁ-ਰੀਤਾਂ ਅਤੇ ਜੀਵਨ ਅਨੁਭਵ ਤੋਂ ਪ੍ਰਾਪਤ ਸੋਚ-ਵਿਚਾਰ। ਰਹੁ-ਰੀਤਾਂ ਦਾ ਪ੍ਰਭਾਵ ਇਤਨਾ ਵਿਆਪਕ ਹੁੰਦਾ ਹੈ ਕਿ ਇਹ ਸੋਚ-ਵਿਚਾਰ ਦੇ ਵਿਸ਼ਿਆਂ ਅਤੇ ਢੰਗਾਂ-ਵਿਧੀਆਂ ਨੂੰ ਵੀ ਨਿਰਧਾਰਤ ਕਰਦਾ ਹੈ।

ਅਸੀਂ ਮ੍ਰਿਤਕ ਦੇਹ ਦਾ ਚਿਤਾ ਬਾਲ ਕੇ ਸੰਸਕਾਰ ਕਰਦੇ ਹਾਂ, ਅਸੀਂ ਦਫ਼ਨਾਉਣ ਬਾਰੇ ਕਦੀ ਨਹੀਂ ਸੋਚਦੇ। ਇਵੇਂ ਹੀ ਦਫ਼ਨਾਉਣ ਵਾਲੇ ਆਪਣੇ ਮ੍ਰਿਤਕਾਂ ਦਾ ਚਿਤਾ ਬਾਲ ਕੇ ਸੰਸਕਾਰ ਕਰਨ ਬਾਰੇ ਨਹੀਂ ਸੋਚਣਗੇ।

ਲੱਕੜ ਦੀ ਘਾਟ ਅਤੇ ਇਸ ਦੇ ਮਹਿੰਗੇ ਹੋਣ ਕਾਰਨ ਅਸੀਂ ਬਿਜਲੀ ਦੇ ਅੰਗੀਠੇ ਤਾਂ ਸਿਰਜ ਲਵਾਂਗੇ ਪਰੰਤੂ ਖਰਚੇ ਤੋਂ ਮੁਕਤ, ਦਫ਼ਨਾਉਣ ਵਾਲੇ ਢੰਗ ਨੂੰ ਨਹੀਂ ਅਪਨਾਵਾਂਗੇ। ਸੰਸਕਾਰ ਕਰਨ ਦੀਆਂ ਰਹੁ-ਰੀਤਾਂ ਹੋਰ ਹਨ, ਦਫ਼ਨਾਉਣ ਦੀਆਂ ਹੋਰ। ਇਵੇਂ ਹੀ ਜਨਮ ਸਬੰਧੀ, ਵਿਆਹ ਸਬੰਧੀ, ਅਫ਼ਸੋਸ ਕਰਨ ਅਤੇ ਖੁਸ਼ੀ ਪ੍ਰਗਟਾਉਣ ਸਬੰਧੀ, ਪੂਜਾ-ਪਾਠ-ਯੱਗ ਆਦਿ ਕਰਨ ਸਬੰਧੀ, ਜੰਗ ਅਤੇ ਸ਼ਾਂਤੀ ਸਬੰਧੀ, ਗ੍ਰਹਿ-ਪ੍ਰਵੇਸ਼ ਸਬੰਧੀ, ਪਿਆਰ ਅਤੇ ਨਫ਼ਰਤ ਪ੍ਰਗਟਾਉਣ ਸਬੰਧੀ, ਮਿਲਣ ਅਤੇ ਵਿਛੜਨ ਸਬੰਧੀ ਹਰ ਸਮਾਜ ਦੇ ਢੰਗ-ਤਰੀਕੇ, ਆਦਤਾਂ ਅਤੇ ਰਹੁ-ਰੀਤਾਂ ਵੱਖਰੀ ਭਾਂਤ ਦੀਆਂ ਹੁੰਦੀਆਂ ਹਨ।

ਜਦੋਂ ਕਿਸੇ ਸਮਾਜ ਦੀ ਬਹੁ-ਗਿਣਤੀ ਵੱਖਰੀ ਭਾਂਤ ਨਾਲ ਸੋਚਣ ਲਗ ਪੈਂਦੀ ਹੈ ਤਾਂ ਉਸ ਸਮਾਜ ਦੀਆਂ ਰਹੁ-ਰੀਤਾਂ ਵੀ ਬਦਲਦੀਆਂ ਹਨ ਪਰ ਰਹੁ-ਰੀਤਾਂ ਤੋਂ ਮੁਕਤ ਕਿਸੇ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।

ਪੁਰਾਤਨ ਯੁੱਗ ਵਿਚ ਗਿਆਨ ਦੀ ਘਾਟ ਰਹੁ-ਰੀਤਾਂ ਨਾਲ ਪੂਰੀ ਕੀਤੀ ਜਾਂਦੀ ਸੀ ਪਰ ਅਜੋਕੇ ਯੁੱਗ ਵਿਚ ਰਹੁ-ਰੀਤਾਂ ਦੀ ਘਾਟ ਗਿਆਨ ਨਾਲ ਪੂਰੀ ਕੀਤੀ ਜਾ ਰਹੀ ਹੈ।

ਰਹੁ-ਰੀਤਾਂ ਦਾ ਆਪਣਾ ਗਿਆਨ ਸੀ, ਗਿਆਨ ਦੀਆਂ ਆਪਣੀਆਂ ਰਹੁ-ਰੀਤਾਂ ਹੁੰਦੀਆਂ ਹਨ।

ਤੁਸੀਂ ਕਿਹੋ ਜਿਹੇ ਹੋ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਹਾਡੇ ਮਨ ਵਿਚ ਕਿਹੜਾ ਯੁੱਗ ਬੈਠਾ ਹੈ।

ਧਰਮ ਵਾਂਗ ਹੀ ਸਮਾਜ ਸਾਨੂੰ ਅੰਦਰੋਂ ਪਕੜਦਾ ਹੈ।

ਅਸਚਰਜ ਗੱਲ ਇਹ ਹੈ ਕਿ ਜਦੋਂ ਅਸੀਂ ਪੂਰੀ ਤਰ੍ਹਾਂ ਸਮਾਜ ਦੀ ਪਕੜ ਵਿਚ ਜਾਂ ਪੂਰੀ ਤਰ੍ਹਾਂ ਸਮਾਜ ਨਾਲ ਇਕ-ਸੁਰ ਹੁੰਦੇ ਹਾਂ ਤਾਂ ਹੀ ਸਾਨੂੰ ਆਪਣੇ ਆਜ਼ਾਦ, ਭਰਪੂਰ ਅਤੇ ਸੰਤੁਸ਼ਟ ਹੋਣ ਦਾ ਅਹਿਸਾਸ ਹੁੰਦਾ ਹੈ।

ਸਾਨੂੰ ਆਪਣੇ ਵਿਆਹੇ ਹੋਣ ਦਾ ਡੂੰਘਾ ਅਹਿਸਾਸ ਤਾਂ ਹੀ ਹੁੰਦਾ ਹੈ, ਜੇ ਉਹ ਸਾਡੇ ਸਮਾਜ ਦੀਆਂ ਰਹੁ-ਰੀਤਾਂ ਅਨੁਸਾਰ ਹੋਇਆ ਹੋਵੇ।

ਜਿਹੜੇ ਅਦਾਲਤੀ ਵਿਆਹ ਕਰਵਾਉਂਦੇ ਹਨ, ਉਨ੍ਹਾਂ ਨੂੰ ਸਦਾ ਇਕ ਘਾਟ ਜਿਹੀ ਮਹਿਸੂਸ ਹੁੰਦੀ ਰਹਿੰਦੀ ਹੈ। ਇਹ ਘਾਟ ਉਸੇ ਪ੍ਰਕਾਰ ਦੀ ਹੁੰਦੀ ਹੈ, ਜਿਹੋ ਜਿਹੀ ਉਸ ਇਸਤਰੀ ਨੂੰ ਹੁੰਦੀ ਹੈ, ਜਿਸ ਨੇ ਬੱਚੇ ਨੂੰ ਜਨਮ ਨਾ ਦਿੱਤਾ ਹੋਵੇ ਅਤੇ ਉਸ ਨੂੰ ਪਾਲ ਰਹੀ ਹੋਵੇ।

ਮਰਨਾ ਤਾਂ ਹਰ ਕਿਸੇ ਨੇ ਹੈ ਪਰ ਕਿਸੇ ਦੇ ਕਤਲ ਹੋਣ ਜਾਂ ਬੰਬ ਨਾਲ ਉਡਾਏ ਜਾਣ ਦਾ ਸਦਮਾ ਇਸ ਲਈ ਹੁੰਦਾ ਹੈ ਕਿ ਉਹ ਸਮਾਜਿਕ ਪ੍ਰਵਾਨਗੀ ਜਾਂ ਧਾਰਮਿਕ ਰਹੁ-ਰੀਤਾਂ ਅਨੁਸਾਰ ਰਵਾਨਾ ਨਹੀਂ ਹੋਇਆ ਹੁੰਦਾ।

ਰਹੁ-ਰੀਤਾਂ ਮੁੱਖ ਤੌਰ 'ਤੇ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ; ਧਾਰਮਿਕ ਅਤੇ ਸਮਾਜਿਕ। ਰਹੁ-ਰੀਤਾਂ ਭਾਵੇਂ ਸਮਾਜਿਕ ਖੇਤਰ ਦੀਆਂ ਹੋਣ ਪਰ ਉਨ੍ਹਾਂ ਦੀ ਪੂਰਤੀ ਧਰਮ ਵਾਲੇ ਵਿਸ਼ਵਾਸ ਨਾਲ ਹੀ ਕੀਤੀ ਜਾਂਦੀ ਹੈ।

ਵਿਆਹ ਇਕ ਸਮਾਜਿਕ ਰਹੁ-ਰੀਤ ਹੈ ਪਰ ਇਸਤਰੀ-ਪੁਰਸ਼ ਨੂੰ ਪਤੀ-ਪਤਨੀ ਦੇ ਰਿਸ਼ਤੇ ਵਿਚ ਬਦਲਣ ਦੀ ਰਸਮ ਧਾਰਮਿਕ ਹੁੰਦੀ ਹੈ।

ਜਦੋਂ ਧੀ ਦਾ ਵਿਆਹ ਹੋ ਰਿਹਾ ਹੁੰਦਾ ਹੈ ਤਾਂ ਪਿਤਾ ਅਤੇ ਭਰਾਵਾਂ ਦੇ ਮਨ ਵਿਚ ਇਕ ਕੀਮਤੀ ਸਾਥ ਦੇ ਖੋਹੇ ਜਾਣ ਦਾ ਗੁੱਸਾ ਵੀ ਹੁੰਦਾ ਹੈ ਪਰ ਵਿਆਹ ਦੀਆਂ ਰਹੁ-ਰੀਤਾਂ ਇਸ ਗੁੱਸੇ ਅਤੇ ਵਿਛੋੜੇ ਨੂੰ ਪ੍ਰਸੰਨਤਾ ਵਿਚ ਬਦਲਦੀਆਂ ਹਨ ਅਤੇ ਵਿਰੋਧ ਨੂੰ ਪ੍ਰਵਾਨਗੀ ਵਿਚ ਤਬਦੀਲ ਕਰਦੀਆਂ ਹਨ।

ਇਵੇਂ ਰਹੁ-ਰੀਤਾਂ ਵਾਸਤਵ ਵਿਚ ਸਾਡੇ ਉਨ੍ਹਾਂ ਵਰਤਾਰਿਆਂ ਨਾਲ ਸਬੰਧਿਤ ਹੁੰਦੀਆਂ ਹਨ, ਜਿਨ੍ਹਾਂ ਵਿਚ ਸੰਕਟ, ਚਿੰਤਾ, ਰੋਸ ਅਤੇ ਵਿਰੋਧ ਹੁੰਦਾ ਹੈ।

ਕਿਸੇ ਧੀ ਵਲੋਂ ਆਪਣੀ ਮਰਜ਼ੀ ਨਾਲ ਕਿਸੇ ਨਾਲ ਵਿਆਹ ਕਰਵਾ ਲੈਣਾ ਘੱਟ ਦੁੱਖਦਾਈ ਹੁੰਦਾ ਹੈ ਪਰ ਜੇਕਰ ਉਹ ਵਿਆਹ ਦੀਆਂ ਰਹੁ-ਰੀਤਾਂ ਤੋਂ ਬਿਨਾਂ ਹੀ ਕਿਸੇ ਪੁਰਸ਼ ਨਾਲ ਪਤਨੀ ਬਣ ਕੇ ਰਹਿਣ ਲੱਗ ਪਵੇ ਤਾਂ ਇਸ ਨੂੰ ਪਰਿਵਾਰ ਵਲੋਂ ਸਹਿਣ ਕਰਨਾ ਲਗਭਗ ਅਸੰਭਵ ਹੋਵੇਗਾ।

ਇਹੀ ਕਾਰਨ ਹੈ ਕਿ ਜਦੋਂ ਕੋਈ ਕਿਸੇ ਨੂੰ ਪਿਆਰ ਕਰਦਾ ਹੈ ਤਾਂ ਉਹ ਉਸ ਨਾਲ ਘਰ ਵਸਾਉਣਾ ਚਾਹੁੰਦਾ ਹੈ ਅਰਥਾਤ ਉਹ ਰਹੁ-ਰੀਤਾਂ ਪੂਰੀਆਂ ਕਰ ਕੇ ਛੱਡ ਜਾਣ ਜਾਂ ਛੱਡੇ ਜਾਣ ਦੀ ਚਿੰਤਾ ਤੋਂ ਮੁਕਤ ਹੋਣਾ ਚਾਹੁੰਦਾ ਹੈ।

ਹਰ ਸਮਾਜ ਵਿਚ ਲਗਭਗ ਹਰ ਇਕ ਚਿੰਤਾ, ਸੰਕਟ ਜਾਂ ਸੰਤਾਪ ਨੂੰ ਦੂਰ ਕਰਨ ਦੀ ਕੋਈ ਨਾ ਕੋਈ ਰਹੁ-ਰੀਤ ਹੁੰਦੀ ਹੈ।

ਰਹੁ-ਰੀਤ ਦਾ ਉਦੇਸ਼ ਹੀ ਚਿੰਤਾ ਤੋਂ ਮੁੱਕਤ ਹੋਣਾ ਹੁੰਦਾ ਹੈ।

ਸੁੱਖਣਾ ਵੀ ਇਸੇ ਕਰ ਕੇ ਸੁੱਖੀ ਜਾਂਦੀ ਹੈ, ਕਿਉਂਕਿ ਮਨੁੱਖ ਆਪਣੀ ਇੱਛਾ ਦੀ ਪੂਰਤੀ ਹੋਣ ਜਾਂ ਨਾ ਹੋਣ ਦੀ ਦੁਬਿਧਾ ਤੋਂ ਮੁਕਤ ਹੋਣਾ ਚਾਹੁੰਦਾ ਹੈ।

ਸੁੱਖਣਾ ਸੁੱਖ ਕੇ ਉਸ ਨੂੰ ਸਾਹ ਹੀ ਸੌਖਾ ਨਹੀਂ ਆਉਂਦਾ, ਉਸ ਦਾ ਆਤਮ-ਵਿਸ਼ਵਾਸ ਵੀ ਵੱਧ ਜਾਂਦਾ ਹੈ।

ਇਹ ਸੌਖ ਅਤੇ ਵੱਧਿਆ ਹੋਇਆ ਆਤਮ-ਵਿਸ਼ਵਾਸ, ਉਸ ਦੀ ਅੰਤਰੀਵ ਸ਼ਕਤੀ ਨੂੰ ਵਧਾਉਂਦੇ ਹਨ। ਇਹ ਵੱਧੀ ਹੋਈ ਸ਼ਕਤੀ ਉਸ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਦੀ ਹੈ ਅਤੇ ਸਫਲ ਹੋ ਕੇ ਆਪਣੇ ਮਹੱਤਵਪੂਰਣ ਹੋਣ ਦਾ ਪ੍ਰਮਾਣ ਦੇਣ ਲਈ, ਆਪਣੇ ਸੁੱਚੇ ਅਤੇ ਸੱਚੇ ਹੋਣ ਦਾ ਬਹਾਨਾ ਲਾ ਕੇ, ਉਹ ਸੁੱਖਣਾ ਪੂਰੀ ਕਰਦਾ ਹੈ।

ਸੁੱਖਣਾ ਪੂਰੀ ਕਰ ਕੇ ਵਿਸ਼ੇਸ਼ ਪ੍ਰਸੰਨਤਾ ਦਾ ਅਨੁਭਵ ਹੁੰਦਾ ਹੈ।

ਕਿਸਾਨ ਦੀ ਜ਼ਿੰਦਗੀ ਵਿਚ ਮੀਂਹ ਦਾ ਮਹੱਤਵ ਅਸੀਂ ਸ਼ਹਿਰੀ ਨਹੀਂ ਜਾਣ ਸਕਦੇ। ਵਿਗਿਆਨ ਦੀਆਂ ਸਾਰੀਆਂ ਪ੍ਰਾਪਤੀਆਂ ਦੇ ਬਾਵਜੂਦ ਕਿਸਾਨ ਦੀ ਮੀਂਹ ਉੱਤੇ ਨਿਰਭਰਤਾ ਨਿਰਵਿਵਾਦ ਹੈ। ਮੀਂਹ ਨਾ ਪੈਣ ਦੀ ਸੂਰਤ ਵਿਚ ਉਸ ਦੇ ਮਨ ਵਿਚਲੀ ਚਿੰਤਾ ਸਿਖਰ ਵਲ ਵੱਧਦੀ ਹੈ। ਇਸ ਚਿੰਤਾ ਤੋਂ ਮੁਕਤ ਹੋਣ ਲਈ ਉਹ ਅਨੇਕਾਂ ਰਹੁ-ਰੀਤਾਂ ਦਾ ਸਹਾਰਾ ਲੈਂਦਾ ਹੈ। ਭਾਵੇਂ ਰਹੁ-ਰੀਤਾਂ ਦੀ ਪੂਰਤੀ ਨਾਲ ਮੀਂਹ ਨਾ ਪਵੇ ਪਰ ਜੋ ਕੁਝ ਕੀਤਾ ਜਾਣਾ ਸੰਭਵ ਸੀ, ਉਸ ਨੂੰ ਕਰਨ ਦੀ ਤਸੱਲੀ ਉਸ ਨੂੰ ਅਵੱਸ਼ ਹੁੰਦੀ ਹੈ। ਇਸ ਤਸੱਲੀ ਦੇ ਆਧਾਰ ਉੱਤੇ ਹੀ ਉਹ ਕੁਦਰਤ ਦੀਆਂ ਵੱਡੀਆਂ-ਵੱਡੀਆਂ ਕਰੋਪੀਆਂ ਨੂੰ ਵੀ ਖਿੜੇ ਮੱਥੇ ਸਹਿ ਜਾਂਦਾ ਹੈ।

ਰਹੁ-ਰੀਤਾਂ ਕਿਸਾਨ ਦੇ ਜੀਵਨ ਦਾ ਬੁਨਿਆਦੀ ਅੰਗ ਹੁੰਦੀਆਂ ਹਨ, ਕਿਉਂਕਿ ਉਹ ਪ੍ਰਕ੍ਰਿਤੀ ਦੀ ਤਰਕਹੀਣਤਾ ਨੂੰ ਰਹੁ-ਰੀਤਾਂ ਦੀ ਢਾਲ ਨਾਲ ਬਰਦਾਸ਼ਤ ਕਰਦਾ ਹੈ।

ਰਹੁ-ਰੀਤਾਂ ਦਾ ਮਖੌਲ ਉਡਾਉਣ ਵਾਲੇ ਸ਼ਹਿਰੀਆਂ ਨੂੰ ਜੇ ਕਿਸਾਨ ਦੇ ਜੀਵਨ ਵਾਲੀਆਂ ਤੰਗੀਆਂ, ਮੁਸ਼ਕਿਲਾਂ ਅਤੇ ਮਜਬੂਰੀਆਂ ਦਾ ਸਾਹਮਣਾ ਕਰਨਾ ਪੈ ਜਾਵੇ ਤਾਂ ਉਹ ਆਤਮਘਾਤ ਹੀ ਕਰ ਲੈਣ।

ਸ਼ਹਿਰੀ ਵੀ ਜਦੋਂ ਤਰਕ ਦੀ ਦੌੜ ਵਿਚ ਥੱਕ ਜਾਂਦੇ ਹਨ ਤਾਂ ਉਹ ਵੀ ਰਹੁ-ਰੀਤਾਂ ਨੂੰ ਪਾਲਣ ਵਾਲੇ ਕਰਮਕਾਂਡੀ ਹੋ ਨਿਬੜਦੇ ਹਨ।

ਇਸਲਾਮੀ ਸਮਾਜ ਭਾਵੇਂ ਵਿਗਿਆਨ ਦੇ ਪੱਖੋਂ ਪਛੜੇ ਹੋਏ ਹਨ ਪਰ ਸ਼ਰ੍ਹਾ ਅਨੁਸਾਰ ਰਹੁ-ਰੀਤਾਂ ਦੀ ਅਮੀਰੀ ਕਾਰਨ ਅਜਿਹੇ ਸਮਾਜਾਂ ਵਿਚ ਜੀਵਨ ਅਤੇ ਮੌਤ ਪ੍ਰਤੀ ਦ੍ਰਿਸ਼ਟੀਕੋਣ ਵਧੇਰੇ ਸੰਤੁਸ਼ਟ ਅਤੇ ਸੰਤੁਲਿਤ ਹੈ।

ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਵਿਚ ਰਹੁ-ਰੀਤਾਂ ਅਤੇ ਰਸਮਾਂ-ਰਿਵਾਜਾਂ ਨੂੰ ਪਾਲਣ ਦੀ ਬਿਰਤੀ ਵਧੇਰੇ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸਤਰੀ ਵੀ ਕਿਸਾਨ ਵਾਂਗ ਕੁਦਰਤ ਤੋਂ ਜੀਵਨ ਦਾ ਹੁੰਗਾਰਾ ਮੰਗਦੀ ਹੈ।

ਜਿਵੇਂ ਕਿਸਾਨ ਦੀ ਖੁਸ਼ੀ ਉਸ ਦੇ ਖੇਤਾਂ ਤੋਂ ਹੋਣ ਵਾਲੀ ਉਪਜ ਵਿਚ ਲੁਕੀ ਹੁੰਦੀ ਹੈ, ਇਵੇਂ ਹੀ ਇਸਤਰੀ ਦੀ ਪ੍ਰਸੰਨਤਾ ਉਸ ਦੀ ਕੁੱਖ ਵਿਚੋਂ ਜਨਮ ਲੈਣ ਵਾਲੀ ਉਸ ਦੀ ਸੰਤਾਨ ਵਿਚ ਛੁਪੀ ਹੁੰਦੀ ਹੈ।

ਇਕ ਗਰਭਵਤੀ ਇਸਤਰੀ ਅਤੇ ਭਰਪੂਰ ਫਸਲ ਵਾਲੇ ਖੇਤ ਦੇ ਕਿਸਾਨ ਦੀ ਬਿਰਤੀ ਲਗਭਗ ਇਕੋ ਪ੍ਰਕਾਰ ਦੀ ਹੁੰਦੀ ਹੈ। ਇਸ ਸਮੇਂ ਦੌਰਾਨ ਦੋਵੇਂ ਕਿਸੇ ਦਾ ਦਿਲ ਦੁਖਾਉਣ ਤੋਂ ਸੰਕੋਚ ਕਰਦੇ ਹਨ, ਦੋਹਾਂ ਦੇ ਦਿਲਾਂ ਵਿਚ ਸਭ ਕੁਝ ਨਸ਼ਟ ਹੋ ਜਾਣ ਦਾ ਭੈਅ ਹੁੰਦਾ ਹੈ, ਸੋ ਦੋਹਾਂ ਦੇ ਦਿਲ ਉੱਚੀ ਅਰਦਾਸ ਵਿਚ ਜੁੜੇ ਹੁੰਦੇ ਹਨ।

ਦੋਹਾਂ ਦੀ ਬਿਰਤੀ ਕਾਰਜ ਦੇ ਸੰਪੂਰਣ ਹੋਣ 'ਤੇ ਟਿਕੀ ਹੁੰਦੀ ਹੈ, ਸੋ ਦੋਵੇਂ ਲੋੜੀਂਦੀਆਂ ਰਹੁ-ਰੀਤਾਂ ਨੂੰ ਖਿੜੇ ਮੱਥੇ ਪੂਰੀਆਂ ਕਰਦੇ ਹਨ।

ਸੰਸਾਰ ਦੇ ਵੱਖ-ਵੱਖ ਧਰਮ ਨਿਵੇਕਲੀਆਂ ਰਹੁ-ਰੀਤਾਂ ਉਤੇ ਉਸਰੇ ਹੋਏ ਹਨ।

ਸੰਸਾਰ ਦੇ ਸਾਰੇ ਧਰਮਾਂ ਦੇ ਬਾਨੀ ਭਾਵੇਂ ਪੁਰਸ਼ ਹੋਏ ਹਨ ਪਰ ਰਹੁ-ਰੀਤਾਂ ਨੂੰ ਨਿਭਾਉਣ, ਪ੍ਰਚਾਰਨ, ਅਗਲੀ ਪੀੜ੍ਹੀ ਨੂੰ ਉਨ੍ਹਾਂ ਵਿਚ ਪਪੱਕ ਕਰਨ ਅਤੇ ਆਪ ਉਨ੍ਹਾਂ ਵਿਚ ਦ੍ਰਿੜ੍ਹ ਰਹਿਣ ਦਾ ਕਾਰਜ ਇਸਤਰੀਆਂ ਨੇ ਕੀਤਾ ਹੈ।

ਪੁਰਸ਼, ਜੀਵਨ ਨੂੰ ਅਗਲੇ ਪਾਸੇ ਵੱਲ ਖਿੱਚਦਾ ਹੈ, ਜਦੋਂ ਕਿ ਇਸਤਰੀ ਅਤੀਤ ਦਾ ਪੱਲਾ ਨਹੀਂ ਛੱਡਦੀ, ਸੋ ਨਤੀਜਾ ਇਹ ਹੁੰਦਾ ਹੈ ਕਿ ਸਮਾਜ ਵਿਚ ਅਤੀਤ ਅਤੇ ਵਰਤਮਾਨ, ਵਿਸ਼ਵਾਸ ਅਤੇ ਤਰਕ, ਪੁਰਾਤਨਤਾ ਅਤੇ ਆਧੁਨਿਕਤਾ, ਸੰਤੋਖ ਅਤੇ ਅਭਿਲਾਸ਼ਾ, ਧਰਮ ਅਤੇ ਵਿਗਿਆਨ, ਰਹੁ-ਰੀਤਾਂ ਅਤੇ ਨਵੀਨ ਕਾਰਜ-ਵਿਧੀਆਂ ਵਿਚ ਸੰਤੁਲਨ ਬਣਿਆ ਰਹਿੰਦਾ ਹੈ। ਇਸ ਸੰਤੁਲਨ ਦੀ ਬੜੀ ਮਹੱਤਤਾ ਹੈ।

ਪੁਰਸ਼ ਹਰਕਤ ਦਾ ਪ੍ਰਤੀਕ ਹੈ, ਇਸਤਰੀ ਟਿਕਾਉ ਦੀ।

ਬੁੱਧੀ ਦਾ ਸੁਭਾਅ ਪੁਰਸ਼ ਵਾਲਾ ਹੈ, ਸਮਝ ਦਾ ਸੁਭਾਅ ਇਸਤਰੀ ਵਾਲਾ ਹੈ।

ਪੁਰਸ਼ ਜੰਗ-ਯੁੱਧ ਦਾ ਪ੍ਰਤੀਕ ਹੈ, ਇਸਤਰੀ ਅਮਨ-ਸ਼ਾਂਤੀ ਦੀ।

ਪੁਰਸ਼ ਗਿਆਨ ਨੂੰ ਆਪਣੀ ਪ੍ਰਾਪਤੀ ਸਮਝਦਾ ਹੈ, ਇਸਤਰੀ ਵਿਸ਼ਵਾਸ ਨੂੰ ਆਪਣੀ ਪੂੰਜੀ ਸਮਝਦੀ ਹੈ। ਇਸੇ ਕਰ ਕੇ ਇਸਤਰੀ ਰਹੁ-ਰੀਤਾਂ ਨੂੰ ਵਧੇਰੇ ਗੰਭੀਰਤਾ ਨਾਲ ਅਪਣਾਉਂਦੀ ਹੈ ਅਤੇ ਪੂਰਾ ਕਰਦੀ ਹੈ। ਇਸੇ ਕਾਰਨ ਕਰਕੇ ਇਸਤਰੀ, ਕੁਦਰਤ ਅਤੇ ਸਮਾਜ ਨਾਲ ਵਧੇਰੇ ਇਕ-ਸੁਰ ਹੁੰਦੀ ਹੈ।

ਰਹੁ-ਰੀਤਾਂ ਖੇਤੀਬਾੜੀ ਸਮਾਜ ਦਾ ਹੀ ਵਰਤਾਰਾ ਨਹੀਂ, ਆਧੁਨਿਕ ਯੁੱਗ ਦੀਆਂ ਆਪਣੀਆਂ ਰਹੁ-ਰੀਤਾਂ ਹਨ। ਆਧੁਨਿਕ ਯੁੱਗ ਦੀਆਂ ਰਹੁ-ਰੀਤਾਂ ਨੂੰ ਨਾਂ ਭਾਵੇਂ ਨਵੇਂ ਦੇ ਦਿੱਤੇ ਗਏ ਹਨ ਪਰ ਉਨ੍ਹਾਂ ਦਾ ਕੇਂਦਰੀ ਲੱਛਣ ਪੁਰਾਤਨ ਰਹੁ-ਰੀਤਾਂ ਵਾਲਾ ਹੀ ਹੈ। ਚੋਣਾਂ ਦੀਆਂ ਆਪਣੀਆਂ ਰਹੁ-ਰੀਤਾਂ ਹਨ। ਅਦਾਲਤਾਂ ਦਾ ਕੰਮ ਕਰਨ ਦਾ ਆਪਣਾ ਢੰਗ ਹੈ। ਕਿਸੇ ਨੂੰ ਇਨਾਮ ਜਾਂ ਦੰਡ ਦੇਣ ਸਮੇਂ ਵੀ ਵਿਸ਼ੇਸ਼ ਰਹੁ-ਰੀਤਾਂ ਦੀ ਪੂਰਤੀ ਕੀਤੀ ਜਾਂਦੀ ਹੈ।

ਤਲਾਕ ਲੈਣ-ਦੇਣ ਦਾ ਵੀ ਇਕ ਵਿਸ਼ੇਸ਼ ਢੰਗ-ਤਰੀਕਾ ਹੁੰਦਾ ਹੈ।

ਅਜੋਕੀਆਂ ਰਹੁ-ਰੀਤਾਂ ਦਾ ਸੁਭਾਅ ਧਾਰਮਿਕ ਦੀ ਥਾਂ ਰਾਜਨੀਤਕ, ਆਰਥਿਕ ਅਤੇ ਸਮਾਜਿਕ ਵਧੇਰੇ ਹੈ।

ਮਨੁੱਖ ਦਾ ਹਰ ਵਰਤਾਰਾ ਅੰਤਲੇ ਰੂਪ ਵਿਚ ਉਸ ਦੇ ਸਮਾਜ ਦਾ ਪ੍ਰੇਰਿਆ ਹੁੰਦਾ ਹੈ ਅਤੇ ਮੋੜਵੇਂ ਰੂਪ ਵਿਚ ਇਹ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ।

ਇਸ ਆਧਾਰ ਉਤੇ ਕਿਹਾ ਜਾ ਸਕਦਾ ਹੈ ਕਿ ਨਵੀਆਂ ਰਹੁ-ਰੀਤਾਂ ਜਾਂ ਕਾਰਜ-ਵਿਧੀਆਂ ਦਾ ਉਦੇਸ਼ ਵੀ ਚਿੰਤਾ ਤੋਂ ਮੁਕਤ ਹੋਣਾ, ਜੀਵਨ ਨੂੰ ਨਿਰਵਿਘਨ ਬਣਾਉਣਾ ਅਤੇ ਸੁਖ-ਸ਼ਾਂਤੀ ਵਰਤਾਉਣਾ ਅਤੇ ਲੋਕਾਂ ਵਿਚ ਆਤਮ-ਵਿਸ਼ਵਾਸ ਉਪਜਾਉਣਾ ਹੁੰਦਾ ਹੈ।

ਉਦਾਹਰਣ ਵਜੋਂ ਜੰਗ ਦਾ ਉਦੇਸ਼ ਭਾਵੇਂ ਦੁਸ਼ਮਣ ਨੂੰ ਤਬਾਹ ਕਰਨਾ ਹੁੰਦਾ ਹੈ ਪਰ ਇਸ ਦੀਆਂ ਵੀ ਕੁਝ ਰਹੁ-ਰੀਤਾਂ ਹਨ। ਜਿਹੜੀ ਧਿਰ ਇਨ੍ਹਾਂ ਦੀ ਪਾਲਣਾ ਕਰਦੀ ਹੈ, ਉਸ ਪ੍ਰਤੀ ਸਾਡਾ ਦ੍ਰਿਸ਼ਟੀਕੋਣ, ਇਨ੍ਹਾਂ ਦੀ ਪਾਲਣਾ ਨਾ ਕਰਨ ਵਾਲੀ ਧਿਰ ਪ੍ਰਤੀ ਦ੍ਰਿਸ਼ਟੀਕੋਣ ਨਾਲੋਂ, ਵੱਖਰੀ ਭਾਂਤ ਦਾ ਹੁੰਦਾ ਹੈ।

ਜੰਗ ਦਾ ਆਰੰਭ ਅਤੇ ਅੰਤ ਇਕ ਵਿਸ਼ਾਲ ਸਮਾਗਮ ਵਾਂਗ ਕੀਤਾ ਜਾਂਦਾ ਹੈ।

ਖੇਡਾਂ ਵਿੱਚ ਵੀ ਜੰਗ ਵਾਲੀਆਂ ਰਹੁ-ਰੀਤਾਂ ਨਿਭਾਈਆਂ ਜਾਂਦੀਆ ਹਨ।

ਜਦੋਂ ਘਰ ਵਿਚ ਕਿਸੇ ਪ੍ਰਕਾਰ ਦਾ ਸਮਾਗਮ ਕੀਤਾ ਜਾਵੇ ਤਾਂ ਉਸ ਨੂੰ ਆਰੰਭ ਕਰਨ ਅਤੇ ਸਿਰੇ ਚੜ੍ਹਾਉਣ ਦਾ ਇਕ ਨਿਸ਼ਚਿਤ ਢੰਗ ਹੁੰਦਾ ਹੈ।

ਇਸ ਢੰਗ ਦੀ ਪੂਰਤੀ ਨਾਲ ਹੀ ਸਾਨੂੰ ਸੰਤੁਸ਼ਟਤਾ ਮਿਲਦੀ ਹੈ, ਇਸ ਢੰਗ ਦੀ ਅਵੱਗਿਆ ਕਰਨ ਨਾਲ ਤਣਾਓ ਉਪਜਦਾ ਹੈ।

ਵਿਸ਼ਵਾਸ ਰਹੁ-ਰੀਤਾਂ ਦੀ ਬੁਨਿਆਦ ਹੁੰਦਾ ਹੈ। ਜਿਤਨਾ ਵਧੇਰੇ ਵਿਸ਼ਵਾਸ ਹੋਵੇਗਾ, ਉਤਨੀ ਹੀ ਵਧੇਰੇ ਮਾਨਸਿਕ ਤਸੱਲੀ ਮਿਲੇਗੀ।

ਅਸੀਂ ਇਕ ਨਿਸ਼ਚਿਤ ਰਹੁ-ਰੀਤ ਅਨੁਸਾਰ ਪਰਮਾਤਮਾ ਅੱਗੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਦੇ ਹਾਂ ਅਤੇ ਅਰਦਾਸ ਕਰਨ ਉਪਰੰਤ ਇਹ ਵਿਸ਼ਵਾਸ ਕਰ ਲੈਂਦੇ ਹਾਂ ਕਿ ਵਿਛੜੀ ਆਤਮਾ ਸ਼ਾਂਤ ਹੋ ਗਈ ਹੋਵੇਗੀ।

ਭਾਵੇਂ ਮਨੁੱਖ ਬੜਾ ਤਰਕਸ਼ੀਲ ਹੋ ਗਿਆ ਹੈ ਪਰ ਉਸ ਦਾ ਧੁਰ ਅੰਦਰਲਾ ਅਜੇ ਵੀ ਅੰਧ-ਵਿਸ਼ਵਾਸੀ ਹੈ।

ਨਿਰਸੰਦੇਹ ਮਨੁੱਖ ਦੀ ਸੋਚ ਬਦਲ ਰਹੀ ਹੈ ਪਰ ਉਹ ਨਾਲ ਹੀ ਨਵੀਆਂ ਰਹੁ-ਰੀਤਾਂ ਵੀ ਸਿਰਜ ਰਿਹਾ ਹੈ।

ਵਿਗਿਆਨੀ ਵੀ ਪ੍ਰਯੋਗਸ਼ਾਲਾ ਵਿਚ ਇਕ ਨਿਸ਼ਚਿਤ ਰਹੁ-ਰੀਤ ਨੂੰ ਪਾਲ ਕੇ ਹੀ ਪ੍ਰਯੋਗ ਕਰਦੇ ਹਨ।

ਅਜੋਕੇ ਯੁੱਗ ਦੀਆਂ ਰਹੁ-ਰੀਤਾਂ ਵਿਚ ਤਰਕਸ਼ੀਲਤਾ ਦਾ ਅੰਸ਼ ਵਧੇਰੇ ਹੈ, ਜਦੋਂ ਕਿ ਪਰੰਪਰਾਗਤ ਸਮਾਜ ਦੀਆਂ ਰਹੁ-ਰੀਤਾਂ ਵਿਚ ਵਿਸ਼ਵਾਸ ਦੀ ਪ੍ਰਧਾਨਤਾ ਹੁੰਦੀ ਹੈ।

ਚੰਦਰਮਾ ਦੇ ਹਰ ਪੱਖ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਦੱਸਿਆ ਜਾ ਸਕਦਾ ਹੈ ਪਰ ਇਸਲਾਮੀ ਸਭਿਆਚਾਰ ਵਿਚ ਈਦ ਨਾਲ ਜੁੜੀਆਂ ਰਹੁ-ਰੀਤਾਂ ਕੇਵਲ ਅਤੇ ਕੇਵਲ ਵਿਸ਼ਵਾਸ ਉੱਤੇ ਆਧਾਰਿਤ ਹਨ।

ਹੁਣ ਜਦੋਂ ਕੋਈ ਸਮਾਗਮ ਹੁੰਦਾ ਹੈ ਤਾਂ ਉਥੇ ਰਹੁ-ਰੀਤਾਂ ਦੀ ਪਾਲਣਾ ਸਮੇਂ ਦੋਵੇਂ, ਵਿਗਿਆਨਕ ਅਤੇ ਵਿਸ਼ਵਾਸ-ਆਧਾਰਿਤ ਦ੍ਰਿਸ਼ਟੀਕੋਣ, ਵੇਖਣ ਨੂੰ ਮਿਲਦੇ ਹਨ।

ਜਿਨ੍ਹਾਂ ਦਾ ਦ੍ਰਿਸ਼ਟੀਕੋਣ ਵਿਗਿਆਨਕ ਹੈ, ਉਨ੍ਹਾਂ ਨੂੰ ਵਿਗਿਆਨਕ ਰਹੁ-ਰੀਤਾਂ ਵਿਚੋਂ ਅਤੇ ਜਿਨ੍ਹਾਂ ਦਾ ਦ੍ਰਿਸ਼ਟੀਕੋਣ ਧਾਰਮਿਕ ਹੈ, ਉਨ੍ਹਾਂ ਨੂੰ ਵਿਸ਼ਵਾਸ-ਆਧਾਰਿਤ ਰਹੁ-ਰੀਤਾਂ ਵਿਚੋਂ ਤਸੱਲੀ ਮਿਲਦੀ ਹੈ।

ਸਮਾਜਵਾਦੀ ਦੇਸ਼ਾਂ ਵਿਚ ਵੀ ਅਦਾਲਤੀ ਵਿਆਹ ਉਪਰੰਤ, ਨਵ-ਵਿਆਹਿਆ ਜੋੜਾ ਕਿਸੇ ਥਾਂ ਆਪਣਾ ਸਤਿਕਾਰ ਭੇਟ ਕਰਨ ਜਾਂ ਮੱਥਾ ਟੇਕਣ ਜਾਂ ਫੇਰਾ ਪਾਉਣ ਦੀ ਰੀਤ ਪੂਰੀ ਕਰਨ ਲਈ ਜ਼ਰੂਰ ਜਾਂਦਾ ਹੈ।

ਰਹੁ-ਰੀਤਾਂ ਸਾਡੇ ਅਨੇਕਾਂ ਸੰਸਿਆਂ ਨੂੰ ਦੂਰ ਕਰ ਕੇ ਭਾਵਕ ਸ਼ਾਂਤੀ ਦਿੰਦੀਆਂ ਹਨ ਅਤੇ ਰਹੁ-ਰੀਤਾਂ ਰਾਹੀਂ ਹੀ ਅਸੀਂ ਆਪਣੇ ਅੰਦਰਲੇ ਨਾਲ ਇਕ-ਸੁਰ ਹੁੰਦੇ ਹਾਂ।

ਮਨੁੱਖ ਕੇਵਲ ਕਾਰਜ ਹੀ ਨਹੀਂ ਕਰਦਾ, ਉਹ ਸੋਚਦਾ ਅਤੇ ਮਹਿਸੂਸ ਵੀ ਕਰਦਾ ਹੈ। ਕਾਰਜ-ਸੋਚ-ਅਨੁਭਵ ਇਕ ਹੀ ਵਰਤਾਰੇ ਦੇ ਪੱਖ ਹਨ। ਰਹੁ-ਰੀਤਾਂ ਵਿਚ ਇਨ੍ਹਾਂ ਤਿੰਨਾਂ ਦਾ ਰੋਲ ਹੁੰਦਾ ਹੈ।

ਰਹੁ-ਰੀਤਾਂ ਪੂਰੀਆਂ ਕਰਦਿਆਂ ਕੋਈ ਸਿੱਧਾ ਉਦੇਸ਼ ਸਾਹਮਣੇ ਨਹੀਂ ਰੱਖਿਆ ਜਾਂਦਾ ਸਗੋਂ ਅਸਿੱਧੇ ਢੰਗ ਨਾਲ ਉਦੇਸ਼ ਪੂਰਤੀ ਕੀਤੀ ਜਾਂਦੀ ਹੈ।

ਜਦੋਂ ਮਨ ਦੀ ਸ਼ਾਂਤੀ ਵਾਸਤੇ ਕੋਈ ਰਹੁ-ਰੀਤ ਪੂਰੀ ਕੀਤੀ ਜਾਂਦੀ ਹੈ ਤਾਂ ਕੋਈ ਕਿਸਾਨ ਅਜਿਹਾ ਕਰਦਿਆਂ ਭਰਪੂਰ ਫਸਲ ਦੀ ਇੱਛਾ ਵੀ ਕਰ ਰਿਹਾ ਹੁੰਦਾ ਹੈ ਪਰ ਰਹੁ-ਰੀਤ ਪੂਰੀ ਕਰਦਿਆਂ ਉਹ ਖੇਤ ਜਾਂ ਫਸਲ ਦੀ ਚਰਚਾ ਨਹੀਂ ਕਰੇਗਾ।

ਮੌਤ ਨਾਲ ਸਬੰਧਤ ਰਹੁ-ਰੀਤਾਂ ਵਿਚ ਉਦੇਸ਼ ਪਿੱਛੇ ਰਹਿ ਗਿਆਂ ਦੇ ਮਨਾਂ ਵਿਚੋਂ ਡਰ ਕੱਢਣਾ ਅਤੇ ਆਤਮ-ਵਿਸ਼ਵਾਸ ਜਗਾਉਣਾ ਹੁੰਦਾ ਹੈ।

ਪ੍ਰਸੂਤ ਨਾਲ ਸਬੰਧਤ ਰਹੁ-ਰੀਤਾਂ ਵਿਚ ਭਾਸ਼ਾ ਧੰਨਵਾਦ ਅਤੇ ਸ਼ੁਕਰਾਨੇ ਦੀ ਵਰਤੀ ਜਾਂਦੀ ਹੈ ਪਰ ਉਦੇਸ਼ ਦਰਦ ਤੋਂ ਮੁਕਤ ਹੋਣਾ ਅਤੇ ਜਨਮ ਲੈਣ ਵਾਲੇ ਬੱਚੇ ਦੀ ਲੰਮੀ ਤੰਦਰੁਸਤ ਉਮਰ ਨੂੰ ਸੰਭਵ ਬਣਾਉਣਾ ਹੁੰਦਾ ਹੈ।

ਵਰਤ ਦੀਆਂ ਰਹੁ-ਰੀਤਾਂ ਵਿਚ ਪ੍ਰਗਟ ਉਦੇਸ਼ ਆਤਮਾ ਅਤੇ ਸਰੀਰ ਦੀ ਸ਼ੁੱਧੀ ਹੁੰਦਾ ਹੈ ਪਰ ਛੁਪਿਆ ਉਦੇਸ਼ ਜੀਵਨ ਵਿਚ ਵਧੇਰੇ ਸਫਲਤਾ ਹੁੰਦਾ ਹੈ।

ਜਿਤਨਾ ਵੱਡਾ ਵਿਸ਼ਵਾਸ ਹੋਵੇਗਾ, ਉਤਨੀਆਂ ਹੀ ਰਹੁ-ਰੀਤਾਂ ਮਾਨਸਿਕ ਸ਼ਾਂਤੀ ਦਾ ਵਧੇਰੇ ਸਾਧਨ ਬਣਨਗੀਆਂ।

ਰਹੁ-ਰੀਤਾਂ ਨਾ ਕੇਵਲ ਹੌਸਲਾ, ਆਤਮ-ਵਿਸ਼ਵਾਸ ਅਤੇ ਨੈਤਿਕ ਬਲ ਪ੍ਰਦਾਨ ਕਰਦੀਆਂ ਹਨ ਸਗੋਂ ਸਮੁੱਚੇ ਸਮਾਜ ਦੇ ਭਲੇ ਲਈ ਸਾਨੂੰ ਇਕ-ਦੂਜੇ ਨਾਲ ਅਪਣੱਤ ਅਤੇ ਮਿਲਵਰਤਣ ਦੀ ਭਾਵਨਾ ਨਾਲ ਜੋੜਦੀਆਂ ਵੀ ਹਨ।

ਰਹੁ-ਰੀਤਾਂ ਵਿਚ ਵਰਤੀ ਜਾਣ ਵਾਲੀ ਸਮੱਗਰੀ ਪ੍ਰਤੀਕਮਈ ਹੁੰਦੀ ਹੈ।

ਕਿਸੇ ਸਮਾਧ ਉੱਤੇ ਦੀਵਾ ਬਾਲਣਾ ਸ਼ਰਧਾ ਦਾ ਪ੍ਰਤੀਕ ਹੈ।

ਯੱਗ, ਯਤਨ ਅਤੇ ਕੁਰਬਾਨੀ ਦਾ ਪ੍ਰਤੀਕ ਹੁੰਦਾ ਹੈ।

ਰਹੁ-ਰੀਤਾਂ ਦਾ ਮਹੱਤਵ ਆਪਣੇ ਸਮਾਜ ਵਿਚ ਹੀ ਪ੍ਰਗਟ ਹੁੰਦਾ ਹੈ।

ਕਿਸੇ ਦੂਜੇ ਸਮਾਜ ਦੀਆਂ ਰਹੁ-ਰੀਤਾਂ ਸਾਨੂੰ ਪਖੰਡ, ਅਡੰਬਰ ਅਤੇ ਅੰਧ-ਵਿਸ਼ਵਾਸ ਹੀ ਪ੍ਰਤੀਤ ਹੁੰਦੀਆਂ ਹਨ।

ਰਹੁ-ਰੀਤਾਂ ਨੂੰ ਪੂਰਾ ਕਰਨ ਦੀ ਵਿਧੀ ਅਸੀਂ ਸੁੱਤੇ-ਸਿੱਧ ਹੀ ਸਿਖ ਲੈਂਦੇ ਹਾਂ ਅਤੇ ਇਹ ਵਿਧੀ ਸਿਖੀ ਹੋਈ ਹੋਣ ਕਾਰਨ ਸਰਲ ਅਤੇ ਸੌਖੀ ਪ੍ਰਤੀਤ ਹੁੰਦੀ ਹੈ।

ਸਾਡੇ ਸਮੁੱਚੇ ਜੀਵਨ ਦਾ ਭਾਗ ਹੋਣ ਕਾਰਨ, ਰਹੁ-ਰੀਤਾਂ ਨੂੰ ਪੂਰਾ ਕਰ ਕੇ ਅਸੀਂ ਆਪਣੇ ਆਪ ਨੂੰ ਆਪਣੇ ਸਮਾਜ ਦਾ ਸਜੀਵ ਅੰਗ ਮਹਿਸੂਸ ਕਰਦੇ ਹਾਂ।

ਜਦੋਂ ਤਕ ਘਰਾਂ ਵਿਚ ਰੋਟੀ ਪੱਕਦੀ ਰਹੇਗੀ, ਜਦੋਂ ਤਕ ਜਵਾਨ ਦਿਲਾਂ ਵਿਚ ਇਕ ਦੂਜੇ ਦੇ ਸਾਥ ਦੀ ਤਾਂਘ ਉਪਜਦੀ ਰਹੇਗੀ, ਜਦੋਂ ਤਕ ਮਨੁੱਖ ਦੇ ਜਨਮ ਅਤੇ ਮਰਨ ਦਾ ਗੇੜ ਚਲਦਾ ਰਹੇਗਾ, ਜਦੋਂ ਤਕ ਡਰ, ਭੈਅ ਅਤੇ ਸੰਸੇ ਮਨੁੱਖੀ ਮਨ ਵਿਚ ਉਪਜਦੇ ਰਹਿਣਗੇ,

ਉਦੋਂ ਤਕ ਕਿਸੇ ਨਾ ਕਿਸੇ ਪ੍ਰਕਾਰ ਦੀਆਂ ਰਹੁ-ਰੀਤਾਂ, ਮਨੁੱਖ ਦੇ ਮਨ ਲਈ ਡੂੰਘੇ ਧਰਵਾਸ ਦਾ ਸੋਮਾ ਬਣੀਆਂ ਅਤੇ ਬਣਦੀਆਂ ਰਹਿਣਗੀਆ।

ਰਹੁ-ਰੀਤਾਂ ਦਾ ਸਬੰਧ ਮਨੁੱਖ ਦੇ ਬੌਧਿਕ ਵਿਕਾਸ ਨਾਲ ਨਹੀਂ, ਉਸ ਦੀ ਭਾਵਕ-ਸੰਤੁਸ਼ਟਤਾ ਨਾਲ ਹੁੰਦਾ ਹੈ। ਰਹੁ-ਰੀਤਾਂ ਤੋਂ ਬਿਨਾਂ ਮਨੁੱਖ ਦੀ ਅਕਲ, ਦਰਿਆ ਵਿਚ ਰੁੜ੍ਹਦੇ ਜਾਂਦੇ ਦੀਵੇ ਦੀ ਲੋਅ ਵਾਂਗ, ਕਿਸੇ ਕੰਮ ਨਹੀਂ ਆਵੇਗੀ।

ਰਹੁ-ਰੀਤਾਂ ਸਾਡੇ ਮਨ ਵਿਚ ਜੀਵਨ ਜਿਉਣ ਦੀ ਤਾਂਘ ਨੂੰ ਜਗਦਾ ਰੱਖਦੀਆਂ ਹਨ ਅਤੇ ਸਾਡੇ ਦੁੱਖਾਂ, ਵਿਛੋੜਿਆਂ, ਹੰਝੂਆਂ, ਹਾਵਿਆਂ, ਹੌਕਿਆਂ, ਤਰਲਿਆਂ, ਮਿੰਨਤਾਂ ਅਤੇ ਵੈਣਾਂ ਦਾ ਭਾਰ ਸਾਡੇ ਮਨਾਂ ਤੋਂ ਲਾਹੁੰਦੀਆਂ ਹਨ।

ਰਹੁ-ਰੀਤਾਂ ਨੀਵੀਂ ਪੌੜੀ ਉਤੇ ਵੀ ਉੱਚੇ ਹੋ ਕੇ ਵੇਖਣ ਦਾ ਸਲੀਕਾ ਸਿਖਾਉਂਦੀਆਂ ਹਨ। ਇਹ ਸਾਨੂੰ ਜੀਵਨ ਦੀ ਤਾਲ ਨਾਲ ਜੋੜਦੀਆਂ ਹਨ, ਇਹ ਸਾਨੂੰ ਛੱਪੜ ਤੋਂ ਝੀਲ ਬਣਾਉਂਦੀਆਂ ਹਨ।

☆☆☆

ਨੈਣ-ਨਕਸ਼

ਨੈਣ-ਨਕਸ਼ ਸਾਡੀ ਸ਼ਖ਼ਸੀਅਤ ਦੇ ਦਸਤਖ਼ਤ ਹੁੰਦੇ ਹਨ।

ਨੈਣ-ਨਕਸ਼ਾਂ ਦੇ ਦਿਮਾਗ ਦੇ ਗੁਆਂਢ ਵਿਚ ਵਸਣ ਕਾਰਨ, ਕਿਸੇ ਦੇ ਮਿਲਣ 'ਤੇ ਸਾਡਾ ਪਹਿਲਾ ਧਿਆਨ ਇਨ੍ਹਾਂ ਵੱਲ ਹੀ ਜਾਂਦਾ ਹੈ।

ਜਦੋਂ ਅਸੀਂ ਕਿਸੇ ਨਵੇਂ ਸਭਿਆਚਾਰ ਵਿਚ ਜਾਂਦੇ ਹਾਂ ਤਾਂ ਉਥੋਂ ਦੇ ਲੋਕਾਂ ਦੇ ਵਿਹਾਰ ਤੋਂ ਵੀ ਪਹਿਲਾਂ ਅਸੀਂ ਉਨ੍ਹਾਂ ਦੇ ਨੈਣ-ਨਕਸ਼ਾਂ ਨੂੰ ਨਿਰਖਦੇ-ਪਰਖਦੇ ਹਾਂ ਅਤੇ ਆਪਣੇ ਲੋਕਾਂ ਦੇ ਨੈਣ-ਨਕਸ਼ਾਂ ਨਾਲ ਉਨ੍ਹਾਂ ਦੀ ਭਿੰਨਤਾ ਜਾਂ ਸਮਾਨਤਾ ਨੂੰ ਸਥਾਪਤ ਕਰਦੇ ਹਾਂ।

ਕਿਸੇ ਵੀ ਅਜਨਬੀ ਵਿਅਕਤੀ ਨਾਲ ਡੂੰਘੇ ਰਿਸ਼ਤੇ ਵਾਲੀ ਗੱਲਬਾਤ ਬੜੀ ਮਗਰੋਂ ਜਾ ਕੇ ਸੰਭਵ ਹੁੰਦੀ ਹੈ, ਮੁੱਢਲੀ ਗੱਲਬਾਤ ਕਿਸੇ ਦੇ ਨੈਣ-ਨਕਸ਼ਾਂ ਤੋਂ ਉਪਜੇ ਪ੍ਰਭਾਵਾਂ ਨਾਲ ਹੀ ਸਬੰਧਤ ਹੁੰਦੀ ਹੈ।

ਸੈਂਕੜੇ ਹਜ਼ਾਰਾਂ ਵਰ੍ਹੇ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਵਿਚ ਵਸਣ ਨਾਲ ਕੁਦਰਤ ਚੁੱਪ-ਚੁਪੀਤੇ ਸਾਡੇ ਨੈਣ-ਨਕਸ਼ਾਂ ਨੂੰ ਘੜਨ ਵਿਚ ਰੁੱਝੀ ਰਹਿੰਦੀ ਹੈ ਅਤੇ ਇਹ ਕਿਰਿਆ ਇਤਨੇ ਸਹਿਜ ਰੂਪ ਵਿਚ ਵਾਪਰਦੀ ਹੈ ਕਿ ਇਸ ਨੂੰ ਕੁਦਰਤ ਦੀ ਕਾਰੀਗਰੀ ਅਤੇ ਕਰਾਮਾਤ ਸਮਝਣ ਦੀ ਥਾਂ ਆਪਣੇ ਨੈਣ-ਨਕਸ਼ਾਂ ਨੂੰ ਅਸੀਂ ਮਾਪਿਆਂ ਤੋਂ ਪ੍ਰਾਪਤ ਹੋਣ ਵਾਲੀ ਦਾਤ ਸਮਝ ਕੇ ਸੰਤੁਸ਼ਟ ਹੋ ਜਾਂਦੇ ਹਾਂ।

ਜਦੋਂ ਅਸੀਂ ਆਪਣੀ ਭੂਗੋਲਿਕ ਸਥਿਤੀ ਨੂੰ ਤਿਆਗ ਕੇ ਕਿਸੇ ਮੁੱਢੋਂ ਹੀ ਵੱਖਰੀ ਭਾਂਤ ਦੀ ਭੂਗੋਲਿਕ ਸਥਿਤੀ ਵਿਚ ਵਿਚਰਦੇ ਹਾਂ ਤਾਂ ਬਹੁਤ ਲੰਬੇ ਅਰਸੇ ਤਕ ਸਾਡੇ ਨੈਣ-ਨਕਸ਼ ਨਵੀਂ ਥਾਂ ਦੇ ਲੋਕਾਂ ਦੇ ਨੈਣ-ਨਕਸ਼ਾਂ ਨਾਲ ਮੇਲ ਨਹੀਂ ਖਾਂਦੇ ਅਤੇ ਨਵੀਂ ਥਾਂ ਦੇ ਲੋਕ ਸਾਨੂੰ ਸਾਡੇ ਪੁਰਾਣੇ ਵਿਰਸੇ ਨਾਲ ਹੀ ਜੋੜ ਕੇ ਬੋਲਦੇ-ਬੁਲਾਉਂਦੇ ਅਤੇ ਵਰਤੋਂ-ਵਿਹਾਰ ਕਰਦੇ ਹਨ।

ਸੰਸਾਰ ਦੇ ਅਨੇਕਾਂ ਇਲਾਕੇ ਅਜਿਹੇ ਹਨ, ਜਿੱਥੋਂ ਦੇ ਵਸਨੀਕਾਂ ਨੇ ਹਜ਼ਾਰਾਂ ਸਾਲ ਬਾਕੀ ਦੀ ਦੁਨੀਆਂ ਨਾਲ ਕਿਸੇ ਪ੍ਰਕਾਰ ਦਾ ਸੰਪਰਕ ਸਥਾਪਤ ਨਹੀਂ ਕੀਤਾ ਅਤੇ ਕਈ ਇਲਾਕੇ ਅਜਿਹੇ ਹਨ ਜਿੱਥੇ ਬਾਕੀ ਦੇ ਸੰਸਾਰ ਦੇ ਲੋਕ ਕਦੀ ਧਾੜਵੀਆਂ ਦੇ ਰੂਪ ਵਿਚ, ਕਦੀ ਹਮਲਾਵਰਾਂ ਵਾਂਗ ਅਤੇ ਕਦੀ ਵਪਾਰੀਆਂ ਵਜੋਂ ਅਤੇ ਕਦੀ ਲੁਟੇਰਿਆਂ ਅਤੇ ਕਦੀ ਗੁਲਾਮਾਂ ਵਜੋਂ ਆਉਂਦੇ-ਜਾਂਦੇ ਰਹੇ ਹੁੰਦੇ ਹਨ।

ਭਾਵੇਂ ਸੰਸਾਰ ਵਿਚ ਇਸ ਸਮੇਂ ਕੋਈ ਵੀ ਨਸਲ ਸ਼ੁੱਧ ਨਹੀਂ ਕਹੀ ਜਾ ਸਕਦੀ ਪਰ ਕੁਝ ਨਸਲਾਂ ਘੱਟ ਮਿਸ਼ਰਤ ਹਨ ਅਤੇ ਕੁਝ ਵਧੇਰੇ।

ਜੇ ਸਾਰੇ ਮਨੁੱਖਾਂ ਨੂੰ ਜੀਵ-ਜੰਤੂ ਜਗਤ ਦੀ ਇਕ ਵੰਨਗੀ ਮੰਨ ਲਿਆ ਜਾਵੇ ਤਾਂ ਨੈਣ-ਨਕਸ਼ਾਂ ਦੇ ਪੱਖੋਂ ਸਮੁੱਚੀ ਮਾਨਵ ਜਾਤੀ ਨੂੰ ਤਿੰਨ ਪ੍ਰਮੁੱਖ ਵੰਨਗੀਆਂ ਵਿਚ ਵੰਡਿਆ ਜਾ ਸਕਦਾ ਹੈ, ਜਿਨ੍ਹਾਂ ਦੀ ਨੈਣ-ਨਕਸ਼ਾਂ ਦੇ ਆਧਾਰ ਉੱਤੇ ਪਛਾਣ ਹਰ ਇਕ ਵਿਅਕਤੀ ਸਹਿਜੇ ਹੀ ਕਰ ਸਕਦਾ ਹੈ।

ਮੰਗੋਲ ਉਹ ਵੰਨਗੀ ਹੈ ਜਿਹੜੀ ਮੁੱਖ ਤੌਰ 'ਤੇ ਮੰਗੋਲੀਆ ਅਤੇ ਆਮ ਕਰ ਕੇ ਚੀਨ-ਜਾਪਾਨ-ਕੋਰੀਆ ਆਦਿ ਇਲਾਕਿਆਂ ਵਿਚ ਰਹਿੰਦੀ ਹੈ। ਅਸੀਂ ਭਾਰਤੀ ਇਸ ਵੰਨਗੀ ਨੂੰ ਆਮ ਕਰ ਕੇ ਚੀਨੀ ਕਹਿ ਦਿੰਦੇ ਹਾਂ। ਸਾਡੇ ਆਪਣੇ ਦੇਸ਼ ਵਿਚ ਵਸਣ ਵਾਲੀ ਤਿਬਤੀ ਜਾਂ ਗੋਰਖਾ ਜਾਤੀ ਇਸੇ ਵੰਨਗੀ ਨਾਲ ਸਬੰਧਤ ਹੈ।

ਦੂਜੀ ਵੰਨਗੀ ਕਾਕੇਸ਼ੀਅਨ ਕਹਾਉਂਦੀ ਹੈ।

ਇਸ ਵੰਨਗੀ ਦੇ ਲੋਕ ਯੂਰਪ ਦੇ ਦੇਸ਼ਾਂ ਅਤੇ ਉਤਰੀ ਅਮਰੀਕਾ ਵਿਚ ਰਹਿੰਦੇ ਹਨ। ਅਸੀਂ ਭਾਰਤੀ ਵੀ ਇਸੇ ਵੰਨਗੀ ਵਿਚੋਂ ਹਾਂ ਪਰ ਰੰਗ ਕਾਲਾ ਹੋਣ ਕਰ ਕੇ ਅਸੀਂ ਆਪਣੇ ਆਪ ਨੂੰ ਕੁਝ ਵੱਖਰੀ ਵੰਨਗੀ ਸਮਝਦੇ ਹਾਂ। ਜੇ ਸਾਡਾ ਰੰਗ ਗੋਰਾ ਹੋਵੇ ਤਾਂ ਅਸੀਂ ਵੀ ਅੰਗ੍ਰੇਜ਼ਾਂ ਵਿਚ ਹੀ ਗਿਣੇ ਜਾਵਾਂਗੇ। ਨੈਣ-ਨਕਸ਼ਾਂ ਦੇ ਪੱਖੋਂ ਸਾਡੀ ਅੰਗ੍ਰੇਜ਼ਾਂ ਨਾਲ ਸਾਂਝ ਹੈ ਪਰ ਭੂਗੋਲਿਕ ਅਤੇ ਸਭਿਆਚਾਰਕ ਵੱਖਰੇਵਿਆਂ ਕਾਰਨ ਅਸੀਂ ਰੰਗ-ਰੂਪ ਦੇ ਪੱਖੋਂ ਵੱਖਰੇ ਪ੍ਰਤੀਤ ਹੁੰਦੇ ਹਾਂ।

ਤੀਜੀ ਵੰਨਗੀ ਹਬਸ਼ੀਆਂ ਦੀ ਹੈ, ਜਿਹੜੇ ਅਫਰੀਕਨ ਦੇਸ਼ਾਂ ਵਿਚ ਵਸਦੇ ਹਨ। ਇਨ੍ਹਾਂ ਨੂੰ ਯੂਰਪੀਨ, ਗੁਲਾਮ ਬਣਾ ਕੇ ਅਮਰੀਕਾ ਆਦਿ ਦੇਸ਼ਾਂ ਵਿਚ ਲੈ ਗਏ, ਜਿੱਥੇ ਸਮੇਂ ਦੇ ਬੀਤਣ ਨਾਲ ਇਨ੍ਹਾਂ ਦੀ ਗਿਣਤੀ ਵੱਧ ਗਈ ਹੈ ਪਰ ਨੈਣ-ਨਕਸ਼ ਨਹੀਂ ਬਦਲੇ। ਇਸ ਵੰਨਗੀ ਦੇ ਲੋਕਾਂ ਨੂੰ ਨੀਗਰੋ ਵੀ ਕਹਿੰਦੇ ਹਨ।

ਵੇਖਿਆ ਗਿਆ ਹੈ ਕਿ ਜਦੋਂ ਕੋਈ ਵਿਅਕਤੀ ਕਿਸੇ ਪਰਾਏ ਦੇਸ਼ ਜਾ ਕੇ ਵਸਦਾ ਹੈ ਤਾਂ ਉਸ ਦਾ ਯਤਨ ਇਹ ਹੀ ਹੁੰਦਾ ਹੈ ਕਿ ਉਹ ਨਵੀਂ ਥਾਂ ਜਾ ਕੇ ਉਸ ਇਲਾਕੇ ਵਿਚ ਰਹੇ ਜਿੱਥੋਂ ਦਾ ਪੌਣ-ਪਾਣੀ ਉਸ ਦੀ ਆਪਣੀ ਜਨਮ ਭੂਮੀ ਨਾਲ ਮੇਲ ਖਾਂਦਾ ਹੋਵੇ। ਯੂਰਪੀਨ ਜਾਤੀਆਂ ਦੇ ਲੋਕ ਸਮੁੰਦਰ ਦੇ ਕਿਨਾਰਿਆਂ ਉਤੇ ਸਥਿਤ ਸਨ। ਇਸੇ ਲਈ ਜਦੋਂ ਉਹ ਭਾਰਤ ਆਏ ਤਾਂ ਉਹ ਸਮੁੰਦਰੀ ਤੱਟ ਦੇ ਨੇੜੇ-ਤੇੜੇ ਹੀ ਵਸਣ ਲੱਗ ਪਏ। ਭਾਰਤ ਵਿਚ ਅੰਗ੍ਰੇਜ਼, ਸਪੇਨੀ, ਪੁਰਤਗਾਲੀ, ਫਰਾਂਸੀਸੀ ਆਦਿ ਆਏ ਪਰ ਉਹ ਉਨ੍ਹਾਂ ਇਲਾਕਿਆਂ ਵਿਚ ਹੀ ਕੇਂਦਰਿਤ ਰਹੇ, ਜਿਹੜੇ ਉਨ੍ਹਾਂ ਦੇ ਆਪਣੇ ਦੇਸ਼ ਦੇ ਪੌਣ-ਪਾਣੀ ਨਾਲ ਮੇਲ ਖਾਂਦੇ ਸਨ।

ਭਾਰਤ ਇਕ ਵਿਸ਼ਾਲ ਦੇਸ਼ ਹੈ ਅਤੇ ਇਸ ਵਿਚ ਸਦਾ ਬਰਫਾਂ ਥੱਲੇ ਢਕੇ ਰਹਿਣ ਵਾਲੇ ਪਹਾੜ ਵੀ ਹਨ ਅਤੇ ਪਾਣੀ ਦੀ ਬੂੰਦ-ਬੂੰਦ ਲਈ ਸਹਿਕਦੇ ਮਾਰੂਥਲ ਵੀ, ਇਥੇ ਜੰਗਲ ਵੀ ਹਨ ਅਤੇ ਮਨੁੱਖ ਦੀਆਂ ਆਬਾਦ ਕੀਤੀਆਂ ਬਾਰਾਂ ਵੀ।

ਲੋਕਾਂ ਦੇ ਨੈਣ-ਨਕਸ਼ਾਂ ਦੇ ਪੱਖੋਂ ਭਾਰਤ ਇਕ ਅਜਾਇਬ ਘਰ ਹੈ।

ਸਾਡੇ ਦੇਸ਼ ਵਿਚ ਨੈਣ-ਨਕਸ਼ਾਂ ਦੀ ਵੰਨਗੀ ਦੀ ਭਰਮਾਰ ਹੈ। ਸੈਰ-ਸਪਾਟੇ ਦੀ ਬਿਰਤੀ ਦੀ ਘਾਟ ਕਾਰਨ ਆਪਣੇ ਦੇਸ਼ ਦੇ ਇਸ ਪੱਖ ਦੀ ਵੰਨ-ਸੁਵੰਨਤਾ ਪ੍ਰਤੀ ਅਸੀਂ ਸੁਚੇਤ ਨਹੀਂ

ਹੋਏ, ਇਹੀ ਕਾਰਨ ਹੈ ਕਿ ਦੂਜਿਆਂ ਨੂੰ ਸਮਝਣ ਦੀ ਥਾਂ ਵੱਖ-ਵੱਖ ਨੈਣ-ਨਕਸ਼ਾਂ ਵਾਲੇ ਲੋਕ ਆਪਣੇ ਆਪ ਨੂੰ ਵਡਿਆਉਣ ਵਿਚ ਰੁੱਝੇ ਹੋਏ ਹਨ।

ਅਗਿਆਨਤਾ ਆਪਣੀ ਕਿਸਮ ਦਾ ਘਮੰਡ ਅਤੇ ਗੁਮਾਨ ਸਿਰਜਦੀ ਹੈ।

ਨੈਣ-ਨਕਸ਼ਾਂ ਵਿਚ ਅੱਖਾਂ ਸਭ ਤੋਂ ਵੱਧ ਮਹੱਤਵਪੂਰਨ ਹੁੰਦੀਆਂ ਹਨ।

ਅੱਖਾਂ ਨੂੰ ਹੀ ਨੈਣ ਕਿਹਾ ਜਾਂਦਾ ਹੈ ਅਤੇ ਨੱਕ, ਕੰਨ, ਮੱਥਾ, ਬੁੱਲ੍ਹ ਆਦਿ ਨਕਸ਼ ਕਹੇ ਜਾਂਦੇ ਹਨ, ਅੱਖਾਂ ਸਰੀਰ ਦਾ ਸਭ ਤੋਂ ਚੁੱਸਤ ਭਾਗ ਹੁੰਦੀਆ ਹਨ।

ਜਦੋਂ ਅਸੀਂ ਮੰਗੋਲ, ਕਾਕੇਸ਼ੀਅਨ ਅਤੇ ਨੀਗਰੋ ਵੰਨਗੀਆਂ ਜਾਂ ਨਸਲਾਂ ਦੀ ਗੱਲ ਕਰਦੇ ਹਾਂ ਤਾਂ ਇਨ੍ਹਾਂ ਦੀ ਭਿੰਨਤਾ ਵਿੱਚ ਅੱਖਾਂ ਦੇ ਆਕਾਰ ਅਤੇ ਰੰਗ, ਨੱਕ ਦੇ ਤਿੱਖੇਪਣ ਜਾਂ ਫੀਨ੍ਹੇ ਹੋਣ, ਵੱਡੇ ਜਾਂ ਛੋਟੇ ਹੋਣ, ਬੁੱਲ੍ਹਾਂ ਦੇ ਮੋਟੇ, ਪਤਲੇ, ਸੁੰਗੜੇ ਜਾਂ ਲਮਕੇ ਹੋਣ, ਜਬਾੜ੍ਹੇ ਦੇ ਆਕਾਰ, ਮੱਥੇ ਦੇ ਤਿਕੋਨੇ ਜਾਂ ਚੌੜੇ ਹੋਣ, ਰੰਗ ਦੇ ਗੋਰੇ, ਕਾਲੇ ਜਾਂ ਕਣਕਵੰਨੇ ਹੋਣ, ਕੱਦ ਦੇ ਲੰਮੇ, ਮਧਰੇ ਜਾਂ ਦਰਮਿਆਨੇ ਹੋਣ ਆਦਿ ਦਾ ਵੱਖਰੇਵਾਂ ਹੁੰਦਾ ਹੈ।

ਅੱਖਾਂ ਇਸ ਲਈ ਮਹੱਤਵਪੂਰਨ ਹਨ, ਕਿਉਂਕਿ ਇਹ ਸਾਡੇ ਦਿਮਾਗ ਦਾ ਨੰਗਾ ਭਾਗ ਹਨ। ਸੋਚ, ਸਮਝ, ਮੂਰਖਤਾ, ਸਿਆਣਪ, ਪਾਗਲਪਣ, ਘਬਰਾਹਟ, ਸ਼ਾਂਤੀ ਆਦਿ ਦੇ ਭਾਵ ਅੱਖਾਂ ਰਾਹੀਂ ਹੀ ਪ੍ਰਗਟ ਹੁੰਦੇ ਹਨ।

ਦਿਸਦੇ ਸੰਸਾਰ ਬਾਰੇ ਸਾਡੇ ਸਾਰੇ ਗਿਆਨ ਦਾ ਤਿੰਨ-ਚੌਥਾਈ ਭਾਗ ਸਾਨੂੰ ਅੱਖਾਂ ਰਾਹੀਂ ਪ੍ਰਾਪਤ ਹੁੰਦਾ ਹੈ। ਕਿਸੇ ਵਸਤ ਦਾ ਆਕਾਰ, ਰੰਗ, ਰੂਪ, ਦੂਰੀ, ਸਥਿਤੀ, ਉਪਯੋਗਤਾ ਆਦਿ ਨੂੰ ਅਸੀਂ ਅੱਖਾਂ ਨਾਲ ਹੀ ਪਰਖਦੇ ਹਾਂ।

ਅੱਖਾਂ ਦੀਆਂ ਸਮੱਸਿਆਵਾਂ ਦੀ ਉਮਰ ਲੰਬੀ ਨਹੀਂ। ਜਦੋਂ ਤੋਂ ਮਨੁੱਖ ਨੂੰ ਬਹੁਤ ਨੇੜਿਓਂ ਵੇਖਣ ਦੀ ਲੋੜ ਪਈ ਹੈ, ਉਸ ਦੀਆਂ ਅੱਖਾਂ ਦਾ ਆਕਾਰ ਸੁੰਗੜਦਾ ਗਿਆ ਹੈ। ਦੂਰ ਵੇਖਣ ਲਈ ਅਸੀਂ ਅੱਖਾਂ ਨੂੰ ਵਧੇਰੇ ਖੋਲ੍ਹਦੇ ਹਾਂ ਅਤੇ ਨੇੜੇ ਵੇਖਣ ਲਈ ਦ੍ਰਿਸ਼ਟੀ ਨੂੰ ਕੇਂਦਰਿਤ ਕਰਨ ਲਈ ਇਨ੍ਹਾਂ ਨੂੰ ਸੁਕੇੜਦੇ ਹਾਂ।

ਮਾਰੂਥਲਾਂ ਵਾਂਗ, ਜਿੱਥੇ ਲਿਸ਼ਕੋਰ ਵਧੇਰੇ ਹੁੰਦੀ ਹੈ, ਉਥੋਂ ਦੇ ਲੋਕਾਂ ਦੀਆਂ ਅੱਖਾਂ ਨਿੱਕੀਆਂ ਹੁੰਦੀਆਂ ਹਨ ਅਤੇ ਜਿੱਥੇ ਰੋਸ਼ਨੀ ਦੀ ਘਾਟ ਹੋਵੇ, ਉਥੇ ਵਸ੍ਣ ਵਾਲੇ ਲੋਕਾਂ ਦੀਆਂ ਅੱਖਾਂ ਵੱਡੀਆਂ ਹੁੰਦੀਆਂ ਹਨ।

ਹਨੇਰੇ ਵਿਚ ਅਸੀਂ ਅੱਖ ਨੂੰ ਫੈਲਾਉਂਦੇ ਹਾਂ ਅਤੇ ਧੁੱਪ ਵਿਚ ਇਸ ਨੂੰ ਲਗਭਗ ਬੰਦ ਹੀ ਕਰ ਲੈਂਦੇ ਹਾਂ। ਦੂਰ ਵੇਖਣ ਵਾਸਤੇ ਵੀ ਅਸੀਂ ਅੱਖਾਂ ਫੈਲਾਉਂਦੇ ਹਾਂ।

ਨਿਰਸੰਦੇਹ ਸ਼ਿਕਾਰ ਯੁੱਗ ਵਿਚ ਮਨੁੱਖ ਨੂੰ ਦੂਰ ਤਕ ਵੇਖਣ ਦੀ ਲੋੜ ਸੀ, ਸੋ ਉਸ ਦੀਆਂ ਅੱਖਾ ਦੇ ਡੇਲੇ ਵੱਡੇ ਸਨ।

ਭਾਵੇਂ ਇਹ ਹੈਰਾਨੀ ਭਰਿਆ ਤੱਥ ਲੱਗੇ ਪਰ ਸਾਰੇ ਲੋਕ ਸਾਰੇ ਰੰਗਾਂ ਨੂੰ ਇਕੋ ਢੰਗ ਨਾਲ ਨਹੀਂ ਵੇਖਦੇ। ਜੇ ਇਕੋ ਢੰਗ ਨਾਲ ਵੇਖਦੇ ਹੁੰਦੇ ਤਾਂ ਅਸੀਂ ਸਾਰੇ ਲਗਭਗ ਇਕੋ ਜਿਹੇ ਰੰਗ ਪਹਿਨਦੇ।

ਮਾਨਸਿਕ ਵਿਕਾਸ ਅਤੇ ਆਲੇ-ਦੁਆਲੇ ਦੇ ਗੁੰਝਲਦਾਰ ਹੋਣ ਨਾਲ ਸਾਡੀਆਂ ਅੱਖਾਂ ਦੀ ਕਾਰਜ-ਕੁਸ਼ਲਤਾ ਬਦਲਦੀ ਹੈ। ਅਨਪੜ੍ਹ ਅਤੇ ਵਿਦਵਾਨ ਦੀ ਤੱਕਣੀ ਵਿਚ ਅੰਤਰ ਬਾਰੇ ਦੱਸਣ ਦੀ ਲੋੜ ਨਹੀਂ।

ਅੰਨ੍ਹਿਆਂ ਨੂੰ ਸੁਪਨਿਆਂ ਵਿਚ ਵੀ ਦ੍ਰਿਸ਼ ਨਹੀ ਦਿਸਦੇ ਅਤੇ ਜਾਗਦਿਆਂ ਵੀ ਉਹ ਅੱਖਾਂ ਦਾ ਕੰਮ, ਆਪਣੀ ਸੁਣਨ, ਸੁੰਘਣ ਅਤੇ ਛੂਹਣ ਦੀ ਸ਼ਕਤੀ ਨਾਲ ਸਾਰਦੇ ਹਨ।

ਘੱਟ ਉਮਰ ਦੇ ਵਿਅਕਤੀ ਹਨੇਰੇ ਵਿਚ ਵਧੇਰੇ ਸੌਖ ਨਾਲ ਵੇਖ ਸਕਦੇ ਹਨ।

ਕੁਦਰਤ ਨੇ ਅੱਖਾਂ ਨੂੰ ਇਸ ਢੰਗ ਨਾਲ ਹੱਡੀਆਂ ਦੀ ਸੁਰੱਖਿਆ ਪ੍ਰਦਾਨ ਕੀਤੀ ਹੈ ਕਿ ਸਿੱਧੀ ਸੱਟ ਲੱਗਣ ਸਮੇਂ ਵੀ ਅੱਖਾਂ ਦਾ ਬਚਾਓ ਹੋ ਜਾਵੇ।

ਠੰਢੇ ਇਲਾਕਿਆਂ ਦੇ ਲੋਕਾਂ ਦੀਆਂ ਅੱਖਾਂ ਅਤੇ ਵਾਲਾਂ ਦਾ ਰੰਗ ਉਨ੍ਹਾਂ ਦੀ ਚਮੜੀ ਵਾਂਗ ਹਲਕਾ ਹੁੰਦਾ ਹੈ। ਅੱਖਾਂ ਦੇ ਪੱਖੋਂ ਇਹ ਰੰਗ ਅਕਸਰ ਨੀਲਾ ਜਾਂ ਹਰਾ ਹੁੰਦਾ ਹੈ।

ਗਰਮ ਇਲਾਕਿਆਂ ਵਿਚ ਵੱਸਣ ਵਾਲੇ ਲੋਕਾਂ ਦੀਆਂ ਅੱਖਾਂ, ਵਾਲਾਂ ਅਤੇ ਚਮੜੀ ਦਾ ਰੰਗ ਕਾਲਾ ਹੁੰਦਾ ਹੈ।

ਮੰਗੋਲ ਜਾਤੀ ਵਿਚ ਅੱਖਾਂ ਨਿੱਕੀਆਂ ਅਤੇ ਭੂਰੀਆਂ ਹੁੰਦੀਆਂ ਹਨ, ਚਮੜੀ ਦਾ ਰੰਗ ਪੀਲਾ ਹੁੰਦਾ ਹੈ ਅਤੇ ਸਰੀਰ 'ਤੇ ਵਾਲ ਬਹੁਤ ਘੱਟ ਹੁੰਦੇ ਹਨ ਪਰ ਸਿਰ ਦੇ ਵਾਲ ਕਾਲੇ ਹੁੰਦੇ ਹਨ। ਮੰਗੋਲ ਜਾਤੀ ਵਿਚ ਸਰੀਰ ਉਤੇ ਜਾਂ ਦਾੜ੍ਹੀ ਦੇ ਵਾਲ ਘੱਟ ਹੁੰਦੇ ਹਨ ਪਰ ਸਿਰ ਦੇ ਵਾਲ ਘਣੇ ਹੁੰਦੇ ਹਨ।

ਮੰਗੋਲ ਜਾਤੀ ਵਿਚ ਗੰਜੇ ਆਮ ਨਹੀਂ ਮਿਲਣਗੇ।

ਮਾਨਵਜਾਤੀ ਵਿਚ ਜਿਨ੍ਹਾਂ ਜੀਵਾਂ ਦੇ ਸਰੀਰ 'ਤੇ ਵਾਲ ਵਧੇਰੇ ਹੁੰਦੇ ਹਨ, ਉਹੀ ਗੰਜੇ ਹੁੰਦੇ ਹਨ। ਇਸਤਰੀ ਦੇ ਸਰੀਰ 'ਤੇ ਵਾਲ ਜਿਤਨੇ ਘੱਟ ਹੋਣਗੇ, ਉਸ ਦੇ ਸਿਰ 'ਤੇ ਵਾਲ ਉਤਨੇ ਵੱਧ ਹੋਣਗੇ। ਇਹੀ ਕਾਰਨ ਹੈ ਕਿ ਸਰੀਰ ਉਤੇ ਵਾਲ ਨਾ ਹੋਣ ਕਾਰਨ ਇਸਤਰੀਆਂ ਗੰਜੀਆਂ ਨਹੀਂ ਹੁੰਦੀਆਂ। ਇਵੇਂ ਹੀ ਜਿਨ੍ਹਾਂ ਇਸਤਰੀਆਂ ਦੇ ਸਰੀਰ 'ਤੇ ਵਾਲ ਘੱਟ ਹੋਣਗੇ, ਉਤਨਾ ਹੀ ਉਨ੍ਹਾਂ ਵਿਚ ਇਸਤਰੀਤੱਵ ਵਧੇਰੇ ਹੋਵੇਗਾ।

ਉਪਰੋਕਤ ਸਾਰੇ ਵੱਖਰੇਵੇਂ ਅੱਖਾਂ ਵਿਚ ਵੀ ਪ੍ਰਗਟ ਹੁੰਦੇ ਹਨ। ਜਿੱਥੋਂ ਦੇ ਲੋਕਾਂ ਦੀਆਂ ਅੱਖਾਂ ਨਿੱਕੀਆਂ ਹਨ ਉਥੇ ਬਾਰੀਕ ਨਕਾਸ਼ੀ, ਸਿਲਾਈ-ਕਢਾਈ ਆਦਿ ਦਾ ਕੰਮ ਵਧੇਰੇ ਹੈ, ਜਿੱਥੋਂ ਦੇ ਲੋਕਾਂ ਦੀਆਂ ਅੱਖਾਂ ਵੱਡੀਆਂ ਹਨ, ਉਥੋਂ ਦੇ ਲੋਕ ਸ਼ਿਕਾਰ ਖੇਡਣ ਦੇ ਪੱਖੋਂ ਵਧੇਰੇ ਨਿਪੁੰਨ, ਜੰਗ ਦੇ ਪੱਖੋਂ ਵਧੇਰੇ ਤੱਤਪਰ ਅਤੇ ਮੋਟੀਆਂ ਵੱਡੀਆਂ ਚੀਜ਼ਾਂ ਬਣਾਉਣ ਵਿਚ ਵਧੇਰੇ ਨਿਪੁੰਨ ਹੋਣਗੇ।

ਭਾਰਤੀਆਂ ਦੀਆਂ ਅੱਖਾਂ ਬਦਾਮ ਦੀ ਸ਼ਕਲ ਦੀਆਂ ਹਨ, ਮੰਗੋਲਾਂ ਦੀਆਂ ਅੱਖਾਂ ਨੇਜ਼ਿਆਂ ਵਰਗੀਆਂ ਅਤੇ ਕਾਕੇਸ਼ੀਅਨ ਕੌਮਾਂ ਦੀਆਂ ਅੱਖਾਂ ਕਾਜੂਆਂ ਵਰਗੀਆਂ ਹਨ।

ਅੱਖਾਂ ਦਾ ਆਕਾਰ ਸਭ ਦਾ ਲਗਭਗ ਬਰਾਬਰ ਹੁੰਦਾ ਹੈ ਪਰ ਅੱਖਾਂ ਨੂੰ ਵਰਤਣ ਦੀ

ਲੋੜ ਅਨੁਸਾਰ ਅਤੇ ਰੋਸ਼ਨੀ ਦੇ ਅਨੁਪਾਤ ਵਿਚ ਪਲਕਾਂ ਦਾ ਆਕਾਰ ਵੱਖ-ਵੱਖ ਹੋਣ ਕਾਰਨ ਇਹ ਛੋਟੀਆਂ-ਵੱਡੀਆਂ ਲਗਦੀਆਂ ਹਨ।

ਭਾਰਤੀਆਂ ਦੀਆਂ ਪਲਕਾਂ ਮੋਟੀਆਂ ਅਤੇ ਝਿਮਣੀਆਂ ਸੰਘਣੀਆਂ ਹੁੰਦੀਆਂ ਹਨ।

ਉਪਰੋਕਤ ਸਾਰੇ ਵੱਖਰੇਵੇਂ ਰਲ ਕੇ ਅੱਖਾਂ ਵਲੋਂ ਚਿਹਰੇ ਦੀ ਨੁਹਾਰ ਬਦਲਣ ਦੇ ਕਾਰਜ ਵਿਚ ਸਹਾਈ ਹੁੰਦੇ ਹਨ।

ਸਾਡੀਆਂ ਅੱਖਾਂ ਦੇ ਚਰਨਾਂ ਵਿਚ ਸਾਡਾ ਨੱਕ ਵਸਦਾ ਹੈ।

ਮਨੁੱਖ ਨੱਕ ਨੂੰ ਇਕ ਵਾਧੂ ਜਿਹੀ ਚੀਜ਼ ਸਮਝਦਾ ਹੈ।

ਚਿਹਰੇ ਦੇ ਹੋਰ ਨਕਸ਼ਾਂ ਨੂੰ ਉਭਾਰਨ ਵਾਸਤੇ ਮਨੁੱਖ ਨੱਕ ਦਾ ਪ੍ਰਭਾਵ ਘਟਾਉਣ ਦਾ ਯਤਨ ਕਰਦਾ ਹੈ। ਨੱਕ ਵਿਚ ਪਾਏ ਜਾਣ ਵਾਲੇ ਗਹਿਣੇ, ਦੂਜਿਆਂ ਦਾ ਧਿਆਨ ਨੱਕ ਤੋਂ ਹਟਾ ਕੇ ਗਹਿਣਿਆਂ ਉਤੇ ਕੇਂਦਰਿਤ ਕਰਨ ਦਾ ਹੀ ਉਪਰਾਲਾ ਮਾਤਰ ਹਨ।

ਨੱਕ ਵਾਂਗ ਹੀ ਕੰਨਾਂ ਨੂੰ ਅਸੀਂ ਖ਼ੂਬਸੂਰਤੀ ਦੇ ਦੁਸ਼ਮਣ ਸਮਝਦੇ ਹਾਂ ਪਰ ਇਨ੍ਹਾਂ ਦੇ ਮਹੱਤਵ ਤੋਂ ਲਗਭਗ ਸਾਰੀ ਮਾਨਵ ਜਾਤੀ ਅਣਜਾਣ ਹੈ।

ਜ਼ਰਾ ਨੱਕ ਬੰਦ ਕਰ ਕੇ ਵੇਖੋ, ਤੁਹਾਡੀ ਆਵਾਜ਼ ਕਿਹੋ ਜਿਹੀ ਹੈ ? ਨੱਕ ਬੰਦ ਕਰ ਕੇ ਸੇਬ ਖਾਓ, ਵੇਖੋ ਕਿਹੋ ਜਿਹਾ ਸੁਆਦ ਹੈ। ਨੱਕ ਨੂੰ ਜੇ ਕੁਦਰਤ ਨੇ ਚਿਹਰੇ ਦੇ ਵਿਚਕਾਰ ਲਾਇਆ ਹੈ ਤਾਂ ਕੋਈ ਵਿਸ਼ੇਸ਼ ਮਕਸਦ ਹੋਵੇਗਾ।

ਜਿੱਥੇ ਹਵਾ ਘੱਟ ਹੁੰਦੀ ਹੈ, ਉਥੋਂ ਦੇ ਲੋਕਾਂ ਨੂੰ ਸਾਹ ਵਧੇਰੇ ਲੈਣਾ ਪੈਂਦਾ ਹੈ ਅਤੇ ਉਨ੍ਹਾਂ ਦਾ ਨੱਕ ਅਕਸਰ ਵੱਡਾ ਹੁੰਦਾ ਹੈ, ਜਿੱਥੇ ਸਰਦੀ ਹੋਵੇ ਉਥੇ ਨੱਕ ਅਕਸਰ ਛੋਟਾ ਅਤੇ ਚਿਪਕਿਆ ਹੋਇਆ ਹੁੰਦਾ ਹੈ।

ਇਸਤਰੀਆਂ ਇਸ ਲਈ ਪੁਰਸ਼ਾਂ ਨਾਲੋਂ ਸੋਹਣੀਆਂ ਹੁੰਦੀਆਂ ਹਨ, ਕਿਉਂਕਿ ਉਨ੍ਹਾਂ ਦਾ ਨੱਕ ਛੋਟਾ ਹੁੰਦਾ ਹੈ ਅਤੇ ਛੋਟਾ ਹੀ ਰਹਿੰਦਾ ਹੈ, ਜਦੋਂ ਕਿ ਬੁਢਾਪੇ ਵਿਚ ਪੁਰਸ਼ਾਂ ਦਾ ਨੱਕ ਅਕਸਰ ਊਠ ਦੇ ਬੁੱਲ੍ਹ ਵਰਗਾ ਹੋ ਜਾਂਦਾ ਹੈ।

ਕਿਸੇ ਵਸਤੂ ਦੇ ਸੁਆਦੀ ਜਾਂ ਬੇਸੁਆਦੀ ਹੋਣ ਦਾ ਨਿਰਣਾ ਸਾਡੀ ਜੀਭ ਨਹੀਂ, ਸਾਡਾ ਨੱਕ ਕਰਦਾ ਹੈ।

ਕਵਿਤਾ ਵਿਚ ਅੱਖਾਂ, ਗੱਲ੍ਹਾਂ, ਬੁੱਲ੍ਹਾਂ ਆਦਿ ਦੀ ਪ੍ਰਸੰਸਾ ਹੋਈ ਹੈ ਪਰ ਨੱਕ ਅਤੇ ਕੰਨ ਅਣਗੌਲੇ ਹੀ ਰਹਿ ਗਏ ਹਨ।

ਰਾਤ ਵੇਲੇ ਜਦੋਂ ਸਾਡੇ ਨੱਕ ਦੀ ਇਕ ਨਾਲ, ਸਾਹ ਲੈ ਲੈ ਕੇ ਥੱਕ ਜਾਂਦੀ ਹੈ ਤਾਂ ਦੂਜੀ ਨਾਲ ਨੂੰ ਵਰਤਣ ਲਈ ਅਸੀਂ ਪਾਸਾ ਪਲਟ ਕੇ ਦੂਜੇ ਪਾਸੇ ਹੋ ਕੇ ਸੌਂ ਜਾਂਦੇ ਹਾਂ।

ਨੱਕ ਹੀ ਸਾਨੂੰ ਗਲੀ-ਸੜੀ ਚੀਜ਼ ਖਾਣ ਤੋਂ ਵਰਜਦਾ ਹੈ ਅਤੇ ਸੁਆਦੀ ਚੀਜ਼ ਖਾਣ ਲਈ ਪ੍ਰੇਰਦਾ ਹੈ। ਜਦੋਂ ਨੱਕ ਬੰਦ ਹੋਵੇ ਜਾਂ ਜ਼ੁਕਾਮ ਹੋਵੇ ਤਾਂ ਕੁਝ ਵੀ ਸੁਆਦ ਨਹੀਂ ਲਗਦਾ ਅਤੇ ਵਿਅਕਤੀ ਦਾ ਭਾਰ ਘਟਣ ਲੱਗ ਪੈਂਦਾ ਹੈ।

ਸਾਡੀ ਆਵਾਜ਼ ਨੂੰ ਸੁਰੀਲਾ ਸਾਡਾ ਗਲਾ ਨਹੀਂ, ਸਾਡਾ ਨੱਕ ਬਣਾਉਂਦਾ ਹੈ।

ਨਿਰਸੰਦੇਹ ਨੱਕ ਦੇ ਰੂਪ ਦੇ ਪੱਖੋਂ ਮਨੁੱਖ ਰੱਬ ਨਾਲ ਨਾਰਾਜ਼ ਹੈ ਪਰ ਜੇ ਤੁਸੀਂ ਨੱਕ ਵਲੋਂ ਕੀਤੀ ਜਾਣ ਵਾਲੀ ਮਿਹਨਤ ਵਲ ਧਿਆਨ ਦਿਓ ਤਾਂ ਇਸ ਦੀ ਹਜ਼ੂਰੀ ਵਿਚ ਤੁਹਾਡੇ ਹੱਥ ਆਪ-ਮੁਹਾਰੇ ਜੁੜ ਜਾਣਗੇ।

ਇਹ ਫੇਫੜਿਆਂ ਲਈ ਹਵਾ ਛਾਣਦਾ ਹੈ, ਮਿੱਟੀ-ਘੱਟੇ ਨੂੰ ਅੰਦਰ ਜਾਣ ਤੋਂ ਰੋਕਦਾ ਹੈ। ਜਿਥੇ ਵਧੇਰੇ ਮਿਟੀ-ਘੱਟਾ ਹੋਵੇ, ਉਥੇ ਇਸ ਦੀ ਹਵਾ ਸਾਫ ਕਰਨ ਦੀ ਸਮਰਥਾ ਕਈ ਗੁਣਾਂ ਵੱਧ ਜਾਂਦੀ ਹੈ। ਅਜਿਹੀਆਂ ਥਾਂਵਾਂ 'ਤੇ ਕੰਮ ਕਰਨ ਵਾਲੇ ਲੋਕਾਂ ਦੇ ਨੱਕ ਵਿਚੋਂ ਚੂਹੇ ਵਧੇਰੇ ਨਿਕਲਦੇ ਹਨ।

ਨੱਕ ਹਵਾ ਨੂੰ ਸਾਫ ਹੀ ਨਹੀਂ ਕਰਦਾ, ਸੁਕੀ ਹਵਾ ਨੂੰ ਤਰ ਵੀ ਕਰਦਾ ਹੈ। ਕਈ ਵਾਰ ਜ਼ੁਕਾਮ ਰਾਹੀਂ, ਖੁਸ਼ਕ ਹਵਾ 'ਤੇ ਛਿੜਕਾਓ ਕਰਨ ਲਈ ਸਰੀਰ ਵਲੋਂ ਨੱਕ ਰਾਹੀਂ ਪਾਣੀ ਦੀ ਮਾਤਰਾ ਵਧਾਈ ਜਾਂਦੀ ਹੈ। ਸੀਂਢ, ਸਾਡੇ ਨੱਕ ਵਿਚਲੇ ਸਫਾਈ ਵਿਚ ਲੱਗੇ ਵਾਲਾਂ ਵਿਚੋਂ ਲੰਘ ਆਏ ਜਰਾਸੀਮਾਂ ਨੂੰ ਤਿਲਕਾਉਣ ਅਤੇ ਫਸਾਉਣ ਦਾ ਕਾਰਜ ਕਰਦਾ ਹੈ। ਜਦੋਂ ਸੀਂਢ ਆਪਣੀ ਸ਼ਕਤੀ ਮੁਕਾ ਲਵੇ ਤਾਂ ਨੱਕ ਉਸ ਨੂੰ ਖਾਰਜ ਕਰ ਕੇ ਨਵੇਂ ਸੀਂਢ ਨੂੰ ਸਿਰਜਣ ਲੱਗ ਪੈਂਦਾ ਹੈ। ਨੱਕ ਰਾਹੀਂ ਹੀ ਅਸੀਂ ਵਿਅਕਤੀਆਂ, ਘਰਾਂ ਅਤੇ ਕਮਰਿਆਂ ਨੂੰ ਉਨ੍ਹਾਂ ਦੀ ਗੰਧ-ਸੁਗੰਧ ਨਾਲ ਪਹਿਚਾਣਦੇ ਹਾਂ।

ਸਦਾ ਨੰਗਾ ਰਹਿਣ ਕਾਰਨ ਸਾਡਾ ਨੱਕ ਅਨੇਕਾਂ ਦੁੱਖਾਂ-ਕਸ਼ਟਾਂ ਨੂੰ ਝਲਦਾ ਹੈ।

ਉਮਰ ਦੇ ਵੱਧਣ ਨਾਲ ਨੱਕ ਦੀ ਸੁੰਘਣ ਸ਼ਕਤੀ ਘਟਦੀ ਹੈ ਅਤੇ ਇਸ ਸ਼ਕਤੀ ਦੇ ਘਟਣ ਦੇ ਅਨੁਪਾਤ ਵਿਚ ਅਸੀਂ ਖੁਰਾਕ ਵਿਚੋਂ ਆਨੰਦ ਨਾ ਮਿਲਣ ਕਾਰਨ ਉਸ ਦੀ ਮਾਤਰਾ ਘਟਾ ਦਿੰਦੇ ਹਾਂ ਪਰ ਬੁਢਾਪੇ ਵਿਚ ਅੱਖਾਂ, ਕੰਨਾਂ ਦੇ ਮੁਕਾਬਲੇ ਨੱਕ ਆਪਣਾ ਕਾਰਜ ਵਧੇਰੇ ਯੋਗਤਾ ਨਾਲ ਕਰਦਾ ਹੈ ਅਤੇ ਅੰਤ ਤਕ ਇਹ ਸਾਡੇ ਨਾਲ ਨਿਭਦਾ ਹੈ।

ਨੱਕ ਵਾਂਗ ਹੀ ਕੰਨਾਂ ਦੀ ਸ਼ਕਲ-ਸੂਰਤ ਮਨੁੱਖ ਨੂੰ ਸ਼ਰਮਸਾਰ ਕਰਦੀ ਹੈ।

ਕੁਦਰਤ ਕਿਤਨੀ ਸਿਆਣੀ ਹੈ ਕਿ ਇਸ ਨੇ ਐਨਕਾਂ ਲਾਉਣ ਲਈ ਥਾਂ ਦਾ ਪਹਿਲਾਂ ਹੀ ਪ੍ਰਬੰਧ ਕੀਤਾ ਹੋਇਆ ਸੀ।

ਸੁਣਨ ਦੀ ਸ਼ਕਤੀ ਤੋਂ ਬਿਨਾਂ, ਭਾਵਕ ਪੱਖੋਂ ਮਨੁੱਖ, ਅੰਨ੍ਹਿਆਂ ਨਾਲੋਂ ਵੀ ਭੈੜੀ ਸਥਿਤੀ ਵਿਚ ਵਿਚਰਦਾ ਹੈ।

ਜਿਹੜੇ ਸੁਣਨਾ ਨਹੀਂ ਜਾਣਦੇ ਉਹ ਬੋਲਣਾ ਵੀ ਨਹੀਂ ਜਾਣਦੇ, ਕਿਉਂਕਿ ਅਸੀਂ ਸੁਣੀਆਂ ਹੋਈਆਂ ਆਵਾਜ਼ਾਂ ਹੀ ਦੁਹਰਾ ਕੇ ਬੋਲਣਾ ਸਿੱਖਦੇ ਹਾਂ।

ਅਸੀਂ ਆਪਣੀ ਆਵਾਜ਼ ਨੂੰ ਹੋਰ ਤਰ੍ਹਾਂ ਸੁਣਦੇ ਹਾਂ, ਸੁਣਨ ਵਾਲਾ ਵਿਅਕਤੀ ਸਾਡੀ ਆਵਾਜ਼ ਨੂੰ ਹੋਰ ਤਰ੍ਹਾਂ ਸੁਣਦਾ ਹੈ। ਜੇ ਤੁਸੀਂ ਆਪਣੀ ਆਵਾਜ਼ ਟੇਪ ਕਰ ਕੇ ਸੁਣੋ ਤਾਂ ਤੁਹਾਨੂੰ ਇਹ ਅੰਤਰ ਸਮਝ ਆ ਜਾਵੇਗਾ।

ਦੋਵੇਂ ਕੰਨ ਸਾਨੂੰ ਟੁਰਨ ਵਿਚ ਸੰਤੁਲਨ ਪ੍ਰਦਾਨ ਕਰਦੇ ਹਨ। ਜਿਸ ਦਾ ਇਕ ਕੰਨ ਦੁੱਖਦਾ ਹੋਵੇ, ਉਹ ਸਿੱਧਾ ਨਹੀਂ ਟੁਰ ਸਕਦਾ, ਜਿਸ ਦੇ ਦੋਵੇਂ ਦੁੱਖਦੇ ਹੋਣ, ਉਹ ਟੁਰ ਹੀ ਨਹੀਂ ਸਕਦਾ। ਕੰਨਾਂ ਵਿਚ ਉੱਚੀਆਂ ਆਵਾਜ਼ਾਂ ਦੇ ਮੁਕਾਬਲੇ ਧੀਮੀਆਂ ਆਵਾਜ਼ਾਂ ਸੁਣਨ ਦੀ ਸਮਰੱਥਾ ਵਧੇਰੇ ਹੁੰਦੀ ਹੈ।

ਅੱਖਾਂ, ਨੱਕ ਆਦਿ ਨੂੰ ਵਰਤਣ ਲਈ ਕੁਝ ਨਾ ਕੁਝ ਜ਼ੋਰ ਲਗਦਾ ਹੈ ਪਰ ਕੰਨ ਸਹਿਜ-ਸੁਭਾਅ ਆਪਣਾ ਕੰਮ ਕਰਦੇ ਹਨ।

ਮਰ ਰਿਹਾ ਵਿਅਕਤੀ ਹੋਰ ਸਾਰੀਆਂ ਸ਼ਕਤੀਆਂ ਦੇ ਫੇਲ੍ਹ ਹੋ ਜਾਣ ਦੇ ਬਾਵਜੂਦ ਵੀ ਸੁਣ ਸਕਦਾ ਹੁੰਦਾ ਹੈ ਪਰ ਉਸ ਕੋਲ ਬੋਲਣ ਦੀ ਸ਼ਕਤੀ ਨਾ ਹੋਣ ਕਾਰਨ ਅਸੀਂ ਸਮਝਦੇ ਹਾਂ ਕਿ ਉਸ ਨੂੰ ਸੁਣਦਾ ਵੀ ਨਹੀਂ ਹੋਵੇਗਾ।

ਪੁਰਾਤਨ ਯੁੱਗ ਵਿਚ ਬੱਦਲਾਂ ਅਤੇ ਸ਼ੇਰਾਂ ਦੀ ਗਰਜ ਉੱਚੀ ਤੋਂ ਉੱਚੀ ਆਵਾਜ਼ ਸੀ ਪਰ ਵਿਗਿਆਨ ਨੇ ਇਤਨਾ ਰੌਲਾ-ਰੱਪਾ ਅਤੇ ਸ਼ੋਰ-ਸ਼ਰਾਬਾ ਪੈਦਾ ਕਰ ਦਿੱਤਾ ਹੈ ਕਿ ਕੰਨਾਂ ਲਈ ਸੰਕਟ ਦਾ ਯੁੱਗ ਆ ਗਿਆ ਹੈ।

ਤੁਸੀਂ ਅਨੁਮਾਨ ਨਹੀਂ ਲਾ ਸਕਦੇ ਕਿ ਜਿਹੜਾ ਸੁਣ ਨਹੀਂ ਸਕਦਾ, ਉਸ ਦੀ ਦੁਨੀਆਂ ਕਿਤਨੀ ਛੋਟੀ ਅਤੇ ਸੁੰਨੀ ਹੁੰਦੀ ਹੈ।

ਜਾਨਵਰਾਂ ਲਈ ਕੰਨ ਗਹਿਣਾ ਹਨ ਅਤੇ ਕੰਨਾਂ ਉੱਤੇ ਹੀ ਉਨ੍ਹਾਂ ਦੀ ਹੋਂਦ ਨਿਰਭਰ ਕਰਦੀ ਹੈ। ਕਈ ਆਵਾਜ਼ਾਂ ਸਾਨੂੰ ਭੈਅ-ਭੀਤ ਕਰਦੀਆਂ ਹਨ ਅਤੇ ਕਈ ਸੁਖਦਾਈ ਪ੍ਰਤੀਤ ਹੁੰਦੀਆਂ ਹਨ। ਕੰਨ ਦੀ ਸਮਰੱਥਾ ਨੂੰ ਵਧਾਉਣ ਲਈ ਅਸੀਂ ਅਕਸਰ ਆਪਣੇ ਹੱਥ ਦਾ ਡੂੰਨਾ ਬਣਾ ਕੇ ਇਸ ਨਾਲ ਜੋੜਦੇ ਹਾਂ। ਕਿਉਂਕਿ ਕੰਨਾਂ ਵੱਲ ਅਸੀਂ ਧਿਆਨ ਦੇਣਾ ਬੰਦ ਕਰ ਦਿੱਤਾ ਹੈ, ਦੂਜੇ ਨੈਣ-ਨਕਸ਼ਾਂ ਦੇ ਮੁਕਾਬਲੇ ਸੁੰਦਰਤਾ ਦੇ ਪੱਖੋਂ ਇਨ੍ਹਾਂ ਦਾ ਮਹੱਤਵ ਘਟ ਗਿਆ ਹੈ। ਪ੍ਰੇਮੀ ਦਾ ਆਪਣੀ ਪ੍ਰੇਮਿਕਾ ਦੇ ਕੰਨਾਂ ਵੱਲ ਧਿਆਨ ਹੀ ਨਹੀਂ ਜਾਂਦਾ।

ਕਿਸੇ ਦੀ ਸ਼ਖ਼ਸੀਅਤ ਜਾਣਨ ਲਈ, ਉਸ ਦੇ ਚਿਹਰੇ ਨਾਲੋਂ ਉਸ ਦੇ ਕੰਨ ਵਧੇਰੇ ਸਹਾਈ ਹੋ ਸਕਦੇ ਹਨ।

ਮਨੁੱਖਾਂ ਵਰਗੇ ਬੁਲ੍ਹ ਅਤੇ ਮੂੰਹ ਹੋਰ ਕਿਸੇ ਜੀਵ-ਜੰਤੂ ਦੇ ਨਹੀਂ ਹਨ।

ਜਾਨਵਰਾਂ ਨਾਲੋਂ ਵੱਖਰੀ ਪ੍ਰਕਾਰ ਦਾ ਭੋਜਨ ਖਾਣ ਕਾਰਨ ਮਨੁੱਖ ਦੇ ਬੁੱਲ੍ਹਾਂ ਵਾਲੇ ਮੂੰਹ ਦਾ ਪਾਟ ਛੋਟਾ ਹੁੰਦਾ ਗਿਆ ਹੈ।

ਬੁੱਲ੍ਹ, ਇਨ੍ਹਾਂ ਦੀ ਮੋਟਾਈ-ਲੰਬਾਈ, ਰੰਗ, ਮੂੰਹ ਦਾ ਆਕਾਰ, ਦੰਦਾਂ ਦੀ ਬਣਤਰ, ਜਬਾੜ੍ਹੇ ਦਾ ਫੈਲਿਆ-ਸੁੰਗੜਿਆ ਹੋਣਾ ਆਦਿ ਪੱਖ ਸਾਨੂੰ ਸੋਹਣਾ-ਕੁਸੋਹਣਾ ਬਣਾਉਂਦੇ ਹਨ। ਬੁੱਲ੍ਹਾਂ ਨਾਲ ਹੀ ਅਸੀਂ ਪਿਆਰ, ਨਫ਼ਰਤ, ਗੁੱਸਾ, ਦ੍ਰਿੜ੍ਹਤਾ ਆਦਿ ਪ੍ਰਗਟਾਉਂਦੇ ਹਾਂ।

ਨੀਗਰੋ ਜਾਤੀ ਦੇ ਬੁੱਲ੍ਹ ਮੋਟੇ ਅਤੇ ਭਾਰੇ ਹੁੰਦੇ ਹਨ।

ਬੁੱਲ੍ਹ ਸਾਨੂੰ ਕੋਈ ਵਿਸ਼ੇਸ਼ ਭਾਸ਼ਾ ਬੋਲਣ ਵਿਚ ਸਹਾਇਕ-ਅਸਹਾਇਕ ਹੁੰਦੇ ਹਨ।

ਬੋਲਦਿਆਂ, ਸਾਡੇ ਬੁੱਲ੍ਹ ਸਾਡੀ ਪਛਾਣ ਬਣਦੇ ਹਨ।

ਚਿਹਰੇ ਉੱਤੇ ਨੈਣ-ਨਕਸ਼ ਤਾਂ ਭਾਵੇਂ ਗਿਣਤੀ ਦੇ ਹੀ ਹੁੰਦੇ ਹਨ ਪਰ ਇਕ-ਦੂਜੇ ਨਾਲ ਰਲ ਕੇ ਇਨ੍ਹਾਂ ਵਿਚ ਅਨੇਕਾਂ ਰੂਪ ਧਾਰਨ ਕਰਨ ਅਤੇ ਵਿਭਿੰਨ ਮਾਨਸਿਕ ਸਥਿਤੀਆਂ ਨੂੰ ਪ੍ਰਗਟਾਉਣ ਦੀ ਅਥਾਹ ਸਮਰੱਥਾ ਹੁੰਦੀ ਹੈ।

ਚਿਹਰੇ ਉੱਤੇ ਬੈਠੀ ਮੱਖੀ ਨੂੰ ਹੱਥ ਵਰਤੇ ਬਿਨਾਂ ਉਡਾਉਣ ਦਾ ਯਤਨ ਕਰੋ, ਤੁਸੀਂ ਭਾਂਤ-ਭਾਂਤ ਦੀਆਂ ਸ਼ਕਲਾਂ ਦਾ ਪ੍ਰਮਾਣ ਦੇਵੋਗੇ।

ਸਾਡੇ ਨੈਣ-ਨਕਸ਼ਾਂ ਦੀ ਆਪਣੀ ਇਕ ਨਿਵੇਕਲੀ ਪਛਾਣ ਵਾਂਗ ਇਕ ਭਾਸ਼ਾ ਹੁੰਦੀ ਹੈ ਅਤੇ ਇਹ ਭਾਸ਼ਾ ਬਹੁਤ ਕੁਝ ਅਜਿਹਾ ਪ੍ਰਗਟਾਉਣ ਦੀ ਸ਼ਕਤੀ ਰੱਖਦੀ ਹੈ, ਜਿਹੜੀ ਬੋਲਣ ਵਾਲੀ ਭਾਸ਼ਾ ਵਿਚ ਨਹੀਂ ਹੁੰਦੀ।

ਇਕ ਪ੍ਰੇਮੀ ਨੇ ਆਪਣੀ ਪ੍ਰੇਮਿਕਾ ਨੂੰ ਅੱਖਾਂ ਵਿਚ ਡੋਰੇ ਲਟਕਾ ਕੇ ਕਿਹਾ, "ਮੈਨੂੰ ਮਿੱਠੀਆਂ ਨਜ਼ਰਾਂ ਨਾਲ ਨਾ ਵੇਖ, ਕਿਧਰੇ ਮੈਨੂੰ ਜੀਣ ਦਾ ਚਸਕਾ ਨਾ ਪੈ ਜਾਵੇ।"

ਸਮੇਂ ਦੇ ਬੀਤਣ ਨਾਲ ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਮਨੁੱਖ ਨੇ ਆਪਣੇ ਨੈਣ-ਨਕਸ਼ਾਂ ਦੀ ਸਮਰੱਥਾ ਵਧਾਈ ਹੈ।

ਨਾਟਕਕਲਾ ਅਤੇ ਫਿਲਮਾਂ ਇਸ ਵੱਧੀ ਹੋਈ ਸਮਰੱਥਾ ਦੇ ਪ੍ਰਮਾਣ ਹਨ।

ਆਪਣੇ ਨੈਣ-ਨਕਸ਼ਾਂ ਨੂੰ ਢਿੱਲਾ ਛੱਡਣ ਨਾਲ ਸਾਡੇ ਚਿਹਰੇ ਉੱਤੇ ਮੁਸਕਰਾਹਟ ਦੇ ਭਾਵ ਉਪਜਦੇ ਹਨ ਅਤੇ ਇਨ੍ਹਾਂ ਨੂੰ ਕੱਸਣ ਨਾਲ ਤਿਊੜੀ ਉਪਜਦੀ ਹੈ।

ਜਿਹੜੇ ਨਕਸ਼ ਨੂੰ ਅਸੀਂ ਵਧੇਰੇ ਵਰਤਦੇ ਹਾਂ, ਸਾਡੇ ਚਿਹਰੇ ਉੱਤੇ ਉਸ ਦਾ ਮਹੱਤਵ ਵੱਧ ਪ੍ਰਗਟ ਹੋਣ ਲਗ ਪੈਂਦਾ ਹੈ।

ਬੁਢਾਪੇ ਵਿਚ ਚਿਹਰੇ ਉੱਤੇ ਪੈਣ ਵਾਲੀਆਂ ਝੁਰੜੀਆਂ ਦੀ ਵਿਆਕਰਣ ਇਸ ਗੱਲ ਦੀ ਗਵਾਹੀ ਹੁੰਦੀਆਂ ਹਨ ਕਿ ਸੰਸਾਰ ਨੂੰ ਸਮਝਣ-ਪਰਖਣ ਲਈ ਅਸੀਂ ਕਿਹੜੇ ਨੈਣ-ਨਕਸ਼ ਦੀ ਵਧੇਰੇ ਵਰਤੋਂ ਕੀਤੀ ਹੈ।

ਕਿਸੇ ਇਸਤਰੀ ਦੀ ਗੱਲ੍ਹ ਵਿਚ ਪੈਣ ਵਾਲਾ ਡੂੰਘ ਉਸ ਦੇ ਪ੍ਰਭਾਵ ਨੂੰ ਬਦਲ ਦਿੰਦਾ ਹੈ ਅਤੇ ਸਾਡੀ ਨਜ਼ਰ ਉਸ ਦੇ ਚਿਹਰੇ ਦੀ ਵਧੇਰੇ ਚਿਰ ਸੈਰ ਕਰਦੀ ਹੈ।

ਹਰ ਸਭਿਆਚਾਰ ਦੇ ਲੋਕ ਆਪਣੇ ਨੈਣ-ਨਕਸ਼ਾਂ ਨੂੰ ਵੱਖਰੇ ਢੰਗ ਨਾਲ ਵਰਤਦੇ ਹਨ ਅਤੇ ਅਜਿਹੇ ਵੱਖਰੇਵੇਂ ਕਾਰਨ ਹੀ ਉਨ੍ਹਾਂ ਦੀ ਔਸਤ ਸ਼ਕਲ-ਸੂਰਤ ਵੱਖਰੀ ਹੋ ਨਿਬੜਦੀ ਹੈ।

ਪੈਰਿਸ ਦੇ ਰੇਲਵੇ ਸਟੇਸ਼ਨ 'ਤੇ ਆਪਣੇ ਹੋਟਲ ਪਹੁੰਚਣ ਦਾ ਰਾਹ ਪੁੱਛਣ ਲਈ, ਭਾਂਤ-ਭਾਂਤ ਦੇ ਚਿਹਰਿਆਂ ਵਿਚੋਂ ਮੈਂ ਆਪਣੇ ਸਭਿਆਚਾਰ ਦੇ ਕਿਸੇ ਵਿਅਕਤੀ ਨੂੰ ਮਿਲਣਾ ਚਾਹੁੰਦਾ ਸਾਂ। ਜਿਹੜਾ ਮੈਨੂੰ ਲੱਭਿਆ, ਉਹ ਪਾਕਿਸਤਾਨੀ ਪੰਜਾਬੀ ਡਾਕਟਰ ਸੀ ਅਤੇ ਸਾਡੀਆਂ ਦੋਹਾਂ ਦੀਆਂ ਬਾਹਵਾਂ ਨੈਣ-ਨਕਸ਼ਾਂ ਅਤੇ ਬੋਲੀ ਦੀ ਸਾਂਝ ਕਾਰਨ, ਇਕ-ਦੂਜੇ ਦੇ ਸਵਾਗਤ ਵਿਚ ਆਪ-ਮੁਹਾਰੇ ਖੁੱਲ੍ਹ ਗਈਆਂ ਸਨ ।

ਸਾਡੇ ਰੋਜ਼ਗਾਰ ਦਾ ਵੀ ਸਾਡੇ ਨੈਣ-ਨਕਸ਼ਾਂ 'ਤੇ ਪ੍ਰਭਾਵ ਪੈਂਦਾ ਹੈ। ਫ਼ੌਜੀ ਸਹਿਜੇ ਹੀ ਪਛਾਣੇ ਜਾਂਦੇ ਹਨ। ਅੰਤ ਨੂੰ ਸਾਰੇ ਅਧਿਆਪਕਾਂ ਜਾਂ ਦੁਕਾਨਦਾਰਾਂ ਦੀ ਸ਼ਕਲ-ਸੂਰਤ ਇਕ ਦੂਜੇ ਨਾਲ ਮਿਲਣ ਲੱਗ ਪੈਂਦੀ ਹੈ।

ਤੁਹਾਡੀ ਅਮੀਰੀ ਇਸ ਗੱਲ ਵਿਚ ਨਹੀਂ ਕਿ ਤੁਹਾਡੇ ਕੋਲ ਧਨ ਕਿਤਨਾ ਹੈ, ਸਗੋਂ ਇਸ ਗੱਲ ਵਿਚ ਹੈ ਕਿ ਤੁਹਾਡੇ ਨੈਣ-ਨਕਸ਼ਾਂ ਦਾ ਅਨੁਭਵ-ਘੇਰਾ ਅਤੇ ਵਹੀ-ਖਾਤਾ ਕਿਤਨਾ ਵਿਸ਼ਾਲ ਹੈ।

ਆਸ ਹੈ, ਨਾ ਕੇਵਲ ਤੁਸੀਂ ਆਪਣੇ ਨੈਣ-ਨਕਸ਼ਾਂ ਨੂੰ ਵਧੇਰੇ ਸਮਝੋਗੇ ਸਗੋਂ ਦੂਜਿਆਂ ਦੇ ਨੈਣ-ਨਕਸ਼ਾਂ ਪ੍ਰਤੀ ਤੁਹਾਡੇ ਵਿਚ ਸਤਿਕਾਰ ਦੀ ਭਾਵਨਾ ਵੀ ਵਧੇਗੀ।

ਨੈਣ-ਨਕਸ਼ ਸਾਡੀ ਸ਼ਖ਼ਸੀਅਤ ਦੇ ਦਸਤਖ਼ਤ ਹੁੰਦੇ ਹਨ, ਸਾਡੀ ਆਮਦਨ ਕਿਤਨੀ ਵੀ ਵੱਧ ਜਾਵੇ, ਸਾਡੀ ਲਿਖਾਈ ਅਤੇ ਦਸਤਖ਼ਤ ਨਹੀਂ ਬਦਲਦੇ।

***

ਭੂਤ, ਪਰੇਤ, ਡਾਇਣਾਂ ਅਤੇ ਚੁੜੇਲਾਂ

ਹਰ ਸਮਾਜ ਦੇ ਡਰ-ਭੈਅ ਵੱਖਰੇ-ਵੱਖਰੇ ਹੁੰਦੇ ਹਨ।

ਹਰ ਸਮਾਜ ਦੇ ਵਹਿਮ-ਭਰਮ ਅਤੇ ਅੰਧ-ਵਿਸ਼ਵਾਸ ਵੀ ਵੱਖਰੀ ਭਾਂਤ ਦੇ ਹੁੰਦੇ ਹਨ। ਹਰ ਸਮਾਜ ਵਿਚ ਪਾਗਲ ਹੋਣ, ਬੀਮਾਰ ਪੈਣ ਆਦਿ ਦਾ ਢੰਗ ਵੀ ਵੱਖਰਾ ਹੁੰਦਾ ਹੈ। ਹਰ ਸਮਾਜ ਦੇ ਜਿੰਨ-ਭੂਤ ਅਤੇ ਡਾਇਣਾਂ-ਚੁੜੇਲਾਂ ਵੀ ਵੱਖਰੀ ਭਾਂਤ ਦੀਆਂ ਹੁੰਦੀਆਂ ਹਨ।

ਸ਼ਹਿਰਾਂ ਵਿਚ ਪੜ੍ਹੇ-ਲਿਖੇ ਵਿਅਕਤੀਆਂ ਦੇ ਦਿਮਾਗ ਖਰਾਬ ਹੁੰਦੇ ਹਨ, ਪਿੰਡਾਂ ਵਿੱਚ ਅਨਪੜ੍ਹਾਂ ਨੂੰ ਭੂਤ ਚਿੰਬੜਦੇ ਹਨ, ਸੁੰਨੀਆਂ ਥਾਂਵਾਂ 'ਤੇ ਬੱਚਿਆਂ ਅਤੇ ਇਸਤਰੀਆਂ ਨੂੰ ਡਾਇਣਾਂ ਅਤੇ ਚੁੜੇਲਾਂ ਘੇਰਦੀਆਂ ਹਨ।

ਅਜਿਹੇ ਰੋਗਾਂ ਦੇ ਇਲਾਜ ਦਾ ਯਤਨ ਉਨ੍ਹਾਂ ਸਮਾਜਾਂ ਵਿਚ ਹੀ ਕੀਤਾ ਜਾਂਦਾ ਹੈ, ਜਿਥੇ ਇਲਾਜ ਉਪਰੰਤ ਵਿਅਕਤੀ ਨੂੰ ਮੁੜ ਸਵੀਕਾਰ ਕਰਨ ਦਾ ਰਿਵਾਜ ਹੈ।

ਬੀਮਾਰਾਂ ਅਤੇ ਪਾਗਲਾਂ ਦੇ ਵੀ ਹੱਕ ਹੁੰਦੇ ਹਨ ਅਤੇ ਸਮਾਜ ਵਿਚ ਮੁੜ ਬਹਾਲ ਕੀਤੇ ਜਾਣ ਉਪਰੰਤ ਉਨ੍ਹਾਂ ਦੇ ਫਰਜ਼ ਵੀ ਨਿਰਧਾਰਿਤ ਕੀਤੇ ਜਾਂਦੇ ਹਨ।

ਸਾਡੇ ਬਹੁਤੇ ਡਰ ਹਨੇਰੇ ਨਾਲ ਜੁੜੇ ਹੁੰਦੇ ਹਨ। ਇਸੇ ਲਈ ਡਰਿਆ ਹੋਇਆ ਵਿਅਕਤੀ ਸਵੇਰ ਨੂੰ ਬੜੀ ਤੀਬਰਤਾ ਨਾਲ ਉਡੀਕਦਾ ਹੈ।

ਸੂਰਜ ਦੇ ਡੁੱਬਣ ਨਾਲ ਡਰੇ ਹੋਏ ਅਤੇ ਸਹਿਮੇ ਹੋਏ ਅਜਿਹੇ ਵਿਅਕਤੀਆਂ ਦਾ ਦਿਲ ਵੀ ਡੁੱਬਣ ਲਗ ਪੈਂਦਾ ਹੈ।

ਜਿਥੇ ਬੀਮਾਰਾਂ ਵਲ ਧਿਆਨ ਨਹੀਂ ਦਿੱਤਾ ਜਾਂਦਾ, ਉਥੇ ਵਧੇਰੇ ਲੋਕ ਵਧੇਰੇ ਸਮੇਂ ਲਈ ਬੀਮਾਰ ਪੈਂਦੇ ਹਨ।

ਜਿਥੇ ਬੀਮਾਰੀਆਂ ਦੀ ਸਮਝ ਨਹੀਂ ਆਉਂਦੀ, ਉਥੇ ਰੋਗਾਂ ਜਾਂ ਦੁਰਘਟਨਾਵਾਂ ਦਾ ਕਾਰਨ ਜਿੰਨਾਂ-ਭੂਤਾਂ ਜਾਂ ਡਾਇਣਾਂ-ਚੁੜੇਲਾਂ ਨੂੰ ਮਿੱਥਿਆ ਜਾਂਦਾ ਹੈ।

ਅਨਪੜ੍ਹ ਸਮਾਜਾਂ ਵਿਚ ਇਸਤਰੀਆਂ ਉਤੇ ਵਧੇਰੇ ਰੋਕਾਂ ਹੋਣ ਕਾਰਨ, ਉਨ੍ਹਾਂ ਨੂੰ ਵਧੇਰੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਅਨਪੜ੍ਹਤਾ, ਅਗਿਆਨਤਾ, ਅੰਧ-ਵਿਸ਼ਵਾਸ, ਸ਼ੱਕ-ਸਾੜਾ-ਈਰਖਾ, ਜਾਦੂ-ਟੂਣਾ, ਵਹਿਮ-ਭਰਮ ਆਦਿ ਇਕ ਦੂਜੇ ਦੀਆਂ ਸਹਿਯੋਗੀ ਸ਼ਕਤੀਆਂ ਹਨ।

ਜਿਨ੍ਹਾਂ ਇਲਾਕਿਆਂ ਅਤੇ ਸਮਾਜਾਂ ਵਿਚ ਇਸਤਰੀਆਂ-ਪੁਰਸ਼ਾਂ ਵਿਚਲੇ ਕਾਮ-ਸਬੰਧਾਂ ਉਤੇ ਕਰੜੀਆਂ ਪਾਬੰਦੀਆਂ ਹਨ, ਉਥੇ ਅੰਧ-ਵਿਸ਼ਵਾਸ ਵਧੇਰੇ ਹੋਣ ਕਾਰਨ ਭੂਤਾਂ-ਪ੍ਰੇਤਾਂ, ਡਾਇਣਾਂ-ਚੁੜੇਲਾਂ ਦੀ ਮਾਨਤਾ ਵਧੇਰੇ ਹੁੰਦੀ ਹੈ।

ਲੋਕਾਂ ਦੀਆਂ ਸਮੱਸਿਆਵਾਂ ਨਵੇਂ-ਨਵੇਂ ਰੋਜ਼ਗਾਰ ਸਿਰਜਦੀਆਂ ਹਨ।

ਜਿਥੇ ਜਿੰਨ-ਭੂਤ ਅਤੇ ਡਾਇਣਾਂ-ਚੁੜੇਲਾਂ ਹੋਣਗੀਆਂ, ਉਥੇ ਇਨ੍ਹਾਂ ਤੋਂ ਛੁਟਕਾਰਾ ਦਿਵਾਉਣਾ, ਕਈਆਂ ਦਾ ਰੋਜ਼ਗਾਰ ਹੋ ਨਿੱਬੜਦਾ ਹੈ।

ਜਿੱਥੇ ਜੀਵਨ ਵਿਚ ਉਤਸ਼ਾਹ ਨਾ ਹੋਵੇ, ਉਥੇ ਮਾਨਸਿਕ ਸੰਤੁਲਨ ਗੁਆਚਣ ਦਾ ਖਤਰਾ ਵਧੇਰੇ ਹੁੰਦਾ ਹੈ। ਜਦੋਂ ਜੀਵਨ ਵਿਚ ਸੰਤੁਸ਼ਟਤਾ ਦੀ ਘਾਟ ਹੋਵੇ ਤਾਂ ਲੋਕਾਂ ਵਿਚ ਜੁਰਮ ਦੀ ਭਾਵਨਾ ਵੱਧਦੀ ਹੈ ਅਤੇ ਅਜਿਹੇ ਵਿਅਕਤੀਆਂ ਵਿਚ ਦੂਜਿਆਂ ਤੋਂ ਬਦਲਾ ਲੈਣ ਅਤੇ ਉਨ੍ਹਾਂ ਦਾ ਨੁਕਸਾਨ ਕਰਨ ਦੀ ਬਿਰਤੀ ਵੀ ਵੱਧਦੀ ਹੈ।

ਪਰੰਪਰਾਗਤ ਸਮਾਜ ਵਿਚ ਕਿਸੇ ਇਸਤਰੀ ਦਾ ਵਿਆਹ ਨਾ ਹੋਣਾ ਜਾਂ ਨਿਰਸੰਤਾਨ ਹੋਣਾ ਜਾਂ ਬੱਚਿਆਂ ਦਾ ਨਾ ਬਚਣਾ ਜਾਂ ਪੁੱਤਰ ਦਾ ਨਾ ਹੋਣਾ, ਅਜਿਹਾ ਕਲੰਕ ਹੈ, ਜਿਸ ਤੋਂ ਮੁੱਕਤ ਹੋਣ ਲਈ ਉਹ ਕੁਝ ਵੀ ਕਰਨ ਲਈ ਤਿਆਰ ਹੋ ਜਾਂਦੀ ਹੈ। ਕਈ ਵਿਅਕਤੀ ਅਜਿਹੇ ਅਸੰਤੁਸ਼ਟ ਪੁਰਸ਼ਾਂ ਅਤੇ ਇਸਤਰੀਆਂ ਨੂੰ ਆਪਣੇ ਸੁਆਰਥ ਅਧੀਨ ਕੁਰਾਹੇ ਪਾਉਂਦੇ ਹਨ ਅਤੇ ਸਮਾਜ ਵਿਚ ਅਨੇਕਾਂ ਵਿਗਾੜ ਅਤੇ ਵੈਰ-ਵਿਰੋਧ ਬੀਜਦੇ ਹਨ।

ਜਦੋਂ ਜੁਰਮ ਦੀ ਭਾਵਨਾ ਭਾਰੂ ਹੋ ਜਾਵੇ ਤਾਂ ਸੋਚ ਅਤੇ ਵਿਹਾਰ ਵਿਗੜ ਜਾਂਦੇ ਹਨ।

ਆਪਣੀਆਂ ਸਮੱਸਿਆਵਾਂ ਅਤੇ ਮੁਸੀਬਤਾਂ ਆਦਿ ਦੇ ਕਾਰਨ ਸਪਸ਼ਟ ਨਾ ਹੋਣ ਕਰਕੇ ਅਸੀਂ ਦੂਜਿਆਂ ਨੂੰ ਆਪਣੀਆਂ ਮੁਸ਼ਕਿਲਾਂ ਅਤੇ ਸਮੱਸਿਆਵਾਂ ਲਈ ਜ਼ਿੰਮੇਵਾਰ ਠਹਿਰਾਉਣ ਲਗ ਪੈਂਦੇ ਹਾਂ।

ਸੁੰਨੀਆਂ, ਹਨੇਰੀਆਂ ਅਤੇ ਉਜਾੜ ਥਾਂਵਾਂ 'ਤੇ ਰਹਿਣ ਵਾਲੇ ਲੋਕਾਂ ਵਿਚ ਗੈਬੀ ਸ਼ਕਤੀਆਂ ਨੂੰ ਮੰਨਣ ਦੀ ਬਿਰਤੀ ਵਧੇਰੇ ਹੁੰਦੀ ਹੈ।

ਅਜਿਹੀਆਂ ਥਾਂਵਾਂ 'ਤੇ ਖੇਤੀ ਦੇ ਉਜੜਨ, ਡੰਗਰਾਂ ਦੇ ਮਰਨ ਅਤੇ ਇਸਤਰੀਆਂ ਜਾਂ ਬੱਚਿਆਂ ਦੇ ਬੀਮਾਰ ਪੈਣ ਜਾਂ ਮਰ ਜਾਣ ਦੀ ਜ਼ਿੰਮੇਵਾਰੀ ਕਿਸੇ ਦੋਖੀ ਸ਼ਕਤੀ ਦੇ ਸਿਰ ਮੜ੍ਹਨ ਦੀ ਪ੍ਰਵਿਰਤੀ ਅਧੀਨ ਸਭ ਤੋਂ ਪਹਿਲਾਂ ਧਿਆਨ ਉਨ੍ਹਾਂ ਪੁਰਸ਼ਾਂ-ਇਸਤਰੀਆਂ ਵਲ ਜਾਂਦਾ ਹੈ, ਜਿਹੜੇ ਆਪਣੇ ਨੈਣ-ਨਕਸ਼ਾਂ ਜਾਂ ਸ਼ਕਲ-ਸੂਰਤ ਵਲੋਂ ਅਸਾਧਾਰਣ ਅਤੇ ਵਿਹਾਰ ਦੇ ਪੱਖੋਂ ਅਸੰਤੁਸ਼ਟ ਹੁੰਦੇ ਹਨ।

ਪੁਰਸ਼ ਆਪਣੀਆਂ ਸਮੱਸਿਆਵਾਂ ਲਈ ਕਿਸੇ ਪੁਰਸ਼ ਨੂੰ ਅਤੇ ਇਸਤਰੀਆਂ ਕਿਸੇ ਇਸਤਰੀ ਨੂੰ ਦੋਸ਼ੀ ਠਹਿਰਾਉਂਦੀਆਂ ਹਨ।

ਕੋਈ ਝੁਰੜੀਆਂ ਵਾਲੇ ਚਿਹਰੇ ਵਾਲੀ, ਕਾਲੇ ਰੰਗ ਵਾਲੀ, ਬਾਹਰ ਨਿਕਲੇ ਦੰਦਾਂ ਵਾਲੀ, ਨੀਲੀਆਂ-ਭੂਰੀਆਂ ਅੱਖਾਂ ਵਾਲੀ, ਵਿਧਵਾ ਜਾਂ ਬਾਂਝ ਇਸਤਰੀ, ਦੂਜੀਆਂ ਇਸਤਰੀਆਂ ਦੇ ਸ਼ੱਕ ਦਾ ਕੇਂਦਰ ਬਣਦੀ ਹੈ। ਇਨ੍ਹਾਂ ਦੇ ਨਾਂ ਲੈ ਕੇ ਬੱਚਿਆਂ ਨੂੰ ਡਰਾਇਆ

ਜਾਂਦਾ ਹੈ, ਮਰੀਜ਼ ਨੂੰ ਇਨ੍ਹਾਂ ਕੋਲ ਇਕੱਲਿਆਂ ਨਹੀਂ ਛੱਡਿਆ ਜਾਂਦਾ, ਇਨ੍ਹਾਂ ਦੇ ਆਣ-ਜਾਣ 'ਤੇ ਨਜ਼ਰ ਰੱਖੀ ਜਾਂਦੀ ਹੈ ਅਤੇ ਜਦੋਂ ਵੀ ਕੁਝ ਅਣਸੁਖਾਵਾਂ ਵਾਪਰ ਜਾਵੇ ਤਾਂ ਇਨਾਂ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ।

ਆਪਣੀਆਂ ਸਮੱਸਿਆਵਾਂ ਲਈ ਆਪਣਿਆਂ ਤੋਂ ਨੀਵਿਆਂ ਨੂੰ ਦੋਸ਼ੀ ਠਹਿਰਾਉਣ ਦੀ ਬਿਰਤੀ ਵਿਸ਼ਵ-ਵਿਆਪੀ ਹੈ।

ਪਰੰਪਰਾਗਤ ਸਮਾਜਾਂ ਵਿਚ ਇਹ ਸਦੀਆਂ ਤੋਂ ਵਾਪਰਦਾ ਆਇਆ ਹੈ।

ਨਿਰਸੰਦੇਹ ਇਹ ਮਨੁੱਖੀ ਇਤਿਹਾਸ ਦੇ ਦੁੱਖਦਾਈ ਪੰਨੇ ਹਨ। ਇਹ ਦੌਰ ਹੁਣ ਮੁੱਕਣਾ ਚਾਹੀਦਾ ਹੈ ਪਰ ਵਿਗਿਆਨ ਅਤੇ ਤਰਕ ਦੇ ਅਥਾਹ ਵਿਕਾਸ ਦੇ ਬਾਵਜੂਦ ਹਜ਼ਾਰਾਂ ਸਾਲਾਂ ਤੋਂ ਪਾਲੇ ਜਾ ਰਹੇ ਵਹਿਮਾਂ-ਭਰਮਾਂ ਦੀ ਪਕੜ ਬੜੀ ਪੀਡੀ ਹੈ।

ਵਿਗਿਆਨ ਦੇ ਯੁੱਗ ਵਿਚ ਵੀ ਮਨੁੱਖ ਦਾ ਧੁਰ-ਅੰਦਰਲਾ ਅੰਧ-ਵਿਸ਼ਵਾਸੀ ਹੈ।

ਕੋਈ ਸਮਾਂ ਸੀ ਜਦੋਂ ਬੀਮਾਰ ਹੋਣਾ ਨਜ਼ਰ ਲਗ ਜਾਣ ਦੇ ਅਰਥਾਂ ਵਿਚ ਲਿਆ ਜਾਂਦਾ ਸੀ ਅਤੇ ਇਲਾਜ ਲਈ ਜਾਦੂ-ਟੂਣੇ ਦਾ ਸਹਾਰਾ ਲਿਆ ਜਾਂਦਾ ਸੀ।

ਹੁਣ ਸਮਾਜ ਵੱਡੇ ਅਤੇ ਜਟਿਲ ਹੋ ਗਏ ਹਨ, ਇਸੇ ਲਈ ਬੀਮਾਰੀਆਂ ਅਤੇ ਇਲਾਜ ਵੀ ਵਧੇਰੇ ਗੁੰਝਲਦਾਰ ਹੋ ਗਏ ਹਨ।

ਵੇਖਿਆ ਗਿਆ ਹੈ ਕਿ ਗਰੀਬ ਟੱਬਰਾਂ ਦੇ ਵਿਅਕਤੀ ਹਸਪਤਾਲਾਂ ਵਿਚ ਵਧੇਰੇ ਦਾਖਲ ਹੁੰਦੇ ਹਨ ਪਰ ਦਵਾਈਆਂ ਵਧੇਰੇ, ਅਮੀਰ ਲੋਕ ਖਾਂਦੇ ਹਨ।

ਗਰੀਬ ਵਿਅਕਤੀ ਆਪਣੀ ਬੀਮਾਰੀ ਦੇ ਵਧੇਰੇ ਵੇਰਵੇ ਦਿੰਦਾ ਹੈ, ਜਦੋਂ ਕਿ ਅਮੀਰ ਵਿਅਕਤੀ ਜਲਦੀ ਤੋਂ ਜਲਦੀ ਬੀਮਾਰੀ ਨੂੰ ਭੁੱਲ ਜਾਣਾ ਚਾਹੁੰਦਾ ਹੈ।

ਸਾਡਾ ਸਮਾਜਿਕ ਰੁਤਬਾ ਸਾਡੇ ਬੀਮਾਰ ਪੈਣ ਅਤੇ ਅਰੋਗ ਹੋਣ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ।

ਜਦੋਂ ਗਰੀਬ ਵਿਅਕਤੀ ਨੂੰ ਇਲਾਜ ਤੋਂ ਰਾਹਤ ਨਹੀਂ ਮਿਲਦੀ ਤਾਂ ਉਹ ਜਾਦੂ-ਟੂਣੇ ਬਾਰੇ ਸੋਚਦਾ ਹੈ ਅਤੇ ਉਸ ਦਾ ਗ਼ੈਬੀ ਸ਼ਕਤੀਆਂ ਵਿਚ ਵਿਸ਼ਵਾਸ ਪੱਕਾ ਹੋ ਜਾਂਦਾ ਹੈ।

ਉਸ ਵਿਚ ਯਤਨ ਨਾਲੋਂ, ਕਿਸਮਤ ਵਿਚ ਆਸਥਾ ਵਧੇਰੇ ਹੁੰਦੀ ਹੈ।

ਪਿੱਛੇ ਜਿਹੇ, ਮੇਰੇ ਘਰ ਦੇ ਨੇੜੇ, ਇਕ ਚੁਰਸਤੇ ਵਿਚਕਾਰ ਨਿੱਕ-ਸੁੱਕ ਨਾਲ, ਸਰ੍ਹੋਂ ਦੇ ਤੇਲ ਦੀ ਇਕ ਭਰੀ ਹੋਈ ਬੋਤਲ ਪਈ ਸੀ। ਇਹ ਸੋਚ ਕੇ ਮੈਂ ਉਹ ਚੁੱਕ ਕੇ ਇਕ ਪਾਸੇ ਰੱਖ ਦਿੱਤੀ ਕਿ ਕਿਸੇ ਦੀ ਡਿੱਗ ਪਈ ਹੋਵੇਗੀ। ਅਜਿਹਾ ਕਰਦਿਆਂ ਵੇਖ ਕੇ ਮੈਨੂੰ ਵੱਡੀ ਉਮਰ ਦੀ ਇਕ ਇਸਤਰੀ ਨੇ ਆਵਾਜ਼ ਦਿੱਤੀ ਕਿ ਇਸ ਨੂੰ ਉਥੇ ਹੀ ਰੱਖ ਦਿਓ, ਕਿਉਂਕਿ ਇਹ ਕਿਸੇ ਨੇ ਟੂਣਾ ਕੀਤਾ ਹੋਇਆ ਹੈ। ਨਾ ਚਾਹੁੰਦਿਆਂ ਵੀ ਮੈਂ ਬੋਤਲ ਤਾਂ ਸੜਕ ਦੇ ਵਿਚਕਾਰ ਰੱਖ ਦਿੱਤੀ ਪਰ ਟੂਣੇ ਦੀ ਬਿਰਤੀ ਨੇ ਮੈਨੂੰ ਬੜਾ ਉਦਾਸ ਕੀਤਾ।

ਜਿਸ ਨੇ ਵੀ ਇਹ ਮਹਿੰਗਾ ਟੂਣਾ ਕੀਤਾ ਹੋਵੇਗਾ, ਉਸ ਨੂੰ ਜ਼ਰੂਰ ਕਿਸੇ ਗੰਭੀਰ ਸਮੱਸਿਆ

ਦਾ ਸਾਹਮਣਾ ਕਰਨਾ ਪੈ ਰਿਹਾ ਹੋਵੇਗਾ, ਉਹ ਸਮੱਸਿਆ ਉਸ ਨੂੰ ਲੰਮੇ ਅਰਸੇ ਤੋਂ ਪ੍ਰੇਸ਼ਾਨ ਕਰ ਰਹੀ ਹੋਵੇਗੀ, ਉਹ ਜ਼ਰੂਰ ਕੋਈ ਅਨਪੜ੍ਹ ਅਤੇ ਅੰਧ-ਵਿਸ਼ਵਾਸੀ ਵਿਅਕਤੀ ਹੋਵੇਗਾ, ਉਸ ਨੂੰ ਅਜਿਹਾ ਕਰਨ ਲਈ ਕਿਸੇ ਨੇ ਪ੍ਰੇਰਿਆ ਹੋਵੇਗਾ, ਉਹ ਪ੍ਰੇਰਨ ਵਾਲਾ ਵਿਅਕਤੀ ਅਜਿਹੇ ਇਲਾਜ ਦਾ ਮਾਹਿਰ ਸਮਝਿਆ ਜਾਂਦਾ ਹੋਵੇਗਾ, ਉਸ ਦੀ ਦੱਸ ਕਿਸੇ ਹੋਰ ਨੇ ਪਾਈ ਹੋਵੇਗੀ, ਅਜਿਹਾ ਇਲਾਜ ਦੱਸਣ ਲਈ ਉਸ ਨੇ ਚੰਗੀ ਰਕਮ ਲਈ ਹੋਵੇਗੀ, ਆਖਰ ਉਸ ਮਜਬੂਰ ਵਿਅਕਤੀ ਨੇ ਉਹ ਸੁੰਨਾ ਚੁਰਸਤਾ ਹੀ ਕਿਉਂ ਚੁਣਿਆ, ਸ਼ਾਇਦ ਉਸ ਦੀ ਸਮੱਸਿਆ ਦਾ ਜ਼ਿੰਮੇਵਾਰ ਵਿਅਕਤੀ ਇਧਰ ਰਹਿੰਦਾ ਹੋਵੇ, ਸ਼ਾਇਦ ਸਮੱਸਿਆ ਉਸ ਦੀ ਪਤਨੀ ਨਾਲ ਸਬੰਧਿਤ ਹੋਵੇ ਕਿਉਂਕਿ ਆਪਣੀਆਂ ਸਮੱਸਿਆਵਾਂ ਦੇ ਅਜਿਹੇ ਹੱਲ ਅਕਸਰ ਇਸਤਰੀਆਂ ਹੀ ਸੋਚਦੀਆਂ-ਕਰਦੀਆਂ ਹਨ। ਭੇਤ-ਭਰੇ ਢੰਗ ਨਾਲ ਸਮੱਸਿਆ ਨੂੰ ਸੁਲਝਾਉਣ ਦੀ ਇਸ ਵਿਧੀ ਨੇ ਮੇਰੇ ਮਨ ਵਿਚ ਹੋਰ ਵੀ ਅਨੇਕਾਂ ਪ੍ਰਸ਼ਨ ਉਪਜਾਏ।

ਤੁਹਾਡੇ ਨਾਲ ਵੀ ਕਦੇ ਅਜਿਹੀ ਘਟਨਾ ਜ਼ਰੂਰ ਵਾਪਰੀ ਹੋਵੇਗੀ। ਸੁੱਤਿਆਂ ਕਿਸੇ ਦੇ ਵਾਲ ਕੱਟੇ ਜਾਣੇ, ਕਿਸੇ ਦੀ ਚੌਗਾਠ 'ਤੇ ਮੇਖ ਠੋਕ ਦੇਣੀ, ਰਾਤ ਨੂੰ ਬੂਹੇ ਅੱਗੇ ਬਲਦਾ ਦੀਵਾ ਰੱਖ ਦੇਣਾ, ਕਿਸੇ ਲੀਰ ਵਿਚ ਹਲਦੀ ਅਤੇ ਸੰਧੂਰ ਨਾਲ ਕੁਝ ਪੈਸੇ ਰਾਹ ਵਿਚ ਰੱਖ ਦੇਣੇ, ਮੁਰਦੇ ਦੀ ਰਾਖ ਦੁੱਧ ਵਿਚ ਘੋਲ ਕੇ ਕਿਸੇ ਨੂੰ ਪਿਲਾ ਦੇਣੀ ਆਦਿ ਜਿਹੀਆਂ ਗੱਲਾਂ ਸਬੰਧੀ ਹਰ ਕਿਸੇ ਨੂੰ ਕੁਝ ਕਹਾਣੀਆਂ ਦਾ ਪਤਾ ਹੁੰਦਾ ਹੈ।

ਹਰ ਗਲੀ-ਮੁਹੱਲੇ ਵਿਚ ਕੋਈ ਪੁਰਸ਼ ਜਾਂ ਅਜਿਹੀ ਇਸਤਰੀ ਹੁੰਦੀ ਹੈ, ਜਿਸ ਦਾ ਜਾਦੂ-ਟੂਣਿਆਂ ਵਿਚ ਵਧੇਰੇ ਵਿਸ਼ਵਾਸ ਹੁੰਦਾ ਹੈ।

ਰਾਤ ਨੂੰ ਕੁਝ ਇਲਾਕਿਆਂ ਜਾਂ ਥਾਂਵਾਂ ਜਾਂ ਇਮਾਰਤਾਂ ਵਿਚ ਲੋਕ ਇਸ ਲਈ ਨਹੀਂ ਜਾਂਦੇ ਕਿ ਉਥੇ ਭੂਤ ਰਹਿੰਦੇ ਹਨ।

ਕਿਸੇ ਹਨੇਰੀ ਅਤੇ ਕਾਲੀ ਰਾਤ ਵਿਚ ਦਰਵਾਜ਼ੇ-ਬਾਰੀਆਂ ਦਾ ਖੜਕਣਾ, ਡਾਇਣਾਂ-ਚੁੜੇਲਾਂ ਦਾ ਗਿੱਧਾ ਪ੍ਰਤੀਤ ਹੁੰਦਾ ਹੈ। ਧੁੱਪੇ ਸੜਦੀਆਂ ਛੱਤਾਂ ਉਤੇ ਚਲਦੀਆਂ ਤੇਜ਼ ਹਵਾਵਾਂ ਦੀਆਂ ਆਵਾਜ਼ਾਂ, ਡਾਇਣਾਂ ਦੀਆਂ ਚੀਕਾਂ ਪ੍ਰਤੀਤ ਹੁੰਦੀਆਂ ਹਨ।

ਬੱਚਿਆਂ ਦੇ ਮਨਾਂ ਵਿਚ ਜਿਹੜੇ ਡਰ ਬੱਚਪਨ ਵਿਚ ਪਾਏ ਜਾਂਦੇ ਹਨ, ਉਹ ਸਾਰੀ ਉਮਰ ਨਿਭਦੇ ਹਨ। ਇਵੇਂ ਡਰ, ਵਹਿਮ-ਭਰਮ ਅਤੇ ਅੰਧ-ਵਿਸ਼ਵਾਸ ਪੀੜ੍ਹੀ-ਦਰ ਪੀੜ੍ਹੀ ਚਲਦੇ ਰਹਿੰਦੇ ਹਨ।

ਅੰਧ-ਵਿਸ਼ਵਾਸਾਂ ਦਾ ਵੀ ਆਪਣਾ ਇਕ ਵੱਖਰਾ ਸੰਸਾਰ ਹੈ। ਡਾਇਣਾਂ-ਚੁੜੇਲਾਂ ਅਤੇ ਜਿੰਨਾਂ-ਭੂਤਾਂ ਦਾ ਇਕ ਸੰਪੂਰਣ ਸਿਲਸਿਲਾ ਹੈ। ਸੰਸਾਰ ਦਾ ਸ਼ਾਇਦ ਹੀ ਕੋਈ ਅਜਿਹਾ ਇਲਾਕਾ ਹੋਵੇ, ਜਿਥੇ ਇਨ੍ਹਾਂ ਸ਼ਕਤੀਆਂ ਦਾ ਡਰ ਨਹੀਂ।

ਯੋਰਪ ਵਿਚ ਅਨੇਕਾਂ ਇਮਾਰਤਾਂ ਭੂਤਾਂ ਦੇ ਡੇਰੇ ਹੋਣ ਕਾਰਨ ਖਾਲੀ ਪਈਆਂ ਹਨ।

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਡਾਇਣਾਂ-ਚੁੜੇਲਾਂ ਸ਼ਮਸ਼ਾਨ ਘਾਟਾਂ ਜਾਂ ਮੜ੍ਹੀਆਂ ਵਿਚ ਜੁੜ ਬੈਠਦੀਆਂ ਹਨ ਅਤੇ ਆਪਣੇ ਕਾਰਨਾਮੇ ਸੁਣਾਉਂਦੀਆਂ, ਵਿਉਂਤਾਂ ਬਣਾਉਂਦੀਆਂ

ਅਤੇ ਆਪਣੇ ਮਨਸੂਬਿਆਂ ਨੂੰ ਪੂਰਾ ਕਰਨ ਦੇ ਨਵੇਂ ਢੰਗ-ਤਰੀਕੇ ਸੁਝਾਉਂਦੀਆਂ ਹਨ। ਉਹ ਸਿਵਿਆਂ ਦੀ ਅੱਗ ਉਤੇ ਰਿਨ੍ਹਦੀਆਂ-ਪਕਾਉਂਦੀਆਂ ਅਤੇ ਨਵੀਆਂ ਸਾਥਣਾਂ ਨੂੰ ਖੁਆ-ਪਿਆ ਕੇ, ਉਨ੍ਹਾਂ ਨਾਲ ਖਿਲਰੇ ਵਾਲਾਂ ਨਾਲ ਨੱਚਦੀਆਂ ਅਤੇ ਲੰਮੀਆਂ ਬਾਹਵਾਂ ਚੁੱਕ-ਚੁੱਕ ਕੇ ਆਵਾਜ਼ਾਂ ਮਾਰਦੀਆਂ ਹਨ।

ਰਾਤ ਦੇ ਸੰਨਾਟੇ ਅਤੇ ਹਨੇਰੇ ਵਿਚ ਢੋਲ ਅਤੇ ਡਮਰੂ ਅਤੇ ਚੀਕ-ਚਿਹਾੜੇ ਦੀ ਕਾਲਪਨਿਕ ਆਵਾਜ਼, ਸੁੰਨੀਆਂ ਥਾਂਵਾਂ 'ਤੇ ਰਹਿਣ ਵਾਲੇ ਲੋਕਾਂ ਦੇ ਅੰਦਰਲੇ ਡਰ ਦਾ ਪ੍ਰਗਟਾਵਾ ਹੋ ਨਿਬੜਦੀ ਹੈ। ਇਨ੍ਹਾਂ ਤੋਂ ਬਚਣ ਲਈ ਲੋਕ ਰਾਤੀਂ ਦੀਵਾ-ਬੱਤੀ ਬਾਲਦੇ ਹਨ, ਕੋਈ ਧਾਤ ਨੇੜੇ ਰੱਖਦੇ ਹਨ, ਸੋਟੀ-ਡਾਂਗ ਦਾ ਸਹਾਰਾ ਲੈਂਦੇ ਹਨ ਅਤੇ ਬੱਚਿਆਂ ਅਤੇ ਇਸਤਰੀਆਂ ਨੂੰ ਬਾਹਰ ਨਿਕਲਣ ਤੋਂ ਰੋਕਦੇ ਹਨ।

ਅਜਿਹੀਆਂ ਮਨਘੜ੍ਹਤ ਮਾਰੂ ਸ਼ਕਤੀਆਂ ਤੋਂ ਬਚਾਓ ਲਈ ਮੜ੍ਹੀਆਂ 'ਤੇ ਦੀਵੇ ਬਾਲਣਾ, ਦਾਨ ਕਰਨਾ ਆਦਿ ਅਨੇਕਾਂ ਢੰਗ-ਤਰੀਕੇ ਅਪਣਾਏ ਜਾਂਦੇ ਹਨ। ਪ੍ਰਚਾਰ ਕੀਤਾ ਜਾਂਦਾ ਹੈ ਕਿ ਇਨ੍ਹਾਂ ਮਾਰੂ ਸ਼ਕਤੀਆਂ ਤੋਂ ਸੂਰਜ ਅਤੇ ਚੰਨ ਵੀ ਨਹੀਂ ਬੱਚ ਸਕਦੇ। ਗ੍ਰਹਿਣ ਅਜਿਹੀਆਂ ਤਾਕਤਾਂ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਬੁਰੀ-ਨਜ਼ਰ, ਤੇਜ਼-ਨਜ਼ਰ, ਪ੍ਰਛਾਵਾਂ, ਹਵਾ ਆਦਿ ਬੁਰੀ ਨੀਅਤ ਵਾਲੇ ਲੋਕਾਂ ਦੀਆਂ ਹਾਨੀ ਪਹੁੰਚਾਉਣ ਵਾਲੀਆਂ ਹੋਰ ਸ਼ਕਤੀਆਂ ਮੰਨੀਆਂ ਗਈਆਂ ਹਨ।

ਇਸਤਰੀਆਂ ਸਰੀਰ 'ਤੇ ਉਨ੍ਹਾਂ-ਉਨ੍ਹਾਂ ਥਾਂਵਾਂ 'ਤੇ ਗਹਿਣੇ ਪਹਿਨਦੀਆਂ ਹਨ, ਜਿਨ੍ਹਾਂ ਥਾਂਵਾਂ 'ਤੇ ਡਾਇਣਾ-ਚੁੜੇਲਾਂ ਨਾੜੀ ਦੱਬ ਕੇ ਮਾਰ ਸਕਦੀਆਂ ਹਨ।

ਭੂਤਾਂ-ਪ੍ਰੇਤਾਂ ਅਤੇ ਡਾਇਣਾਂ-ਚੁੜੇਲਾਂ ਦੇ ਡਰਾਉਣੇ ਸੰਸਾਰ ਦਾ ਆਪਣਾ ਵੱਖਰਾ ਤਾਣਾ-ਬਾਣਾ ਹੈ। ਇਸ ਵਿਚ ਸੌਖਿਆਂ ਸ਼ਾਮਲ ਨਹੀਂ ਹੋਇਆ ਜਾ ਸਕਦਾ। ਅਜਿਹੇ ਕੰਮਾਂ ਵਿਚ ਰੁੱਝੇ ਪੁਰਸ਼-ਇਸਤਰੀਆਂ ਬੰਦਿਆਂ ਦੇ ਗੁਰਦੇ ਕੱਢ ਕੇ ਪਕਾਉਂਦੇ ਹਨ ਅਤੇ ਖੋਪੜੀਆਂ ਵਿਚ ਖਾਂਦੇ ਹਨ। ਉਹ ਤੰਤਰ-ਆਧਾਰਿਤ ਮੰਤਰ ਉਚਾਰਦੇ ਹਨ, ਧੂਣੀਆਂ ਬਾਲਦੇ ਹਨ, ਚੇਲਿਆਂ ਨੂੰ ਪਰਪੱਕ ਕਰਨ ਲਈ ਉਨ੍ਹਾਂ ਤੋਂ ਕਾਰੇ ਕਰਵਾਉਂਦੇ ਹਨ ਅਤੇ ਜੜ੍ਹੀਆਂ-ਬੂਟੀਆਂ ਦੀਆਂ ਗੁੱਝੀਆਂ ਸ਼ਕਤੀਆਂ ਦੱਸਦੇ ਹਨ।

ਅਜਿਹੀ ਦੁਨੀਆਂ ਵਿਚ ਕਿਸੇ ਦੀ ਕੁਰਬਾਨੀ ਦੇਣ ਦਾ ਰਿਵਾਜ ਬਹੁਤ ਪੁਰਾਣਾ ਹੈ ਅਤੇ ਬਹੁਤ ਪੱਕਾ ਹੈ। ਕੁਰਬਾਨੀ ਅਕਸਰ ਕਿਸੇ ਸੁੱਖਣਾ ਦੀ ਪੂਰਤੀ ਹਿੱਤ ਦਿੱਤੀ ਜਾਂਦੀ ਹੈ। ਅਜਿਹੇ ਸਮੇਂ ਢੋਲ ਵਜਾਉਣਾ, ਗਾਉਣਾ-ਨੱਚਣਾ ਅਤੇ ਖਾਣਾ-ਪੀਣਾ ਖੁੱਲ੍ਹਾ ਹੁੰਦਾ ਹੈ। ਭੂਤਾਂ-ਪ੍ਰੇਤਾਂ ਅਤੇ ਡਾਇਣਾਂ-ਚੁੜੇਲਾਂ ਸਬੰਧੀ ਅੰਧ-ਵਿਸ਼ਵਾਸਾਂ ਨੇ ਸੰਗੀਤ ਨੂੰ ਪ੍ਰਚਲਤ ਕਰਨ, ਢੋਲ ਅਤੇ ਡਮਰੂ ਦੀ ਤਾਲ 'ਤੇ ਨਾਚ ਨੂੰ ਉਤਸ਼ਾਹ ਦੇਣ ਅਤੇ ਜੜ੍ਹੀਆਂ-ਬੂਟੀਆਂ ਦੀਆਂ ਸ਼ਕਤੀਆਂ ਲੱਭਣ ਦਾ ਕਾਰਜ ਕੀਤਾ ਹੈ।

ਪੁਰਾਣੇ ਸਮੇਂ ਵਿਚ ਇਲਾਜ ਸੰਗੀਤ ਅਤੇ ਨਾਚ ਨਾਲ ਕੀਤੇ ਜਾਂਦੇ ਸਨ।

ਹਰ ਬੀਮਾਰੀ ਲਈ ਵੱਖਰੀ ਭਾਂਤ ਦੇ ਸਾਜ਼ ਤੋਂ ਸੰਗੀਤ ਉਪਜਾਇਆ ਜਾਂਦਾ ਸੀ, ਜਿਸ ਦੀ ਤਾਲ 'ਤੇ ਮਰੀਜ਼ ਵਿਸ਼ੇਸ਼ ਪ੍ਰਕਾਰ ਦੀਆਂ ਹਰਕਤਾਂ ਕਰਦਾ ਸੀ ਅਤੇ ਨੱਚਦਾ-ਨੱਚਦਾ ਉਹ ਬੇਸੁੱਧ ਹੋ ਕੇ ਡਿੱਗ ਪੈਂਦਾ ਸੀ ਅਤੇ ਕਈ ਘੰਟੇ ਸੁੱਤਾ ਰਹਿੰਦਾ ਸੀ।

ਇਹ ਉਸ ਦੇ ਰੋਗ ਦਾ ਇਲਾਜ ਮੰਨਿਆ ਜਾਂਦਾ ਸੀ।

ਸਮਾਜਾਂ ਦੇ ਧਰਮ-ਆਧਾਰਿਤ ਹੋਣ ਤੋਂ ਪਹਿਲਾਂ ਜਾਦੂ-ਟੂਣਾ ਜੀਵਨ ਦਾ ਇਕ ਵਿਆਪਕ ਵਰਤਾਰਾ ਸੀ। ਕਿਸੇ ਵਿਸ਼ੇਸ਼ ਲੱਕੜ ਦਾ ਧੂੰਆਂ ਕਰ ਕੇ, ਮੰਤਰ ਪੜ੍ਹ ਕੇ ਤਵੀਤ ਦੇਣ ਸਮੇਂ ਕੁਝ ਕਰਨ ਅਤੇ ਕੁਝ ਨਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਸਨ।

ਜੇ ਅਸਰ ਹੋ ਜਾਂਦਾ ਤਾਂ ਰੋਗੀ ਸੁੱਖਣਾ ਪੂਰੀ ਕਰ ਕੇ ਜਾਦੂ-ਟੂਣੇ ਵਾਲੇ ਵਿਅਕਤੀ ਦੀ ਮਾਨਤਾ ਵਧਾਉਂਦਾ ਸੀ। ਜੇ ਇਲਾਜ ਨਾ ਹੁੰਦਾ ਤਾਂ ਕਿਹਾ ਜਾਂਦਾ ਸੀ ਕਿ ਮਰੀਜ਼ ਨੇ ਲੋੜੀਂਦਾ ਪ੍ਰਹੇਜ਼ ਅਤੇ ਸੰਜਮ ਨਹੀਂ ਵਰਤਿਆ, ਇਸੇ ਲਈ ਤਵੀਤ ਦਾ ਅਸਰ ਨਹੀਂ ਹੋਇਆ।

ਭਾਰਤੀ ਧਰਮਾਂ ਵਿਚ ਪਰਮਾਤਮਾ ਦੀ ਕੋਈ ਵਿਰੋਧੀ ਸ਼ਕਤੀ ਨਹੀਂ ਮੰਨੀ ਜਾਂਦੀ ਪਰ ਦੇਵਤਿਆਂ ਦੀਆਂ ਵਿਰੋਧੀ ਸ਼ਕਤੀਆਂ ਨੂੰ ਰਾਖਸ਼ ਕਿਹਾ ਜਾਂਦਾ ਹੈ। ਦੂਜੇ ਪਾਸੇ, ਈਸਾਈ ਧਰਮ ਵਿਚ ਸ਼ੈਤਾਨ ਨੂੰ ਰੱਬ ਦੀ ਵਿਰੋਧੀ ਸ਼ਕਤੀ ਮੰਨਿਆ ਗਿਆ ਹੈ। ਮੱਧ-ਕਾਲ ਦੇ ਈਸਾਈ ਜਗਤ ਵਿਚ ਜਿੰਨਾਂ-ਭੂਤਾਂ ਅਤੇ ਡਾਇਣਾਂ-ਚੁੜੇਲਾਂ ਨੂੰ ਮਾਰ-ਮੁਕਾਉਣ ਦੇ ਸਪਸ਼ਟ ਆਦੇਸ਼ ਸਨ ਅਤੇ ਇਨ੍ਹਾਂ ਆਦੇਸ਼ਾਂ ਨੂੰ ਪਾਲਣ ਵਾਲਿਆਂ ਨੂੰ ਸਮਕਾਲੀ ਸਰਕਾਰਾਂ ਵਲੋਂ ਸਰਪ੍ਰਸਤੀ ਵੀ ਮਿਲਦੀ ਰਹੀ ਹੈ।

ਪੱਛਮ ਵਿਚ ਡਾਇਣਾਂ-ਚੁੜੇਲਾਂ ਨੂੰ ਖਤਮ ਕਰਨ ਦਾ ਇਕ ਲੰਮਾ ਇਤਿਹਾਸ ਹੈ। ਬੁਰੀ ਸੂਰਤ ਅਤੇ ਗੁਸੈਲੇ ਵਿਹਾਰ ਵਾਲੀਆਂ ਬਾਂਝ ਇਸਤਰੀਆਂ ਨੂੰ ਚੁੜੇਲਾਂ ਦਸ ਕੇ ਅਤੇ ਸੰਤਾਨ ਅਤੇ ਮਾਂਵਾਂ ਦਾ ਨੁਕਸਾਨ ਕਰਨ ਵਾਲੀਆਂ ਇਸਤਰੀਆਂ ਨੂੰ ਡਾਇਣਾਂ ਕਹਿ ਕੇ, ਉਨ੍ਹਾਂ ਨੂੰ ਸਾੜਨ, ਡੁਬੋਣ, ਕਾਲ-ਕੋਠੜੀ ਵਿਚ ਪਾਉਣ, ਪੁੱਠਾ ਲਟਕਾ ਕੇ ਮਾਰਨ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ।

ਪਿਛੜੇ ਇਲਾਕਿਆਂ ਵਿਚ ਹੁਣ ਵੀ ਜਦੋਂ ਕਿਸੇ ਪਿੰਡ ਵਿਚ ਕੋਈ ਅਣਹੋਣੀ ਵਾਪਰ ਜਾਂਦੀ ਹੈ ਤਾਂ ਇਨ੍ਹਾਂ ਅਖੌਤੀ ਡਾਇਣਾਂ-ਚੁੜੇਲਾਂ ਦੀ ਸ਼ਾਮਤ ਆ ਜਾਂਦੀ ਹੈ। ਇਨ੍ਹਾਂ ਦੇ ਸੱਜੇ ਹੱਥ ਨਾਲ ਖੱਬਾ ਪੈਰ ਅਤੇ ਖੱਬੇ ਹੱਥ ਨਾਲ ਸੱਜਾ ਪੈਰ ਨੂੜ ਕੇ, ਕੰਬਲ ਵਿਚ ਬੰਨ੍ਹ ਕੇ ਛੱਪੜ ਵਿਚ ਸੁੱਟਿਆ ਜਾਣਾ, ਲੋਹੇ ਦੀ ਕੁਰਸੀ 'ਤੇ ਬੈਠਾ ਕੇ ਥੱਲੇ ਅਤੇ ਆਲੇ-ਦੁਆਲੇ ਅੱਗ ਬਾਲਣੀ, ਜਮੂਰਾਂ ਅਤੇ ਸ਼ਕੰਜਿਆਂ ਨਾਲ ਹੱਥਾਂ-ਪੈਰਾਂ ਨੂੰ ਕੱਸਣਾ, ਤਿੱਖੇ ਵਾਲਾਂ ਵਾਲੀ ਕਮੀਜ਼ ਨੂੰ ਸਿਰਕੇ ਵਿਚ ਭਿਉਂ ਕੇ ਪਹਿਨਾਉਣਾ ਅਤੇ ਵਾਲਾਂ ਰਾਹੀਂ ਚਮੜੀ ਨੂੰ ਉਧੇੜਨਾ, ਉਪਰ ਟੰਗ ਕੇ ਥੱਲੇ ਲੋਹੜੀ ਵਾਲੀ ਅੱਗ ਬਾਲਣੀ, ਲੱਤਾਂ-ਬਾਹਵਾਂ ਨੂੰ ਖਿੱਚ ਕੇ ਹੱਡੀਆਂ ਨੂੰ ਆਪਣੀ ਥਾਂ ਤੋਂ ਹਿਲਾ ਦੇਣਾ ਆਦਿ ਅਨੇਕਾਂ ਤਸੀਹੇ ਹਨ, ਜਿਹੜੇ ਮਜਬੂਰ ਪਰ ਡਾਇਣਾਂ-ਚੁੜੇਲਾਂ ਦੱਸੀਆਂ ਜਾਂਦੀਆਂ ਇਸਤਰੀਆਂ ਨੂੰ ਸਹਿਣੇ ਪਏ ਹਨ।

ਮਰ ਜਾਣਾ ਅਜਿਹੀ ਇਸਤਰੀ ਦੀ ਨਿਰਦੋਸ਼ਤਾ ਦਾ ਸਬੂਤ ਮੰਨਿਆ ਜਾਂਦਾ ਸੀ, ਸੋ ਅਜਿਹੀ ਇਸਤਰੀ ਦੇ ਰਿਸ਼ਤੇਦਾਰ ਵੀ ਇਹੀ ਚਾਹੁੰਦੇ ਸਨ ਕਿ ਉਹ ਮਰ ਜਾਵੇ ਅਤੇ ਖਾਨਦਾਨ ਦੀ ਇੱਜ਼ਤ ਬਚ ਜਾਵੇ।

ਭੁੱਖੀ ਇਸਤਰੀ, ਹੋਰ ਤਰ੍ਹਾਂ ਵੇਖਦੀ ਹੈ ਅਤੇ ਅਜਿਹੀ ਤੱਕਣੀ ਨੂੰ ਚੁੜੇਲ-ਤੱਕਣੀ ਕਿਹਾ ਜਾਂਦਾ ਰਿਹਾ ਹੈ। ਮੱਧ-ਕਾਲ ਵਿਚ ਕਈ ਵਿਅਕਤੀ ਰਾਜੇ ਤੋਂ ਫ਼ਰਮਾਨ ਜਾਰੀ ਕਰਵਾ ਕੇ ਡਾਇਣਾਂ-ਚੁੜੇਲਾਂ ਨੂੰ ਮਾਰਨ ਦਾ ਠੇਕਾ ਲੈ ਲੈਂਦੇ ਸਨ ਅਤੇ ਉਹ ਇਸ ਢੰਗ ਨਾਲ ਇਸਤਰੀਆਂ ਨੂੰ ਲੁੱਟਦੇ ਰਹਿੰਦੇ ਸਨ।

ਬਦਸੂਰਤ ਹੋਣਾ, ਵਿਧਵਾ ਹੋਣਾ ਅਤੇ ਬਾਂਝ ਹੋਣਾ, ਨਿੱਕੇ ਸਮਾਜਾਂ ਵਿਚ ਇਸਤਰੀਆਂ ਲਈ ਮੁਸੀਬਤਾਂ ਬਣਦਾ ਰਿਹਾ ਹੈ। ਕਿਸੇ ਦੀਆਂ ਛੇ ਉਂਗਲਾ ਹੋਣੀਆਂ ਜਾਂ ਕਿਸੇ ਦੀ ਇਕ ਅੱਖ ਖਰਾਬ ਹੋਣੀ ਜਾਂ ਕਿਸੇ ਦਾ ਕੁੱਬ ਨਿਕਲਿਆ ਹੋਣਾ, ਉਸ ਨੂੰ ਦੂਜਿਆਂ ਦੀਆਂ ਨਜ਼ਰਾਂ ਵਿਚ ਸ਼ੱਕੀ ਬਣਾਉਂਦਾ ਰਿਹਾ ਹੈ।

ਅਜਿਹੀਆਂ ਇਸਤਰੀਆਂ ਨੂੰ ਉਦੋਂ ਤਕ ਤਸੀਹੇ ਦਿਤੇ ਜਾਂਦੇ ਸਨ, ਜਦੋਂ ਤਕ ਉਹ ਆਪਣੇ ਡਾਇਣ ਹੋਣ ਦਾ ਇਕਬਾਲ ਨਾ ਕਰ ਲੈਂਦੀਆਂ ਸਨ।

ਸੰਸਾਰ ਵਿਚ ਕੋਈ ਅਜਿਹਾ ਤਸੀਹਾ ਨਹੀਂ ਹੈ, ਜਿਹੜਾ ਪੱਛਮ ਵਿਚ ਇਨ੍ਹਾਂ ਇਸਤਰੀਆਂ ਨੂੰ ਨਹੀਂ ਦਿੱਤਾ ਗਿਆ। ਇਹ ਸਭ ਕੁਝ ਬਾਈਬਲ ਦੇ ਆਦੇਸ਼ਾਂ ਅਨੁਸਾਰ ਕੀਤਾ ਹੋਣ ਕਰ ਕੇ ਸ਼ੁਭ ਮੰਨਿਆ ਜਾਂਦਾ ਸੀ।

ਕਿਸਾਨ ਅਤੇ ਮਜ਼ਦੂਰ ਅਕਸਰ ਅੰਧ-ਵਿਸ਼ਵਾਸੀ ਹੁੰਦੇ ਹਨ।

ਇਨ੍ਹਾਂ ਭੋਲੇ-ਭਾਲੇ ਲੋਕਾਂ ਦੀ ਅਗਿਆਨਤਾ ਦਾ ਲਾਭ ਉਠਾਉਣਾ ਅਤੇ ਇਨ੍ਹਾਂ ਨੂੰ ਕੁਰਾਹੇ ਪਾਉਣਾ, ਕਈਆਂ ਨੇ ਆਪਣਾ ਧੰਦਾ ਬਣਾ ਲਿਆ ਹੈ। ਚਲਾਕ ਲੋਕਾਂ ਵਲੋਂ ਉੱਡਣ, ਪਾਣੀ 'ਤੇ ਤੁਰਨ, ਅੱਗ 'ਤੇ ਚਲਣ, ਲੋਪ ਹੋ ਜਾਣ, ਦੂਜੇ ਨੂੰ ਵਸ ਵਿਚ ਕਰਨ ਆਦਿ ਦੀਆਂ ਸ਼ਕਤੀਆਂ ਦਾ ਭਰਮ ਉਪਜਾ ਕੇ ਅਨੇਕਾਂ ਪ੍ਰਕਾਰ ਦੇ ਕੁਕਰਮ ਕੀਤੇ ਜਾ ਰਹੇ ਹਨ ਅਤੇ ਕਈ ਕਿਸਾਨਾਂ ਦੀਆਂ ਜ਼ਮੀਨਾਂ ਹੜੱਪ ਲਈਆਂ ਗਈਆਂ ਹਨ।

ਕਿਸੇ ਇਸਤਰੀ ਦਾ ਬੱਚਾ ਨਾ ਹੋਣ ਦੀ ਸੂਰਤ ਵਿਚ, ਕਿਸੇ ਅਜਿਹੇ ਪਾਖੰਡੀ ਦੇ ਕਹਿਣ ਉਤੇ, ਕਿਸੇ ਦਾ ਪਹਿਲਾ ਬੱਚਾ ਮਾਰ ਕੇ ਉਸ ਦੇ ਲਹੂ ਨਾਲ ਨਹਾਉਣ ਅਤੇ ਆਪਣੀ ਬੀਮਾਰੀ ਤੋਂ ਛੁਟਕਾਰਾ ਪਾਉਣ ਲਈ, ਕਿਸੇ ਬੱਚੇ ਦੀ ਬਲੀ ਦੇਣ ਅਤੇ ਕਿਸੇ ਨੂੰ ਕੁਝ ਖੁਆ ਕੇ ਮਾਰ ਦੇਣ ਦੀਆਂ ਅਨੇਕਾਂ ਘਟਨਾਵਾਂ ਹਰ ਸਮਾਜ ਵਿਚ ਵਾਪਰ ਚੁੱਕੀਆਂ ਹਨ ਅਤੇ ਅੱਜ ਵੀ ਵਾਪਰ ਰਹੀਆਂ ਹਨ।

ਜੁਰਮਾਂ ਦੀ ਇਸ ਦੁਨੀਆਂ ਵਿਚ ਜ਼ਹਿਰ ਅਤੇ ਵਿਸ਼ੇਸ਼ ਕਰ ਕੇ ਪਾਰੇ ਦੀ ਖੁੱਲ੍ਹੀ ਵਰਤੋਂ ਹੁੰਦੀ ਰਹੀ ਹੈ। ਕਈ ਇਹ ਮੱਤ ਦਿੰਦੇ ਰਹੇ ਹਨ ਕਿ ਚੀਚੀ ਉਂਗਲ ਦਾ ਨਹੁੰ, ਬਾਂਦਰ ਦੇ ਵਾਲ, ਮਨੁੱਖ ਦੀ ਹੱਡੀ, ਕਿਸੇ ਮਰੇ ਬੰਦੇ ਦੇ ਕੱਪੜੇ ਆਦਿ ਉਤੇ ਵਿਸ਼ੇਸ਼ ਮੰਤਰ ਪੜ੍ਹ ਕੇ ਦੱਬੇ ਜਾਣ ਉਪਰੰਤ, ਉਸ ਉਤੋਂ ਲੰਘਣ ਵਾਲੇ ਦੀ ਮੌਤ ਹੋ ਜਾਵੇਗੀ।

ਇਹ ਵੀ ਕਿਹਾ ਜਾਂਦਾ ਹੈ ਕਿ ਕਿਸੇ ਤੋਂ ਛੁਟਕਾਰਾ ਪਾਉਣ ਲਈ, ਉਸ ਦਾ ਨਾਂ ਲੈ ਕੇ, ਧਾਰਮਿਕ ਪੁਸਤਕ ਨੂੰ ਪੁੱਠੇ ਪਾਸਿਓਂ ਪੜ੍ਹਨ ਨਾਲ ਉਦੇਸ਼ ਸਿੱਧ ਹੋ ਜਾਂਦਾ ਹੈ।

ਕਈ ਥਾਂਈਂ ਇਹ ਪਾਖੰਡੀ, ਰੋਗੀ-ਇਸਤਰੀ ਨਾਲ ਇਹ ਕਹਿ ਕੇ ਬਲਾਤਕਾਰੀ ਸੰਭੋਗ ਕਰਦੇ ਹਨ ਕਿ ਇਹ ਬਲਾਤਕਾਰ ਉਸ ਨਾਲ ਨਹੀਂ, ਸਗੋਂ ਉਸ ਦੇ ਅੰਦਰ ਬੈਠੀ ਡਾਇਣ ਨਾਲ ਕੀਤਾ ਜਾ ਰਿਹਾ ਹੈ।

ਜਦੋਂ ਮਰੀਜ਼ ਇਸਤਰੀ ਠੀਕ ਨਾ ਹੋਵੇ ਤਾਂ ਕਿਹਾ ਜਾਂਦਾ ਹੈ ਕਿ ਇਸ ਅੰਦਰਲੀ ਡਾਇਣ ਵੱਡੀ ਸ਼ਕਤੀ ਵਾਲੀ ਹੈ, ਸੋ ਉਸ ਨੂੰ ਸੋਧਣ ਲਈ ਵਧੇਰੇ ਸੋਨਾ-ਚਾਂਦੀ, ਵਧੇਰੇ ਦਾਨ ਅਤੇ ਵਧੇਰੇ ਸਮੱਗਰੀ ਦੀ ਲੋੜ ਪਵੇਗੀ।

ਅਜਿਹਾ ਕਰਦਿਆਂ ਇਹ ਦੰਭੀ ਵਿਅਕਤੀ ਅਸੰਭਵ ਜਿਹੀਆਂ ਸ਼ਰਤਾਂ ਲਾ ਦਿੰਦੇ ਹਨ ਅਤੇ ਆਪਣੀ ਅਸਫਲਤਾ ਇਹ ਕਹਿ ਕੇ ਛੁਪਾਉਂਦੇ ਹਨ ਕਿ ਦੱਸਿਆ ਸੰਜਮ ਭੰਗ ਕੀਤਾ ਗਿਆ ਹੈ। ਕਈਆਂ ਨੇ ਭੂਤ-ਪ੍ਰੇਤ ਕੱਢਣ ਦਾ ਕੰਮ ਆਪਣੇ ਘਰਾਂ ਵਿਚ ਹੀ ਆਰੰਭ ਕਰ ਲਿਆ ਹੈ ਅਤੇ ਇਨ੍ਹਾਂ ਦੀ ਮਾਨਤਾ ਫੈਲਾਉਣ ਲਈ ਇਨ੍ਹਾਂ ਵਰਗੇ ਹੀ ਕਈ ਭਾਈਵਾਲ ਅਤੇ ਜੋਟੀਦਾਰ ਪੈਦਾ ਹੋ ਰਹੇ ਹਨ।

ਅਜਿਹੇ ਲੋਕ ਅਕਸਰ ਚਲਾਕ ਅਤੇ ਫੁਰਤੀਲੇ ਹੁੰਦੇ ਹਨ ਅਤੇ ਲੋਕਾਂ ਨੂੰ ਲੁੱਟਣ ਦੇ ਪੱਖੋਂ ਇਹ ਨਿਤ ਨਵੀਆਂ ਕਾਢਾਂ ਕੱਢਦੇ ਹਨ।

ਭਾਰਤ ਵਿਚ ਸਿੱਧ ਅਤੇ ਤੰਤਰ ਵਾਂਗ ਕਈ ਨਵੇਂ ਮੱਤ ਅਜਿਹੀਆਂ ਸ਼ਕਤੀਆਂ ਨੂੰ ਪ੍ਰਚਾਰਨ ਦਾ ਕਾਰਜ ਕਰ ਰਹੇ ਹਨ।

ਪੁਰਾਣੇ ਸਮਿਆਂ ਵਿਚ ਸਾਡੇ ਦੇਸ਼ ਵਿਚ ਛੱਤਰ ਝੁਲਾਉਣ ਅਤੇ ਰਾਤ ਨੂੰ ਮਸ਼ਾਲ ਬਾਲਣ ਦੀ ਆਗਿਆ ਜਾਂ ਰਾਜਿਆਂ-ਮਹਾਰਾਜਿਆਂ ਨੂੰ ਸੀ ਜਾਂ ਇਨ੍ਹਾਂ ਸਿੱਧਾਂ ਨੂੰ। ਛੱਤਰਾਂ ਦੀ ਗਿਣਤੀ, ਸ਼ਕਤੀ ਅਨੁਸਾਰ ਘੱਟ-ਵੱਧ ਹੁੰਦੀ ਸੀ।

ਰਾਜੇ-ਮਹਾਰਾਜੇ ਵੀ ਇਨ੍ਹਾਂ ਸਿੱਧਾਂ, ਸਾਧਾਂ ਅਤੇ ਤੰਤਰੀਆਂ ਤੋਂ ਡਰਦੇ ਸਨ। ਇਹ ਸਿੱਧ ਆਪਣੇ ਪ੍ਰਚਾਰ ਲਈ ਬਹਿਸ ਦੇ ਅਖਾੜੇ ਲਾਉਂਦੇ ਰਹੇ ਹਨ ਅਤੇ ਆਪਣੇ ਵਿਰੋਧੀਆਂ ਦਾ ਸਫਾਇਆ ਕਰਨ ਲਈ ਇਹ ਹਰ ਢੰਗ-ਤਰੀਕਾ ਵਰਤਦੇ ਰਹੇ ਹਨ।

ਵਿਗਿਆਨ ਨੇ ਬਿਜਲੀ ਅਤੇ ਸੰਚਾਰ-ਸਾਧਨਾਂ ਨਾਲ ਦੂਰ-ਦੁਰਾਡੀਆਂ ਥਾਂਵਾਂ 'ਤੇ ਚਾਨਣਾ ਕਰ ਕੇ ਅਤੇ ਸੂਚਨਾ ਮਾਧਿਅਮਾਂ ਰਾਹੀਂ ਲੋਕਾਂ ਨੂੰ ਜਾਗਰੂਕ ਕਰਕੇ ਭੂਤਾਂ-ਡਾਇਣਾਂ ਦਾ ਡਰ ਦੂਰ ਕੀਤਾ ਹੈ ਪਰ ਇਸ ਖੇਤਰ ਵਿਚ ਅਜੇ ਬਹੁਤ ਕੁਝ ਕਰਨਾ ਬਾਕੀ ਹੈ।

ਵਿਦਿਆ ਦੇ ਪ੍ਰਸਾਰ, ਤਰਕਸ਼ੀਲ ਸੋਚ, ਆਤਮ-ਵਿਸ਼ਵਾਸ ਆਦਿ ਨਾਲ ਲੋਕਾਂ ਦੇ ਮਨਾਂ ਵਿਚੋਂ ਡਰ ਕੱਢਣ ਦੀ ਲੋੜ ਤਾਂ ਹੈ ਹੀ, ਸਮਾਜ ਨੂੰ ਚਿੰਬੜੇ ਹੋਏ ਪਾਖੰਡੀ ਬਿਰਤੀ ਵਾਲੇ, ਇਨ੍ਹਾਂ ਭੂਤਾਂ-ਪ੍ਰੇਤਾਂ ਅਤੇ ਡਾਇਣਾਂ-ਚੁੜੇਲਾਂ ਨੂੰ ਪਛਾਣਨ, ਸਜ਼ਾ ਦੇਣ ਅਤੇ ਬੇਨਕਾਬ ਕਰਨ ਦੇ ਸਾਹਸ ਦੀ ਵੀ ਲੋੜ ਹੈ।

ਅੱਧੀਆਂ ਛੱਤਾਂ ਵਾਲੇ ਘਰ

ਮੇਰਾ ਮਿੱਤਰ ਆਪਣੀ ਜ਼ਿੰਦਗੀ ਦਾ ਦਰਦ ਸੁਣਾ ਰਿਹਾ ਸੀ:

ਉਸ ਰਾਤ ਮੇਰੀ ਮਾਂ ਬਹੁਤ ਰੋਈ ਸੀ।

ਉਸ ਤੋਂ ਪਹਿਲਾਂ ਮੈਂ ਆਪਣੀ ਮਾਂ ਨੂੰ ਕਦੀ ਰੋਂਦਿਆਂ ਨਹੀਂ ਸੀ ਵੇਖਿਆ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੈਂ ਕੀ ਕਰਾਂ ਕਿਉਂਕਿ ਮੈਂ ਕਦੀ ਵੀ ਕਿਸੇ ਇਸਤਰੀ ਨੂੰ ਇਤਨੀ ਨਿਆਸਰੀ ਅਤੇ ਨਿਤਾਣੀ ਹਾਲਤ ਵਿਚ ਨਹੀਂ ਸੀ ਵੇਖਿਆ।

ਉਸ ਦਾ ਮੂੰਹ ਦਹਿਸ਼ਤ ਵਿਚ ਖੁੱਲ੍ਹਾ ਸੀ, ਉਸ ਦੀਆਂ ਅੱਖਾਂ ਵਿਚ ਮਜਬੂਰੀ, ਮਾਯੂਸੀ ਅਤੇ ਲਾਚਾਰਗੀ ਸੀ।

ਮੇਰੀ ਹਰ ਮੁਸ਼ਕਿਲ ਨੂੰ ਹੱਲ ਕਰਨ ਵਾਲੀ ਮੇਰੀ ਮਾਂ, ਅੱਜ ਆਪ ਪ੍ਰੇਸ਼ਾਨ ਸੀ।

ਕੁਝ ਘੰਟੇ ਪਹਿਲਾਂ ਉਸ ਨੇ ਆਪਣੇ ਗਹਿਣੇ ਲਾਹ ਕੇ ਪਿਤਾ ਜੀ ਨੂੰ ਦੇ ਦਿੱਤੇ ਸਨ ਪਰ ਉਸ ਰਾਤ ਤਾਂ ਇੰਜ ਲਗ ਰਿਹਾ ਸੀ ਜਿਵੇਂ ਉਹ ਆਪਣੀ ਜਿੰਦ, ਆਪਣੇ ਸਾਹਾਂ ਦੀ ਪੂੰਜੀ ਅਤੇ ਆਤਮਾ ਵੀ ਕਿਸੇ ਨੂੰ ਸੰਭਾਲ ਰਹੀ ਸੀ।

ਉਸ ਰਾਤ ਕੁਝ ਤਰਸ ਵਜੋਂ, ਕੁਝ ਹਮਦਰਦੀ ਵਜੋਂ ਅਤੇ ਕੁਝ ਵਾਤਾਵਰਣ ਦੇ ਸਹਿਮ ਵਜੋਂ, ਮੈਂ ਵੀ ਮਾਂ ਦੇ ਨਾਲ ਲਗ ਕੇ ਰੋਣ ਲਗ ਪਿਆ ਸਾਂ।

ਆਪਣੀ ਮਾਂ ਤੋਂ ਪਰ੍ਹੇ ਸੰਸਾਰ ਦਾ ਮੇਰੇ ਕੋਲ ਕੋਈ ਸੰਕਲਪ ਨਹੀਂ ਸੀ। ਮੈਨੂੰ ਨਹੀਂ ਸੀ ਪਤਾ ਕਿ ਦੁਨੀਆਂ ਥਾਲੀ ਜਿੰਨੀ ਸੀ ਕਿ ਪਰਾਤ ਜਿੰਨੀ। ਉਸ ਰਾਤ ਰੋਟੀ ਪੱਕੀ ਵੀ ਨਹੀਂ ਸੀ, ਮੰਗਣ ਦਾ ਹੌਸਲਾ ਵੀ ਨਹੀਂ ਸੀ ਪਿਆ।

ਉਸ ਰਾਤ ਅਸੀਂ ਰੋਂਦੇ-ਰੋਂਦੇ ਸੌਂ ਗਏ ਸਾਂ। ਮੇਰੇ ਮਨ ਵਿਚ ਅਨੰਤ ਹਾਹਾਕਾਰ ਸੀ।

ਤਾਰਿਆਂ ਦੀ ਲੋਅ ਥੱਲੇ ਸਾਡੇ ਉਦਾਸ ਦੀਦਿਆਂ ਵਿਚੋਂ ਅੱਥਰੂ ਨਿਕਲਦੇ ਰਹੇ। ਉਸ ਰਾਤ ਦੀ ਸਾਡੀ ਨੀਂਦਰ ਵਿਚ ਕਈ ਜ਼ਮਾਨੇ ਬੀਤ ਗਏ, ਕਈ ਯੁੱਗ ਲੰਘ ਗਏ, ਬਿਨਾਂ ਕਿਸੇ ਇਨਕਲਾਬ ਦੇ ਵਾਪਰਨ ਦੇ, ਸਭ ਕੁਝ ਵਾਪਰ ਗਿਆ।

ਸਵੇਰੇ ਜਦੋਂ ਉਠਿਆ ਤਾਂ ਮੇਰਾ ਬੱਚਪਨ ਬਹੁਤ ਪਿੱਛੇ ਰਹਿ ਗਿਆ ਸੀ, ਇਤਨਾ ਪਿੱਛੇ ਕਿ ਪਰਤ ਕੇ ਵੇਖਿਆਂ ਵੀ ਕੁਝ ਨਜ਼ਰ ਨਹੀਂ ਸੀ ਆਉਂਦਾ।

ਸਵੇਰੇ ਜਦੋਂ ਮੈਂ ਆਪਣੀ ਮਾਂ ਨੂੰ ਵੇਖਿਆ ਤਾਂ ਉਹ ਸੱਜਰੀ ਸਵੇਰ ਦੀ ਥਾਂ ਥੱਕੀ ਹੋਈ ਸ਼ਾਮ, ਭਰੀ ਹੋਈ ਝੀਲ ਦੀ ਥਾਂ ਸੁੱਕੀ ਹੋਈ ਛੱਪੜੀ ਲਗ ਰਹੀ ਸੀ।

ਉਸ ਦੇ ਦੋਵੇਂ ਲੋਕ ਉਦਾਸੇ ਗਏ ਸਨ।

ਉਸ ਰਾਤ ਨੂੰ ਜਦੋਂ ਯਾਦ ਕਰਦਾ ਹਾਂ ਤਾਂ ਹੁਣ ਵੀ ਮੇਰਾ ਦਿਲ ਇੱਕਲੇ ਹੋਣ ਨੂੰ ਅਤੇ ਇੱਕਲੇ ਹੋ ਕੇ ਰੋਣ ਨੂੰ ਕਰਦਾ ਹੈ। ਦੁੱਖ, ਦਰਦ, ਸਹਿਮ ਅਤੇ ਉਦਾਸੀ ਦਾ ਮੇਰਾ ਅਹਿਸਾਸ ਉਸ ਰਾਤ ਨਾਲ ਜੁੜਿਆ ਹੋਇਆ ਹੈ।

ਕੁਝ ਰਾਤਾਂ ਮਗਰੋਂ ਜਦੋਂ ਇਕ ਸ਼ਾਮ ਮੇਰੇ ਪਿਤਾ ਜੀ ਘਰ ਆਏ ਤਾਂ ਉਨ੍ਹਾਂ ਦੇ ਕੱਪੜੇ ਮੈਲੇ ਅਤੇ ਹੱਥ ਖਾਲੀ ਸਨ। ਜੇ ਉਹ ਮੇਰੇ ਪਿਤਾ ਜੀ ਨਾ ਹੁੰਦੇ ਤਾਂ ਉਨ੍ਹਾਂ ਲਈ ਮੈਂ ਆਪਣੇ ਘਰ ਦਾ ਬੂਹਾ ਨਾ ਖੋਲ੍ਹਦਾ। ਆਪਣੇ ਪਿਤਾ ਜੀ ਦੀ ਉਦਾਸੀ ਦਾ ਇਹ ਮੇਰਾ ਪਹਿਲਾ ਅਨੁਭਵ ਸੀ। ਖਾਣਾ ਖਾਣ ਸਮੇਂ ਪਿਤਾ ਜੀ ਰੋਣ ਲਗ ਪਏ।

ਕਿਸੇ ਪੁਰਸ਼ ਨੂੰ ਮੈਂ ਪਹਿਲੀ ਵਾਰ ਰੋਂਦਿਆਂ ਵੇਖਿਆ ਸੀ।

ਆਪਣੇ ਪਿਤਾ ਦਾ ਰੋਣਾ ਮੈਨੂੰ ਬਹੁਤ ਬੁਰਾ ਲਗ ਰਿਹਾ ਸੀ।

ਜ਼ਿੰਦਗੀ ਦੇ ਅਰਥ ਸਮਝਣ ਦੇ ਪੱਖੋਂ ਉਦੋਂ ਮੈਂ ਬਹੁਤ ਛੋਟਾ ਸਾਂ ਪਰ ਇਤਨਾ ਅਹਿਸਾਸ ਮੈਨੂੰ ਹੋ ਗਿਆ ਸੀ ਕਿ ਸਾਡੇ ਸੁਪਨਿਆਂ ਦੇ ਰੰਗ ਖੁਰ ਗਏ ਸਨ।

ਆਪਣੇ ਪਿਤਾ ਦੇ ਰੋਣ ਦਾ ਦ੍ਰਿਸ਼ ਮੈਂ ਕਦੀ ਨਹੀਂ ਭੁੱਲਾਂਗਾ, ਕਿਉਂਕਿ ਬੜੀ ਦੇਰ ਮਗਰੋਂ ਮੈਨੂੰ ਸਮਝ ਆਇਆ ਕਿ ਉਸ ਰੋਣ ਵਿਚ ਫਰੇਬ ਸੀ।

ਅਗਲੀ ਸਵੇਰ ਜਦੋਂ ਮੈਂ ਉਠਿਆ ਤਾਂ ਮੇਰੀ ਜਵਾਨੀ ਵੀ ਗੁਆਚ ਗਈ ਸੀ।

ਮੇਰੇ ਜੀਵਨ ਦਾ ਆਰੰਭ ਬੁਢਾਪੇ ਨਾਲ ਹੋਇਆ ਸੀ।

ਮੈਨੂੰ ਕਦੀ ਪਤੰਗ ਉਡਾਉਣ ਦਾ ਅਵਸਰ ਨਹੀਂ ਮਿਲਿਆ, ਮੈਂ ਤਾਂ ਪਤੰਗ ਕੱਟੇ ਜਾਂਦੇ ਅਤੇ ਲੁੱਟੇ ਜਾਂਦੇ ਹੀ ਵੇਖੇ ਹਨ।

ਜ਼ਿੰਦਗੀ ਨਾਲ ਜਦੋਂ ਵੀ ਮਿਲਣੀ ਹੋਈ, ਵਿੱਥਾਂ ਬਣੀਆਂ ਰਹੀਆਂ।

ਮੇਰੇ ਜਾਗਣ ਤੋਂ ਪਹਿਲਾਂ, ਮੇਰੇ ਪਿਤਾ ਜੀ ਜਾ ਚੁੱਕੇ ਸਨ।

ਉਹ ਗਏ ਤਾਂ ਸਿਧਾਰਥ ਵਾਂਗ ਸਨ ਪਰ ਮਹਾਤਮਾ ਬੁੱਧ ਬਣਨਾ ਉਨ੍ਹਾਂ ਦਾ ਉਦੇਸ਼ ਨਹੀਂ ਸੀ, ਉਨ੍ਹਾਂ ਵਿਚ ਬੁੱਧ ਬਣਨ ਦੀ ਸਮਰੱਥਾ ਵੀ ਨਹੀਂ ਸੀ।

ਕਈ ਸਵਾਲ ਮੇਰੇ ਬੁੱਲ੍ਹਾਂ 'ਤੇ ਮੁਜ਼ਾਹਰਾ ਕਰਨ ਆਏ ਪਰ ਮੇਰੀ ਮਾਂ ਵਲੋਂ ਲੱਗੀ ਚੁੱਪ ਦੀ ਪਾਬੰਦੀ ਕਾਰਨ ਉਹ ਖਿੰਡਰ ਗਏ।

ਪਿਤਾ ਜੀ ਕਿਸੇ ਹੋਰ ਇਸਤਰੀ ਨਾਲ ਨਵਾਂ ਜੀਵਨ ਆਰੰਭ ਕਰਨ ਲਈ ਚਲੇ ਗਏ ਸਨ ਅਤੇ ਮੇਰੀ ਮਾਂ ਨੂੰ ਮੇਰੇ ਲਈ ਅਤੇ ਮੈਨੂੰ ਮੇਰੀ ਮਾਂ ਲਈ ਛੱਡ ਗਏ ਸਨ।

ਮਾਂ ਮੇਰੀ ਨੇ ਆਪਣੇ ਦਾਜ ਵਿਚ ਲਿਆਂਦੀ ਸਿਲਾਈ ਦੀ ਮਸ਼ੀਨ ਕੱਢ ਲਈ ਸੀ ਅਤੇ ਆਪਣੀ ਪਾਟੀ ਹੋਈ ਕਿਸਮਤ ਨੂੰ ਸਿਊਣ ਦੇ ਆਹਰ ਵਿਚ ਉਹ ਜੁਟ ਗਈ ਸੀ। ਉਸ ਦੇ ਅੰਦਰ ਇਕ ਡੂੰਘੀ ਖਾਮੋਸ਼ੀ ਪਸਰ ਗਈ ਸੀ।

ਉਹ ਪੱਥਰ ਨਾਲੋਂ ਵੀ ਮਜ਼ਬੂਤ ਸ਼ੀਸ਼ਾ ਬਣ ਗਈ ਸੀ।

ਅਸੀਂ ਅੱਧੀ ਛੱਤ ਵਾਲੇ ਘਰ ਵਿਚ ਰਹਿ ਰਹੇ ਸਾਂ।

ਮੇਰੀ ਮਾਂ ਨੇ ਆਪਣੀ ਹਿੰਮਤ ਨਾਲ, ਮਕਾਨ ਨੂੰ ਘਰ ਤਾਂ ਬਣਾ ਲਿਆ ਹੈ ਪਰ ਉਸ ਦੀ ਛੱਤ ਸਦਾ ਅੱਧੀ ਹੀ ਰਹੀ ਹੈ।

ਉਹ ਜਿੱਤ-ਜਿੱਤ ਕੇ ਹਾਰਦੀ ਰਹੀ ਹੈ।

ਜੇ ਮੇਰੇ ਪਿਤਾ ਜੀ ਮੇਰੀ ਮਾਂ ਨੂੰ ਛੱਡ ਗਏ ਸਨ ਤਾਂ ਇਹ ਇਕ ਪੁਰਸ਼ ਵਲੋਂ ਇਕ ਇਸਤਰੀ ਨਾਲ ਕੀਤੀ ਵਧੀਕੀ ਨਹੀਂ ਸੀ। ਇਸ ਪਿੱਛੇ ਸਮੁੱਚੀ ਸਮਾਜਿਕ ਸੋਚ, ਸਮੁੱਚੀ ਰਾਜਨੀਤੀ, ਸਮੁੱਚਾ ਧਰਮ, ਸਮੁੱਚਾ ਦਰਸ਼ਨ, ਸਮੁੱਚੀ ਆਰਥਿਕਤਾ ਅਤੇ ਸਮੁੱਚਾ ਇਤਿਹਾਸ ਕਾਰਜਸ਼ੀਲ ਸੀ। ਇਹ ਸਮੁੱਚੀ ਪੁਰਸ਼ ਜਾਤ ਵਲੋਂ ਸਮੁੱਚੀ ਔਰਤ ਜਾਤ ਦਾ ਅਪਮਾਨ ਸੀ।

ਜਦੋਂ ਕਿਸੇ ਨਾਲ ਨਫ਼ਰਤ ਹੋ ਜਾਵੇ ਤਾਂ ਉਸ ਨਾਲ ਹੋਰ ਨਫ਼ਰਤ ਕਰਨ ਦੇ ਨਿੱਤ ਨਵੇਂ ਕਾਰਨ ਲੱਭਦੇ ਰਹਿੰਦੇ ਹਨ।

ਜਿਉਂ-ਜਿਉਂ ਮਨੁੱਖ ਜੀਵਨ ਦੇ ਪੜਾਅ ਪਾਰ ਕਰਦਾ ਹੈ, ਉਸ ਦੇ ਜੀਵਨ ਨਾਲ ਇਕ ਇਤਿਹਾਸ ਜੁੜਦਾ ਜਾਂਦਾ ਹੈ। ਹਰ ਮਨੁੱਖ ਕੋਲ ਯਾਦਾਂ ਦੀ ਨਿਵੇਕਲੀ ਪੂੰਜੀ ਹੁੰਦੀ ਹੈ। ਇਸ ਪੂੰਜੀ ਦੇ ਆਧਾਰ 'ਤੇ ਹੀ ਅਸੀਂ ਵੱਖਰੇ-ਵੱਖਰੇ ਪ੍ਰਤੀਤ ਹੁੰਦੇ ਹਾਂ। ਇਨ੍ਹਾਂ ਯਾਦਾਂ ਦੇ ਆਧਾਰ 'ਤੇ ਹੀ ਅਸੀਂ ਭਵਿੱਖ ਦੀ ਕਲਪਨਾ ਕਰਦੇ ਹਾਂ।

ਜਿਵੇਂ ਸਾਡਾ ਅਤੀਤ ਵੱਖਰਾ ਹੁੰਦਾ ਹੈ, ਤਿਵੇਂ ਹੀ ਹਰ ਕਿਸੇ ਦਾ ਭਵਿੱਖ ਸਬੰਧੀ ਸੰਕਲਪ ਵੀ ਵੱਖਰਾ ਹੁੰਦਾ ਹੈ।

ਅਸੀਂ ਆਪਣੇ ਨਿਰਣਿਆਂ, ਗਲਤੀਆਂ, ਚੁੱਕੇ ਕਦਮਾਂ ਅਤੇ ਉਨ੍ਹਾਂ ਵਿਚੋਂ ਨਿਕਲਣ ਵਾਲੇ ਚੰਗੇ-ਮਾੜੇ ਨਤੀਜਿਆਂ ਨੂੰ ਨਾਲ ਲੈ ਕੇ ਚਲਦੇ ਹਾਂ। ਇਹ ਸਭ ਕੁਝ ਦੂਜਿਆਂ ਨਾਲ ਸਾਡੇ ਸਬੰਧਾਂ ਦੀ ਨੁਹਾਰ ਨੂੰ ਨਿਰਧਾਰਿਤ ਕਰਦਾ ਹੈ। ਜੀਵਨ ਦੀ ਹਰ ਉਮਰ ਉਤੇ, ਉਸ ਤੋਂ ਪਹਿਲੇ ਵਰ੍ਹਿਆਂ ਦੇ ਅਨੁਭਵਾਂ ਦਾ ਪ੍ਰਭਾਵ ਪੈਂਦਾ ਹੈ।

ਜੀਵਨ ਦੀ ਕਿਸੇ ਉਮਰ ਵਿਚ ਅਪੜਨ ਤੋਂ ਪਹਿਲਾਂ, ਉਸ ਉਮਰ ਵਾਲੇ ਦੂਜੇ ਬੰਦਿਆਂ ਦੇ ਵਿਹਾਰ ਦੇ ਪ੍ਰਮਾਣ ਸਾਡੇ ਕੋਲ ਹੁੰਦੇ ਹਨ। ਆਪ ਵੱਡੇ ਭਰਾ ਬਣਨ ਤੋਂ ਪਹਿਲਾਂ ਕਿਸੇ ਦੇ ਵੱਡੇ ਭਰਾ ਦੀ ਉਦਾਹਰਣ ਅਤੇ ਆਪ ਪਿਤਾ ਬਣਨ ਤੋਂ ਪਹਿਲਾਂ ਆਪਣੇ ਪਿਤਾ ਦੀ ਜਾਂ ਕਿਸੇ ਹੋਰ ਦੇ ਪਿਤਾ ਦੀ ਮਿਸਾਲ ਸਾਡੇ ਸਾਹਮਣੇ ਹੁੰਦੀ ਹੈ ਪਰ ਅਸੀਂ ਕਿਹੋ ਜਿਹੇ ਵੱਡੇ ਭਰਾ ਅਤੇ ਕਿਹੋ ਜਿਹੇ ਪਿਤਾ ਬਣਾਂਗੇ, ਇਹ ਸਾਡੇ ਸਮੁੱਚੇ ਕਾਰਜਾਂ, ਸਾਡੀਆਂ ਸੋਚਾਂ ਅਤੇ ਨਿਜੀ ਅਨੁਭਵਾਂ 'ਤੇ ਨਿਰਭਰ ਕਰਦਾ ਹੈ।

ਪੁਸਤਕਾਂ ਸਾਨੂੰ ਸੇਧ ਤਾਂ ਦਿੰਦੀਆਂ ਹਨ ਪਰ ਰਸਤਾ ਸਾਡੇ ਅਨੁਭਵ ਹੀ ਸਿਰਜਦੇ ਹਨ। ਸਾਡਾ ਅਨੁਭਵ ਕੇਵਲ ਸਾਡਾ ਅਨੁਭਵ ਨਹੀਂ ਹੁੰਦਾ, ਉਸ ਵਿਚ ਅਨੇਕਾਂ ਹੋਰ ਇਸਤਰੀਆਂ ਅਤੇ ਪੁਰਸ਼ਾਂ ਦਾ ਯੋਗਦਾਨ ਹੁੰਦਾ ਹੈ।

ਜਦੋਂ ਫਰਜ਼ਾਂ ਨੂੰ ਵਿਸਾਰ ਕੇ ਅਸੀਂ ਆਪਣੇ ਹੱਕਾਂ ਪ੍ਰਤੀ ਵਧੇਰੇ ਸੁਚੇਤ ਹੋ ਜਾਈਏ ਤਾਂ

ਪਰਿਵਾਰ ਸਹਿਜੇ ਹੀ ਵਿਸ਼ਵਾਸ, ਪਿਆਰ, ਨਿੱਘ, ਸੁੱਖ ਅਤੇ ਸੁੱਰਖਿਆ ਦੀ ਥਾਂ ਨਫ਼ਰਤ ਦਾ ਅਖਾੜਾ ਬਣ ਜਾਂਦਾ ਹੈ।

ਇਕ ਪੀੜ੍ਹੀ ਪਹਿਲਾਂ ਤਕ ਵੀ ਇਸਤਰੀ ਕਦੀ ਆਪਣੇ ਪਤੀ ਦਾ ਘਰ ਨਹੀਂ ਸੀ ਛੱਡਦੀ, ਕੱਢ ਦਿੱਤੀ ਜਾਂਦੀ ਸੀ, ਹੁਣ ਪਤੀ ਉਸ ਨੂੰ ਛੱਡ ਕੇ ਚਲੇ ਜਾਂਦੇ ਹਨ।

ਵਿਆਹ ਅਤੇ ਪਰਿਵਾਰ ਬਾਰੇ ਸੋਚਣ ਦੇ ਪੱਖੋਂ ਮਤਭੇਦ ਤਾਂ ਹਨ ਪਰ ਇਨ੍ਹਾਂ ਦੇ ਮਹੱਤਵ ਸਬੰਧੀ ਕੋਈ ਵਿਵਾਦ ਨਹੀਂ। ਭਾਵੇਂ ਵਿਆਹ ਅਤੇ ਪਰਿਵਾਰ ਪਵਿੱਤਰ ਸੰਕਲਪ ਨਹੀਂ ਰਹੇ ਪਰ ਮਹੱਤਵਪੂਰਨ ਇਹ ਅਜੇ ਵੀ ਹਨ।

ਵਿਆਹ ਤੋਂ ਬਾਹਰੇ ਸਬੰਧਾਂ ਨੂੰ ਅਜੇ ਖਿੜੇ ਮੱਥੇ ਪ੍ਰਵਾਨ ਨਹੀਂ ਕੀਤਾ ਗਿਆ।

ਤਲਾਕ ਨੂੰ ਹੁਣ ਪੁਰਸ਼ ਦੀਆਂ ਵਧੀਕੀਆਂ ਵਿਚੋਂ ਇਕ ਵਧੀਕੀ ਗਿਣਿਆ ਜਾਣ ਲਗ ਪਿਆ ਹੈ। ਸਮਾਜ ਵਿਚ ਸੰਤੁਲਤ ਸਬੰਧਾਂ ਵਾਲੇ ਪਰਿਵਾਰਾਂ ਦੀ ਗਿਣਤੀ ਘੱਟ ਰਹੀ ਹੈ ਅਤੇ ਟੁੱਟ ਗਏ ਅਤੇ ਟੁੱਟ ਰਹੇ ਪਰਿਵਾਰਾਂ ਦੀ ਗਿਣਤੀ ਵੱਧ ਰਹੀ ਹੈ।

ਭਾਵੇਂ ਬੱਚੇ ਪਰਿਵਾਰ ਨੂੰ ਟੁੱਟਣ ਤੋਂ ਰੋਕੀ ਰੱਖਦੇ ਹਨ ਪਰ ਬੱਚਿਆਂ ਦੀ ਪਰਿਵਾਰ ਨੂੰ ਜੋੜੀ ਰੱਖਣ ਦੀ ਯੋਗਤਾ ਸੁੰਗੜਦੀ ਜਾ ਰਹੀ ਹੈ। ਇਕ-ਦੂਜੇ ਨੂੰ ਸਾਂਝੀ ਛੱਤ ਥੱਲੇ ਬਰਦਾਸ਼ਤ ਕਰਨਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ।

ਪੁਰਸ਼ ਵਲੋਂ ਤਿਆਗੇ ਜਾਣ ਦੀ ਸੂਰਤ ਵਿਚ ਇਸਤਰੀ ਸਾਹਮਣੇ ਕੋਈ ਬਦਲ ਨਹੀਂ ਰਹਿੰਦਾ ਅਤੇ ਮਾਪਿਆਂ ਦੇ ਦਰ-ਦਰਵਾਜ਼ੇ ਵੀ ਹੁਣ ਥੋੜ੍ਹਾ ਚਿਰ ਹੀ ਖੁੱਲ੍ਹਦੇ ਹਨ।

ਅਜੋਕੇ ਯੁੱਗ ਵਿਚ ਸਮੱਸਿਆ ਇਹ ਨਹੀਂ ਕਿ ਵਿਆਹ ਨੂੰ ਵਧੇਰੇ ਸੁਖਦਾਇਕ ਕਿਵੇਂ ਬਣਾਇਆ ਜਾਵੇ ਸਗੋਂ ਸਮੱਸਿਆ ਤਾਂ ਇਹ ਹੈ ਕਿ ਇਸ ਨੂੰ ਟੁੱਟਣ ਤੋਂ, ਦੋਫਾੜ ਹੋਣ ਤੋਂ ਬਚਾਇਆ ਕਿਵੇਂ ਜਾਵੇ।

ਪਹਿਲਾਂ ਪਰਿਵਾਰ ਦੀ ਇਹ ਸਮੱਸਿਆ ਹੁੰਦੀ ਸੀ ਕਿ ਵਿਆਹ ਕਦੋਂ ਹੋਵੇਗਾ ਅਤੇ ਕਿਥੇ ਹੋਵੇਗਾ ਪਰ ਹੁਣ ਇਹ ਸਮੱਸਿਆ ਹੈ ਕਿ ਇਹ ਕਿਤਨਾ ਚਿਰ ਚਲੇਗਾ।

ਇਸਤਰੀ-ਪੁਰਸ਼ ਵਿਚਕਾਰ ਕੋਈ ਵੀ ਲੰਮਾ, ਹੰਢਣਸਾਰ ਰਿਸ਼ਤਾ ਵਿਆਹ ਤੋਂ ਬਿਨਾਂ ਸੰਭਵ ਨਹੀਂ ਹੁੰਦਾ। ਇਹ ਲੈਣ-ਦੇਣ ਦਾ ਰਿਸ਼ਤਾ ਹੈ ਅਤੇ ਲੈਣ-ਦੇਣ ਦੇ ਹਰ ਰਿਸ਼ਤੇ ਵਿਚ ਇਸਤਰੀ ਨੂੰ ਵਧੇਰੇ ਦੇਣਾ ਪੈਂਦਾ ਹੈ।

ਵਿਆਹ, ਸਾਡਾ ਸਮਾਜਿਕ ਹੀ ਨਹੀਂ, ਸਾਡਾ ਆਰਥਿਕ ਜੀਵਨ ਵੀ ਨਿਰਧਾਰਿਤ ਕਰਦਾ ਹੈ, ਇਹ ਰਿਸ਼ਤਿਆਂ ਨੂੰ ਅਰਥ ਦਿੰਦਾ ਹੈ, ਸਬੰਧਾਂ ਨੂੰ ਵਾਤਾਵਰਣ ਪ੍ਰਦਾਨ ਕਰਦਾ ਹੈ ਅਤੇ ਸਰੀਰਕ, ਮਾਨਸਿਕ, ਭਾਵਕ ਅਤੇ ਸਮਾਜਿਕ ਵਿਕਾਸ ਦੇ ਨੇਮ ਉਸਾਰਦਾ ਹੈ।

ਇਸਤਰੀ ਨੂੰ ਪਤਾ ਹੈ ਕਿ ਬੇਕਦਰਾਂ ਨਾਲ ਸਮਝੌਤਿਆਂ ਬਿਨਾਂ ਜ਼ਿੰਦਗੀ ਨਹੀਂ ਗੁਜ਼ਾਰੀ ਜਾ ਸਕਦੀ। ਇਹੀ ਕਾਰਨ ਹੈ ਕਿ ਉਹ ਇਕੱਲੇ ਹੋਣ ਤੋਂ ਬਚਣ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੋ ਜਾਂਦੀ ਹੈ।

ਇਸਤਰੀ ਵਿਚ ਸ਼ਰਧਾ ਅਤੇ ਨਿਮਰਤਾ ਦੇ ਭਾਵ ਅਕਸਰ ਇਕੱਲੀ ਰਹਿ ਜਾਣ ਦੇ ਡਰ ਵਿਚੋਂ ਉਪਜਦੇ ਹਨ।

ਕਿਸੇ ਵੀ ਸਮਾਜ ਵਿਚ ਕਿਸੇ ਇਕੱਲੀਕਾਰੀ ਔਰਤ ਲਈ ਆਪਣੇ ਵਜੂਦ ਨੂੰ ਬਣਾਈ ਰੱਖਦਿਆਂ ਸਵੈਮਾਣ ਨਾਲ ਵਿਚਰਨਾ ਬਹੁਤ ਮੁਸ਼ਕਿਲ ਹੁੰਦਾ ਜਾ ਰਿਹਾ ਹੈ ਅਤੇ ਇਹ ਨਿੱਤ-ਦਿਨ ਹੋਰ ਮੁਸ਼ਕਿਲ ਹੁੰਦਾ ਜਾਵੇਗਾ, ਕਿਉਂਕਿ ਆਰਥਿਕ ਜੱਦੋ-ਜਹਿਦ ਇਤਨੀ ਸਖਤ, ਭਿਆਨਕ, ਬੇਕਿਰਕ ਅਤੇ ਜਰਵਾਣੀ ਹੁੰਦੀ ਜਾ ਰਹੀ ਹੈ ਕਿ ਇਸ ਕਾਰਨ ਸਭ ਰਿਸ਼ਤਿਆਂ ਦੀ ਪਛਾਣ ਗੁਆਚ ਗਈ ਹੈ।

ਪੁਰਸ਼, ਵਿਚਾਰਾਂ, ਅਸੂਲਾਂ ਅਤੇ ਸਿਧਾਂਤਾਂ ਪ੍ਰਤੀ ਵਫਾਦਾਰ ਹੁੰਦੇ ਹਨ, ਜਦੋਂ ਕਿ ਇਸਤਰੀਆਂ ਮਨੁੱਖਾਂ ਅਤੇ ਰਿਸ਼ਤਿਆਂ ਪ੍ਰਤੀ ਸੁਹਿਰਦ ਹੁੰਦੀਆਂ ਹਨ। ਪੁਰਸ਼ਾਂ ਦੇ ਬਣਾਏ ਅਤੇ ਪੁਰਸ਼-ਬਿਰਤੀ ਨਾਲ ਉਸਾਰੇ ਗਏ ਸੰਸਾਰ ਵਿਚ ਜਦੋਂ ਇਸਤਰੀ ਨੂੰ ਇਕੱਲਿਆਂ ਵਿਚਰਨਾ ਪੈਂਦਾ ਹੈ ਤਾਂ ਉਸ ਦੀ ਸਥਿਤੀ ਉਸ ਵਿਅਕਤੀ ਵਾਲੀ ਹੁੰਦੀ ਹੈ, ਜਿਹੜਾ ਖੱਬੇ ਹੱਥ ਵਿਚ ਤਲਵਾਰ ਫੜ ਕੇ ਯੁੱਧ ਕਰੇ।

ਪੁਰਸ਼ ਕਿਸੇ 'ਤੇ ਵਿਸ਼ਵਾਸ ਨਹੀਂ ਕਰਦੇ, ਸੋ ਉਹਨਾਂ ਨਾਲ ਧੋਖਾ ਵੀ ਨਹੀਂ ਹੁੰਦਾ।

ਇਸਤਰੀਆਂ ਆਪਣੀ ਵਿਸ਼ਵਾਸੀ ਬਿਰਤੀ ਕਾਰਨ ਸਭਨੀ ਥਾਂਈਂ ਸਹਿਜੇ ਹੀ ਠੱਗੀਆਂ ਅਤੇ ਲੁੱਟੀਆਂ ਜਾਂਦੀਆਂ ਹਨ।

ਵੇਖਿਆ ਗਿਆ ਹੈ ਕਿ ਪੁਰਸ਼ ਵਿਆਹ ਕਰਾਉਣਾ ਤਾਂ ਪਸੰਦ ਕਰਦੇ ਹਨ ਪਰ ਹਰ ਵੇਲੇ ਜ਼ਿੰਮੇਵਾਰ ਪਤੀ ਬਣਨਾ ਪਸੰਦ ਨਹੀਂ ਕਰਦੇ।

ਨਿਰਸੰਦੇਹ, ਇਹ ਵੀ ਵੇਖਿਆ ਗਿਆ ਹੈ ਕਿ ਕੇਵਲ ਇਕ ਧਿਰ ਦੇ ਗਲਤ ਹੋਣ ਦੀ ਸੂਰਤ ਵਿਚ ਲੜਾਈ ਲੰਮੀ ਨਹੀਂ ਹੋ ਸਕਦੀ।

ਸ਼ੱਕ ਕਰਨਾ ਉਤਨਾ ਦੁੱਖਦਾਈ ਨਹੀਂ ਹੁੰਦਾ, ਜਿਤਨਾ ਸ਼ੱਕ ਪ੍ਰਗਟਾਉਣਾ।

ਕਾਰਨ ਅਨੇਕਾਂ ਹਨ ਪਰ ਨਤੀਜਾ ਇਕੋ ਹੈ ਕਿ ਪਰਿਵਾਰ ਟੁੱਟ ਰਹੇ ਹਨ।

ਪਰਿਵਾਰ ਟੁੱਟਣ ਤੋਂ ਪਹਿਲਾਂ ਬਹੁਤ ਕੁਝ ਵਾਪਰਦਾ ਹੈ।

ਇਸਤਰੀਆਂ ਨੂੰ ਬੇਇੱਜ਼ਤੀ ਤੋਂ ਡਰ ਤਾਂ ਲਗਦਾ ਹੈ ਪਰ ਉਨ੍ਹਾਂ ਨੂੰ ਆਪਣੀ ਇੱਜ਼ਤ ਦਾ ਉਤਨਾ ਡੂੰਘਾ ਅਹਿਸਾਸ ਨਹੀਂ ਹੁੰਦਾ, ਜਿਤਨਾ ਪੁਰਸ਼ਾਂ ਨੂੰ ਹੁੰਦਾ ਹੈ, ਸੋ ਬੱਚਿਆਂ ਦੀ ਖਾਤਰ ਜਾਂ ਆਪਣੇ ਮਾਪਿਆਂ ਦੀ ਖਾਤਰ, ਉਹ ਤੰਗੀ-ਪ੍ਰੇਸ਼ਾਨੀ ਦੇ ਬਾਵਜੂਦ, ਪਤੀਆਂ ਕੋਲ ਵਾਪਸ ਮੁੜ ਆਉਂਦੀਆਂ ਹਨ।

ਇਸਤਰੀਆਂ ਨੂੰ ਇੱਕਲਿਆਂ ਰਹਿਣ ਦੀ ਜਾਚ ਨਹੀਂ ਆਉਂਦੀ।

ਪਤੀ ਦੇ ਹੁੰਦਿਆਂ ਵੱਖਰੇ ਰਹਿਣਾ ਉਨ੍ਹਾਂ ਨੂੰ ਅਜੀਬ ਵੀ ਲਗਦਾ ਹੈ। ਵਿਧਵਾ ਦੇ ਰੂਪ ਵਿਚ ਇਸਤਰੀ ਨੂੰ ਇਕੱਲਿਆਂ ਵਿਚਰਨ ਦੀ ਮਜਬੂਰੀ ਹੁੰਦੀ ਹੈ ਪਰ ਪਤੀ ਨਾਲ ਅਣਬਣ ਦੇ ਕਾਰਨ ਵੱਖਰੇ ਰਹਿੰਦਿਆਂ ਉਸ ਨੂੰ ਪ੍ਰਤੀਤ ਹੁੰਦਾ ਰਹਿੰਦਾ ਹੈ ਕਿ ਕੁਝ ਨਾ ਕੁਝ ਅਜਿਹਾ

ਵਾਪਰੇਗਾ ਕਿ ਸਭ ਕੁਝ ਠੀਕ ਹੋ ਜਾਵੇਗਾ ਪਰ ਕਈ ਵਾਰੀ ਵਾਪਸ ਮੁੜਨ ਦਾ ਕੋਈ ਰਾਹ ਹੀ ਨਹੀਂ ਲੱਭਦਾ।

ਪਤੀ ਦੀ ਵਧੀਕੀ ਦੇ ਬਾਵਜੂਦ ਇਸਤਰੀ ਨੂੰ ਹਰ ਵੇਲੇ ਉਸ ਦਾ ਫਿਕਰ ਰਹਿੰਦਾ ਹੈ ਕਿ ਰੋਟੀ-ਕਪੜੇ ਤੋਂ ਤੰਗ ਹੋ ਰਿਹਾ ਹੋਵੇਗਾ।

ਉਹ ਆਪਣੇ ਪਤੀ ਬਾਰੇ, ਆਪ ਭਾਵੇਂ ਉਹ ਕਿਤਨਾ ਬੁਰਾ-ਭਲਾ ਬੋਲੇ, ਕਿਸੇ ਦੇ ਮੂੰਹੋਂ ਉਸ ਦੀ ਬੁਰਾਈ ਨਹੀਂ ਸੁਣ ਸਕਦੀ।

ਇਸਤਰੀ ਕਿਸੇ ਵੀ ਸਥਿਤੀ ਵਿਚ ਹੋਵੇ, ਉਹ ਅਕਸਰ ਕਿਸੇ ਨਾ ਕਿਸੇ ਸਮੱਸਿਆ ਕਾਰਨ ਉਦਾਸੀ ਦੇ ਵਾਤਾਵਰਣ ਵਿਚ ਵਿਚਰਦੀ ਹੈ। ਕਿਸੇ ਨਾਲ ਰਹਿਣਾ ਉਸ ਦਾ ਸੁਭਾਅ ਹੈ। ਉਸ ਨੂੰ ਨਹੀਂ ਪਤਾ ਕਿ ਇਕੱਲਿਆਂ ਜ਼ਿੰਦਗੀ ਕਿਹੋ ਜਿਹੀ ਹੋਵੇਗੀ।

ਇਕ ਇਸਤਰੀ ਨੇ ਦੱਸਿਆ, "ਮੈਨੂੰ ਮਾਰਨ-ਕੁੱਟਣ ਉਪਰੰਤ ਉਹ ਮੁਆਫ਼ੀਆਂ ਮੰਗਣ ਲਗ ਪੈਂਦਾ। ਮਾਰਨ ਸਮੇਂ ਉਹ ਮੈਨੂੰ ਕੋਈ ਬਿਗਾਨਾ ਲਗਦਾ ਪਰ ਜਦੋਂ ਮੁਆਫ਼ੀਆਂ ਮੰਗਦਾ ਤਾਂ ਆਪਣਾ-ਆਪਣਾ ਲਗਦਾ। ਮਾਰਨ ਉਪਰੰਤ ਉਹ ਅਕਸਰ ਰੋਣ ਲਗ ਪੈਂਦਾ। ਉਸ ਸਮੇਂ ਮੈਨੂੰ ਇੰਜ ਲਗਦਾ, ਜਿਵੇਂ ਉਹ ਆਪਣੇ-ਆਪ ਨਾਲ ਲੜ ਰਿਹਾ ਹੋਵੇ। ਉਹ ਨਾ ਮਾਰਨ ਦੇ ਵਾਅਦੇ ਤੋੜਨ ਲਈ ਆਪਣੇ-ਆਪ ਨੂੰ ਕੋਸਣ ਲੱਗ ਪੈਂਦਾ। ਜਦੋਂ ਇਹ ਮਾਰਨਾ-ਕੁੱਟਣਾ ਅਤੇ ਹੋਰ ਸਭ ਕੁਝ ਇਕ ਹੱਦ ਤੋਂ ਵੱਧ ਗਿਆ ਤਾਂ ਮੇਰਾ ਮਨ ਉਸ ਦੀਆਂ ਵਧੀਕੀਆਂ ਨੂੰ ਹੋਰ ਬਰਦਾਸ਼ਤ ਕਰਨ ਤੋਂ ਇਨਕਾਰੀ ਹੋ ਗਿਆ। ਮੈਂ ਵੱਖਰਾ ਰਹਿਣ ਲਗ ਪਈ। ਸਭ ਤੋਂ ਪਹਿਲੀ ਸਮੱਸਿਆ ਮਕਾਨ ਦੀ ਸੀ। ਮਾਇਕ ਕਮਜ਼ੋਰੀ ਕਾਰਨ ਮੇਰਾ ਜੀਵਨ ਪੱਧਰ ਕੰਗਾਲਾਂ ਵਰਗਾ ਹੋ ਗਿਆ ਸੀ। ਹਰ ਚੀਜ਼ ਮੈਨੂੰ ਆਪਣੀ ਵਿੱਤ ਤੋਂ ਬਾਹਰ ਪ੍ਰਤੀਤ ਹੋਈ। ਇਸ ਨਾਲੋਂ ਵੀ ਵੱਡੀ ਸਮੱਸਿਆ ਮੇਰੇ ਮਨ ਵਿਚ ਬੈਠਿਆ ਉਹ ਡਰ ਸੀ ਕਿ ਉਹ ਅਚਾਨਕ ਆ ਜਾਵੇਗਾ ਅਤੇ ਮੇਰੇ ਆਲ੍ਹਣੇ ਨੂੰ ਤੀਲ੍ਹਾ-ਤੀਲ੍ਹਾ ਕਰ ਜਾਵੇਗਾ। ਕਿਸੇ ਹੋਰ ਸ਼ਹਿਰ ਮੈਂ ਇਸ ਕਰ ਕੇ ਨਹੀਂ ਜਾ ਸਕਦੀ ਸਾਂ ਕਿਉਂਕਿ ਉਥੇ ਮੇਰਾ ਕੋਈ ਵਾਕਫ਼ ਨਹੀਂ ਸੀ। ਮੈਨੂੰ ਨਿੱਤ ਨਵੀਆਂ ਧਮਕੀਆਂ ਮਿਲਦੀਆਂ ਰਹੀਆਂ ਪਰ ਹੌਲੀ-ਹੌਲੀ ਮੈਂ ਆਪਣੇ ਡਰ 'ਤੇ ਕਾਬੂ ਪਾ ਲਿਆ।"

ਭਾਰਤੀ ਨੇ ਦੱਸਿਆ, "ਮੈਨੂੰ ਆਪਣੇ ਪਤੀ ਦੀ ਸ਼ਰਾਬ ਪੀਣ ਦੀ ਆਦਤ ਦਾ ਵਿਆਹ ਤੋਂ ਪਹਿਲਾਂ ਵੀ ਪਤਾ ਸੀ ਪਰ ਉਹ ਵਿਆਹ ਤੋਂ ਬਾਅਦ ਬਦਲ ਜਾਣ ਦੀਆਂ ਸੌਂਹਾਂ ਖਾਇਆ ਕਰਦਾ ਸੀ। ਮੇਰਾ ਦਿਲ ਕਰਦਾ ਹੈ ਕਿ ਕੋਈ ਮੇਰਾ ਮੂੰਹ ਫੜ ਕੇ ਮੇਰੇ ਮੂੰਹ 'ਤੇ ਦੋਵੇਂ ਪਾਸਿਉਂ ਜ਼ੋਰ-ਜ਼ੋਰ ਦੀਆਂ ਚਪੇੜਾਂ ਮਾਰੇ, ਕਿਉਂ ਸਭ ਜਾਣਦਿਆਂ-ਬੁਝਦਿਆਂ, ਮੈਂ ਉਸ ਨਾਲ ਵਿਆਹ ਕਰਵਾਉਣ ਦੀ ਜ਼ਿੱਦ ਕੀਤੀ ? ਕਿਤਨੇ ਸਾਲ ਮੈਂ ਉਸ ਦੀਆਂ ਵਧੀਕੀਆਂ ਇਹ ਸੋਚ ਕੇ ਸਹਿੰਦੀ ਰਹੀ ਕਿ ਮੇਰੇ ਬੱਚੇ ਕੋਲ ਆਪਣੇ ਪਿਓ ਦਾ ਨਾਂ ਤਾਂ ਹੈ। ਹੁਣ ਮੈਨੂੰ ਆਪਣਾ ਘਰ ਇੰਜ ਲਗਦਾ ਹੈ ਜਿਵੇਂ ਹੜ੍ਹ ਦਾ ਪਾਣੀ ਉੱਤਰ ਜਾਣ ਮਗਰੋਂ ਖ਼ਸਤਾ ਹਾਲਤ ਵਾਲਾ ਵਿਖਾਈ ਦੇ ਰਿਹਾ ਹੋਵੇ। ਮੈਨੂੰ ਨਹੀਂ ਪਤਾ ਕਿ ਮੈਂ ਦੁੱਖੀ ਹਾਂ ਜਾਂ ਉਦਾਸ ਹਾਂ ਪਰ ਮੈਂ ਖ਼ੁਸ਼ ਨਹੀਂ ਹਾਂ।"

ਕੋਮਲ ਨੇ ਆਪਣੀ ਹੱਡਬੀਤੀ ਸੁਣਾਈ, "ਮੈਂ ਵੱਖਰੀ ਰਹਿ ਰਹੀ ਸਾਂ ਪਰ ਉਹ ਉਥੇ ਵੀ

ਆਪਣੇ ਮੈਲੇ ਕੱਪੜੇ ਧੋਣ ਲਈ ਦੇ ਜਾਂਦਾ। ਜਿਸ ਨਾਲ ਨਫ਼ਰਤ ਹੋਵੇ ਉਸ ਦੇ ਮੈਲੇ ਕੱਪੜੇ ਧੋਣੇ ਬਹੁਤ ਮੁਸ਼ਕਿਲ ਹੁੰਦੇ ਹਨ। ਨਾ ਕੇਵਲ ਮੈਂ ਉਸ ਦੇ ਕੱਪੜੇ ਧੋਂਦੀ ਸਗੋਂ ਉਨ੍ਹਾਂ ਦੀਆਂ ਉਧੜੀਆਂ ਸੀਣਾਂ ਅਤੇ ਟੁੱਟੇ ਬਟਨ ਵੀ ਠੀਕ ਕਰਦੀ, ਉਨ੍ਹਾਂ ਉਤੇ ਇਸਤਰੀ ਫੇਰਦੀ। ਉਸ ਦਾ ਧਿਆਨ ਰੱਖਣ ਦੀ ਜ਼ਿੰਮੇਵਾਰੀ ਤੋਂ ਮੈਂ ਕਦੀ ਵੀ ਮੁਕਤ ਨਹੀਂ ਹੋ ਸਕੀ। ਮੈਂ ਉਸ ਤੋਂ ਪ੍ਰੇਸ਼ਾਨ ਸਾਂ ਪਰ ਫਿਰ ਵੀ ਮੈਂ ਉਸ ਨੂੰ ਉਡੀਕਦੀ ਰਹਿੰਦੀ। ਉਹ ਆਉਂਦਾ, ਕੁਝ ਚਿਰ ਚੁੱਪ-ਚਾਪ ਬੈਠਾ ਰਹਿੰਦਾ। ਵੱਖਰੇ ਹੋ ਕੇ ਉਸ ਦਾ ਵਿਹਾਰ ਬੜਾ ਸਾਊਆਂ ਵਾਂਗ ਹੋ ਗਿਆ ਸੀ, ਜਿਵੇਂ ਹਾਰਿਆ ਹੋਇਆ ਜੁਆਰੀਆ ਬੜਾ ਸਾਊ ਪ੍ਰਤੀਤ ਹੁੰਦਾ ਹੈ। ਇਹ ਤਬਦੀਲੀ ਪੱਕੀ ਨਹੀਂ ਹੁੰਦੀ। ਜਦੋਂ ਮੈਂ ਕਹਿੰਦੀ, ਹੁਣ ਤੁਸੀਂ ਜਾਓ ਤਾਂ ਉਹ ਉਠ ਕੇ ਟੁਰ ਪੈਂਦਾ। ਮੈਨੂੰ ਬੜਾ ਅਜੀਬ ਲਗਦਾ ਕਿ ਮੇਰੇ ਹੁਕਮ ਦੀ ਤਾਮੀਲ ਹੋਣ ਲਗ ਪਈ ਸੀ। ਭਵਿੱਖ ਵਲ ਵੇਖਦੀ ਤਾਂ ਹਾਂ ਪਰ ਅਤੀਤ ਭੁੱਲਿਆ ਨਹੀਂ ਜਾਂਦਾ। ਇੰਜ ਲਗਦਾ ਹੈ ਜਿਵੇਂ ਇਕ ਚੌਕ ਵਿਚ ਖਲੋਤੀ ਹੋਵਾਂ ਪਰ ਰਸਤਾ ਚੁਣਨ ਦੀ ਹਿੰਮਤ ਨਾ ਹੋਵੇ।"

ਨਿਰਮਲ ਨੇ ਦੱਸਿਆ, "ਮੈਨੂੰ ਲਗਦਾ ਸੀ ਕਿ ਮੇਰੀ ਜ਼ਿੰਦਗੀ ਸਾਵੀਂ-ਸੁਖਾਵੀਂ ਨਹੀਂ ਲੰਘਣੀ। ਜਦੋਂ ਉਸ ਨੂੰ ਸਹਿਣਾ ਸੰਭਵ ਨਾ ਰਿਹਾ ਤਾਂ ਮੈਂ ਉਸ ਨੂੰ ਗੰਦੇ ਪਾਣੀ ਦੀ ਬਾਲਟੀ ਵਾਂਗ ਡੋਲ੍ਹ ਕੇ ਭੁੱਲ ਗਈ। ਮੈਨੂੰ ਕੁਝ ਨਹੀਂ ਸੀ ਪਤਾ ਕਿ ਮੈਂ ਕੀ ਕਰਨਾ ਹੈ ਪਰ ਇਤਨਾ ਪੱਕਾ ਪਤਾ ਸੀ ਕਿ ਉਸ ਘਰ ਵਿਚ ਵਾਪਸ ਕਿਸੇ ਹਾਲਤ ਵਿਚ ਨਹੀਂ ਜਾਣਾ। ਭਾਵੇਂ ਇਹ ਕਿਸੇ ਰਸੋਈ ਨੂੰ, ਬੈਠਕ ਵਿਚ ਤਬਦੀਲ ਕਰਨ ਵਾਂਗ ਔਖਾ ਸੀ ਪਰ ਮੈਨੂੰ ਵਿਸ਼ਵਾਸ ਸੀ ਕਿ ਮੈਂ ਇਕੱਲੀ ਰਹਿ ਸਕਦੀ ਸਾਂ, ਇਸ ਚੇਤਨਾ ਨੇ ਮੇਰਾ ਵਿਹਾਰ ਬਦਲ ਦਿੱਤਾ।"

ਪਤੀ ਤੋਂ ਵਿੱਛੜ ਕੇ ਰਹਿ ਰਹੀ ਰਾਜਬੀਰ ਨੇ ਦੱਸਿਆ, "ਇਸਤਰੀ ਦੀ ਸਮਾਜਿਕ ਹਾਲਤ ਤਾਂ ਉਂਜ ਵੀ ਦੂਜੇ ਦਰਜੇ ਵਾਲੀ ਹੁੰਦੀ ਹੈ ਪਰ ਆਰਥਿਕ ਮੁਸ਼ਕਿਲਾਂ ਨਾਲ ਜਦੋਂ ਮੇਰਾ ਜੀਵਨ-ਪੱਧਰ ਇਕਦਮ ਡਿੱਗ ਪਿਆ ਤਾਂ ਮੈਂ ਤਿਲਕੀ ਜ਼ਰੂਰ ਪਰ ਡਿੱਗੀ ਨਹੀਂ। ਚੀਜ਼ਾਂ ਦੀਆਂ ਕੀਮਤਾਂ ਦਾ ਮੈਨੂੰ ਉਦੋਂ ਗਿਆਨ ਹੋਇਆ, ਜਦੋਂ ਮੈਂ ਆਪਣੀ ਕਮਾਈ ਨਾਲ ਉਨ੍ਹਾਂ ਨੂੰ ਖਰੀਦਿਆ। ਕਿਤਨੇ ਹੀ ਵਰ੍ਹੇ ਮੈਨੂੰ ਇੰਜ ਲਗਦਾ ਰਿਹਾ ਜਿਵੇਂ ਮੈਂ ਮਕਾਨ ਵਿਚ ਨਹੀਂ, ਵਰਾਂਡੇ ਵਿਚ ਰਹਿ ਰਹੀ ਹੋਵਾਂ। ਮੇਰੇ ਲਈ ਆਰਥਿਕ ਮਜਬੂਰੀਆਂ ਨਾਲੋਂ ਵੀ ਵੱਡੀ ਸਮੱਸਿਆ ਆਪਣੀ ਇਕੱਲਤਾ ਦੀ ਸੀ। ਪਤੀ ਦਾ ਘਰ ਤਿਆਗ ਕੇ ਇਸਤਰੀ ਦਾ ਮਨੋਬਲ ਡਿੱਗ ਪੈਂਦਾ ਹੈ ਅਤੇ ਉਸ ਵਿਚ ਸੁਣੀਆਂ ਗੱਲਾਂ ਨੂੰ ਦੁਹਰਾਉਣ ਦੀ ਆਦਤ ਪੈ ਜਾਂਦੀ ਹੈ। ਕਿਤਨਾ ਹੀ ਚਿਰ ਮੈਨੂੰ ਲਗਦਾ ਰਿਹਾ, ਜਿਵੇਂ ਮੈਂ ਰੁਕੀ ਹੋਈ ਘੜੀ ਹੋਵਾਂ।"

ਪਾਇਲ ਕਹਿ ਰਹੀ ਸੀ, "ਅਸਫਲਤਾ ਦਾ ਅਹਿਸਾਸ ਪੁਰਸ਼ ਨਾਲੋਂ ਇਸਤਰੀ ਨੂੰ ਵਧੇਰੇ ਹੁੰਦਾ ਹੈ। ਜੇ ਬੱਚੇ ਹੋਣ ਤਾਂ ਚੀਜ਼ਾਂ ਦੀ ਚੋਣ ਅਤੇ ਪਕਵਾਨ ਵੱਖਰੀ ਭਾਂਤ ਦੇ ਹੋ ਜਾਂਦੇ ਹਨ। ਹੌਲੀ-ਹੌਲੀ ਮੈਨੂੰ ਕਿਰਾਏ ਦਾ ਮਕਾਨ ਘਰ ਲਗਣ ਲਗ ਪਿਆ। ਸ਼ੁਰੂ-ਸ਼ੁਰੂ ਵਿਚ ਮੈਂ ਥੋੜ੍ਹੀ ਜਿਹੀ ਉਡੀਕ ਨਾਲ ਹੀ ਥੱਕ ਜਾਂਦੀ ਸਾਂ ਅਤੇ ਨਿੱਕੀ-ਨਿੱਕੀ ਗੱਲ 'ਤੇ ਬਹੁਤ ਧੰਨਵਾਦੀ ਹੋ ਜਾਂਦੀ ਸਾਂ। ਉਦੋਂ ਮੇਰੀਆਂ ਆਸਾਂ ਬਹੁਤ ਨੀਵੀਆਂ ਸਨ ਅਤੇ ਹੌਲੀ-ਹੌਲੀ ਇਨ੍ਹਾਂ ਦਾ ਕੱਦ

ਵੱਡਾ ਹੋਣ ਲੱਗ ਪਿਆ। ਭਾਵੇਂ ਮੁਕੱਦਮਾ ਲੜ ਕੇ ਮੈਂ ਪਤੀ ਤੋਂ ਖਰਚਾ ਬੰਨ੍ਹਵਾ ਲਿਆ ਸੀ ਪਰ ਮੈਂ ਉਸ ਨੂੰ ਅਦਾਲਤ ਵਿਚ ਹੀ ਕਹਿ ਦਿੱਤਾ ਸੀ, 'ਜਾਹ ਤੈਨੂੰ ਮੁਆਫ਼ ਕੀਤਾ।' ਇਹ ਮੈਂ ਇਸ ਲਈ ਕਿਹਾ ਸੀ ਕਿ ਮੇਰੇ ਮਨ ਵਿਚ ਉਸ ਕੋਲ ਵਾਪਸ ਮੁੜਨ ਦੀ ਕਦੀ ਵੀ ਇੱਛਾ ਪੈਦਾ ਨਾ ਹੋਵੇ। ਹੁਣ ਮੈਂ ਆਪ ਫੈਸਲਾ ਕਰਦੀ ਹਾਂ ਕਿ ਮੇਰੇ ਘਰ ਕਿਸ ਨੇ ਆਉਣਾ ਹੈ ਅਤੇ ਕਿਸ ਨੇ ਨਹੀਂ ਆਉਣਾ। ਮੇਰਾ ਮਨ ਸ਼ਾਂਤ ਹੈ ਅਤੇ ਕਿਸੇ ਪੁਰਸ਼ ਦੀ ਹਿੰਸਾ ਦੇ ਭੈਅ ਤੋਂ ਮੈਂ ਮੁਕਤ ਹਾਂ।"

ਊਸ਼ਾ ਦੱਸਦੀ ਹੈ, "ਦੀਵਾਲੀ ਵਾਲੇ ਦਿਨ ਮੈਂ ਆਪਣੇ ਦੁੱਖਦਿਆਂ ਪਾਸਿਆਂ ਨੂੰ ਸੇਕਦੀ ਰਹੀ। ਆਪਣੀ ਬੱਚੀ ਨਾਲ ਜਦੋਂ ਆਪਣੇ ਭਰਾ ਦੇ ਘਰ ਗਈ ਤਾਂ ਕੁਝ ਦਿਨਾਂ ਮਗਰੋਂ ਭਾਬੀ ਦੀ ਸ਼ਬਦਾਵਲੀ ਅਤੇ ਵਾਕ-ਬਣਤਰ ਬਦਲ ਗਈ। ਜਿਸ ਇਸਤਰੀ ਕੋਲ ਕਰਨ ਲਈ ਕੁਝ ਨਹੀਂ ਹੁੰਦਾ, ਉਸ ਵਲ ਦੂਜੀਆਂ ਇਸਤਰੀਆਂ ਵੀ ਧਿਆਨ ਨਹੀਂ ਦਿੰਦੀਆਂ। ਨੌਕਰੀ ਤਾਂ ਮੇਰੀ ਲੱਗੀ ਹੋਈ ਸੀ, ਮੈਂ ਵੱਖਰਾ ਛੋਟਾ ਮਕਾਨ ਲੈ ਕੇ ਰਹਿਣ ਲੱਗ ਪਈ। ਕਈ ਪੁਰਸ਼ਾਂ ਨੇ ਮੇਰੇ ਵਿਚ ਦਿਲਚਸਪੀ ਵਿਖਾਈ ਪਰ ਜਦੋਂ ਮੈਂ ਦਸਦੀ ਕਿ ਮੇਰੀ ਇਕ ਬੇਟੀ ਹੈ ਤਾਂ ਉਹ ਪਛਾਣਨ ਤੋਂ ਵੀ ਇਨਕਾਰੀ ਹੋ ਜਾਂਦੇ। ਬੱਚੀ ਨੂੰ ਵੇਖ ਕੇ ਕਦੀ ਮੈਨੂੰ ਗੁੱਸਾ ਆਉਂਦਾ, ਕਦੀ ਮੈਂ ਪ੍ਰਸੰਨ ਹੁੰਦੀ। ਮੈਂ ਸੋਚਦੀ ਮੇਰੇ ਕੋਲ ਕੁਝ ਤਾਂ ਹੈ ਪਰ ਉਹੀ ਮੈਨੂੰ ਆਪਣੇ ਰਾਹ ਦੀ ਰੁਕਾਵਟ ਵੀ ਲਗਦੀ। ਬੱਚਿਆਂ ਪ੍ਰਤੀ ਇਸਤਰੀਆਂ ਵਧੇਰੇ ਜ਼ਿੰਮੇਵਾਰੀ ਅਨੁਭਵ ਕਰਦੀਆਂ ਹਨ। ਕਈ ਮਹੀਨੇ ਮੈਨੂੰ ਇੰਜ ਲਗਦਾ ਰਿਹਾ ਜਿਵੇਂ ਮੈਂ ਮਲਬੇ ਵਿਚੋਂ ਕੁਝ ਲੱਭ ਰਹੀ ਹੋਵਾਂ। ਮੈਂ ਕੰਮ ਅਤੇ ਬੱਚੀ ਨੂੰ ਪਾਲਣ ਦੀ ਜ਼ਿੰਮੇਵਾਰੀ ਵਿਚ ਵੰਡੀ ਹੋਈ ਸਾਂ। ਸੋਚਦੀ ਹਾਂ ਕਿ ਸਮੱਸਿਆਵਾਂ ਦੇ ਚੰਗੇ ਹੱਲ ਤਾਂ ਹੋ ਸਕਦੇ ਹਨ ਪਰ ਜ਼ਰੂਰੀ ਨਹੀਂ ਕਿ ਉਹ ਠੀਕ ਹੱਲ ਵੀ ਹੋਣ। ਇਸਤਰੀਆਂ ਆਪਣੇ ਪਤੀਆਂ ਦੇ ਹੱਥੋਂ ਹੋਏ ਅਪਮਾਨ ਦੇ ਸਾਰੇ ਵੇਰਵੇ ਨਹੀਂ ਦੱਸਦੀਆਂ। ਮੈਂ ਮਹਿਸੂਸ ਕਰਦੀ ਹਾਂ ਕਿ ਗਰੀਬ ਹੋਣਾ ਆਪਣੇ-ਆਪ ਵਿਚ ਬਹੁਤ ਵੱਡਾ ਅਪਮਾਨ ਹੈ ਅਤੇ ਗਰੀਬੀ ਸਾਹਮਣੇ ਸਾਰੀਆਂ ਪ੍ਰਾਪਤੀਆਂ ਅਤੇ ਹਿੰਮਤਾਂ ਫਿੱਕੀਆਂ ਪੈ ਜਾਂਦੀਆਂ ਹਨ।"

"ਅਸੁਰੱਖਿਅਤ ਹੋਣ ਕਾਰਨ ਮੈਂ ਆਪਣੀ ਜ਼ਿੰਦਗੀ ਨੂੰ ਵਧੇਰੇ ਗੰਭੀਰਤਾ ਨਾਲ ਲੈਣ ਲੱਗ ਪਈ। ਮੈਨੂੰ ਡਰ ਸੀ ਕਿ ਕਿਧਰੇ ਮੇਰੀ ਨੌਕਰੀ ਹੀ ਨਾ ਚਲੀ ਜਾਵੇ। ਮੇਰੀ ਹਾਲਤ ਵਾਹੋਦਾਹੀ ਤੁਰਨ ਕਾਰਨ ਹਫ਼ ਜਾਣ ਵਾਲੇ ਵਿਅਕਤੀ ਵਾਲੀ ਸੀ। ਖਰਚੇ ਸਬੰਧੀ ਮੁਕੱਦਮੇ ਵਿਚ ਮੇਰੇ ਪਤੀ ਨੇ ਜਿਸ ਢੰਗ ਨਾਲ ਆਪਣੀ ਗਰੀਬੀ ਅਤੇ ਲਾਚਾਰਗੀ ਦਾ ਪ੍ਰਗਟਾਵਾ ਕੀਤਾ, ਉਸ ਨੂੰ ਸੁਣ ਕੇ ਸ਼ੱਕ ਹੋਇਆ ਕਿ ਕੀ ਇਹ ਉਹ ਹੀ ਵਿਅਕਤੀ ਹੈ, ਜਿਸ ਨਾਲ ਮੇਰਾ ਵਿਆਹ ਹੋਇਆ ਸੀ? ਸੂਈਆਂ ਨਾਲ ਮੈਂ ਆਪਣੇ ਚੁਭੇ ਹੋਏ ਕੰਡੇ ਕੱਢ ਲਏ ਹਨ। ਹੁਣ ਮੇਰਾ ਜੀਵਨ ਟਿਕੇ ਹੋਏ ਸਰੋਵਰ ਅਤੇ ਸੁਰ ਹੋਏ ਸਾਜ਼ ਵਾਂਗ ਹੈ ਪਰ ਅੰਦਰ ਇਕ ਸਦੀਵੀ ਉਦਾਸੀ ਹੈ। ਹਸਦੇ ਹੰਝੂਆਂ ਦੀ ਗਾਨੀ ਪਹਿਨ ਕੇ, ਸੰਜੋਗ-ਵਿਜੋਗ ਦੇ ਮਿਲਵੇਂ ਸੁਰ ਵਿਚ ਦਿਨ ਤਾਂ ਕਟੀ ਹੀ ਜਾ ਰਹੀ ਹਾਂ ਪਰ ਅਕਸਰ ਪੁਰਾਣੀ ਪੀੜ ਦੀ ਨਵੀਂ ਰੜਕ ਪੈਂਦੀ ਹੈ ਅਤੇ ਕਈ ਵਾਰ ਯਾਦਾਂ ਨੂੰ ਕੁੱਛੜ ਚੁੱਕ ਕੇ, ਉਦਾਸੀ ਦੀ ਹਜ਼ੂਰੀ ਵਿਚ ਅੱਪੜ ਜਾਂਦੀ ਹਾਂ, ਜਿੱਥੇ ਜੱਚਵੇਂ ਬੋਲਾਂ ਦੀ ਘਾਟ ਦੇ ਬਾਵਜੂਦ, ਧੁਰ ਅੰਦਰੋਂ ਇਕ ਹੂਕ ਉਠਦੀ ਹੈ : ਅੱਧੀਆਂ ਛੱਤਾਂ ਥੱਲੇ ਅਸੀਂ, ਰੁਲ ਗਏ ਵਾਂਗ ਫਕੀਰਾਂ ਦੇ..........."

ਪਰੰਪਰਾ ਅਤੇ ਪਰਿਵਰਤਨ

ਗਲਤੀਆਂ ਤੋਂ ਸਿੱਖੇ ਹੋਏ ਸਬਕ ਤਜਰਬਾ ਕਹਾਉਂਦੇ ਹਨ। ਇਹ ਤਜਰਬਾ ਸਾਨੂੰ ਆਪਣੀ ਸੋਚ ਉਸਾਰਨ ਅਤੇ ਸੁਤੰਤਰ ਹੋਣ ਵਿਚ ਸਹਾਈ ਹੁੰਦਾ ਹੈ।

ਕੇਵਲ ਪੜ੍ਹੇ-ਲਿਖੇ ਅਤੇ ਤਜਰਬੇਕਾਰ ਲੋਕ ਹੀ ਸਹੀ ਅਰਥਾਂ ਵਿਚ ਆਜ਼ਾਦ ਹੁੰਦੇ ਹਨ। ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਆਜ਼ਾਦ ਹੋਣਾ ਮਹੱਤਵਪੂਰਨ ਨਹੀਂ, ਆਜ਼ਾਦੀ ਨੂੰ ਅਮਲ ਵਿਚ ਲਿਆਉਣਾ ਵਧੇਰੇ ਮਹੱਤਵਪੂਰਨ ਹੁੰਦਾ ਹੈ।

ਆਜ਼ਾਦੀ ਨੂੰ ਤਾਂ ਹੀ ਅਮਲ ਵਿਚ ਲਿਆਂਦਾ ਜਾ ਸਕਦਾ ਹੈ, ਜੇਕਰ ਅਸੀਂ ਅਤੀਤ ਵੱਲ ਸਹੀ ਦ੍ਰਿਸ਼ਟੀ ਨਾਲ ਵੇਖੀਏ ਅਤੇ ਲੰਘ ਗਏ ਖਤਰਿਆਂ ਵੱਲ ਮੁਸਕਰਾਹਟ ਸੁੱਟ ਕੇ ਭਵਿੱਖ ਵੱਲ ਵਧੀਏ। ਸਾਡੀ ਦਿਲਚਸਪੀ ਭਵਿੱਖ ਵਿਚ ਹੋਣੀ ਚਾਹੀਦੀ ਹੈ, ਕਿਉਂਕਿ ਬਾਕੀ ਦੀ ਜ਼ਿੰਦਗੀ ਅਸੀਂ ਭਵਿੱਖ ਵਿਚ ਗੁਜ਼ਾਰਨੀ ਹੈ।

ਭਵਿੱਖ ਦਾ ਦੁਖਾਂਤ ਇਹ ਹੈ ਕਿ ਇਹ ਅਕਸਰ ਸਾਡੇ ਤਿਆਰ ਹੋਣ ਤੋਂ ਪਹਿਲਾਂ ਹੀ ਆ ਪਹੁੰਚਦਾ ਹੈ।

ਇਹੀ ਕਾਰਨ ਹੈ ਕਿ ਅਸੀਂ ਅਨੇਕਾਂ ਅਵਸਰ ਵਿਅਰਥ ਗੁਆ ਦਿੰਦੇ ਹਾਂ।

ਅਵਸਰ ਤੋਂ ਬਿਨਾਂ ਯੋਗਤਾ, ਕਿਸੇ ਕੰਮ ਨਹੀਂ ਆਉਂਦੀ।

ਬੁੱਢਾ, ਉਸ ਵਿਅਕਤੀ ਨੂੰ ਕਹਿੰਦੇ ਹਨ, ਜਿਸ ਨੇ ਬਹੁਤ ਸਾਰੇ ਅਵਸਰ ਲੰਘਾ ਦਿੱਤੇ ਹੋਣ, ਜ਼ਿੰਮੇਵਾਰੀਆਂ ਤਿਆਗ ਦਿੱਤੀਆਂ ਹੋਣ ਅਤੇ ਜਿਸ ਦੀਆਂ ਸੋਚਾਂ ਅਤੇ ਅੱਖਾਂ ਵਿਚ ਸੁਪਨਿਆਂ ਦੀ ਥਾਂ ਪਛਤਾਵਾ ਵੱਸ ਗਿਆ ਹੋਵੇ।

ਜਿਥੇ ਗਿਆਨ ਦਾ ਦੀਵਾ ਛੋਟਾ ਹੋਵੇ, ਉਥੇ ਭਰਮ-ਭੁਲੇਖੇ, ਸ਼ੰਕੇ, ਪਛਤਾਵੇ ਅਤੇ ਅੰਧ-ਵਿਸ਼ਵਾਸ ਵੱਡੇ ਹੁੰਦੇ ਹਨ।

ਕਈ ਵਾਰ ਦੋ ਪੈਸੇ ਦੇ ਹੌਸਲੇ ਬਿਨਾਂ ਲੱਖਾਂ-ਕਰੋੜਾਂ ਦੇ ਮੌਕੇ ਨਿਕਲ ਜਾਂਦੇ ਹਨ।

ਅਕਸਰ ਇਵੇਂ ਹੁੰਦਾ ਹੈ ਕਿ ਜਦੋਂ ਕੁਝ ਦੇਣ ਦਾ ਅਵਸਰ ਮਿਲਦਾ ਹੈ ਤਾਂ ਸਾਡੇ ਹੱਥ ਖਾਲੀ ਹੁੰਦੇ ਹਨ, ਜਦੋਂ ਕੁਝ ਕਰਨ, ਕਹਿਣ, ਚਲਣ, ਸੋਚਣ ਅਤੇ ਸਿਖਣ ਦਾ ਮੌਕਾ ਮਿਲਦਾ ਹੈ ਤਾਂ ਅਸੀਂ ਥੱਕੇ ਹੋਏ ਹੁੰਦੇ ਹਾਂ।

ਕਹਿੰਦੇ ਹਨ ਜਿੱਤ ਵਾਲੇ ਦਿਨ ਕੋਈ ਥਕਾਵਟ ਦੀ ਸ਼ਿਕਾਇਤ ਨਹੀਂ ਕਰਦਾ, ਮੈਂ ਤਾਂ ਕਹਾਂਗਾ ਕਿ ਜਿੱਤਣ ਵਾਲਾ ਕੋਈ ਵੀ ਸ਼ਿਕਾਇਤ ਨਹੀਂ ਕਰਦਾ।

ਜਿਨ੍ਹਾਂ ਦਾ ਭਵਿੱਖ ਵਿਚ ਵਿਸ਼ਵਾਸ ਹੁੰਦਾ ਹੈ ਉਨ੍ਹਾਂ ਨੂੰ ਸ਼ਿਕਾਇਤ ਕਰਨੀ ਹੀ ਨਹੀਂ ਚਾਹੀਦੀ। ਕਈਆਂ ਨੂੰ ਮੰਗਤੇ ਦੇ ਮੂੰਹ ਵਾਂਗ ਜਾਂ ਲੈਟਰ-ਬਾਕਸ ਵਾਂਗ ਕੇਵਲ ਪ੍ਰਾਪਤ ਕਰਨ ਦਾ ਹੀ ਚਾਅ ਹੁੰਦਾ ਹੈ।

ਕਹਿੰਦੇ ਹਨ ਕਿ ਜੇ ਪਿਤਾ ਕੋਲ ਸੰਤਾਨ ਨੂੰ ਦੇਣ ਲਈ ਕੁਝ ਵੀ ਨਹੀਂ ਤਾਂ ਉਸ ਨੂੰ ਚਾਹੀਦਾ ਹੈ ਕਿ ਆਪਣੇ ਪੁੱਤਰਾਂ-ਧੀਆਂ ਨੂੰ ਹੌਸਲਾ ਦੇਵੇ ਤਾਂ ਕਿ ਭਾਵੇਂ ਉਹ ਜ਼ਿੰਦਗੀ ਦੀ ਲੜਾਈ ਨੂੰ ਹਾਰਨ ਪਰ ਲੜਨ ਉਪਰੰਤ ਹੀ ਹਾਰਨ।

ਉਹ ਉਨ੍ਹਾਂ ਨੂੰ ਆਪਣੇ ਆਪ 'ਤੇ ਹੱਸਣਾ ਸਿਖਾਵੇ, ਕਿਉਂਕਿ ਜਿਹੜਾ ਆਪਣੇ ਆਪ 'ਤੇ ਹੱਸ ਸਕਦਾ ਹੈ, ਉਸ ਨੂੰ ਆਪਣੀ ਖੁਸ਼ੀ ਲਈ ਕਿਸੇ 'ਤੇ ਨਿਰਭਰ ਹੋਣ ਦੀ ਮਜਬੂਰੀ ਨਹੀਂ ਹੋਵੇਗੀ। ਉਹ ਉਨ੍ਹਾਂ ਨੂੰ ਦੱਸੇ ਕਿ ਚਿੰਤਾ ਨੂੰ ਕੰਮ ਨਾਲ ਮਾਰਿਆ ਜਾ ਸਕਦਾ ਹੈ।

ਉਹ ਉਨ੍ਹਾਂ ਨੂੰ ਸਮਝਾਵੇ ਕਿ ਆਪਣੀ ਅਗਿਆਨਤਾ ਪ੍ਰਤੀ, ਉਹ ਪੜ੍ਹਨ ਦੀ ਆਦਤ ਤੋਂ ਬਿਨਾਂ ਸੁਚੇਤ ਨਹੀਂ ਹੋ ਸਕਦੇ ਅਤੇ ਸੁਚੇਤ ਹੋਏ ਬਿਨਾਂ ਉਨ੍ਹਾਂ ਦੇ ਕਿਸੇ ਯਤਨ ਨੂੰ ਫਲ ਨਹੀਂ ਲਗਣਗੇ।

ਬੱਚਿਆਂ ਨੂੰ ਅਕਸਰ ਮਾਪੇ ਪੱਛੜ ਗਏ ਪ੍ਰਤੀਤ ਹੁੰਦੇ ਹਨ ਅਤੇ ਮਾਂਵਾਂ ਵਧੇਰੇ ਹੀ ਪੱਛੜ ਗਈਆਂ ਲਗਦੀਆਂ ਹਨ ਪਰ ਮਾਪੇ ਉਪਦੇਸ਼ਾਂ ਰਾਹੀਂ ਨਹੀਂ, ਸਵੈ-ਕਾਬੂ ਅਤੇ ਉਦਾਹਰਣ ਰਾਹੀਂ ਆਪਣੇ ਬੱਚਿਆਂ ਦਾ ਮੂੰਹ ਨਵੇਂ ਦੁਮੇਲਾਂ ਵੱਲ, ਵਿਕਾਸ ਵੱਲ, ਤਬਦੀਲੀ ਵੱਲ, ਪਰਿਵਰਤਨ ਵੱਲ ਮੋੜ ਸਕਦੇ ਹਨ।

ਅਜਿਹਾ ਕਰਨ ਨਾਲ ਬੱਚੇ ਖਤਰਿਆਂ ਨਾਲ ਇਕ-ਸੁਰ ਹੋ ਸਕਣਗੇ ਅਤੇ ਖਤਰਿਆਂ ਵਿਚੋਂ ਅਵਸਰ ਵੇਖ ਸਕਣਗੇ।

ਜਦੋਂ ਉਨ੍ਹਾਂ ਨੂੰ ਇਹ ਪਤਾ ਲੱਗੇਗਾ ਕਿ ਸੰਸਾਰ ਵਿਚ ਹਰ ਚੀਜ਼ ਖਤਰੇ ਭਰੀ ਹੈ ਤਾਂ ਉਹ ਇਹ ਵੀ ਜਾਣ ਜਾਣਗੇ ਕਿ ਖਤਰਿਆਂ ਤੋਂ ਬਿਨਾਂ ਜੀਵਨ ਸੰਭਵ ਨਹੀਂ।

ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਜਿਉਂਦੇ-ਜੀਅ ਧਰਤੀ ਤੋਂ ਬਾਹਰ ਨਹੀਂ ਜਾ ਸਕਦੇ ਅਤੇ ਅਸੀਂ ਜੀਵਨ ਨੂੰ ਕਿਸੇ ਢੰਗ ਨਾਲ ਵੀ ਸੰਪੂਰਨ-ਭਾਂਤ ਸੁਰੱਖਿਅਤ ਅਤੇ ਖਤਰਿਆਂ ਤੋਂ ਮੁਕਤ ਨਹੀਂ ਬਣਾ ਸਕਦੇ।

ਲੇਖਕ ਭਾਵੇਂ ਚਿਤਰਦੇ ਮਨੁੱਖ ਦਾ ਅਧੂਰਾਪਣ ਹਨ ਪਰ ਉਨ੍ਹਾਂ ਦਾ ਸੁਪਨਾ ਮਨੁੱਖ ਦੀ ਸੰਪੂਰਨਤਾ ਹੁੰਦਾ ਹੈ। ਅਨੁਭਵੀ ਲੇਖਕ ਦਾ ਕਰਤਵ ਹੈ ਕਿ ਉਹ ਪਾਠਕਾਂ ਦੇ ਖਿੰਡੇ ਹੋਏ ਮਨ ਨੂੰ ਇਕਾਗਰ ਕਰੇ ਅਤੇ ਉਨ੍ਹਾਂ ਨੂੰ ਜੀਵਨ ਦੇ ਸੁਰਤਾਲ ਨਾਲ ਜੋੜੇ ਅਤੇ ਦੱਸੇ ਕਿ ਜੇ ਸਾਨੂੰ ਅਤੀਤ ਉਤੇ ਮਾਣ ਹੈ ਤਾਂ ਭਵਿੱਖ ਉਤੇ ਵੀ ਗੌਰਵ ਹੋਵੇਗਾ।

ਰੁੱਝੇ ਹੋਏ ਅਨੁਭਵੀ ਬੰਦੇ ਨੂੰ ਕਲਾਕਾਰ ਕਹਿੰਦੇ ਹਨ।

ਕਲਾਕਾਰ ਆਪਣੇ ਸਾਹਮਣੇ ਦਿਸਦੇ ਖੰਡਰਾਂ ਵਿਚੋਂ ਨਵੀਆਂ ਬਾਦਸ਼ਾਹੀਆਂ ਦੇ ਸੁਪਨੇ ਜਗਾਉਂਦਾ ਹੈ। ਜੋ ਅਨੁਭਵ ਕਲਾਕਾਰ ਆਪਣੇ ਦੁੱਖ ਵਿਚੋਂ ਪ੍ਰਾਪਤ ਕਰਦਾ ਹੈ, ਉਸ ਨੂੰ ਮਾਨਵਜਾਤੀ, ਖੁਸ਼ੀਆਂ ਵੇਲੇ ਗਾਉਂਦੀ ਹੈ।

ਕਲਾਕਾਰ ਸਮੇਂ ਦੇ ਨਿਸ਼ਾਨ-ਸਾਹਿਬ ਹੁੰਦੇ ਹਨ, ਜਿਹੜੇ ਸਭਿਅਤਾ ਦੇ ਵਿਹੜੇ ਵਿਚ ਉੱਚੇ ਝੂਲਦੇ ਹਨ। ਕਲਾਕਾਰਾਂ ਦਾ ਯੋਗਦਾਨ ਇਹ ਹੁੰਦਾ ਹੈ ਕਿ ਉਹ ਸਭਿਅਤਾ ਨੂੰ ਜੀਣ-ਥੀਣ ਦਾ ਨਵਾਂ ਢੰਗ-ਸਲੀਕਾ ਦੱਸਦੇ ਹਨ।

ਉਨ੍ਹਾਂ ਦੇ ਨਵੇਂ ਵਿਚਾਰਾਂ ਦੀ ਉਦੋਂ ਤਕ ਹੀ ਵਿਰੋਧਤਾ ਹੁੰਦੀ ਹੈ, ਜਦੋਂ ਤਕ ਇਹ ਆਮ ਆਦਮੀ ਦੇ ਵਿਚਾਰ ਨਹੀਂ ਬਣ ਜਾਂਦੇ।

ਕੋਈ ਵੀ ਸੱਚਾ ਕਲਾਕਾਰ ਇਹ ਨਹੀਂ ਚਾਹੁੰਦਾ ਕਿ ਉਸ ਦੀ ਕਲਾ ਸਦੀਆਂ ਤਕ ਮਾਨਵਜਾਤੀ ਨੂੰ ਰਾਹ ਦਿਖਾਵੇ, ਸਗੋਂ ਉਸ ਦਾ ਸੁਪਨਾ ਇਹ ਹੁੰਦਾ ਹੈ ਕਿ ਉਹ ਲੋਕ ਅੱਗੇ ਆਉਣ ਜਿਨ੍ਹਾਂ ਨੂੰ ਮਾਨਵਜਾਤੀ ਦੇ ਵਿਕਾਸ-ਰਾਹ ਚੌੜੇ ਕਰਨ ਦਾ ਚਾਅ ਹੋਵੇ।

ਕਲਾਕਾਰ ਦੀ ਦ੍ਰਿਸ਼ਟੀ ਤੋਂ ਵੇਖਿਆਂ ਸਭਿਅਤਾ ਇਕ ਸਫਰ ਹੈ, ਮੰਜ਼ਲ ਨਹੀਂ।

ਜਿਹੜੇ ਵਿਅਕਤੀ ਵਿਆਕਰਣ ਜਾਣਦੇ ਹਨ, ਉਹੀ ਸਮਝਣਗੇ ਕਿ ਸਭਿਅਤਾ ਨਾਂਵ ਨਹੀਂ, ਕਿਰਿਆ ਹੈ।

ਇਹ ਫੈਲਣ ਤੋਂ ਵੀ ਵੱਧ, ਡੂੰਘੇ ਹੋਣ ਦਾ ਅਨੁਭਵ ਹੈ।

ਕੇਵਲ ਮੁਰਦੇ ਅਤੇ ਮੂਰਖ ਹੀ ਆਪਣੇ ਵਿਚਾਰ ਨਹੀਂ ਬਦਲਦੇ।

ਉਹ ਬਦਲਣ ਦਾ ਯਤਨ ਵੀ ਨਹੀਂ ਕਰਦੇ।

ਜੇ ਅਸੀਂ ਯਤਨ ਨਹੀਂ ਕਰਾਂਗੇ ਤਾਂ ਸਫਲ ਕਿਵੇਂ ਹੋਵਾਂਗੇ ?

ਬਹੁਤੇ ਲੋਕ ਜੋਸ਼ੀਲੇ ਅਤੇ ਭਾਵਕ ਹੁੰਦੇ ਹਨ।

ਉਹ ਪਰੰਪਰਾਵਾਦੀ ਇਸ ਲਈ ਪ੍ਰਤੀਤ ਹੁੰਦੇ ਹਨ, ਕਿਉਂਕਿ ਉਹ ਆਪਣੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਕੋਈ ਨਵਾਂ ਢੰਗ-ਤਰੀਕਾ ਨਹੀਂ ਲੱਭਦੇ।

ਪਰੰਪਰਾਗਤ ਸਮਾਜ, ਪਰਿਵਰਤਨ ਨੂੰ ਪਸੰਦ ਨਹੀਂ ਕਰਦੇ ਪਰ ਪਰਿਵਰਤਨ ਤੋਂ ਬਿਨਾਂ ਅਗਲੇਰਾ ਵਿਕਾਸ ਸੰਭਵ ਨਹੀਂ ਹੁੰਦਾ।

ਅਸੀਂ ਸਮਝਦੇ ਹਾਂ ਕਿ ਸਾਡੀ ਸਭਿਅਤਾ, ਲੰਮੇ ਸਫਰ ਨਾਲ ਥੱਕ ਗਈ ਹੈ ਪਰ ਕੁਝ ਸਮੇਂ ਮਗਰੋਂ ਅਸੀਂ ਅਨੁਭਵ ਕਰਾਂਗੇ ਕਿ ਅਜੇ ਤਾਂ ਕੁਕੱੜ ਨੇ ਬਾਂਗ ਹੀ ਦਿੱਤੀ ਹੈ।

ਪਹਾੜਾਂ ਨੂੰ ਫਤਹਿ ਕਰਨ ਵਾਲਿਆ ਅਤੇ ਸਮੁੰਦਰਾਂ ਦੇ ਸਫਰ 'ਤੇ ਜਾਣ ਵਾਲਿਆਂ ਦੇ ਜੀਵਨ ਵਿਚ ਅਨੇਕਾਂ ਖਤਰੇ ਹੁੰਦੇ ਹਨ ਪਰ ਇਹ ਖਤਰੇ ਹੀ ਇਨ੍ਹਾਂ ਕੰਮਾਂ ਨੂੰ ਮਨ-ਪ੍ਰਚਾਵਾ ਅਤੇ ਖੇਡਾਂ ਬਣਾਉਂਦੇ ਹਨ।

ਉਂਜ ਤਾਂ ਸੰਸਾਰ ਦਾ ਹਰ ਦੇਸ਼ ਆਪਣੀ-ਆਪਣੀ ਪਰੰਪਰਾ ਵਿਚ ਵਿਚਰ ਰਿਹਾ ਹੈ ਪਰ ਜਿਹੜੇ ਸਾਡੇ ਤੋਂ ਅੱਗੇ ਲੰਘ ਗਏ ਹਨ, ਉਹ ਸਾਨੂੰ ਆਧੁਨਿਕ ਪ੍ਰਤੀਤ ਹੁੰਦੇ ਹਨ ਅਤੇ ਅਸੀਂ ਆਪ ਪੱਛੜ ਗਏ ਅਨੁਭਵ ਕਰਦੇ ਹਾਂ।

ਨਿਰਸੰਦੇਹ ਕੁਝ ਦਹਾਕੇ ਪਹਿਲਾਂ ਸਾਰਾ ਸੰਸਾਰ ਹੀ ਪਰੰਪਰਾਗਤ ਲੀਹਾਂ 'ਤੇ ਚੱਲ ਰਿਹਾ ਸੀ ਅਤੇ ਅੱਜ ਵੀ ਸੰਸਾਰ ਦਾ ਬਹੁਤ ਵੱਡਾ ਭਾਗ ਪਰੰਪਰਾ ਨੂੰ ਪਾਲ ਰਿਹਾ ਹੈ।

ਗੁਲਾਮ ਦੇਸ਼ ਆਜ਼ਾਦ ਹੋ ਗਏ ਹਨ ਅਤੇ ਅਨੇਕਾਂ ਨੇ ਆਪਣੀ ਪਰੰਪਰਾ ਨੂੰ ਵਿਕਸਤ ਕਰਨ ਵਲ ਧਿਆਨ ਵੀ ਦਿੱਤਾ ਹੈ, ਜਦੋਂ ਕਿ ਅਨੇਕਾਂ ਦੇਸ਼ਾਂ ਨੇ ਆਪਣੀ ਬੌਧਿਕ ਗੁਲਾਮੀ ਕਾਰਨ ਜੀਵਨ ਦੇ ਵਿਭਿੰਨ ਖੇਤਰਾਂ ਵਿਚ ਅਮਰੀਕਾ ਅਤੇ ਯੋਰਪ ਅਰਥਾਤ ਪੱਛਮ ਨੂੰ ਆਪਣਾ ਆਦਰਸ਼ ਮਿੱਥ ਲਿਆ ਹੈ।

ਅਜਿਹੇ ਦੇਸ਼ਾਂ ਵਿਚ ਪੱਛਮੀ ਮਾਡਲ ਅਨੁਸਾਰ ਜੀਵਨ ਦਾ ਸ਼ਹਿਰੀਕਰਣ ਹੋਇਆ ਹੈ ਅਤੇ ਰੋਜ਼ਗਾਰ ਅਤੇ ਵਧੇਰੇ ਕਾਰਜਸ਼ੀਲ ਜੀਵਨ ਦੀ ਭਾਲ ਵਿਚ ਲੱਖਾਂ ਕਰੋੜਾਂ ਲੋਕ ਆਪਣੀ ਪਰੰਪਰਾਗਤ ਜੀਵਨ-ਜਾਚ ਨੂੰ ਤਿਆਗ ਕੇ ਸ਼ਹਿਰਾਂ ਵਿਚ ਨਵੀਂ ਨੁਹਾਰ ਅਤੇ ਨਵੀਆਂ ਸਮੱਸਿਆਵਾਂ ਵਾਲਾ ਜੀਵਨ ਜਿਊਣ ਲਈ ਮਜਬੂਰ ਹੋਏ ਹਨ।

ਹਜ਼ਾਰਾਂ ਦੀ ਗਿਣਤੀ ਵਿਚ, ਵਧੇਰੇ ਅਵਸਰਾਂ ਦੀ ਭਾਲ ਵਿਚ, ਲੋਕ ਵਿਦੇਸ਼ਾਂ ਵਿਚ ਗਏ ਹਨ ਅਤੇ ਇਹ ਲੋਕ ਆਪਣੀ ਪਰੰਪਰਾ ਨਾਲੋਂ ਟੁੱਟਦੇ-ਟੁੱਟਦੇ ਟੁੱਟ ਗਏ ਹਨ। ਸ਼ਹਿਰਾਂ ਅਤੇ ਵਿਦੇਸ਼ਾਂ ਵੱਲ ਜਾਣ ਦਾ ਰੁਝਾਨ ਪਿਛਲੇ ਕੁਝ ਵਰ੍ਹਿਆਂ ਵਿਚ ਇਤਨਾ ਵੱਧ ਗਿਆ ਹੈ ਅਤੇ ਵਿਦੇਸ਼ੀ ਚੀਜ਼ਾਂ-ਵਸਤਾਂ ਇਤਨੀ ਮਾਤਰਾ ਵਿਚ ਆ ਗਈਆਂ ਹਨ ਕਿ ਕਈ ਸਮਾਜਾਂ ਲਈ ਆਪਣੀ ਨਿਵੇਕਲੀ ਪਛਾਣ ਬਣਾਈ ਰੱਖਣੀ ਅਸੰਭਵ ਹੋ ਗਈ ਹੈ। ਨਵੇਂ ਕੰਮਾਂ-ਧੰਦਿਆਂ ਨੇ ਆਪਸੀ ਰਿਸ਼ਤਿਆਂ, ਜੀਵਨ-ਮੁੱਲਾਂ, ਉਦੇਸ਼ਾਂ-ਆਦਰਸ਼ਾਂ ਆਦਿ ਨੂੰ ਨਵੇਂ ਰੰਗਾਂ-ਰੂਪਾਂ ਵਿਚ ਢਾਲਿਆ ਹੈ ਅਤੇ ਨਤੀਜੇਵਸ ਜੀਵਨ ਨੂੰ ਸਮਝਣ-ਸਮਝਾਉਣ ਅਤੇ ਆਪਣੇ ਅਹਿਸਾਸਾਂ ਅਤੇ ਅਨੁਭਵਾਂ ਨੂੰ ਪ੍ਰਗਟਾਉਣ ਦੀ ਨੁਹਾਰ ਵੀ ਬਦਲ ਗਈ ਹੈ।

ਇਹ ਹੈਰਾਨੀ ਦੀ ਗੱਲ ਹੈ ਕਿ ਹਰ ਦੇਸ਼ ਵਿਚ, ਹਰ ਇਲਾਕੇ ਦੇ ਲੋਕਾਂ ਦੀ ਪਰੰਪਰਾ ਵੱਖਰੀ ਭਾਂਤ ਦੀ ਹੈ ਪਰ ਪਰਿਵਰਤਨ ਇਕੋ ਪ੍ਰਕਾਰ ਦਾ ਵਾਪਰ ਰਿਹਾ ਹੈ। ਇਸ ਦਾ ਕਾਰਨ ਇਹ ਪ੍ਰਤੀਤ ਹੁੰਦਾ ਹੈ ਕਿ ਆਵਾਜਾਈ ਦੀਆਂ ਕਠਿਨਾਈਆਂ ਅਤੇ ਸੰਚਾਰ ਦੇ ਸੀਮਤ ਸਾਧਨਾਂ ਕਾਰਨ ਲਗਭਗ ਸਾਰਾ ਵਿਸ਼ਵ, ਪਰੰਪਰਾ ਦੀ ਬੁੱਕਲ ਵਿਚ ਇਸ ਲਈ ਸੁਰੱਖਿਅਤ ਅਨੁਭਵ ਕਰਦਾ ਰਿਹਾ ਹੈ, ਕਿਉਂਕਿ ਲੋਕਾਂ ਨੂੰ ਆਪਣੀ ਜੀਵਨ-ਜਾਚ ਤੋਂ ਇਲਾਵਾ ਕਿਸੇ ਹੋਰ ਢੰਗ-ਤਰੀਕੇ ਦੀ ਸੂਝ ਹੀ ਨਹੀਂ ਸੀ। ਅਜਿਹੇ ਲੋਕਾਂ ਦੀ ਉਪਜੀਵਕਾ ਦਾ ਸਾਧਨ ਖੇਤੀਬਾੜੀ ਜਾਂ ਅਜਿਹੇ ਹੋਰ ਮੁੱਢਲੇ ਅਤੇ ਪਰੰਪਰਾਗਤ ਢੰਗ-ਤਰੀਕੇ ਰਹੇ ਸਨ ਕਿ ਉਨ੍ਹਾਂ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਕਰਨ ਦੀ ਲੋੜ ਹੀ ਨਹੀਂ ਪਈ।

ਇਸੇ ਕਾਰਨ ਕਰਕੇ ਅਜਿਹੇ ਸਮਾਜਾਂ ਵਿਚ ਤਬਦੀਲੀ, ਵਿਕਾਸ ਅਤੇ ਪਰਿਵਰਤਨ ਦੀ ਚਾਲ ਮੱਠੀ ਰਹੀ ਹੈ।

ਇਹ ਮੱਠੀ ਚਾਲ ਪਰੰਪਰਾਵਾਦੀਆਂ ਨੂੰ ਸ਼ਕਤੀ ਪ੍ਰਤੀਤ ਹੁੰਦੀ ਹੈ ਅਤੇ ਪਰਿਵਰਤਨ-ਵਾਦੀਆਂ ਨੂੰ ਇਹ ਸਭ ਤੋਂ ਵੱਡੀ ਕਮਜ਼ੋਰੀ ਪ੍ਰਤੀਤ ਹੁੰਦੀ ਹੈ।

ਆਪਣੇ ਆਪ ਵਿਚ ਸਵੈ-ਸੰਪੰਨ ਹੋਣ ਕਾਰਨ ਭਾਰਤ, ਚੀਨ ਆਦਿ ਪਰੰਪਰਾਗਤ ਸਮਾਜ ਕਿਸੇ ਬਾਹਰਲੇ ਸਮਾਜ ਦੇ ਪ੍ਰਭਾਵਾਂ ਨੂੰ ਕਬੂਲਣ ਦੇ ਪੱਖੋਂ ਸੰਕੋਚ ਹੀ ਕਰਦੇ ਰਹੇ ਹਨ

ਪਰ ਆਬਾਦੀ ਦੇ ਵਾਧੇ ਅਤੇ ਹੋਰ ਕਾਰਨਾਂ ਕਾਰਨ ਪਿੰਡ ਵੱਡੇ ਹੁੰਦੇ ਗਏ ਹਨ ਅਤੇ ਵੱਡੀਆਂ ਆਬਾਦੀਆਂ ਸ਼ਹਿਰ ਬਣਦੀਆਂ ਗਈਆਂ ਹਨ।

ਭਾਵੇਂ ਪਰੰਪਰਾਗਤ ਸਮਾਜਾਂ ਵਿਚ ਪਰਿਵਰਤਨ ਬਹੁਤ ਹੌਲੀ ਵਾਪਰਦਾ ਹੈ ਪਰ ਜਦੋਂ ਵਾਪਰਦਾ ਹੈ ਤਾਂ ਇਹ ਸਭ ਖੇਤਰਾਂ ਵਿਚ ਵਾਪਰਦਾ ਹੈ ਅਤੇ ਲੋਕਾਂ ਦੇ ਆਪਸੀ ਸਬੰਧਾਂ, ਰੀਤੀ-ਰਿਵਾਜਾਂ ਅਤੇ ਸੋਚਣ-ਮਹਿਸੂਸਣ ਦੇ ਢੰਗਾਂ ਵਿਚ ਇਹ ਪਰਿਵਰਤਨ ਬੜੇ ਸੂਖਮ ਢੰਗਾਂ ਨਾਲ ਵਾਪਰਦਾ ਹੈ।

ਆਰੰਭ ਵਿਚ ਵਿਰੋਧ ਉਤਪੰਨ ਹੁੰਦਾ ਹੈ। ਨਵੀਂ ਖੁਰਾਕ ਨੂੰ ਬੇਸੁਆਦਾ ਅਤੇ ਨਵੇਂ ਕੰਮਾਂ ਨੂੰ ਵਧੇਰੇ ਥਕਾਵਟ ਵਾਲਾ ਸਮਝਿਆ ਜਾਂਦਾ ਹੈ।

ਰਿੰਨ੍ਹਣ-ਪਕਾਉਣ ਦੇ ਢੰਗਾਂ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ। ਭਾਵੇਂ ਹੁਣ ਵੀ ਬਹੁਤ ਸਾਰੀਆਂ ਥਾਂਵਾਂ 'ਤੇ ਪੁਰਾਣੀਆਂ ਵਿਧੀਆਂ ਵਰਤੀਆਂ ਜਾਂਦੀਆਂ ਹਨ ਪਰ ਨਵੀਆਂ ਵਿਧੀਆਂ ਅਪਨਾਉਣ ਵਲ ਦ੍ਰਿਸ਼ਟੀਕੋਣ ਹਾਂ-ਪੱਖੀ ਹੋ ਗਿਆ ਹੈ।

ਪਹਿਲਾਂ ਅੱਗ ਬਾਲਣ ਸਮੇਂ ਧੂੰਆਂ ਹੁੰਦਾ ਸੀ, ਇਹ ਧੂੰਆ ਅੱਖਾਂ ਵਿਚ ਲੜਦਾ ਸੀ ਪਰ ਨਾਲ ਹੀ ਇਹ ਮੱਛਰਾਂ ਦਾ ਇਲਾਜ ਵੀ ਸੀ। ਹੁਣ ਗੈਸ ਵਰਤਣ ਨਾਲ ਧੂੰਏ ਤੋਂ ਮੁਕਤੀ ਮਿਲ ਗਈ ਹੈ ਪਰ ਮੱਛਰ ਵੱਧ ਗਿਆ ਹੈ।

ਇਵੇਂ ਹੀ ਧੂੰਆਂ ਝੁੱਗੀਆਂ ਵਿਚ ਰਹਿਣ ਵਾਲੇ ਲੋਕਾਂ ਦੀਆਂ ਝੁੱਗੀਆਂ ਦੀਆਂ ਛੱਤਾਂ ਵਿਚ ਕੱਖਾਂ-ਕਾਨਿਆਂ ਨੂੰ ਖਾਣ ਵਾਲੇ ਕੀੜਿਆਂ ਦਾ ਵੀ ਇਲਾਜ ਸੀ। ਜਦੋਂ ਪੂਰਬ ਦੇ ਇਕ ਦੇਸ਼ ਵਿਚ ਲੋਕਾਂ ਨੂੰ ਧੂੰਏ-ਰਹਿਤ ਅੱਗ ਬਾਲਣ ਦਾ ਢੰਗ ਸਿਖਾਇਆ ਗਿਆ ਤਾਂ ਉਨ੍ਹਾਂ ਨੂੰ ਕੀੜਿਆਂ ਵਲੋਂ ਖਾਧੀ ਜਾਣ ਕਾਰਨ, ਝੁੱਗੀ ਦੀ ਛੱਤ ਹਰ ਛਿਮਾਹੀ, ਨਵੇਂ ਮੌਸਮ ਵਿਚ, ਬਦਲਣ ਦੀ ਮਜਬੂਰੀ ਆਣ ਬਣੀ।

ਇਵੇਂ ਹੀ ਜਿੱਥੇ ਕਿਧਰੇ ਵੀ ਮਲ-ਮੂਤਰ ਦੀ ਨਿਕਾਸੀ ਦਾ ਪੱਛਮੀ ਢੰਗ-ਤਰੀਕਾ ਅਪਨਾਇਆ ਗਿਆ, ਉਥੇ ਪਾਣੀ ਦੀ ਟੈਂਕੀ ਵਾਲੀ ਮੋਟਰ ਖਰਾਬ ਹੋਣ ਕਾਰਨ ਜਾਂ ਪਾਣੀ ਦੀ ਨਾਲ ਟੁੱਟ ਜਾਣ ਕਾਰਨ ਜਾਂ ਕਿਸੇ ਹੋਰ ਕਾਰਨ ਸਾਰੀ ਵਿਉਂਤ ਫੇਲ੍ਹ ਹੋ ਜਾਂਦੀ ਰਹੀ ਹੈ। ਨਾਲੇ ਮਲ-ਮੂਤਰ ਵਾਲੀ ਪੱਛਮੀ ਪ੍ਰਣਾਲੀ ਵਿਅਕਤੀ ਨੂੰ ਹੋਰ ਢੰਗ ਨਾਲ ਬੈਠਣ ਲਈ ਪ੍ਰੇਰਦੀ ਹੈ ਜਦੋਂ ਕਿ ਪੂਰਬ ਵਿਚ ਗੋਡਿਆਂ ਭਾਰ ਬੈਠਣ ਦੀ ਆਦਤ ਹੈ। ਇਨ੍ਹਾਂ ਕਾਰਨਾਂ ਕਰਕੇ ਅਨੇਕਾਂ ਸਕੀਮਾਂ ਉਤੇ ਢੇਰ ਖਰਚ ਆਉਣ ਦੇ ਬਾਵਜੂਦ ਲੋਕ ਕਈ ਕਾਰਨਾਂ ਕਰਕੇ ਮੁੜ ਪਰੰਪਰਾਗਤ ਢੰਗ-ਤਰੀਕੇ ਅਪਨਾਉਣ ਲਈ ਮਜਬੂਰ ਹੁੰਦੇ ਰਹੇ ਹਨ।

ਲੋਕਾਂ ਦੀਆਂ ਸਦੀਆਂ ਪੁਰਾਣੀਆਂ ਆਦਤਾਂ ਨੂੰ ਬਦਲਣਾ ਨਾ ਸੌਖਾ ਹੁੰਦਾ ਹੈ, ਨਾ ਸਰਲ ਅਤੇ ਨਾ ਹੀ ਸਿੱਧਾ।

ਉਦਾਹਰਣ ਵਜੋਂ ਕਪੜੇ ਧੋਣ ਅਤੇ ਸਫਾਈ ਰੱਖਣ ਦੇ ਨਵੇਂ ਤਰੀਕੇ ਅੰਤਾਂ ਦੇ ਪਾਣੀ ਦੀ ਮੰਗ ਕਰਦੇ ਹਨ ਪਰ ਜਿਥੇ ਪੀਣ ਵਾਲੇ ਪਾਣੀ ਦੀ ਵੀ ਸਮੱਸਿਆ ਹੋਵੇ, ਉਥੇ ਢੇਰ ਪਾਣੀ ਨੂੰ ਕਪੜੇ ਧੋਣ ਦੇ ਲੇਖੇ ਲਾ ਦੇਣਾ ਬਹੁਤ ਦੂਰ ਦੀ ਗੱਲ ਹੈ।

ਜਦੋਂ ਬਾਹਰੀ ਪ੍ਰਭਾਵਾਂ ਕਾਰਨ ਜੀਵਨ-ਜਾਚ ਬਦਲਦੀ ਹੈ ਤਾਂ ਇਸ ਦਾ ਪ੍ਰਭਾਵ ਪਰਿਵਾਰਕ-ਸਬੰਧਾਂ ਉੱਤੇ ਵੀ ਪੈਂਦਾ ਹੈ ਅਤੇ ਨਤੀਜੇਵਸ ਪਰੰਪਰਾਗਤ ਪਰਿਵਾਰਕ ਸਬੰਧਾਂ ਵਿਚ ਵਿਰੋਧ, ਤਣਾਓ ਅਤੇ ਤਰੇੜਾਂ ਦੇ ਉਤਪੰਨ ਹੋਣ ਕਾਰਨ ਆਪਸੀ ਰਿਸ਼ਤੇ ਨਾਂਹ-ਪੱਖੀ ਢੰਗ ਨਾਲ ਪ੍ਰਭਾਵਿਤ ਹੁੰਦੇ ਹਨ।

ਸਾਡੇ ਦੇਸ਼ ਵਿਚ ਸਾਂਝੀ-ਟੱਬਰਦਾਰੀ ਕਾਰਨ ਨਾ ਤਲਾਕ ਦੀ ਸਮੱਸਿਆ ਪੈਦਾ ਹੋਈ, ਨਾ ਵਿਧਵਾ-ਵਿਆਹ ਦੀ ਅਤੇ ਨਾ ਹੀ ਯਤੀਮਖਾਨਿਆਂ ਦੀ ਲੋੜ ਪਈ ਹੈ।

ਇਕੱਲਤਾ ਅਤੇ ਇਕਲਾਪੇ ਦਾ ਅਹਿਸਾਸ ਵੀ ਸਾਡੇ ਸਮਾਜ ਦਾ ਅਨੁਭਵ ਨਹੀਂ ਹੈ।

ਸਾਡਾ ਜੀਵਨ ਧਰਮ-ਆਧਾਰਿਤ ਹੋਣ ਕਾਰਨ ਇਹ ਉੱਚੇ-ਸੁੱਚੇ ਜੀਵਨ-ਮੁੱਲਾਂ ਨੂੰ ਪ੍ਰਚਾਰਦਾ ਰਿਹਾ ਹੈ। ਜੇ ਵਿਸ਼ਾਲ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਸਮਾਜ ਪਰੰਪਰਾਗਤ ਲੀਹਾਂ 'ਤੇ ਚਲਦੇ ਹੀ ਤਾਂ ਹਨ, ਕਿਉਂਕਿ ਉਨ੍ਹਾਂ ਦੀਆਂ ਨੀਹਾਂ ਵਿਚ ਹੰਢਣਸਾਰ ਧਾਰਮਿਕ ਅਤੇ ਸਮਾਜਿਕ ਸੰਕਲਪ ਉਸਰੇ ਹੁੰਦੇ ਹਨ।

ਅਜਿਹੇ ਸਭਿਆਚਾਰ ਆਪਣਾ ਜੀਵਨ-ਅਨੁਭਵ ਵਾਰਤਕ ਦੇ ਮੁਕਾਬਲੇ ਕਵਿਤਾ ਵਿਚ ਵਧੇਰੇ ਸੌਖ ਨਾਲ ਪ੍ਰਗਟਾਉਂਦੇ ਹਨ।

ਅਜਿਹੇ ਸਮਾਜ ਦੀ ਕਵਿਤਾ ਪ੍ਰਸ਼ਨ ਨਹੀਂ ਉਪਜਾਉਂਦੀ, ਮਨੁੱਖੀ ਮਨ ਵਿਚ ਉਪਜੇ ਪ੍ਰਸ਼ਨਾਂ ਨੂੰ ਸ਼ਾਂਤ ਕਰਦੀ ਹੈ। ਅਜਿਹੇ ਸਮਾਜਾਂ ਵਿਚ ਕਵੀ, ਪੈਗੰਬਰ ਦਾ ਦਰਜਾ ਰਖਦੇ ਹਨ ਜਾਂ ਪੈਗੰਬਰ ਹੀ ਕਵਿਤਾ ਲਿਖਦੇ ਹਨ।

ਪਰੰਪਰਾਗਤ ਸਮਾਜ ਦਾ ਹਰ ਪ੍ਰਬੰਧ ਅਤੇ ਹਰ ਸੰਗਠਨ ਸਮੁੱਚੇ ਸਮਾਜ ਦੇ ਮੀਰੀ ਪੱਖਾਂ ਨੂੰ ਪੇਸ਼ ਕਰਦਾ ਹੈ।

ਨਿਰਸੰਦੇਹ ਤਬਦੀਲੀ ਹਰ ਸਮਾਜ ਵਿਚ ਵਾਪਰਦੀ ਹੈ ਪਰ ਸਮਾਜ ਦਾ ਹਰ ਅੰਗ ਇਕੋ ਰਫਤਾਰ 'ਤੇ ਤਬਦੀਲ ਨਹੀਂ ਹੁੰਦਾ। ਉਦਾਹਰਣ ਵਜੋਂ ਆਰਥਿਕ ਤਬਦੀਲੀ ਅਤੇ ਸਭਿਆਚਾਰਕ ਤਬਦੀਲੀ ਦੀ ਰਫਤਾਰ ਵੱਖਰੀ-ਵੱਖਰੀ ਹੁੰਦੀ ਹੈ।

ਜਿਹੜੀ ਤਬਦੀਲੀ ਕਿਸੇ ਸਮਾਜ ਦੇ ਸੁਭਾਅ ਅਨੁਸਾਰ ਹੋਵੇ, ਉਹ ਵਿਕਾਸ ਅਖਵਾਉਂਦੀ ਹੈ ਅਤੇ ਜਿਸ ਤਬਦੀਲੀ ਨੂੰ ਅਪਨਾਉਣ ਲਈ ਸਮਾਜ ਮਜਬੂਰ ਹੋਵੇ ਉਹ ਤਬਦੀਲੀ ਸਮਾਜ ਦਾ ਮੂੰਹ-ਮੱਥਾ ਵਿਗਾੜਨ ਅਤੇ ਮਾਨਸਿਕ ਸੰਕਟ ਉਸਾਰਨ ਦਾ ਕਾਰਨ ਬਣਦੀ ਹੈ। ਹਿੰਸਾ, ਵਿਗੜੇ ਹੋਏ ਮੂੰਹ-ਮੱਥੇ ਵਾਲੇ ਸਮਾਜ ਦੀ ਪ੍ਰਮੁੱਖ ਪਛਾਣ-ਚਿੰਨ੍ਹ ਹੁੰਦੀ ਹੈ।

ਪਰੰਪਰਾਗਤ ਸਮਾਜ ਵਿਚ ਰਹਿਣ ਵਾਲੇ ਵਿਅਕਤੀ ਕਿਸੇ ਵੀ ਪਰਿਵਰਤਨ ਵਲ ਨਿਰਪੱਖ ਦ੍ਰਿਸ਼ਟੀਕੋਣ ਨਹੀਂ ਅਪਨਾ ਸਕਦੇ।

ਅਸੀਂ ਸਾਰੇ ਆਪਣੀ ਆਪਣੀ ਮਾਨਸਿਕ ਪੱਧਰ ਅਤੇ ਆਰਥਿਕ ਸਥਿਤੀ ਅਨੁਸਾਰ ਤਬਦੀਲੀ ਪ੍ਰਤੀ ਪੈਂਤੜਾ ਨਿਰਧਾਰਤ ਕਰਦੇ ਹਾਂ।

ਨਿਰਸੰਦੇਹ ਤਕਨਾਲੋਜੀ ਸਮਾਜਿਕ ਪਰਿਵਰਤਨ ਦਾ ਸਭ ਤੋਂ ਵੱਡਾ ਵਸੀਲਾ ਹੈ।

ਮਨੁੱਖ ਆਪਣੀ ਸੋਚ ਅਤੇ ਵਿਹਾਰ ਰਾਹੀਂ ਪ੍ਰਕ੍ਰਿਤੀ ਦੀ ਵਿਆਖਿਆ ਕਰਦਾ ਹੈ ਅਤੇ ਉਸ ਵਿਚ ਆਪਣਾ ਸਥਾਨ ਨਿਸ਼ਚਿਤ ਕਰਦਾ ਹੈ।

ਜਦੋਂ ਕੋਈ ਧਰਮ-ਆਧਾਰਿਤ, ਰੱਬ-ਕੇਂਦਰਿਤ, ਖੇਤੀਬਾੜੀ-ਆਸਰਿਤ, ਵਿਸ਼ਵਾਸ-ਮੁਖ, ਪਰੰਪਰਾਵਾਦੀ ਸਮਾਜ, ਕਿਸੇ ਵਿਗਿਆਨ-ਆਧਾਰਿਤ, ਵਿਅਕਤੀ-ਕੇਂਦਰਿਤ, ਉਦਯੋਗ-ਆਸਰਿਤ, ਕਿੰਤੂ-ਮੁੱਖ, ਗਤੀਸ਼ੀਲ ਸੋਚ ਵਲ ਧਕੇਲਿਆ ਜਾਂਦਾ ਹੈ ਤਾਂ ਉਸ ਸਮਾਜ ਦੀਆਂ ਪਰੰਪਰਾਗਤ ਕਦਰਾਂ-ਕੀਮਤਾਂ ਖੁਰ ਜਾਂਦੀਆਂ ਹਨ ਅਤੇ ਮਨੁੱਖ ਦੀ ਨਿਵੇਕਲੀ ਪਛਾਣ ਗੁਆਚ ਜਾਂਦੀ ਹੈ।

ਅਜਿਹੇ ਸਮਾਜ ਵਿਚ ਮਸ਼ੀਨ ਅਤੇ ਕੰਪਿਊਟਰ ਮਨੁੱਖ ਦੇ ਸਹਾਇਕ ਹੋਣ ਦੀ ਥਾਂ ਮਨੁੱਖ ਨੂੰ ਆਪਣੇ ਅਧੀਨ ਕਰ ਲੈਂਦੇ ਹਨ ਅਤੇ ਮਨੁੱਖ ਦੀ ਆਪਣੀ ਪਛਾਣ ਹੀ ਨਹੀਂ ਗੁਆਚਦੀ, ਉਸ ਦਾ ਮਹੱਤਵ ਵੀ ਘਟਦਾ ਹੈ।

ਜਿਉਂ-ਜਿਉਂ ਮਸ਼ੀਨ ਦਾ ਆਕਾਰ ਅਤੇ ਉਸ ਦੀ ਸ਼ਕਤੀ ਵੱਧ ਰਹੀ ਹੈ, ਮਨੁੱਖ ਦੀ ਆਪਣੀ ਪਛਾਣ ਦੇ ਨਵੇਂ ਸੰਕਟ ਉਤਪੰਨ ਹੋ ਰਹੇ ਹਨ।

ਅਜਿਹੇ ਕਾਰਨਾਂ ਕਰ ਕੇ ਹੀ ਅਜੋਕਾ ਮਨੁੱਖ ਸਰੀਰਕ ਅਤੇ ਬੌਧਿਕ ਦੋਹਾਂ ਪੱਖਾਂ ਤੋਂ ਰੋਗੀ ਅਤੇ ਉਚਾਟ ਹੋ ਜਾਂਦਾ ਹੈ।

ਹਰ ਖੇਤਰ ਵਿਚ ਮਨੁੱਖ ਦਾ ਮਹੱਤਵ ਘੱਟ ਰਿਹਾ ਹੈ, ਕਿਉਂਕਿ ਉਹ ਹੁਣ ਸੌਖਿਆਂ ਹੀ ਕਿਸੇ ਹੋਰ ਵਿਅਕਤੀ ਨਾਲ ਬਦਲਿਆ ਜਾ ਸਕਦਾ ਹੈ।

ਅਜਿਹੀ ਸਥਿਤੀ ਵਿਚ ਮਨੁੱਖ ਦੀ ਆਪਣੀ ਪਛਾਣ ਦਾ ਹੀ ਨਹੀਂ, ਸਮਾਜ ਨਾਲ ਉਸਦੇ ਸਬੰਧਾਂ ਦਾ ਵੀ ਸੰਕਟ ਉਪਜਿਆ ਹੈ। ਇਹੀ ਕਾਰਨ ਹੈ ਕਿ ਸਾਡੀਆਂ ਜੇਲ੍ਹਾਂ, ਹਸਪਤਾਲ, ਪਾਗਲਖਾਨੇ ਆਦਿ ਵੱਧ ਰਹੇ ਹਨ ਅਤੇ ਇਨ੍ਹਾਂ ਵਿਚ ਰਹਿਣ ਵਾਲਿਆਂ ਦੀ ਗਿਣਤੀ ਵੀ ਵੱਧ ਰਹੀ ਹੈ।

ਪਹਿਲਾਂ ਕਿਸੇ ਵਸਤ ਦਾ ਮੁੱਲ ਉਸ ਦੇ ਉਪਯੋਗੀ ਹੋਣ 'ਤੇ ਨਿਰਭਰ ਕਰਦਾ ਸੀ, ਫਿਰ ਵਟਾਂਦਰਾ ਕਿਸੇ ਵਸਤ ਦੇ ਮੁੱਲ ਦਾ ਆਧਾਰ ਬਣਿਆ, ਹੁਣ ਤਾਂ ਵਸਤਾਂ, ਯੰਤਰ ਅਤੇ ਮਸ਼ੀਨਾਂ ਸਾਡੇ ਅੰਦਰ ਆ ਵਸੀਆਂ ਹਨ ਅਤੇ ਮਨੁੱਖ ਹਰ ਖੇਤਰ ਵਿਚ ਅਚੇਤ ਹੀ ਮਸ਼ੀਨ ਜਾਂ ਯੰਤਰ ਵਾਂਗ ਵਿਚਰਨ ਲਗ ਪਿਆ ਹੈ।

ਅਜੋਕਾ ਮਨੁੱਖ ਸਮਾਜ ਵਿਚ ਪਛਾਣਯੋਗ ਵਿਅਕਤੀ ਦੀ ਥਾਂ ਭੀੜ ਵਿਚ ਆਪਣੇ ਆਪ ਨੂੰ ਲੱਭ ਰਿਹਾ ਗੁਮਨਾਮ ਵਿਅਕਤੀ ਹੋ ਨਿਬੜਿਆ ਹੈ। ਉਸ ਨੇ ਅਨੁਭਵ ਕਰਨਾ ਬੰਦ ਕਰ ਦਿੱਤਾ ਹੈ, ਸੋ ਜਿਨ੍ਹਾਂ ਵਰਤਾਰਿਆਂ ਨੂੰ ਕੁਝ ਦਹਾਕੇ ਪਹਿਲਾਂ ਅਸੀਂ ਪਾਪ ਕਹਿੰਦੇ ਸਾਂ, ਉਹ ਹੁਣ ਸਨਮਾਨਯੋਗ ਧੰਦੇ ਬਣ ਗਏ ਹਨ।

ਉਂਜ ਤਾਂ ਹਰ ਸਮਾਜ ਸਰਲ ਤੋਂ ਜਟਿਲ ਸਮਾਜ ਵਿਚ ਪਰਿਵਰਤਿਤ ਹੋ ਰਿਹਾ ਹੈ ਪਰ ਜੇ ਇਹ ਪ੍ਰਕਿਰਿਆ ਸਹਿਜ ਰੂਪ ਵਿਚ ਵਾਪਰੇ ਤਾਂ ਇਸ ਦਾ ਪ੍ਰਗਟਾਵਾ ਕਵਿਤਾ ਅਤੇ

ਸਾਹਿਤ ਦੇ ਹੋਰ ਰੂਪਾਂ ਵਿਚ ਸਹਿਜੇ ਹੀ ਹੋ ਜਾਂਦਾ ਹੈ, ਨਹੀਂ ਤਾਂ ਸਮਾਜ ਅਤੇ ਸਾਹਿਤ ਵਿਚਕਾਰ ਵੀ ਇਕ ਵਿੱਥ ਉਤਪੰਨ ਹੋ ਜਾਂਦੀ ਹੈ।

ਅਸੀਂ ਭਾਰਤੀ ਅਤੇ ਵਿਸ਼ੇਸ਼ ਕਰਕੇ ਪੰਜਾਬੀ, ਸਰਲ ਸੁਭਾਅ ਵਾਲੇ ਲੋਕ ਹਾਂ, ਅਸੀਂ ਸਰਲ ਸਾਹਿਤ ਨੂੰ ਹੀ ਮਾਣਦੇ ਹਾਂ। ਅਸੀਂ ਵਿਚਾਰਾਂ ਅਤੇ ਵਿਚਾਰਧਾਰਾਵਾਂ ਦੀ ਵਿਭਿੰਨਤਾ ਦੀ ਥਾਂ ਕੁਝ ਗਿਣੇ-ਚੁਣੇ ਵਿਚਾਰਾਂ, ਵਿਸ਼ਵਾਸਾਂ, ਸੰਕਲਪਾਂ, ਬਿੰਬਾਂ ਅਤੇ ਪ੍ਰਤੀਕਾਂ ਨਾਲ ਗੁਜ਼ਾਰਾ ਕਰਨ ਦੇ ਆਦੀ ਹਾਂ।

ਅਸੀਂ ਅਕਸਰ ਤਰਕ ਦੇ ਆਧਾਰ 'ਤੇ ਨਹੀਂ, ਵਿਸ਼ਵਾਸ ਅਤੇ ਭਾਵਨਾਵਾਂ ਦੇ ਆਧਾਰ 'ਤੇ ਨਿਰਣੇ ਕਰਦੇ ਹਾਂ ਪਰ ਅਜੋਕੇ ਯੁੱਗ ਵਿਚ ਤਾਂ ਅਨੇਕਾਂ ਦ੍ਰਿਸ਼ਟੀਕੋਣ, ਸਿਧਾਂਤ ਅਤੇ ਫਲਸਫੇ ਆਪਸ ਵਿਚ ਟਕਰਾ ਰਹੇ ਹਨ। ਇਸੇ ਕਾਰਨ ਮਨੁੱਖਾਂ, ਸਮਾਜਾਂ, ਧਰਮਾਂ, ਸਭਿਆਚਾਰਾਂ, ਪਾਰਟੀਆਂ, ਜਥੇਬੰਦੀਆਂ ਆਦਿ ਦੇ ਆਪਸੀ ਸਬੰਧ ਵੀ ਟਕਰਾਓ ਵਾਲੇ ਅਤੇ ਅਸਥਾਈ ਹੋ ਨਿੱਬੜੇ ਹਨ।

ਹਰ ਵਰਤਾਰੇ ਜਾਂ ਸਮੱਸਿਆ ਪ੍ਰਤੀ ਹਰ ਇਕ ਵਿਅਕਤੀ ਦਾ ਤਰਕ ਵੱਖਰਾ ਹੈ, ਸੋ ਉਸ ਦਾ ਵਿਹਾਰ ਸਾਨੂੰ ਮਨਮਾਨੀ ਵਾਲਾ ਪ੍ਰਤੀਤ ਹੋਣ ਲਗ ਪਿਆ ਹੈ।

ਅਜਿਹੀ ਸਥਿਤੀ ਵਿਚ ਸਮਾਜਿਕ ਕਦਰਾਂ-ਕੀਮਤਾਂ ਸਥਿਰ ਨਹੀਂ ਹੋ ਸਕਦੀਆਂ, ਕਿਉਂਕਿ ਅਜਿਹੀ ਹਾਲਤ ਵਿਚ ਕੁਝ ਵੀ ਸਥਿਰ ਅਤੇ ਪੱਕਾ ਨਹੀਂ ਹੋ ਸਕਦਾ।

ਵਸਤਾਂ ਦੀ ਅਥਾਹ ਵਿਭਿੰਨਤਾ ਵਾਂਗ ਅੱਜ ਜੀਵਨ ਦੇ ਹਰ ਖੇਤਰ ਵਿਚ ਵੰਨ-ਸੁਵੰਨਤਾ ਦਾ ਬੋਲ-ਬਾਲਾ ਹੈ। ਹੁਣ ਭਾਂਤ-ਭਾਂਤ ਦੇ ਵਿਅਕਤੀ ਤਾਂ ਹੋ ਸਕਦੇ ਹਨ ਪਰ ਜਿਨ੍ਹਾਂ ਨੂੰ ਅਸੀਂ ਮਹਾਨ ਵਿਅਕਤੀ ਕਹਿੰਦੇ ਹਾਂ, ਉਨ੍ਹਾਂ ਦੇ ਪ੍ਰਗਟ ਹੋਣ ਦੀ ਉੱਕਾ ਹੀ ਕੋਈ ਸੰਭਾਵਨਾ ਨਹੀਂ ਰਹੀ। ਸਾਡੇ ਪੁਰਾਣੇ ਨਾਇਕ ਬਦਲਦੀਆਂ ਪਰਿਸਥਿਤੀਆਂ ਵਿਚ ਸਾਨੂੰ ਹੁਣ ਕੋਈ ਪ੍ਰੇਰਨਾ ਨਹੀਂ ਦਿੰਦੇ ਅਤੇ ਨਵੇਂ ਨਾਇਕ ਪੈਦਾ ਨਹੀਂ ਹੋ ਸਕਦੇ।

ਸੋ ਅਸੀਂ ਦਿਸ਼ਾਹੀਣ, ਉਦੇਸ਼ਹੀਣ, ਮਨੋਰਥਹੀਣ, ਅਰਥਹੀਣ, ਅਵਸਥਾ ਵਿਚ ਵਿਚਰਨ-ਭਟਕਣ ਲਈ ਮਜਬੂਰ ਹਾਂ।

ਅਜਿਹੀ ਅਵਸਥਾ ਵਿਚ ਦੂਜਿਆਂ ਦਾ ਧਿਆਨ ਖਿੱਚਣ ਲਈ, ਵੱਡੀ ਤੋਂ ਵੱਡੀ ਸਨਸਨੀ ਉਪਜਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਅਸੀਂ ਵਿਸ਼ੇਸ਼ੱਗ ਤਾਂ ਬਣਦੇ ਜਾ ਰਹੇ ਹਾਂ ਪਰ ਸਾਡਾ ਸੰਸਾਰ ਦੇ ਦੂਜੇ ਲੋਕਾਂ ਨਾਲ ਰਿਸ਼ਤਾ ਸਾਵਾਂ-ਸੁਖਾਵਾਂ ਨਹੀਂ ਰਿਹਾ ਅਤੇ ਫਲਸਰੂਪ ਅਸੀਂ ਮਾਨਸਿਕ ਪੱਖੋਂ ਤਣੇ ਹੋਏ, ਇਕਲਾਪੇ ਦਾ ਸ਼ਿਕਾਰ ਅਤੇ ਅਸ਼ਾਂਤ ਚਿੱਤ ਵਾਲੇ ਵਿਅਕਤੀ ਹੋ ਨਿਬੜੇ ਹਾਂ।

ਆਸ ਤਾਂ ਕੀਤੀ ਜਾਂਦੀ ਸੀ ਕਿ ਪਰਿਵਰਤਨ ਨਾਲ ਜੀਵਨ ਇਕਸੁਰਤਾ ਵਾਲਾ ਬਣ ਜਾਵੇਗਾ ਅਤੇ ਮਨੁੱਖ ਨੂੰ ਆਪਣਾ ਆਪਾ ਵਿਕਸਤ ਕਰਨ ਲਈ ਵਧੇਰੇ ਸਮਾਂ ਅਤੇ ਸਾਧਨ ਮਿਲਣਗੇ ਅਤੇ ਮਨੁੱਖ ਦੀ ਪ੍ਰਸੰਨਤਾ ਅਤੇ ਤਸੱਲੀ ਦੇ ਨਵੇਂ ਸੋਮੇ ਉਪਜਣਗੇ ਪਰ ਆਸਾਂ ਦੇ

ਉਲਟ ਮਨੁੱਖ ਦੀਆਂ ਪਸ਼ੂ-ਬਿਰਤੀਆਂ ਅਤੇ ਤਾਮਸਿਕ ਸ਼ਕਤੀਆਂ ਹੀ ਬਲਵਾਨ ਹੋਈਆਂ ਹਨ ਅਤੇ ਅਜਿਹੀਆਂ ਸ਼ਕਤੀਆਂ ਨੇ ਅਜੋਕੇ ਮਨੁੱਖ ਦੇ ਸੰਕਟਾਂ ਨੂੰ ਡੂੰਘਾ ਅਤੇ ਗੂੜ੍ਹਾ ਕਰਨ ਦਾ ਹੀ ਕਾਰਜ ਕੀਤਾ ਹੈ।

ਅਸੀਂ ਗਲਤੀ ਇਹ ਕੀਤੀ ਹੈ ਕਿ ਅਸੀਂ ਆਪਣੀ ਪਰੰਪਰਾ ਨੂੰ ਪਰਿਵਰਤਨ ਦੀ ਆਪਣੀ ਨਿਵੇਕਲੀ ਨੁਹਾਰ ਪ੍ਰਦਾਨ ਕਰਨ ਦੀ ਥਾਂ, ਇਸ ਨੂੰ ਪੱਛਮੀ ਆਧੁਨਿਕਤਾ ਦਾ ਪਿੱਛਲਗ ਬਣਾ ਦਿੱਤਾ ਹੈ ਅਤੇ ਨਤੀਜਾ ਇਹ ਹੋਇਆ ਹੈ ਕਿ ਅਸੀਂ ਤੀਜੀ ਦੁਨੀਆਂ ਦੇ ਇਕ ਪਰੰਪਰਾਵਾਦੀ ਗਰੀਬ ਦੇਸ਼ ਦੇ ਲੋਕ, ਤਕਨਾਲੋਜੀ ਦੇ ਖੇਤਰ ਵਿਚ ਵਿਕਸਿਤ ਪੱਛਮ ਦੇ ਪਿੱਛੇ ਲੱਗ ਕੇ ਕੰਡਿਆਂ ਉਤੇ ਘਸੀਟੇ ਜਾ ਰਹੇ ਹਾਂ।

ਸਾਡਾ ਦੁਖਾਂਤ ਇਹ ਹੈ ਕਿ ਅਸੀਂ ਵਾਪਸ ਵੀ ਨਹੀਂ ਮੁੜ ਸਕਦੇ, ਕਿਉਂਕਿ ਅਸੀਂ ਗੁਲਾਮੀ ਦੀ ਕੈਦ ਵਾਲੀ ਜੇਲ੍ਹ ਨੂੰ ਆਪਣੀ ਮੰਜ਼ਲ ਬਣਾ ਲਿਆ ਹੈ।

ਜੇਲ੍ਹ ਕਿਤਨੀ ਵੀ ਸੁੰਦਰ ਹੋਵੇ, ਜੇਲ੍ਹ ਹੀ ਰਹਿੰਦੀ ਹੈ।

ਉਧਾਰਾ ਪਰਿਵਰਤਨ ਕਿਤਨਾ ਵੀ ਸੋਹਣਾ ਹੋਵੇ, ਦੁੱਖਦਾਈ ਹੀ ਹੁੰਦਾ ਹੈ।

***

ਥੁੜਾਂ ਦੇ ਪ੍ਰਸੰਗ ਵਿਚ

ਅਸੀਂ ਆਪਣੇ ਆਪ ਨੂੰ ਦੂਜਿਆਂ ਵਲੋਂ ਆਪਣੀਆਂ ਪ੍ਰਾਪਤੀਆਂ ਦੇ ਆਧਾਰ 'ਤੇ ਪਰਖੇ ਜਾਣਾ ਚਾਹੁੰਦੇ ਹਾਂ ਪਰ ਦੂਜੇ ਸਾਨੂੰ ਸਾਡੀਆਂ ਘਾਟਾਂ, ਅਸਫਲਤਾਵਾਂ ਅਤੇ ਵਿਸ਼ੇਸ਼ ਕਰਕੇ ਥੁੜਾਂ ਦੇ ਆਧਾਰ 'ਤੇ ਨਾਪਦੇ-ਤੋਲਦੇ ਹਨ।

ਸਾਡੀਆਂ ਥੁੜਾਂ ਹੀ ਸਾਡੀ ਸੋਚ ਅਤੇ ਸਾਡਾ ਵਿਹਾਰ ਨਿਰਧਾਰਤ ਕਰਦੀਆਂ ਹਨ।

ਅਸੀਂ ਉਨ੍ਹਾਂ ਚੀਜ਼ਾਂ ਬਾਰੇ ਹੀ ਸੋਚਦੇ ਹਾਂ ਜਿਨ੍ਹਾਂ ਦੀ ਥੁੜ ਹੁੰਦੀ ਹੈ।

ਪਿਆਰ ਦੀਆਂ ਗੱਲਾਂ ਕਰ ਕੇ ਅਸੀਂ ਪਿਆਰ ਦੇ ਅਨੰਤ ਹੋਣ ਦਾ ਭੁਲੇਖਾ ਸਿਰਜਦੇ ਹਾਂ ਪਰ ਜਦੋਂ ਪਿਆਰ ਪ੍ਰਗਟਾਇਆ ਜਾਂਦਾ ਹੈ ਤਾਂ ਇਸ ਦੀ ਥੁੜ ਦਾ ਅਹਿਸਾਸ ਹੁੰਦਾ ਹੈ।

ਕਿਸੇ ਸਮਾਜ ਦੀ ਆਜ਼ਾਦੀ ਅਤੇ ਸ਼ਕਤੀ, ਉਸ ਦੀਆਂ ਪ੍ਰਾਪਤੀਆਂ ਅਤੇ ਥੁੜਾਂ ਦੇ ਅਨੁਪਾਤ ਵਿਚ ਘੱਟ-ਵੱਧ ਹੁੰਦੀ ਹੈ।

ਜੇਕਰ ਅਸੀਂ ਨਿਰੋਲ ਤਰਕ ਦੇ ਆਧਾਰ 'ਤੇ ਗੱਲ ਕਰੀਏ ਤਾਂ ਮਨੁੱਖ ਦਾ ਭਵਿੱਖ ਬੜਾ ਧੁੰਦਲਾ ਹੈ ਪਰ ਅਸੀਂ ਜੀਵਨ ਵਿਚ ਕੇਵਲ ਤਰਕ ਦਾ ਹੀ ਪੱਖ ਨਹੀਂ ਪੂਰਦੇ, ਕਿਉਂਕਿ ਤਰਕ ਸਾਨੂੰ ਥੋੜ੍ਹਾ ਪ੍ਰਤੀਤ ਹੁੰਦਾ ਹੈ, ਸੋ ਅਸੀਂ ਕਲਪਨਾ ਅਤੇ ਅੰਧ-ਵਿਸ਼ਵਾਸ ਦਾ ਪੱਲਾ ਫੜਦੇ ਹਾਂ। ਇਸੇ ਕਰ ਕੇ ਸੱਚਾਈ ਜਾਣਦੇ ਹੋਏ ਵੀ ਕਹਿੰਦੇ ਹਾਂ ਕਿ ਮਨੁੱਖ ਦਾ ਭਵਿੱਖ ਸੁਨਹਿਰਾ ਹੈ।

ਅਸੀਂ ਜਾਣਦੇ ਹਾਂ ਕਿ ਸਾਡਾ ਅੱਜ ਚੰਗਾ ਨਹੀਂ ਲੰਘਿਆ ਪਰ ਫਿਰ ਵੀ ਆਸ ਕਰਦੇ ਹਾਂ ਕਿ ਕੱਲ੍ਹ ਚੰਗਾ ਹੋਵੇਗਾ।

ਜੂਏਬਾਜ਼ ਵਾਂਗ ਮਨੁੱਖ ਸਦਾ ਆਸਵੰਦ ਰਹਿੰਦਾ ਹੈ।

ਮਨੁੱਖ ਕੋਲ ਅਜੇ ਇਤਨਾ ਆਤਮ-ਵਿਸ਼ਵਾਸ ਅਤੇ ਗਿਆਨ ਨਹੀਂ ਹੋਇਆ ਕਿ ਉਸ ਦਾ ਚੁੱਪ ਰਹਿ ਕੇ ਗੁਜ਼ਾਰਾ ਹੋ ਜਾਵੇ।

ਗਿਆਨ ਦੀ ਥੁੜ ਤਾਂ ਹੈ ਹੀ, ਸਾਡਾ ਵਿਸ਼ਵਾਸ ਵੀ ਥੋੜ੍ਹਾ ਹੈ।

ਅਸੀਂ ਮਹਾਨ ਵਿਅਕਤੀਆਂ ਦੇ ਕਾਰਨਾਮਿਆਂ ਦੀਆਂ ਗੱਲਾਂ ਕਰਦੇ ਹਾਂ ਪਰ ਭੁੱਲ ਜਾਂਦੇ ਹਾਂ ਕਿ ਹਰ ਕੋਈ ਕਿਸੇ ਦੂਜੇ ਲਈ ਮਹਾਨ ਹੁੰਦਾ ਹੈ।

ਰੱਬ, ਗਰੀਬ ਲੋਕਾਂ ਨੂੰ ਪਿਆਰ ਕਰਦਾ ਹੈ ਸ਼ਾਇਦ ਤਾਂ ਹੀ ਉਸ ਨੇ ਇਨ੍ਹਾਂ ਨੂੰ ਇਤਨੀ ਵੱਡੀ ਗਿਣਤੀ ਵਿਚ ਪੈਦਾ ਕੀਤਾ ਹੈ। ਨਹੀਂ ਤਾਂ ਉਸ ਕੋਲ ਕਿਹੜੀ ਥੁੜ ਸੀ ?

ਥੁੜ੍ਹਾਂ ਚਿੰਤਾ ਲਾਉਂਦੀਆਂ ਹਨ ਪਰ ਥੁੜ੍ਹਾਂ ਦੀ ਪੂਰਤੀ ਵੀ ਚਿੰਤਾ ਲਾਉਂਦੀ ਹੈ।

ਜਦੋਂ ਇਕ ਪ੍ਰਕਾਰ ਦੀਆਂ ਥੁੜ੍ਹਾਂ ਦੂਰ ਹੋ ਜਾਣ ਤਾਂ ਕਿਸੇ ਹੋਰ ਪ੍ਰਕਾਰ ਦੀਆਂ ਥੁੜ੍ਹਾਂ ਸਿਰ ਚੁੱਕ ਲੈਂਦੀਆਂ ਹਨ।

ਖ਼ੁਸ਼ੀ ਦਾ ਮੌਕਾ ਨਹੀਂ ਹੁੰਦਾ, ਇਹ ਤਾਂ ਇਕ ਆਦਤ ਹੁੰਦੀ ਹੈ। ਜੇ ਸੁੱਖ ਸਰੀਰਕ ਆਰਾਮ ਵਿਚ ਹੁੰਦਾ ਤਾਂ ਸਭ ਤੋਂ ਵੱਧ ਸੁਖੀ ਗਊਆਂ-ਮੱਝਾਂ ਗਿਣੀਆਂ ਜਾਂਦੀਆਂ।

ਸਾਰੀ ਦੁਨੀਆਂ ਨੂੰ ਆਪਣਾ ਘਰ ਸਮਝਣ ਵਿਚ ਕੋਈ ਰੁਕਾਵਟ ਨਹੀਂ ਹੈ ਪਰ ਫਿਰ ਅਸੀਂ ਜੰਗਾਂ ਕਿਵੇਂ ਲੜਦੇ ? ਦੂਜਿਆਂ ਨੂੰ ਨਫ਼ਰਤ ਕਿਵੇਂ ਕਰਦੇ ? ਦੁਸ਼ਮਣ ਨੂੰ ਪਿਆਰ ਕਰਨ ਵਿਚ ਵੀ ਕੋਈ ਨੁਕਸਾਨ ਨਹੀਂ ਪਰ ਸਾਡੇ ਕੋਲ ਤਾਂ ਆਪਣੇ ਮਿੱਤਰਾਂ ਨੂੰ ਵੀ ਕਰਨ ਜੋਗਾ ਪਿਆਰ ਨਹੀਂ ਹੈ।

ਜਿਵੇਂ ਵਿਹਲੀ ਮਾਂ ਦਾ ਕੋਈ ਸੰਕਲਪ ਨਹੀਂ, ਉਵੇਂ ਹੀ ਸਾਡੇ ਕੋਲ ਥੁੜ੍ਹਾਂ ਤੋਂ ਮੁਕਤ, ਸੰਤੁਸ਼ਟ ਜੀਵਨ ਦਾ ਵੀ ਕੋਈ ਸੰਕਲਪ ਨਹੀਂ।

ਹਰ ਨਵੀਂ ਪੀੜ੍ਹੀ ਆਪਣੇ ਮਾਪਿਆਂ ਨੂੰ ਅੱਧੇ-ਅਧੂਰੇ ਸਮਝਦੀ ਹੈ ਪਰ ਪੁਰਾਣੀ ਪੀੜ੍ਹੀ ਆਪਣੇ ਅਨੁਭਵ ਅਤੇ ਗਿਆਨ ਦੀ ਮਿਸ਼ਾਲ ਜਦੋਂ ਅਗਲੀ ਪੀੜ੍ਹੀ ਨੂੰ ਸੌਂਪਦੀ ਹੈ ਤਾਂ ਨਾਲ ਹੀ ਥੁੜ੍ਹਾਂ ਦੀ ਸੂਚੀ ਵੀ ਦਿੰਦੀ ਹੈ, ਤਾਂ ਕਿ ਅਗਲੀ ਪੀੜ੍ਹੀ ਯਤਨਸ਼ੀਲ ਰਹੇ।

ਹਰ ਕੋਈ ਵੱਡੀਆਂ ਪ੍ਰਾਪਤੀਆਂ ਕਰਨ ਵਿਚ ਰੁੱਝਿਆ ਹੋਇਆ ਹੈ ਪਰ ਸਾਧਾਰਨ ਸੂਝ ਦੀ ਥੁੜ੍ਹ ਕਾਰਨ ਅਸੀਂ ਨਹੀਂ ਜਾਣਦੇ ਕਿ ਖ਼ੁਸ਼ੀ ਨਿੱਕੀਆਂ ਪ੍ਰਾਪਤੀਆਂ ਵਿਚੋਂ ਹੀ ਮਿਲਦੀ ਹੈ।

ਸਾਡੀਆਂ ਯਾਦਾਂ ਥੁੜ੍ਹਾਂ ਦੇ ਦਿਨਾਂ ਨਾਲ ਸਬੰਧਿਤ ਹੁੰਦੀਆਂ ਹਨ, ਜਦੋਂ ਕਿ ਸਾਡੇ ਸੁਪਨੇ ਬਹੁਲਤਾ ਵਾਲੇ ਭਵਿੱਖ ਨਾਲ ਜੁੜੇ ਹੁੰਦੇ ਹਨ।

ਸਾਡੇ ਵਿਚ ਦੂਜਿਆਂ ਨੂੰ ਮੁਆਫ਼ ਕਰਨ ਦੀ ਵੀ ਥੁੜ੍ਹ ਹੈ, ਕਿਉਂਕਿ ਅਸੀਂ ਜਾਣਦੇ ਹਾਂ ਕਿ ਜੇ ਮੁਆਫ਼ ਕਰ ਦਿੱਤਾ ਤਾਂ ਉਨ੍ਹਾਂ ਦੀ ਬੇਇਜ਼ਤੀ ਕਿਵੇਂ ਕਰਾਂਗੇ ? ਅਸੀਂ ਉਸੇ ਨੂੰ ਨਫ਼ਰਤ ਕਰਦੇ ਹਾਂ, ਜਿਸ ਨੂੰ ਅਸੀਂ ਮੁਆਫ਼ ਨਹੀਂ ਕਰਨਾ ਚਾਹੁੰਦੇ।

ਵੇਖਿਆ ਗਿਆ ਹੈ ਕਿ ਸਫਲਤਾ ਦੀ ਥੁੜ੍ਹ ਉਨ੍ਹਾਂ ਨੂੰ ਹੀ ਹੁੰਦੀ ਹੈ, ਜਿਨ੍ਹਾਂ ਕੋਲ ਅਸਫਲ ਹੋਣ ਦਾ ਕੋਈ ਨਾ ਕੋਈ ਬਹਾਨਾ ਹੁੰਦਾ ਹੈ।

ਅਸੀਂ ਅਸਫਲਤਾਵਾਂ ਅਤੇ ਗਲਤੀਆਂ ਤੋਂ ਡਰਦੇ ਹਾਂ ਪਰ ਗਲਤੀਆਂ ਤਾਂ ਸਾਡੇ ਇਨਸਾਨ ਹੋਣ ਦਾ ਸਬੂਤ ਹੁੰਦੀਆਂ ਹਨ।

ਸਾਨੂੰ ਜਾਣਨਾ ਚਾਹੀਦਾ ਹੈ ਕਿ ਉਮਰ ਦਾ ਮਾਨਸਿਕ ਅਵਸਥਾ ਨਾਲ ਕੋਈ ਸਬੰਧ ਨਹੀਂ। ਜੇ ਕੋਈ ਵਿਅਕਤੀ ਦਿਲਚਸਪ ਹੈ ਤਾਂ ਹਰ ਉਮਰ ਵਿਚ ਦਿਲਚਸਪ ਰਹੇਗਾ, ਨਹੀਂ ਤਾਂ ਉਹ ਕਿਸੇ ਉਮਰ ਵਿਚ ਵੀ ਦਿਲਚਸਪ ਨਹੀਂ ਹੋਵੇਗਾ।

ਮੁਸਕਰਾਹਟ ਨਾਲ ਬਿਜਲੀ ਖਰਚ ਨਹੀਂ ਹੁੰਦੀ ਪਰ ਆਲੇ-ਦੁਆਲੇ ਵਿਚ ਪ੍ਰਸੰਨ-ਚਿਤ ਹੋ ਕੇ ਵਿਚਰਨ ਨਾਲ ਰੌਸ਼ਨੀ ਚੋਖੀ ਹੋ ਜਾਂਦੀ ਹੈ।

ਜੋ ਕੁਝ ਸਾਨੂੰ ਉਂਜ ਵੀ ਕਰਨਾ ਹੀ ਪੈਣਾ ਹੈ, ਜੇ ਉਸ ਨੂੰ ਪ੍ਰਸੰਨ-ਚਿਤ ਹੋ ਕੇ ਮੁਸਕਰਾਹਟ ਨਾਲ ਕਰੀਏ ਤਾਂ ਸਾਨੂੰ ਨਾ ਕਦੀ ਹਿੰਮਤ ਦੀ ਥੁੜ ਮਹਿਸੂਸ ਹੋਵੇਗੀ ਨਾ ਵਕਤ ਦੀ।

ਪਿਆਰ ਕਰਨਾ, ਵਿਹਾਰਕ ਪੱਖੋਂ ਮੂਰਖਤਾ ਅਤੇ ਝੱਲਪੁਣਾ ਹੈ ਪਰ ਹਰ ਕੋਈ ਇਸ ਨੂੰ ਬੜੀ ਗੰਭੀਰਤਾ ਨਾਲ ਲੈਂਦਾ ਹੈ। ਪਿਆਰ ਦੀ ਸਭ ਨੂੰ ਤਾਂਘ ਹੁੰਦੀ ਹੈ।

ਹਰ ਕੋਈ ਪਿਆਰ ਕਰਨਾ ਚਾਹੁੰਦਾ ਹੈ ਪਰ ਪਿਆਰ ਦੀ, ਪਿਆਰ ਕਰਨ ਦੇ ਅਵਸਰਾਂ ਦੀ ਥੁੜ ਹੈ। ਇਸ ਥੁੜ ਕਾਰਨ ਹੀ ਇਹ ਦਿਲਚਸਪ ਹੈ।

ਬਹੁਤ ਘੱਟ ਲੋਕ ਸੁੰਦਰ ਹਨ, ਇਸੇ ਕਰ ਕੇ ਸੁੰਦਰਤਾ ਸਾਨੂੰ ਮੋਹਿਤ ਕਰਦੀ ਹੈ।

ਬਹੁਤੇ ਬੇਈਮਾਨ ਹਨ, ਇਸੇ ਕਰ ਕੇ ਈਮਾਨਦਾਰੀ ਦਾ ਮਹੱਤਵ ਹੈ।

ਬਹੁਤੇ ਮੂਰਖ ਹਨ, ਇਸੇ ਕਰ ਕੇ ਗਿਆਨ ਦੀ ਮਹਿਮਾ ਹੈ।

ਬਹੁਗਿਣਤੀ ਸਾਧਾਰਣ ਲੋਕਾਂ ਦੀ ਹੁੰਦੀ ਹੈ, ਇਸੇ ਕਰ ਕੇ ਅਸਾਧਾਰਣ ਅਤੇ ਮਹਾਨ ਵਿਅਕਤੀ ਸਾਨੂੰ ਪ੍ਰਭਾਵਿਤ ਕਰਦੇ ਹਨ।

ਬਹੁਤੀਆਂ ਪੁਸਤਕਾਂ ਅਕੇਵਾਂ ਪੈਦਾ ਕਰਦੀਆਂ ਹਨ, ਇਸੇ ਕਰਕੇ ਚੰਗੀ ਪੁਸਤਕ ਅਸੀਂ ਸਾਂਭ-ਸਾਂਭ ਰੱਖਦੇ ਹਾਂ।

ਥੁੜ ਨਾਲ ਤਣਾਓ, ਚਿੰਤਾ ਅਤੇ ਫਿਕਰ ਉਪਜਦੇ ਹਨ, ਜਿਹੜੇ ਸਾਨੂੰ ਉਪਰਾਲਾ ਅਤੇ ਉਦਮ ਕਰਨ ਲਈ ਪ੍ਰੇਰਦੇ ਹਨ।

ਜਿਨ੍ਹਾਂ ਚੀਜ਼ਾਂ ਦੀ ਹਵਾ ਵਾਂਗ ਥੁੜ ਨਹੀਂ ਹੁੰਦੀ, ਉਨ੍ਹਾਂ ਲਈ ਅਸੀਂ ਉਦਮ ਵੀ ਨਹੀਂ ਕਰਦੇ। ਨਿਰਸੰਦੇਹ ਉਹ ਕੋਈ ਸੁਭਾਗਾ ਯੁੱਗ ਸੀ ਜਦੋਂ ਖੁੱਲ੍ਹੇ ਕਾਮ-ਸਬੰਧਾਂ ਉਤੇ ਰੋਕ ਲੱਗੀ ਅਤੇ ਜੋ ਤ੍ਰਿਪਤੀ ਪਹਿਲਾਂ ਸੌਖਿਆਂ ਹੀ ਪ੍ਰਾਪਤ ਹੋ ਜਾਂਦੀ ਸੀ, ਉਸ ਲਈ ਮਨੁੱਖ ਨੂੰ ਉਚੇਚ ਯਤਨ ਕਰਨ ਦੀ ਮਜਬੂਰੀ ਆਣ ਬਣੀ।

ਹਰ ਸਮਾਜ ਵਿਚ ਖੁੱਲ੍ਹੇ ਕਾਮ-ਸਬੰਧਾਂ ਉਤੇ ਰੋਕ ਲਾ ਕੇ ਕਾਮ ਦੇ ਖੇਤਰ ਵਿਚ ਥੁੜ ਨੂੰ ਸਿਰਜਿਆ ਗਿਆ ਹੈ।

ਮਨੁੱਖ ਦੀ ਕਾਮ-ਇੱਛਾ ਦੀ ਤ੍ਰਿਪਤੀ 'ਤੇ ਰੋਕ ਲਾਉਣਾ ਅਤੇ ਉਸ ਨੂੰ ਤ੍ਰਿਪਤੀ ਦੇ ਅਵਸਰਾਂ ਨੂੰ ਮੁਲਤਵੀ ਕਰਨ ਲਈ ਮਜਬੂਰ ਕਰਨਾ, ਮਨੁੱਖ ਦੇ ਇਤਿਹਾਸ ਵਿਚ ਅੱਗ ਬਾਲਣ ਦੀ ਵਿਧੀ ਲੱਭਣ ਨਾਲੋਂ ਵੀ ਵਧੇਰੇ ਮਹੱਤਵ ਵਾਲੀ ਘਟਨਾ ਸੀ।

ਕਾਮ-ਤ੍ਰਿਪਤੀ ਦੇ ਪੱਖੋਂ ਹਰ ਕਿਸੇ ਦੀ ਲੋੜ ਪੂਰੀ ਕਰਨੀ ਉਦੋਂ ਸੌਖਿਆਂ ਹੀ ਸੰਭਵ ਸੀ ਪਰ ਇਸ 'ਤੇ ਰੋਕਾਂ ਲਾ ਕੇ ਇਸ ਦੀ ਥੁੜ ਉਪਜਾਈ ਗਈ।

ਨਾ ਕੇਵਲ ਥੁੜ ਉਪਜਾਈ ਗਈ, ਸਗੋਂ ਇਸ ਤ੍ਰਿਪਤੀ ਨੂੰ ਮੁਲਤਵੀ ਕਰਨ ਨਾਲ ਇਸ ਥੁੜ ਦਾ ਮਹੱਤਵ ਵੀ ਵਧਾਇਆ ਗਿਆ।

ਜੇ ਰਾਂਝਾ ਤ੍ਰਿਪਤ ਹੁੰਦਾ ਤਾਂ ਉਹ ਕਦੀ ਮੱਝਾਂ ਨਾ ਚਾਰਦਾ।

ਜੇ ਫਰਹਾਦ ਤ੍ਰਿਪਤ ਹੁੰਦਾ ਤਾਂ ਉਹ ਕਦੀ ਨਹਿਰ ਨਾ ਪੁੱਟਦਾ। ਜੇ ਸੋਹਣੀ ਤ੍ਰਿਪਤ ਹੁੰਦੀ

ਤਾਂ ਉਹ ਕਦੀ ਕੱਚੇ ਘੜੇ 'ਤੇ ਦਰਿਆ ਪਾਰ ਕਰਨ ਦਾ ਸਾਹਸ ਨਾ ਕਰਦੀ। ਜੇ ਸਿਕੰਦਰ ਤ੍ਰਿਪਤ ਹੁੰਦਾ, ਉਹ ਕਦੀ ਦੁਨੀਆਂ ਨੂੰ ਜਿੱਤਣ ਲਈ ਨਾ ਨਿਕਲਦਾ।

ਸਾਡਾ ਸਮਾਜ ਥੁੜ੍ਹਾਂ ਉਪਜਾਉਂਦਾ ਹੈ ਤਾਂ ਹੀ ਅਸੀਂ ਉਦਮਸ਼ੀਲ ਰਹਿੰਦੇ ਹਾਂ।

ਜਿਤਨੇ ਚਿਰ ਤਕ ਭੋਜਨ ਦੀ ਥੁੜ੍ਹ ਹੈ, ਮਨੁੱਖ ਕੰਮ ਕਰੇਗਾ ਪਰ ਰੱਜਿਆ ਹੋਇਆ ਮਨੁੱਖ ਕਿਉਂ ਕੰਮ ਕਰੇ ? ਨਿਰਸੰਦੇਹ ਆਪਣਾ ਉਦੇਸ਼ ਉਸਾਰਨ ਲਈ ਉਸ ਸਾਹਮਣੇ ਚੰਗੇਰੇ ਭੋਜਨ ਦੀ ਥੁੜ੍ਹ ਪੈਦਾ ਕੀਤੀ ਜਾਵੇਗੀ।

ਰਿਸ਼ਤਿਆਂ ਦੀ ਥੁੜ੍ਹ ਨਹੀਂ, ਚੰਗੇ ਰਿਸ਼ਤਿਆਂ ਦੀ ਥੁੜ੍ਹ ਹੈ। ਨੌਕਰੀਆਂ ਜਾਂ ਕੰਮਾਂ ਦੀ ਥੁੜ੍ਹ ਨਹੀਂ, ਚੰਗੀਆਂ ਨੌਕਰੀਆਂ ਅਤੇ ਚੰਗੇ ਕੰਮਾਂ ਦੀ ਥੁੜ੍ਹ ਹੈ।

ਸਮਾਜ ਸਾਡੀ ਪਸੰਦ ਨੂੰ ਉੱਚਾ ਕਰ ਕੇ, ਜੋ ਮਿਲ ਸਕਦਾ ਹੈ, ਉਸ ਦੀ ਥਾਂ ਜਿਸ ਦੀ ਥੁੜ੍ਹ ਹੈ, ਉਸ ਲਈ ਸਾਨੂੰ ਉਦਮਸ਼ੀਲ ਕਰਦਾ ਹੈ।

ਜੇ ਖੁਲ੍ਹ ਦੇ ਦਿੱਤੀ ਜਾਵੇ ਤਾਂ ਸਾਰੇ ਪੁਰਸ਼, ਇਸਤਰੀਆਂ ਆਪਣੀ ਕਾਮ-ਇੱਛਾ ਸਹਿਜੇ ਹੀ ਪੂਰੀ ਕਰ ਲੈਣਗੇ ਪਰ ਇਸ ਨਾਲ ਸਮਾਜ ਦਾ ਵਿਕਾਸ ਰੁਕ ਜਾਵੇਗਾ ਅਤੇ ਮਨੁੱਖ ਦੀ ਸਾਰੀ ਸ਼ਕਤੀ ਇਸੇ ਖੇਤਰ ਵਿਚ ਖਰਚ ਹੋ ਜਾਵੇਗੀ।

ਰੋਕਾਂ ਲਾ ਕੇ, ਥੁੜ੍ਹਾਂ ਉਪਜਾ ਕੇ, ਸਮਾਜ ਮਨੁੱਖ ਨੂੰ ਮਿਹਨਤ ਲਈ ਪ੍ਰੇਰਦਾ ਹੈ ਅਤੇ ਇਸ ਮਿਹਨਤ ਰਾਹੀਂ ਸਮਾਜ ਦਾ ਵਿਕਾਸ ਹੁੰਦਾ ਹੈ ਅਤੇ ਜੋ ਕੁਝ ਵੀ ਆਲੇ-ਦੁਆਲੇ ਵਿਚ ਤੁਸੀਂ ਉਸਰਿਆ ਵੇਖਦੇ ਹੋ, ਉਸ ਦਾ ਇਸੇ ਢੰਗ ਨਾਲ ਨਿਰਮਾਣ ਹੋਇਆ ਹੈ।

ਕਾਮ-ਤ੍ਰਿਪਤੀ ਇਕ ਅਜਿਹੀ ਇੱਛਾ ਸੀ, ਜਿਸ ਦੀ ਪੂਰਤੀ ਦੀ ਥੁੜ੍ਹ ਸ਼ਿਕਾਰ ਯੁਗ ਵਿਚ ਨਹੀਂ ਸੀ ਪਰ ਹੁਣ ਕੋਈ ਸਮਾਜ ਅਜਿਹਾ ਨਹੀਂ ਹੈ, ਜਿਹੜਾ ਇਸ ਇੱਛਾ ਦੀ ਪੂਰਤੀ ਉਤੇ ਰੋਕ ਨਹੀਂ ਲਾਉਂਦਾ ਅਰਥਾਤ ਪੁਰਸ਼ ਅਤੇ ਇਸਤਰੀ ਨੂੰ ਵੱਖ-ਵੱਖ ਨਹੀਂ ਕਰਦਾ ਅਰਥਾਤ ਉਨ੍ਹਾਂ ਨੂੰ ਲੰਮੇ ਸੰਘਰਸ਼ ਵਿਚ ਪਾ ਕੇ ਸਮਾਜਿਕ ਨਿਰਮਾਣ ਦੇ ਰਾਹ ਨਹੀਂ ਪਾਉਂਦਾ, ਅਰਥਾਤ ਅਸੰਭਵ ਨੂੰ ਸੰਭਵ ਬਣਾਉਣ ਲਈ, ਉਨ੍ਹਾਂ ਨੂੰ ਨਿਰੰਤਰ ਜੱਦੋ-ਜਹਿਦ ਕਰਨ ਲਈ ਨਹੀਂ ਪ੍ਰੇਰਦਾ।

ਮਨੁੱਖ, ਆਪਣੀ ਤ੍ਰਿਪਤੀ ਨੂੰ ਮੁਲਤਵੀ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਮੁਲਤਵੀ ਕੀਤੇ ਜਾਣ ਦੇ ਸਮੇਂ ਵਿਚਕਾਰ ਮਨੁੱਖ ਭਾਵੇਂ ਕਰਦਾ ਸਭ ਕੁਝ ਆਪਣੇ ਲਈ ਹੈ ਪਰ ਨਾਲੋ-ਨਾਲ ਉਹ ਸਮਾਜ ਲਈ ਵੀ ਬਹੁਤ ਕੁਝ ਕਰ ਰਿਹਾ ਹੁੰਦਾ ਹੈ।

ਜੰਗਲੀ ਜਾਨਵਰ ਜਦੋਂ ਰੱਜ ਜਾਂਦੇ ਹਨ, ਉਹ ਉਦਮਸ਼ੀਲ ਨਹੀਂ ਰਹਿੰਦੇ। ਮਨੁੱਖ ਦੇ ਵਿਹਾਰ ਉਤੇ ਇਕ ਪਾਸੇ ਰੋਕਾਂ ਲਾਈਆਂ ਜਾਂਦੀਆਂ ਹਨ ਪਰ ਨਾਲ ਹੀ ਤ੍ਰਿਪਤੀ ਦੀ ਸਨਮਾਨਯੋਗ ਅਤੇ ਪ੍ਰਵਾਨਯੋਗ ਸੰਭਾਵਨਾ ਵੀ ਉਜਾਗਰ ਕੀਤੀ ਜਾਂਦੀ ਹੈ।

ਜਿਹੜੇ ਜਾਨਵਰਾਂ ਨੂੰ ਮਨੁੱਖ ਪਾਲਦਾ ਹੈ, ਉਨ੍ਹਾਂ ਉਤੇ ਵੀ ਰੋਕ ਲਾ ਕੇ, ਉਨ੍ਹਾਂ ਲਈ ਥੁੜ੍ਹ ਦਾ ਪ੍ਰਭਾਵ ਉਪਜਾਇਆ ਜਾਂਦਾ ਹੈ।

ਪਾਲਤੂ ਜਾਨਵਰਾਂ ਨੂੰ ਮਨੁੱਖ ਬੰਨ੍ਹ ਕੇ ਰੱਖਦਾ ਹੈ।

ਸਮਾਜ, ਮਨੁੱਖ ਨੂੰ ਵੀ ਬੰਨ੍ਹਦਾ ਹੈ ਪਰ ਰੱਸੀਆਂ ਨਾਲ ਨਹੀਂ, ਨੇਮਾਂ, ਰਸਮਾਂ-ਰਿਵਾਜਾਂ, ਰੀਤਾਂ, ਪੁੰਨ-ਪਾਪ ਦੀਆਂ ਭਾਵਨਾਵਾਂ, ਨੇਕੀ-ਬਦੀ ਦੇ ਉਪਦੇਸ਼ਾਂ, ਇਖਲਾਕੀ ਕਦਰਾਂ-ਕੀਮਤਾਂ ਅਤੇ ਜੀਵਨ ਆਦਰਸ਼ਾਂ ਨਾਲ।

ਕਾਮ ਦੇ ਖੇਤਰ ਵਿਚ ਸਮਾਜ ਨੇ ਇਕ ਅਮੁੱਕ ਸੋਮੇ ਨੂੰ ਥੁੜ ਵਿਚ ਬਦਲ ਕੇ ਮਨੁੱਖ ਨੂੰ ਉਦਮਸ਼ੀਲ ਬਣਾਇਆ ਹੈ ਅਤੇ ਮਨੁੱਖ ਦੀ ਉਦਮਸ਼ੀਲਤਾ ਨਾਲ ਅਨੇਕਾਂ ਹੋਰ ਥੁੜਾਂ ਨੂੰ ਬਹੁਤਾਤ ਵਿਚ ਬਦਲਿਆ ਹੈ, ਜਿਵੇਂ ਬੰਜਰ ਧਰਤੀਆਂ ਨੂੰ ਖੇਤੀ ਅਧੀਨ ਲਿਆਂਦਾ ਹੈ, ਉਜਾੜ-ਥਾਂਵਾਂ ਨੂੰ ਵਸਾਇਆ ਹੈ, ਵਪਾਰ ਅਤੇ ਯਾਤਰਾ ਦੀ ਬਿਰਤੀ ਨੂੰ ਉਤਸ਼ਾਹਿਤ ਕੀਤਾ ਹੈ, ਭਾਂਤ-ਭਾਂਤ ਦੀ ਕਲਾ ਉਪਜਾਈ ਹੈ ਅਤੇ ਮਨੁੱਖ ਨੂੰ ਜਾਨਵਰ ਤੋਂ ਮਾਨਵ ਅਤੇ ਅਸਭਿਅਤਾ ਤੋਂ ਸਭਿਅਤਾ, ਅਗਿਆਨਤਾ ਤੋਂ ਗਿਆਨ, ਨਿਆਸਰੇ ਤੋਂ ਸ਼ਕਤੀਸ਼ਾਲੀ ਬਣਾਉਣ ਦੀ ਸੰਭਾਵਨਾ ਨੂੰ ਉਜਾਗਰ ਕੀਤਾ ਹੈ।

ਉਚੇਰੀਆਂ ਪ੍ਰਾਪਤੀਆਂ ਲਈ ਕਾਮ-ਇੱਛਾ ਦੀ ਪੂਰਤੀ ਮੁਲਤਵੀ ਕੀਤੀ ਜਾਂਦੀ ਹੈ। ਹਰ ਬੀਤਦੇ ਦਹਾਕੇ ਨਾਲ ਇਸਤਰੀ ਅਤੇ ਪੁਰਸ਼ ਸੰਭੋਗ ਲਈ ਛੇ ਮਹੀਨੇ ਪਹਿਲਾਂ ਯੋਗ ਹੋ ਜਾਂਦੇ ਹਨ ਪਰ ਵਿਆਹ ਹੋਰ ਵੀ ਦੇਰ ਨਾਲ ਕਰਵਾਏ ਜਾ ਰਹੇ ਹਨ। ਇਸ ਦਾ ਕਾਰਨ ਇਹ ਹੈ ਕਿ ਕੁਝ ਕਰ ਸਕਣ ਲਈ, ਆਪਣੇ ਪੈਰਾਂ 'ਤੇ ਖਲੋਣ ਲਈ, ਜੱਦੋ-ਜਹਿਦ ਲਈ, ਹੁਣ ਵਧੇਰੇ ਸਮਾਂ ਲੋੜੀਂਦਾ ਹੈ।

ਜਿਥੇ ਵਿਆਹ ਜਲਦੀ ਕਰਨ ਦੀ ਪ੍ਰਥਾ ਹੈ, ਉਥੇ ਜੀਵਨ-ਪੱਧਰ ਉੱਚਾ ਨਹੀਂ। ਜਿਥੇ ਬਹੁ-ਵਿਆਹ ਦੀ ਪ੍ਰਥਾ ਹੈ, ਉਥੇ ਇਸਲਾਮੀ ਸਮਾਜ ਵਾਂਗ, ਪਰਿਵਰਤਨ ਅਤੇ ਵਿਕਾਸ ਦੀ ਰਫ਼ਤਾਰ ਸੁਸਤ ਅਤੇ ਢਿੱਲੀ ਹੈ।

ਕਾਮ-ਸ਼ਕਤੀ ਸਭ ਤੋਂ ਵੱਧ ਉਪਜਾਊ ਸ਼ਕਤੀ ਹੁੰਦੀ ਹੈ। ਇਸ ਨੂੰ ਕਾਮ-ਤ੍ਰਿਪਤੀ ਤੋਂ ਬਚਾ ਕੇ ਹੀ ਹੋਰ ਕਿਸੇ ਪਾਸੇ ਲਾਇਆ ਜਾ ਸਕਦਾ ਹੈ।

ਜਿਥੇ ਪਹਿਲਾਂ ਪਾਣੀ, ਭੋਜਨ ਅਤੇ ਕਾਮ-ਤ੍ਰਿਪਤੀ ਦੀ ਥੁੜ ਸੀ, ਉਥੇ ਅਜੋਕੇ ਯੁੱਗ ਵਿਚ ਪ੍ਰਸਿੱਧੀ, ਰਾਜਨੀਤਕ ਸ਼ਕਤੀ ਅਤੇ ਧਨ ਦੀ ਥੁੜ ਹੈ ਅਤੇ ਇਨ੍ਹਾਂ ਦੀ ਪ੍ਰਾਪਤੀ ਲਈ ਸਿਰਤੋੜ ਯਤਨ ਹੋ ਰਹੇ ਹਨ।

ਹਰ ਸਮਾਜ ਆਪਣੀਆਂ ਥੁੜਾਂ ਨੂੰ ਨਿਰਧਾਰਤ ਕਰ ਕੇ, ਉਨ੍ਹਾਂ ਨੂੰ ਬਹੁਲਤਾ ਵਿਚ ਬਦਲਣ ਲਈ ਯਤਨਸ਼ੀਲ ਹੁੰਦਾ ਹੈ।

ਸ਼ਕਤੀ, ਉਤਸ਼ਾਹ ਅਤੇ ਜੋਸ਼ ਦਾ ਸੋਮਾ ਕਾਮ-ਸ਼ਕਤੀ ਹੈ, ਇਸ ਨੂੰ ਮਨੁੱਖ ਜਿਸ ਪਾਸੇ ਵਰਤਦਾ ਹੈ, ਉਧਰ ਥੁੜਾਂ ਨੂੰ ਬਹੁਲਤਾਵਾਂ ਵਿਚ ਬਦਲਦਾ ਜਾਂਦਾ ਹੈ।

ਸਾਡੀ ਖੁਰਾਕ ਵਧੀ ਹੈ ਅਤੇ ਵਧੇਰੇ ਖੁਰਾਕ ਨਾਲ ਸਾਡੀ ਕਾਮ-ਸ਼ਕਤੀ ਵਧੀ ਹੈ।

ਇਸ ਵਧੀ ਹੋਈ ਕਾਮ-ਸ਼ਕਤੀ ਨੂੰ ਮਨੁੱਖ ਆਪਣੇ ਰਾਹ ਦੀਆਂ ਰੁਕਾਵਟਾਂ ਦੂਰ ਕਰਨ ਲਈ ਅਰਥਾਤ ਥੁੜਾਂ ਨੂੰ ਦੂਰ ਕਰਨ ਅਤੇ ਵਿਕਾਸ ਲਈ ਵਰਤ ਰਿਹਾ ਹੈ।

ਜੰਗ ਵੀ ਆਪਣੀ ਕਿਸੇ ਥੁੜ ਨੂੰ ਬਹੁਲਤਾ ਵਿਚ ਬਦਲਣ ਦੇ ਉਪਰਾਲੇ ਵਜੋਂ ਲੜੀ ਜਾਂਦੀ ਹੈ। ਪਰਦੇਸ ਵੀ ਅਸੀਂ ਕਿਸੇ ਥੁੜ ਦੀ ਪੂਰਤੀ ਲਈ ਹੀ ਜਾਂਦੇ ਹਾਂ।

ਇਹ ਭੁਲੇਖਾ ਨਹੀਂ ਖਾਣਾ ਚਾਹੀਦਾ ਕਿ ਸਮਾਜ ਨੇ ਇਸਤਰੀ ਅਤੇ ਪੁਰਸ਼ ਦੇ ਸਮਾਗਮ ਕਰਨ ਉਤੇ ਕੋਈ ਸਿੱਧੀ ਰੋਕ ਲਾਈ ਹੈ, ਸਗੋਂ ਇਹ ਸਮਝਣ ਦੀ ਲੋੜ ਹੈ ਕਿ ਇੱਛਾ ਅਤੇ ਪ੍ਰਾਪਤੀ ਵਿਚ ਸਦਾ ਹੀ ਵਿੱਥ ਰਹੀ ਹੈ।

ਅਸੀਂ ਜੋ ਕੁਝ ਪ੍ਰਾਪਤ ਕਰਨਾ ਚਾਹੁੰਦੇ ਹਾਂ, ਉਸ ਦੇ ਅਪਹੁੰਚ ਹੋਣ ਕਾਰਨ ਹੀ, ਉਸ ਨੂੰ ਪਹੁੰਚ ਵਿਚ ਲਿਆਉਣ ਲਈ ਯਤਨ ਕਰਾਂਗੇ।

ਥੁੜ੍ਹ ਪੈਦਾ ਕਰਨ ਦਾ ਢੰਗ ਇਹ ਵਰਤਿਆ ਜਾਂਦਾ ਹੈ ਕਿ ਹਰ ਇਕ ਇਸਤਰੀ, ਪੁਰਸ਼ ਦੀ ਕਲਪਨਾ ਦਾ ਪੱਧਰ ਉੱਚਾ ਕਰ ਦਿੱਤਾ ਜਾਂਦਾ ਹੈ ਅਤੇ ਜੋ ਸੰਭਵ ਹੋਵੇ, ਉਸ ਨਾਲੋਂ ਉਚੀ ਧਿਰ ਨੂੰ ਮਾਣਨ ਦੀ ਇੱਛਾ ਉਪਜਾਈ ਜਾਂਦੀ ਹੈ। ਦੂਜੀ ਧਿਰ ਦੀ ਯਾਦ, ਸੰਕਲਪ ਅਤੇ ਸੁਪਨਾ ਸਾਨੂੰ ਹੋਰ ਕਿਸੇ ਨਾਲ ਜੁੜਨ ਤੋਂ ਰੋਕਦੇ ਹਨ ਅਤੇ ਜਿਸ ਨਾਲ ਅਸੀਂ ਜੁੜਨਾ ਚਾਹੁੰਦੇ ਹਾਂ ਉਹ ਸਾਡੇ ਕੋਲ ਨਹੀਂ ਹੁੰਦਾ, ਇਵੇਂ ਥੁੜ੍ਹ ਦਾ ਇਕ ਨਿਰੰਤਰ ਵਾਤਾਵਰਣ ਸਾਡੇ ਆਲੇ-ਦੁਆਲੇ ਉਸਰਿਆ ਰਹਿੰਦਾ ਹੈ।

ਜਦੋਂ ਸਾਨੂੰ ਉਹ ਚਾਹਿਆ ਵਿਅਕਤੀ ਪ੍ਰਾਪਤ ਹੋ ਜਾਂਦਾ ਹੈ ਤਾਂ ਕੁਝ ਚਿਰ ਮਗਰੋਂ, ਪ੍ਰੋਖ ਜਾਂ ਅਪ੍ਰੋਖ, ਸਾਡੀ ਕਲਪਨਾ ਕਿਸੇ ਹੋਰ ਦਾ ਸਾਥ ਮਾਣਨ ਲਈ ਤਾਂਘਣ ਲਗ ਪੈਂਦੀ ਹੈ, ਅਰਥਾਤ ਇਕ ਨਵੀਂ ਥੁੜ੍ਹ ਸਿਰਜ ਲਈ ਜਾਂਦੀ ਹੈ।

ਹਰ ਇਕ ਇਸਤਰੀ ਦੇ ਮਨ ਵਿਚ ਇਕ ਸੁਪਨੇ-ਰੰਗਾ ਪੁਰਸ਼ ਹੁੰਦਾ ਹੈ ਅਤੇ ਹਰ ਪੁਰਸ਼ ਦੀ ਕਲਪਨਾ ਵਿਚ ਪਰੀ-ਜਿਹੀ ਇਕ ਇਸਤਰੀ ਵਸਦੀ ਹੈ।

ਇਹ ਤਲਾਸ਼ ਬਣੀ ਰਹਿੰਦੀ ਹੈ, ਕਿਉਂਕਿ ਜਿਸ ਦੀ ਤਲਾਸ਼ ਹੁੰਦੀ ਹੈ, ਉਹ ਲੱਭਦਾ ਨਹੀਂ ਪਰ ਅਸੀਂ ਤਲਾਸ਼ ਵੀ ਨਹੀਂ ਛੱਡਦੇ।

ਜਿਉਂ-ਜਿਉਂ ਤਲਾਸ਼ ਵਿਚ ਅਸੀਂ ਅੱਗੇ ਨਿਕਲਦੇ ਹਾਂ, ਤਿਉਂ-ਤਿਉਂ ਕਲਪਨਾ ਵਿਚਲੇ ਇਸਤਰੀ-ਪੁਰਸ਼ ਦੇ ਨੈਣ-ਨਕਸ਼ ਵਧੇਰੇ ਸੋਹਣੇ ਹੁੰਦੇ ਜਾਂਦੇ ਹਨ।

ਆਪਣੀ ਵਾਸਤਵਿਕਤਾ ਨੂੰ ਆਪਣੀ ਕਲਪਨਾ ਦੇ ਮੇਚ ਦਾ ਬਣਾਉਣ ਦੇ ਯਤਨ ਵਿਚ, ਅਸੀਂ ਨਿੱਤ ਨਵੀਆਂ ਮੰਜ਼ਲਾਂ ਵਲ ਨਿਕਲਦੇ ਹਾਂ।

ਇਕ ਅਨਪੜ੍ਹ ਵਿਅਕਤੀ ਇਕ ਆਮ ਸਾਧਾਰਣ ਇਸਤਰੀ ਨਾਲ ਪਰਚ ਜਾਂਦਾ ਹੈ ਪਰ ਜਿਉਂ-ਜਿਉਂ ਮਨੁੱਖ ਗਿਆਨਵਾਨ ਹੁੰਦਾ ਜਾਂਦਾ ਹੈ, ਉਸ ਦੀ ਪਸੰਦ ਉੱਚੀ, ਸੂਖਮ ਅਤੇ ਗੁੰਝਲਦਾਰ ਹੁੰਦੀ ਜਾਂਦੀ ਹੈ।

ਇਵੇਂ ਸਮਾਜ, ਵਿਦਿਆ, ਵਪਾਰ, ਗਿਆਨ ਆਦਿ ਸਾਡੀ ਟੇਕ ਅਪਹੁੰਚ ਉਤੇ ਟਿਕਾ ਦਿੰਦੇ ਹਨ ਅਤੇ ਅਸੀਂ ਦਿਸਹੱਦੇ ਨੂੰ ਛੂਹਣ ਦੇ ਯਤਨ ਵਿਚ ਰੁੱਝੇ ਰਹਿੰਦੇ ਹਾਂ।

ਇਹੀ ਕਾਰਨ ਹੈ ਕਿ ਕੋਈ ਰੱਜ ਕੇ ਨਹੀਂ ਜੀਵਿਆ ਅਤੇ ਇਹੀ ਕਾਰਨ ਹੈ ਕਿ ਕੋਈ ਆਰਾਮ ਨਾਲ ਨਹੀਂ ਬਹਿੰਦਾ।

ਕਲਪਨਾ ਦਾ ਸਰੋਤ ਸਾਡੀਆਂ ਥੁੜ੍ਹਾਂ ਜਾਂ ਪੂਰਤੀ ਲਈ ਤਾਂਘਦੀਆਂ ਸਾਡੀਆਂ ਅਪੂਰਤ ਇੱਛਾਵਾਂ ਹੁੰਦੀਆਂ ਹਨ। ਜੋ ਕੁਝ ਪ੍ਰਾਪਤ ਹੋ ਜਾਵੇ ਉਸ ਸਬੰਧੀ ਅਸੀਂ ਸੋਚਣਾ ਜਾਂ ਕਲਪਨਾ ਕਰਨੀ ਬੰਦ ਕਰ ਦਿੰਦੇ ਹਾਂ।

ਇਸੇ ਕਰ ਕੇ ਕੋਈ ਪਤਨੀ, ਕਿਸੇ ਕਲਾਕਾਰ ਜਾਂ ਕਵੀ-ਪਤੀ ਦਾ ਪ੍ਰੇਰਨਾ-ਸਰੋਤ ਨਹੀਂ ਬਣਦੀ। ਕਲਾਕਾਰ ਨੂੰ ਥੁੜ ਪਤਨੀ ਦੀ ਨਹੀਂ, ਪ੍ਰੇਮਿਕਾ ਦੀ ਮਹਿਸੂਸ ਹੁੰਦੀ ਹੈ।

ਹਰ ਕੋਈ ਆਪਣੀ ਕਲਪਨਾ ਦੀ ਦੁਨੀਆਂ ਵਿਚ ਅਪਹੁੰਚ ਨੂੰ ਪਹੁੰਚ ਵਿਚ ਲਿਆਉਣ ਵਿਚ ਰੁੱਝਿਆ ਹੋਇਆ ਹੈ।

ਹਰ ਪੁਰਸ਼ ਕਿਸੇ ਵਿਸ਼ੇਸ਼ ਇਸਤਰੀ ਨਾਲ ਅਤੇ ਹਰ ਇਸਤਰੀ ਕਿਸੇ ਵਿਸ਼ੇਸ਼ ਪੁਰਸ਼ ਨਾਲ ਆਪਣੀਆਂ ਭਾਵਨਾਵਾਂ ਜੋੜ ਕੇ, ਦੋਵੇਂ ਆਪਣੀ ਕਲਪਨਾ ਦੀ ਦੁਨੀਆਂ ਵਿਚੋਂ ਬਾਕੀ ਸਾਰਿਆਂ ਨੂੰ ਕੱਢ ਦਿੰਦੇ ਹਨ, ਇਵੇਂ ਉਹ ਕਿਸੇ ਹੋਰ ਨਾਲ ਨਹੀਂ ਪਰਚਣਗੇ।

ਇਵੇਂ ਉਨ੍ਹਾਂ ਦੀ ਕਾਮ-ਸ਼ਕਤੀ ਉਨ੍ਹਾਂ ਦੇ ਸਰੀਰਾਂ ਵਿਚ ਉਪਜ ਤਾਂ ਰਹੀ ਹੁੰਦੀ ਹੈ ਪਰ ਖਰਚ ਨਹੀਂ ਹੋ ਰਹੀ ਹੁੰਦੀ, ਇਕੱਠੀ ਹੋ ਰਹੀ ਹੁੰਦੀ ਹੈ, ਹੋਰ ਸੰਭਾਵਨਾਵਾਂ ਉਪਜਾਉਣ ਅਰਥਾਤ ਹੋਰ ਸਬੰਧਾਂ ਨੂੰ ਸੰਭਵ ਬਣਾਉਣ ਵਿਚ ਲੱਗ ਰਹੀ ਹੁੰਦੀ ਹੈ।

ਸਮਾਜ ਨੂੰ ਭਰੋਸਾ ਹੁੰਦਾ ਹੈ ਕਿ ਜਦੋਂ ਤਕ ਇਹ ਇਸਤਰੀ, ਪੁਰਸ਼ ਆਪਣੇ ਉਦੇਸ਼ ਵਿਚ ਸਫਲ ਨਹੀਂ ਹੁੰਦੇ, ਇਹ ਕਾਰਜਸ਼ੀਲ ਰਹਿਣਗੇ, ਕਿਉਂਕਿ ਉਨ੍ਹਾਂ ਦੀ ਤਾਂਘ ਲੰਮੀ ਹੁੰਦੀ ਹੈ, ਸੋ ਉਹ ਸਫਲ ਹੋ ਕੇ ਵੀ ਕਾਰਜਸ਼ੀਲ ਰਹਿਣਗੇ, ਕਿਉਂਕਿ ਉਨ੍ਹਾਂ ਦੀ ਕਲਪਨਾ ਪ੍ਰਸਿੱਧੀ, ਸ਼ਕਤੀ ਅਤੇ ਪ੍ਰਾਪਤੀਆਂ ਦੇ ਨਵੇਂ ਦੁਮੇਲ ਉਸਾਰਦੀ ਰਹੇਗੀ।

ਆਖਰ ਮਨੁੱਖ ਪ੍ਰਸਿੱਧੀ, ਸ਼ਕਤੀ ਅਤੇ ਧਨ ਕਿਉਂ ਚਾਹੁੰਦਾ ਹੈ ? ਇਨ੍ਹਾਂ ਦਾ ਆਪਣੇ ਆਪ ਵਿਚ ਕੋਈ ਮਹੱਤਵ ਨਹੀਂ ਹੁੰਦਾ ਪਰ ਪ੍ਰਸਿੱਧ ਹੋ ਕੇ ਉਹ ਆਪਣੀ ਕਲਪਨਾ ਵਿਚੋਂ ਨਵੀਂ ਉਭਰੀ ਇਸਤਰੀ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ। ਸ਼ਕਤੀ ਪ੍ਰਾਪਤ ਕਰ ਕੇ ਉਹ ਵਧੇਰੇ ਸੌਖ ਨਾਲ ਆਪਣੀ ਇਛਾ ਪੂਰੀ ਕਰਨੀ ਚਾਹੁੰਦਾ ਹੈ। ਵਧੇਰੇ ਧਨ ਨਾਲ ਉਹ ਆਪਣੀ ਤਲਾਸ਼ ਨੂੰ ਸੁਖਾਲਾ ਬਣਾਉਣਾ ਚਾਹੁੰਦਾ ਹੈ।

ਜਿਨ੍ਹਾਂ ਕੋਲ ਸਭ ਕੁਝ ਹੁੰਦਾ ਹੈ, ਉਹ ਸਾਧਾਰਣ ਚੀਜ਼ਾਂ ਨਾਲ ਨਹੀਂ ਪਰਚਦੇ। ਉਹ ਪ੍ਰਸਿੱਧ ਹੋ ਕੇ, ਪ੍ਰਸਿੱਧ ਇਸਤਰੀਆਂ, ਪੁਰਸ਼ਾਂ ਦੇ ਸੰਪਰਕ ਵਿਚ ਆਉਣਾ ਚਾਹੁੰਦੇ ਹਨ। ਇਵੇਂ ਜਿਸ ਚੀਜ਼ ਦੀ ਪਹਿਲਾਂ ਉਨ੍ਹਾਂ ਨੂੰ ਥੁੜ ਅਨੁਭਵ ਹੋ ਰਹੀ ਸੀ, ਉਸ ਨੂੰ ਉਹ ਹਰ ਹੀਲੇ ਪੂਰਾ ਕਰਨਾ ਚਾਹੁੰਦੇ ਹਨ।

ਇਸ ਦੌੜ ਦਾ ਕੋਈ ਅੰਤ ਨਹੀਂ ਪਰ ਜਿਉਂ-ਜਿਉਂ ਇਹ ਦੌੜ ਨਿਖਰਦੀ ਜਾਂਦੀ ਹੈ ਤਿਉਂ-ਤਿਉਂ ਆਨੰਦ ਦੀ ਪੱਧਰ ਉਚੇਰੀ ਅਤੇ ਮਿਲਾਪ ਦੀ ਸੰਭਾਵਨਾ ਨੇੜੇ ਅਤੇ ਸੰਭਵ ਪ੍ਰਤੀਤ ਹੁੰਦੀ ਜਾਂਦੀ ਹੈ।

ਮਨੁੱਖ ਭਾਵੇਂ ਸਭ ਕੁਝ ਪ੍ਰਾਪਤ ਕਰ ਲਵੇ, ਫਿਰ ਵੀ ਬਹੁਤ ਕੁਝ ਅਜਿਹਾ ਹੁੰਦਾ ਹੈ, ਜਿਹੜਾ ਅਪਹੁੰਚ ਹੁੰਦਾ ਹੈ, ਜਿਸ ਦੀ ਥੁੜ ਮਹਿਸੂਸ ਹੁੰਦੀ ਰਹਿੰਦੀ ਹੈ।

ਇਸ ਥੁੜ ਨੂੰ ਪੂਰਾ ਕਰਨ ਲਈ ਹਿਟਲਰ ਨੇ ਸਾਰੀ ਦੁਨੀਆਂ ਜੰਗ ਦੀ ਭੱਠੀ ਵਿਚ ਝੋਕ ਦਿੱਤੀ ਸੀ। ਇਸੇ ਥੁੜ ਨੂੰ ਪੂਰਾ ਕਰਨ ਲਈ ਮਨੁੱਖ ਖਤਰੇ ਮੁੱਲ ਲੈਂਦਾ ਹੈ।

ਇਸ਼ਤਿਹਾਰਬਾਜ਼ੀ ਨਾਲ ਥੁੜਾਂ ਦਾ ਅਹਿਸਾਸ ਜਗਾਇਆ ਜਾਂਦਾ ਹੈ।

ਜਦੋਂ ਜੀਵਨ ਵਿਚ ਹੁਲਾਰੇ ਦੀ ਥੁੜ ਹੁੰਦੀ ਹੈ ਤਾ ਨਸ਼ੇ ਵਰਤੇ ਜਾਂਦੇ ਹਨ।

ਧਨ ਦੀ ਥੁੜ੍ਹ, ਲਾਟਰੀ ਪਾਉਣ ਲਈ ਪ੍ਰੇਰਦੀ ਹੈ।

ਪ੍ਰਸਿੱਧੀ ਦੀ ਥੁੜ੍ਹ ਕਾਰਨ, ਵੱਡਾ ਅਤੇ ਵਿਸ਼ੇਸ਼ ਪ੍ਰਤੀਤ ਹੋਣ ਲਈ, ਸਮਾਗਮਾਂ ਉਤੇ ਵੱਡੀਆਂ ਰਕਮਾਂ ਖਰਚੀਆਂ ਜਾਂਦੀਆਂ ਹਨ।

ਸਾਡਾ ਅਜੋਕਾ ਸਮਾਜ ਸੰਤੁਸ਼ਟਤਾ, ਸਬਰ, ਸੰਤੋਖ ਅਤੇ ਸੰਕੋਚ ਦੇ ਵਿਰੁਧ ਹੈ। ਇਨ੍ਹਾਂ ਗੁਣਾਂ ਨੂੰ ਔਗੁਣ ਬਣਾ ਦਿੱਤਾ ਗਿਆ ਹੈ।

ਹੁਣ ਸਾਦਗੀ ਇਕ ਗੁਣ ਨਹੀਂ ਰਹੀ, ਇਕ ਰੋਗ ਬਣਾ ਦਿੱਤੀ ਗਈ ਹੈ।

ਹਰ ਇਕ ਵਿਅਕਤੀ ਨੂੰ ਅਨੇਕਾਂ ਥੁੜ੍ਹਾਂ ਦਾ ਅਨੁਭਵ ਅਤੇ ਅਹਿਸਾਸ ਕਰਵਾ ਕੇ ਉਸ ਨੂੰ ਇਕ ਨਿਰੰਤਰ ਭਟਕਣ ਵਿਚ ਪਾਇਆ ਜਾ ਰਿਹਾ ਹੈ।

ਜਿਹੜਾ ਜੀਵਨ ਦੀ ਜਿਸ ਵੀ ਪੌੜੀ ਉਤੇ ਹੈ, ਉਸ ਤੋਂ ਉਪਰ ਚੜ੍ਹਨ ਲਈ ਜ਼ੋਰ ਲਾ ਰਿਹਾ ਹੈ। ਮੁਕਾਬਲਾ ਇਤਨਾ ਸਖਤ ਹੈ ਕਿ ਡਿਗ ਪਿਆਂ ਜਾਂ ਤਿਲ੍ਹਕਣ ਵਾਲਿਆਂ ਵਲ ਧਿਆਨ ਦੇਣ ਲਈ ਕਿਸੇ ਕੋਲ ਸਮਾਂ ਨਹੀਂ।

ਇਨਸਾਫ਼, ਇਖ਼ਲਾਕ, ਚਰਿੱਤਰ ਆਦਿ ਦਫ਼ਨਾ ਦਿੱਤੇ ਗਏ ਹਨ, ਹੁਣ ਮਨੁੱਖ ਨੂੰ ਮਨੁੱਖ ਨਾਲੋਂ ਤੋੜ ਕੇ ਵਿਛੁੰਨ ਦਿੱਤਾ ਗਿਆ ਹੈ।

ਹੁਣ ਸਾਡੇ ਕੋਲ ਕੁਝ ਵੀ ਅਜਿਹਾ ਨਹੀਂ, ਜਿਸ ਉਤੇ ਮਾਣ ਕਰ ਸਕੀਏ, ਜੇ ਮਾਣ ਕਰਨ ਲਗ ਪਏ ਤਾਂ ਨਿਸਚੇ ਹੀ ਦੌੜ ਵਿਚ ਅਸੀਂ ਪਿੱਛੇ ਰਹਿ ਜਾਵਾਂਗੇ।

ਇਹ ਵਿਸ਼ਵਾਸ ਵੀ ਇਕ ਭਰਮ ਹੈ ਕਿ ਹਰ ਥੁੜ੍ਹ ਪੈਸੇ ਨਾਲ ਪੂਰੀ ਕੀਤੀ ਜਾ ਸਕਦੀ ਹੈ, ਸੋ ਅਜੋਕੇ ਯੁੱਗ ਵਿਚ ਸਭ ਤੋਂ ਵੱਡੀ ਥੁੜ੍ਹ ਪੈਸੇ ਦੀ ਹੀ ਬਣ ਗਈ ਹੈ।

ਕੋਈ ਵੀ ਅਜਿਹਾ ਨਹੀਂ, ਜਿਸ ਨੂੰ ਇਸ ਥੁੜ੍ਹ ਦਾ ਅਹਿਸਾਸ ਨਾ ਹੋਵੇ।

ਇਸ ਥੁੜ੍ਹ ਨੂੰ ਪੂਰਿਆਂ ਕਰਨ ਲਈ ਉਹ ਕੀ ਹੈ ਜਿਹੜਾ ਅਸੀਂ ਦਾਓ 'ਤੇ ਨਹੀਂ ਲਾ ਰਹੇ ? ਜਦੋਂ ਕੋਈ ਇਸ ਥੁੜ੍ਹ ਨੂੰ ਪੂਰਨ ਵਿਚ ਸਫਲ ਹੋ ਗਿਆ ਤਾਂ ਕੀ ਉਹ ਆਰਾਮ ਨਾਲ ਬਹਿ ਸਕੇਗਾ ? ਉਸ ਨੂੰ ਕੋਈ ਆਰਾਮ ਨਾਲ ਬਹਿਣ ਦੇਵੇਗਾ ?

ਮਹਾਨ ਬਣਨ ਦੇ ਯਤਨ ਵਿਚ ਮਨੁੱਖ ਨਿਰੰਤਰ ਨਿਘਰ ਰਿਹਾ ਹੈ।

ਸਾਡੇ ਅਜੋਕੇ ਸੰਕਟਾਂ ਦਾ ਕਾਰਨ ਇਹ ਹੈ ਕਿ ਸਾਡੇ ਕੋਲ ਮਹਾਨ ਬੰਦਿਆਂ ਦੀ ਥੁੜ੍ਹ ਹੈ। ਸਾਡੇ ਕੋਲ ਸਾਡੀਆਂ ਥੁੜ੍ਹਾਂ ਦਾ ਅਹਿਸਾਸ ਕਰਵਾਉਣ ਵਾਲੇ ਸਾਰੇ ਸਾਧਨ ਹਨ ਪਰ ਪ੍ਰਾਪਤੀਆਂ ਦੀ ਸੰਤੁਸ਼ਟੀ ਦੇਣ ਵਾਲਾ ਮਹਾਤਮਾ ਬੁੱਧ ਕਿਧਰੇ ਦੂਰ ਲੰਘ ਗਿਆ ਹੈ।

ਅਸੀਂ ਥੁੜ੍ਹਾਂ ਦੇ ਸਤਾਏ, ਥੁੜ੍ਹੇ ਹੋਏ ਲੋਕ ਬਣ ਕੇ ਰਹਿ ਗਏ ਹਾਂ।

ਜਿਹੜੀਆਂ ਥੁੜ੍ਹਾਂ ਨੇ ਸਾਡੀ ਸ਼ਕਤੀ ਬਣਨਾ ਸੀ, ਉਹ ਸਾਡੀਆਂ ਹੱਥਕੜੀਆਂ ਬਣ ਗਈਆਂ ਹਨ।

☼☼☼

ਇਕਲਾਪਾ

ਹਰ ਕਿਸੇ ਦੇ ਜੀਵਨ ਵਿਚ ਕਈ ਵਾਰ ਬੇਮੌਸਮੀਆਂ ਘਟਨਾਵਾਂ ਦਾ ਮੀਂਹ ਵਰ੍ਹਦਾ ਹੈ ਅਤੇ ਆਸ ਦਾ ਕੋਈ ਸੂਰਜ ਵਿਖਾਈ ਨਾ ਦੇਣ ਕਾਰਨ, ਉਦਾਸੀ ਅਤੇ ਥਕਾਵਟ ਕਾਰਨ ਅਸੀਂ ਸੁੰਨਸਾਨ, ਉਜਾੜ, ਵੀਰਾਨ, ਓਦਰੇ ਹੋਏ, ਉਦਾਸ ਅਤੇ ਇਕੱਲੇ ਮਹਿਸੂਸ ਕਰਦੇ ਹਾਂ।

ਇਕਲਾਪੇ ਦੌਰਾਨ ਸਾਨੂੰ ਆਪਣਾ ਜੀਵਨ ਵਿਧਵਾ ਹੋ ਗਿਆ ਪ੍ਰਤੀਤ ਹੁੰਦਾ ਹੈ।

ਸਾਨੂੰ ਜੀਵਨ ਦਾ ਖੂਹ ਡੂੰਘਾ ਅਤੇ ਆਪਣੀ ਲੱਜ ਛੋਟੀ ਪ੍ਰਤੀਤ ਹੁੰਦੀ ਹੈ।

ਇਕਲਾਪਾ ਮਨੁੱਖੀ ਜੀਵਨ ਦਾ ਕੇਂਦਰੀ ਅਨੁਭਵ ਹੈ।

ਇਕਲਾਪਾ ਦਿਲ ਦਾ ਇਕ ਦਰਦ ਹੁੰਦਾ ਹੈ ਅਤੇ ਦਿਲ ਦੇ ਹਰ ਦਰਦ ਵਾਂਗ ਇਕਲਾਪਾ ਵੀ ਸਾਡੇ ਅਨੁਭਵ ਨੂੰ ਡੂੰਘਾ ਅਤੇ ਵਿਸ਼ਾਲ ਕਰਦਾ ਹੈ।

ਵਿਦਿਆ ਵੀ ਧਰਮ ਵਾਂਗ ਸਾਨੂੰ ਇਕਲਾਪਾ ਬਰਦਾਸ਼ਤ ਕਰਨ ਦੀ ਪ੍ਰੇਰਨਾ ਦਿੰਦੀ ਹੈ।

ਜਿਉਂ-ਜਿਉਂ ਗਿਆਨ ਦੇ ਖੇਤਰ ਵਿਚ ਅਸੀਂ ਅੱਗੇ ਵੱਧਦੇ ਹਾਂ ਤਿਉਂ ਤਿਉਂ ਸਾਨੂੰ ਆਪਣੀ ਅਗਿਆਨਤਾ ਦਾ ਗਿਆਨ ਹੁੰਦਾ ਹੈ ਅਤੇ ਅਸੀਂ ਆਪਣੇ ਆਪ ਨੂੰ ਇਕੱਲੇ ਅਨੁਭਵ ਕਰਦੇ ਹਾਂ।

ਕੇਵਲ ਵਿਅਕਤੀ ਹੀ ਨਹੀਂ ਕਈ ਵਾਰ ਪਰਿਵਾਰ, ਦੇਸ਼ ਅਤੇ ਕੌਮਾਂ ਵੀ ਇਕਲਾਪੇ ਦਾ ਸੰਤਾਪ ਹੰਢਾਉਂਦੀਆਂ ਹਨ।

ਗਿਆਨ ਅਤੇ ਅਨੁਭਵ ਦੇ ਖੇਤਰ ਅਜਿਹੇ ਹਨ, ਜਿਨ੍ਹਾਂ ਵਿਚ ਅੱਗੇ ਹੀ ਜਾਇਆ ਜਾ ਸਕਦਾ ਹੈ, ਪਿੱਛੇ ਨਹੀਂ ਮੁੜਿਆ ਜਾ ਸਕਦਾ।

ਜੀਵਨ ਦਾ ਹਰ ਦੁੱਖੀ ਅਨੁਭਵ ਸਾਨੂੰ ਇਕਲਾਪੇ ਦਾ ਅਹਿਸਾਸ ਕਰਵਾਉਂਦਾ ਹੈ।

ਇਕਲਾਪੇ ਦੇ ਇਸ ਅਹਿਸਾਸ ਵਿਚੋਂ ਹੀ ਕਵਿਤਾ, ਗੀਤ, ਸੰਗੀਤ ਅਤੇ ਚਿੱਤਰਕਲਾ ਦਾ ਜਨਮ ਹੁੰਦਾ ਹੈ।

ਕਿਹਾ ਜਾਂਦਾ ਹੈ : ਚੰਗੇ ਬਣੋ, ਤੁਸੀਂ ਇਕੱਲੇ ਰਹਿ ਜਾਵੋਗੇ।

ਦੁੱਖ ਅਤੇ ਦਰਦ ਵਿਚ ਅਸੀਂ ਸਦਾ ਇਕੱਲੇ ਰਹਿ ਜਾਂਦੇ ਹਾਂ।

ਜਦੋਂ ਵਿਅਕਤੀ ਇਕੱਲਾ ਹੁੰਦਾ ਹੈ ਤਾਂ ਉਹ ਹੋਰ ਤਰ੍ਹਾਂ ਵੇਖਦਾ-ਸੁਣਦਾ ਹੈ।

ਜ਼ਿੰਦਗੀ ਦੇ ਗੰਭੀਰ ਮਸਲੇ ਇਕੱਲਿਆਂ ਹੀ ਸੋਚੇ ਅਤੇ ਵਿਚਾਰੇ ਜਾਂਦੇ ਹਨ।

ਸੂਰਜ, ਚੰਨ, ਤਾਰੇ, ਪਹਾੜ, ਸਮੁੰਦਰ ਆਦਿ ਇਕੱਲੇ ਹੀ ਨਹੀਂ, ਚੁੱਪ ਵੀ ਹਨ। ਉਹ ਰੁੱਝੇ ਹੋਏ ਇਕਾਂਤ ਵਿਚ ਵਿਚਰਦੇ ਹਨ।

ਜਦੋਂ ਅਸੀਂ ਇਕੱਲੇ ਹੋਈਏ ਤਾਂ ਇਨ੍ਹਾਂ ਦਾ ਸਾਥ ਸਾਨੂੰ ਚੰਗਾ ਲਗਦਾ ਹੈ।

ਤੁਹਾਡੇ ਜੀਵਨ ਵਿਚ ਵੀ ਕਈ ਦਿਨ ਅਜਿਹੇ ਆਏ ਹੋਣਗੇ ਜਦੋਂ ਕਿਸੇ ਉਦਾਸ ਗੀਤ ਦੀ ਕੋਈ ਪੰਕਤੀ ਜਾਂ ਕਿਸੇ ਵਿਛੜੇ ਦੀ ਯਾਦ ਲੰਮਾ ਅਰਸਾ ਤੁਹਾਡੇ ਬੁੱਲਾਂ ਉਤੇ ਅਤੇ ਚੇਤਿਆਂ ਵਿਚ ਝੁੰਗੀ ਪਾ ਕੇ ਨਿਰੰਤਰ ਨੱਚਦੀ ਰਹੀ ਹੋਵੇਗੀ।

ਲੰਘ ਗਏ ਦਿਨਾਂ ਦੀ ਯਾਦ, ਮਰ ਗਏ ਮਿੱਤਰਾਂ ਦਾ ਚੇਤਾ, ਬੀਤ ਗਈ ਮੁਹੱਬਤ ਦਾ ਦਰਦ, ਗੁਆਚੇ ਬਚਪਨ ਦਾ ਉਦਰੇਵਾਂ, ਮਰ ਗਈ ਮਾਂ ਦੀਆਂ ਗੱਲਾਂ ਆਦਿ ਸਾਨੂੰ ਭੀੜ ਵਿਚ ਵੀ ਇਕੱਲਾ ਕਰ ਦਿੰਦੀਆਂ ਹਨ। ਸਾਡੇ ਅੰਦਰ ਯਾਦਾਂ ਦੇ ਹਜੂਮ ਉਠਦੇ ਹਨ ਅਤੇ ਸਾਨੂੰ ਜ਼ਿੰਦਗੀ ਦੇ ਅਨੇਕਾਂ ਉਹ ਰੰਗ ਵਿਖਾਈ ਦਿੰਦੇ ਹਨ, ਜਿਹੜੇ ਇਕਲਾਪੇ ਦੀ ਤੀਜੀ ਅੱਖ ਖੁਲ੍ਹਣ ਨਾਲ ਹੀ ਦਿਸਦੇ ਹਨ।

ਜਦੋਂ ਤਕ ਮਨੁੱਖ ਇਕੱਲਾ ਨਾ ਹੋਵੇ ਉਹ ਤਕੜਾ ਨਹੀਂ ਹੁੰਦਾ।

ਜੇ ਹਰ ਕੋਈ ਸਾਨੂੰ ਪਿਆਰ ਹੀ ਕਰੇ ਤਾਂ ਇਸ ਨਾਲ ਅਸੀਂ ਯਤਨਸ਼ੀਲ ਅਤੇ ਮਜ਼ਬੂਤ ਨਹੀਂ, ਕਮਜ਼ੋਰ ਹੀ ਹੋਵਾਂਗੇ।

ਜ਼ੰਗਾਲ ਲਗ ਜਾਣ ਨਾਲੋਂ, ਘੱਸ ਜਾਣਾ ਚੰਗਾ ਹੁੰਦਾ ਹੈ।

ਇਕੱਲਿਆਂ ਸਫਰ ਕਰਨ ਨਾਲ ਗਿਆਨ ਅਤੇ ਸਹਿਣਸ਼ੀਲਤਾ ਵੱਧਦੀ ਹੈ।

ਦੂਜਿਆਂ ਦੇ ਸਾਥ ਵਿਚ ਅਸੀਂ ਸੁਣਦੇ ਅਤੇ ਸਿਖਦੇ ਹਾਂ ਪਰ ਸਮਝਦੇ ਅਤੇ ਕਰਦੇ ਉਦੋਂ ਹੀ ਹਾਂ, ਜਦੋਂ ਅਸੀਂ ਇਕੱਲੇ ਹੁੰਦੇ ਹਾਂ।

ਗੰਭੀਰ ਬੀਮਾਰੀ, ਮੁਸੀਬਤ ਜਾਂ ਸੰਕਟ ਦੀ ਹਾਲਤ ਵਿਚ ਹਰ ਮਨੁੱਖ ਆਪਣੇ ਆਪ ਨੂੰ ਇਕੱਲਾ ਅਨੁਭਵ ਕਰਦਾ ਹੈ।

ਕੇਵਲ ਬੀਮਾਰ ਹੀ ਜਾਣਦਾ ਹੈ ਕਿ ਰਾਤ ਕਿਤਨੀ ਲੰਮੀ ਹੁੰਦੀ ਹੈ। ਕੇਵਲ ਚੌਕੀਦਾਰ ਜਾਣਦੇ ਹਨ ਕਿ ਸਮਾਂ ਕਿਸ ਰਫਤਾਰ 'ਤੇ ਚਲਦਾ ਹੈ। ਕੇਵਲ ਵਿਧਵਾ ਜਾਣਦੀ ਹੈ ਕਿ ਇਕਲਾਪਾ ਕੀ ਹੁੰਦਾ ਹੈ। ਕੇਵਲ ਕੈਦੀ ਜਾਣਦੇ ਹਨ ਕਿ ਸਜ਼ਾ ਸਾਲਾਂ-ਮਹੀਨਿਆਂ ਦੀ ਨਹੀਂ ਹੁੰਦੀ, ਇਕੱਲੇ ਕਰ ਦਿੱਤੇ ਜਾਣ ਦੀ ਹੁੰਦੀ ਹੈ।

ਕਮਜ਼ੋਰ ਮਨੁੱਖ ਇਕੱਲੇ ਹੋਣ ਤੋਂ ਡਰਦੇ ਹਨ।

ਅਜਿਹੇ ਲੋਕਾਂ ਨੂੰ ਚੰਗੇਰੇ ਭਵਿਖ ਦੀ ਧਰਵਾਸ ਦੇਣੀ ਸੌਖੀ ਹੁੰਦੀ ਹੈ, ਕਿਉਂਕਿ ਇਨ੍ਹਾਂ ਨੂੰ ਡਰਾਉਣਾ ਵੀ ਸੌਖਾ ਹੁੰਦਾ ਹੈ।

ਅਸੀਂ ਵੱਡੇ ਫੈਸਲੇ ਕਰਨ ਲਈ ਇਕੱਲ ਵਿਚ ਸੋਚਦੇ ਹਾਂ।

ਜਿੱਥੇ ਉਦੇਸ਼ ਵੱਡਾ ਅਤੇ ਇਰਾਦਾ ਵਿਸ਼ਾਲ ਹੋਵੇ, ਉਥੇ ਮੁਸ਼ਕਿਲਾਂ ਨਿੱਕੀਆਂ ਅਤੇ ਸੀਮਤ ਹੋ ਜਾਂਦੀਆਂ ਹਨ।

ਮੁਕੱਦਮਿਆਂ ਦਾ ਨਿਰਣਾ ਜੱਜ ਉਦੋਂ ਸੋਚਦੇ ਹਨ, ਜਦੋਂ ਉਹ ਇਕੱਲੇ ਹੁੰਦੇ ਹਨ।

ਚੰਗੇ ਬੰਦੇ ਇਕਾਂਤ ਦੇ ਇੱਛੁਕ ਹੁੰਦੇ ਹਨ, ਜਦੋਂ ਕਿ ਸਾਧਾਰਨ ਵਿਅਕਤੀ ਆਪਣੇ ਤੋਂ ਵੀ ਨੀਵੇਂ ਵਿਅਕਤੀਆਂ ਦੀ ਸੰਗਤ ਵਿਚ ਪ੍ਰਸੰਨ ਹੁੰਦੇ ਹਨ।

ਜਿਹੜੀਆਂ ਲੜਾਈਆਂ ਲੜੀਆਂ ਹੀ ਨਹੀਂ ਗਈਆਂ, ਸਿਆਣਾ ਵਿਅਕਤੀ ਉਨ੍ਹਾਂ ਨੂੰ ਜਿੱਤਣ ਦਾ ਦਾਅਵਾ ਨਹੀਂ ਕਰਦਾ।

ਪ੍ਰਕ੍ਰਿਤੀ ਦਾ ਆਨੰਦ ਮਾਣਨ ਲਈ ਇਕੱਲਿਆਂ ਹੋਣਾ ਜ਼ਰੂਰੀ ਹੈ।

ਕਈ ਵਾਰੀ ਮਨੁੱਖ ਇਤਨਾ ਉਦਾਸ, ਮਾਯੂਸ ਅਤੇ ਇਕੱਲਾ ਹੋ ਜਾਂਦਾ ਹੈ ਕਿ ਉਸ ਨੂੰ ਰੱਬ ਵੀ ਦੂਰ ਲਗਦਾ ਹੈ।

ਨਸ਼ੇ ਖੋਖਲੇ ਅਤੇ ਇਕੱਲੇ ਆਦਮੀ ਦੇ ਸਾਥੀ ਹੁੰਦੇ ਹਨ।

ਪੁਸਤਕਾਂ ਇਕੱਲੇ ਆਦਮੀ ਦੀਆਂ ਸਹੇਲੀਆਂ ਹੁੰਦੀਆਂ ਹਨ।

ਇਕੱਲਿਆਂ ਅਸੀਂ ਬੰਸਰੀ ਵਾਂਗ ਆਜ਼ਾਦ ਹੁੰਦੇ ਹਾਂ, ਜਦੋਂ ਕਿ ਦੂਜਿਆਂ ਨਾਲ ਅਸੀਂ ਤਬਲੇ ਵਾਂਗ ਅਧੀਨਗੀ ਵਿਚ ਵਿਚਰਦੇ ਹਾਂ।

ਇਕਲਾਪੇ ਅਤੇ ਇਕਾਂਤ ਵਿਚ ਅੰਤਰ ਸਮਝਣ ਦੀ ਲੋੜ ਹੈ।

ਇਕਲਾਪੇ ਦੇ ਸ਼ਿਕਾਰ ਵਿਅਕਤੀ ਵਿਚ ਬੋਲਣ ਦੀ ਪ੍ਰਵਿਰਤੀ ਵਧੇਰੇ ਬਲਵਾਨ ਹੁੰਦੀ ਹੈ ਜਦੋਂ ਕਿ ਇਕਾਂਤ ਦੇ ਇੱਛੁਕ ਵਿਅਕਤੀ ਵਿਚ ਚੁੱਪ ਰਹਿਣ ਅਤੇ ਸ਼ਾਂਤ ਹੋਣ ਦੀ ਅਭਿਲਾਸ਼ਾ ਹੁੰਦੀ ਹੈ।

ਇਕਲਾਪਾ ਸਾਡੇ ਉਤੇ ਠੋਸਿਆ ਜਾਂਦਾ ਹੈ, ਇਕਾਂਤ ਅਸੀਂ ਆਪ ਸਿਰਜਦੇ ਹਾਂ, ਇਸ ਦੀ ਇੱਛਾ ਸਾਡੇ ਅੰਦਰੋਂ ਉਪਜਦੀ ਹੈ। ਇਕਾਂਤ, ਸ਼ਾਂਤੀ ਦਾ ਗੁਆਂਢ ਹੁੰਦੀ ਹੈ ਅਤੇ ਇਕਾਂਤ ਵਿਚ ਅਸੀਂ ਰੁੱਝੇ ਹੁੰਦੇ ਹਾਂ ਜਦੋਂ ਕਿ ਇਕਲਾਪੇ ਵਿਚ ਅਸੀਂ ਉਖੜੇ-ਉਖੜੇ, ਆਪਣੇ ਨਾਲ ਨਾਰਾਜ਼ ਜਿਹੇ, ਬੇਵਸੀ ਦੀ ਹਾਲਤ ਵਿਚ ਹੁੰਦੇ ਹਾਂ।

ਇਕਾਂਤ, ਇਕਲਾਪੇ ਦਾ ਰੂਹਾਨੀ ਦੌਰ ਹੁੰਦਾ ਹੈ।

ਇਕਾਂਤ ਵਿਚ ਸਾਡਾ ਮਨ ਖਿੜਦਾ ਹੈ, ਇਕਲਾਪੇ ਵਿਚ ਅਸੀਂ ਮੁਰਝਾਉਂਦੇ ਹਾਂ।

ਇਕਾਂਤ ਵਿਚ ਰਹਿਣ ਦੀ ਇੱਛਾ ਅਨੁਭਵ ਦੀ ਤਾਂਘ ਵਿਚੋਂ ਉਪਜਦੀ ਹੈ ਪਰ ਲੰਮੇ ਅਰਸੇ ਦਾ ਇਕਲਾਪਾ ਸਾਨੂੰ ਘੁਣ ਵਾਂਗ ਖਾ ਜਾਂਦਾ ਹੈ।

ਇਕਾਂਤ ਵੀ ਇਕ ਸੀਮਾ ਤੋਂ ਮਗਰੋਂ ਬੋਝ ਬਣ ਜਾਂਦਾ ਹੈ।

ਜਦੋਂ ਇਸਤਰੀ ਇਕੱਲੀ ਅਤੇ ਉਦਾਸ ਹੁੰਦੀ ਹੈ ਤਾਂ ਉਹ ਇਕੱਲੇ ਪੁਰਸ਼ ਨਾਲੋਂ ਵਧੇਰੇ ਇਕੱਲੀ ਅਤੇ ਵਧੇਰੇ ਉਦਾਸ ਹੁੰਦੀ ਹੈ।

ਇਸਤਰੀ ਦਾ ਗਰੀਬ ਅਤੇ ਇਕੱਲਿਆਂ ਹੋਣਾ, ਨਾ ਸਹਾਰੇ ਜਾ ਸਕਣ ਵਾਲੇ ਬੋਝ ਹਨ। ਇਸ ਸਥਿਤੀ ਵਿਚ ਨਾ ਦਿਲ ਕਾਇਮ ਹੁੰਦਾ ਹੈ ਨਾ ਦੁਨੀਆਂ ਵਸਦੀ ਲਗਦੀ ਹੈ।

ਇਕੱਲੇ ਆਦਮੀ ਨਾਲ ਘਰ ਨਹੀਂ ਬਣਦਾ।

ਇਕੱਲਾ ਵਿਅਕਤੀ ਆਪਣੇ ਤੋਂ ਦੂਰ ਵਸਦੀ ਕਿਸੇ ਦੁਨੀਆਂ ਵਲ ਉਲਰਿਆ ਹੁੰਦਾ ਹੈ ਪਰ ਜਦੋਂ ਤਕ ਆਪਣੇ ਆਪ ਨੂੰ ਅਸੀਂ ਇਕੱਲਾ ਨਹੀਂ ਸਮਝਦੇ ਨਾ ਅਸੀਂ ਸੋਚਦੇ ਹਾਂ, ਨਾ ਮਹਿਸੂਸ ਕਰਦੇ ਹਾਂ ਅਤੇ ਨਾ ਕਾਰਜਸ਼ੀਲ ਹੁੰਦੇ ਹਾਂ।

ਇਕਾਂਤ ਵਿਚ ਵਿਚਰਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ, ਸੋ ਸਾਡਾ ਬਹੁਤਾ ਅਨੁਭਵ ਇਕਲਾਪੇ ਵਾਲਾ ਹੁੰਦਾ ਹੈ।

ਅਜਿਹੀ ਅਵਸਥਾ ਵਿਚ ਮਨੁੱਖ ਆਪ ਹੀ ਜੱਥਾ ਅਤੇ ਆਪ ਹੀ ਜਥੇਦਾਰ ਹੁੰਦਾ ਹੈ।

ਸਾਡਾ ਯਤਨ ਹੁੰਦਾ ਹੈ ਕਿ ਕਿਸੇ ਦੇ ਵੈਣਾਂ ਵਿਚ ਸਾਡਾ ਵੀ ਨਾਂ ਹੋਵੇ ਜਾਂ ਅਸੀਂ ਵੀ ਕਿਸੇ ਦੇ ਗਗਨ ਵਿਚ ਸਵੇਰ ਬਣ ਕੇ ਪ੍ਰਗਟ ਹੋਈਏ ਪਰ ਇਕੱਲੇ ਵਿਅਕਤੀ ਦੀ ਹੋਣੀ ਗਿੱਲੀ ਲੱਕੜ ਵਾਂਗ ਧੁਖਣ ਦੀ ਹੁੰਦੀ ਹੈ, ਜਿਸ ਦੀ ਕੁੜ੍ਹਿਤਣ ਅਤੇ ਸੰਤਾਪੀ ਹੋਈ ਹਾਲਤ ਹੰਢਾਉਣ ਲਈ ਕੋਈ ਨਹੀਂ ਆਉਂਦਾ।

ਵੱਖਰੇ ਅਤੇ ਵਿਸ਼ੇਸ਼ ਪ੍ਰਤੀਤ ਹੋਣ ਦੀ ਲਾਲਸਾ ਵੀ ਸਾਨੂੰ ਇਕੱਲਿਆਂ ਕਰ ਦਿੰਦੀ ਹੈ।

ਜਦੋਂ ਅਸੀਂ ਸੰਤੁਸ਼ਟ ਸਮਾਜ ਸਿਰਜ ਲਵਾਂਗੇ ਤਾਂ ਹੋਰਾਂ ਨਾਲੋਂ ਵੱਖਰੇ ਅਤੇ ਵਿਸ਼ੇਸ਼ ਪ੍ਰਤੀਤ ਹੋਣ ਦੀ ਥਾਂ ਸਾਡੇ ਵਿਚ ਦੂਜਿਆਂ ਵਰਗਾ ਚੰਗਾ, ਸਾਊ ਅਤੇ ਸੂਝਵਾਨ ਬਣਨ ਦੀ ਬਿਰਤੀ ਬਲਵਾਨ ਹੋਵੇਗੀ।

ਗਿਆਨ ਗ੍ਰਹਿਣ ਕਰਨ ਦੀ ਪੱਛਮੀ ਵਿੱਧੀ, ਉਤਪਾਦਨ ਦਾ ਪੱਛਮੀ ਢੰਗ-ਤਰੀਕਾ ਅਤੇ ਕੰਮ-ਵੰਡ-ਪ੍ਰਣਾਲੀ ਆਦਿ ਸਾਨੂੰ ਇਕੱਲਿਆਂ ਕਰ ਰਹੀ ਹੈ।

ਸਾਡੇ ਬਚਪਨ ਵਿਚ ਹੀ ਇਕਲਾਪੇ ਦਾ ਅਭਿਆਸ ਆਰੰਭ ਹੋ ਜਾਂਦਾ ਹੈ।

ਜੇ ਖਿਡੌਣੇ ਉਹ ਬਣਾਏ ਜਾਂ ਖਰੀਦੇ ਜਾਣ, ਜਿਨ੍ਹਾਂ ਨੂੰ ਰਲ ਕੇ ਹੀ ਖੇਡਿਆ ਜਾ ਸਕੇ ਤਾਂ ਸਾਡੇ ਵਿਚ ਇਕਲਾਪੇ ਦੀ ਥਾਂ ਸਹਿਯੋਗ ਅਤੇ ਮਿਲਵਰਤਣ ਦੀ ਬਿਰਤੀ ਬਲਵਾਨ ਕੀਤੀ ਜਾ ਸਕਦੀ ਹੈ।

ਇਕਾਂਤ ਦਾ ਅਭਿਲਾਸ਼ੀ ਦੂਜਿਆਂ ਦਾ ਸਾਥ ਵਧੇਰੇ ਸੌਖ ਨਾਲ ਮਾਣਦਾ ਹੈ, ਜਦੋਂ ਕਿ ਇਕਲਾਪੇ ਦਾ ਸ਼ਿਕਾਰ ਵਿਅਕਤੀ ਸਾਥ ਬਣਨ ਜਾਂ ਸਾਥ ਮਾਣਨ ਦੇ ਯੋਗ ਹੀ ਨਹੀਂ ਰਹਿੰਦਾ।

ਚੁੱਪ ਦੀ ਵੀ ਆਪਣੀ ਬੋਲੀ ਅਤੇ ਆਪਣੀ ਵਿਆਕਰਣ ਹੁੰਦੀ ਹੈ।

ਜੇ ਪ੍ਰੇਮੀ ਇਕ ਦੂਜੇ ਦੇ ਸਾਥ ਵਿਚ ਚੁੱਪ ਰਹਿਣਾ ਸਿਖ ਲੈਣ ਤਾਂ ਉਨ੍ਹਾਂ ਨੂੰ ਇਕ ਦੂਜੇ ਦੀਆਂ ਅਨੇਕਾਂ ਨਵੀਆਂ ਪਰਤਾਂ ਦਾ ਗਿਆਨ ਹੋਵੇਗਾ।

ਇਕਲਾਪੇ ਦੇ ਸ਼ਿਕਾਰ ਵਿਅਕਤੀ ਨੂੰ ਆਪਣੀਆਂ ਗੱਲਾਂ ਕਰਨ ਦੀ ਆਦਤ ਹੁੰਦੀ ਹੈ। ਉਸ ਤੋਂ ਬਚਣ ਦਾ ਸਾਡਾ ਹਰ ਯਤਨ ਉਸ ਨੂੰ ਹੋਰ ਇਕੱਲਿਆਂ ਕਰਦਾ ਹੈ।

ਅਜਿਹੇ ਵਿਅਕਤੀਆਂ ਦਾ ਘਰ ਵਿਚ ਵੀ ਵਿਹਾਰ, ਦਫ਼ਤਰੀ ਹੁੰਦਾ ਹੈ।

ਘਰਾਂ ਵਿਚ ਸਾਰਿਆਂ ਦੇ ਰਲ-ਮਿਲ ਬੈਠਣ ਅਤੇ ਹੱਸਣ ਦੇ ਅਵਸਰ ਘਟ ਰਹੇ ਹਨ।

ਸਾਡੇ ਵਿਚ ਗੁਣ ਪਛਾਨਣ ਦੀ ਯੋਗਤਾ ਨਹੀਂ ਰਹੀ ਪਰ ਦੂਜਿਆਂ ਦੇ ਦੋਸ਼ ਲੱਭਣ ਲਈ ਅਸੀਂ ਸਦਾ ਤੱਤਪਰ ਰਹਿੰਦੇ ਹਾਂ।

ਜਦੋਂ ਸਥਿਤੀ ਅਜਿਹੀ ਹੋ ਜਾਵੇ ਤਾਂ ਅਜਿਹੇ ਘਰਾਂ ਵਿਚ ਪਤਨੀਆਂ ਨੂੰ ਮੰਜਿਆਂ ਵਜੋਂ ਅਤੇ ਪਤੀਆਂ ਨੂੰ ਗੋਲਕਾਂ ਵਜੋਂ ਵਰਤਣ ਦੀ ਬਿਰਤੀ ਵੱਧਦੀ ਹੈ।

ਮੁਸਲਿਮ ਸਮਾਜ ਵਿਚ ਇਸਤਰੀ ਨੂੰ ਪਰਦੇ ਵਿਚ ਰਹਿਣ ਦੀ ਪਾਬੰਦੀ ਹੈ ਪਰ ਉਹ ਘਰ ਦੀ ਚਾਰ-ਦੀਵਾਰੀ ਵਿਚ ਇੱਕਲੀ ਨਹੀਂ ਹੁੰਦੀ।

ਜਿਨ੍ਹਾਂ ਘਰਾਂ ਵਿਚ ਦੂਜਿਆਂ ਦੀਆਂ ਗਲਤੀਆਂ ਵਧੇਰੇ ਸਹਿਣਸ਼ੀਲਤਾ ਨਾਲ ਵੇਖੀਆਂ ਜਾਂਦੀਆਂ ਹਨ, ਉਥੇ ਸੁਰੱਖਿਆ ਦੀ ਭਾਵਨਾ ਵਧੇਰੇ ਹੁੰਦੀ ਹੈ, ਨਹੀਂ ਤਾਂ ਘਰੋਂ ਬਾਹਰ ਰਹਿਣ ਅਤੇ ਭਟਕਣ ਦੀ ਰੁਚੀ ਬਲਵਾਨ ਹੁੰਦੀ ਹੈ।

ਹਰ ਗੁਜ਼ਰਦੇ ਦਹਾਕੇ ਨਾਲ ਮਨੁੱਖ ਦੇ ਡਰ ਵੱਧ ਰਹੇ ਹਨ।

ਹਰ ਬੀਤਦੇ ਵਰ੍ਹੇ ਨਾਲ ਵਿਰੋਧੀ ਵਿਚਾਰਾਂ ਨੂੰ ਦਬਾਉਣ ਲਈ ਵਧੇਰੇ ਹਿੰਸਾ ਅਤੇ ਵਧੇਰੇ ਸ਼ਕਤੀ ਦੀ ਵਰਤੋਂ ਕੀਤੀ ਜਾ ਰਹੀ ਹੈ।

ਹੁਣ ਪਰਜਾ-ਤੰਤਰ ਵਿਚ ਵੀ ਆਪਣੀ ਸ਼ਿਕਾਇਤ, ਗੁੱਸਾ, ਡਰ, ਬੇਇਜ਼ਤੀ ਪ੍ਰਤੀ ਰੋਸ ਪ੍ਰਗਟਾਉਣ ਦੇ ਢੰਗ-ਤਰੀਕੇ, ਬਰਦਾਸ਼ਤ ਨਹੀਂ ਕੀਤੇ ਜਾ ਰਹੇ।

ਹੱਸਣ, ਕਿਲਕਾਰੀਆਂ ਮਾਰਨ, ਨੱਚਣ-ਕੁੱਦਣ ਅਤੇ ਆਪਣੇ ਮਨ ਦੇ ਖੁੱਲੇ ਪ੍ਰਗਟਾਵੇ ਨੂੰ ਅਸ਼ਲੀਲ ਅਤੇ ਅਸਭਿਅਕ ਕਰਾਰ ਦਿੱਤਾ ਜਾ ਰਿਹਾ ਹੈ।

ਅੱਜ ਤੋਂ ਕੁਝ ਦਹਾਕੇ ਪਹਿਲਾਂ ਬੱਚਾ ਆਪਣੇ ਘਰ ਤੋਂ ਨਿਕਲ ਕੇ ਗਲੀ-ਮੁਹੱਲੇ ਵਿਚ ਦੂਰ ਤਕ ਦੌੜ ਸਕਦਾ ਸੀ ਪਰ ਹੁਣ ਇਹ ਸੰਭਵ ਨਹੀਂ ਰਿਹਾ।

ਪਹਿਲਾਂ ਅਸੀਂ ਕੁਝ ਘੰਟੇ ਇਕਾਂਤ ਵਿਚ ਗੁਜ਼ਾਰ ਸਕਦੇ ਸਾਂ ਪਰ ਨਿਰੰਤਰ ਸ਼ੋਰ-ਸ਼ਰਾਬੇ ਕਾਰਨ ਹੁਣ ਇਹ ਵੀ ਸੰਭਵ ਨਹੀਂ ਰਿਹਾ।

ਦੂਜਿਆਂ ਨਾਲ ਮਿਲ ਕੇ ਰਹਿਣ ਦੀ ਇੱਛਾ ਫਿਕੀ ਪੈ ਗਈ ਹੈ ਅਤੇ ਬਰਾਬਰੀ ਦੇ ਆਧਾਰ 'ਤੇ ਕਿਸੇ ਨਾਲ ਵਿਚਰਣ ਦੀ ਤਾਂਘ ਅਤੇ ਸਹਿਯੋਗ ਦੇਣ ਜਾਂ ਮਿਲਣ ਦੀ ਇੱਛਾ ਪੂਰੀ ਹੋਣ ਦੀ ਸੰਭਾਵਨਾ ਨਿਰੰਤਰ ਸੁੰਗੜ ਰਹੀ ਹੈ।

ਪਹਿਲਾਂ ਇਕ ਦੂਜੇ ਉਤੇ ਨਿਰਭਰਤਾ ਵਧੇਰੇ ਸੀ, ਸੋ ਬਿਰਤੀ ਮਿਲਵਰਤਣ ਵਾਲੀ ਸੀ। ਹੁਣ ਸਾਡੀ ਹਉਮੈ ਅਤੇ ਆਪਣੇ ਆਪ ਦੇ ਸਵੈ-ਸੰਪੰਨ ਹੋਣ ਦਾ ਭਰਮ ਸਾਡੇ ਵਿਚ ਮੁਕਾਬਲੇ ਦੀ ਬਿਰਤੀ ਅਤੇ ਅੱਗੇ ਲੰਘ ਜਾਣ ਦੀ ਕਾਹਲ ਉਪਜਾਉਂਦੇ ਹਨ ਅਤੇ ਸਾਡੇ ਸਹਿਕਰਮੀ ਸਾਨੂੰ ਆਪਣੇ ਰਸਤੇ ਦੀ ਰੁਕਾਵਟ ਪ੍ਰਤੀਤ ਹੁੰਦੇ ਹਨ।

ਹੁਣ ਅਸੀਂ ਦੂਜਿਆਂ ਨੂੰ ਮਿਲਦੇ ਨਹੀਂ, ਉਨ੍ਹਾਂ ਨਾਲ ਘਿਸਰਦੇ ਹਾਂ।

ਕੰਮ ਕਰਨ ਵਾਲੀ ਥਾਂ ਉਤੇ ਅਸੀਂ ਦੂਜਿਆਂ ਨੂੰ ਆਪਣੇ ਰਸਤੇ ਵਿਚ ਰੋੜਾ ਸਮਝ ਕੇ, ਉਨ੍ਹਾਂ ਨਾਲ ਕਾਟਵਾਂ ਵਿਹਾਰ ਕਦੇ ਹਾਂ।

ਮੁਕਾਬਲੇ ਦਾ ਜੀਵਨ ਇਕੱਲਤਾ ਦਾ ਜੀਵਨ ਹੈ ਅਤੇ ਇਕੱਲਤਾ ਦੇ ਇਸ ਜੀਵਨ ਦੀਆਂ ਪ੍ਰਾਪਤੀਆਂ ਚਿਰ-ਸਥਾਈ ਨਹੀਂ ਹੁੰਦੀਆਂ।

ਇਕ ਮੁਕਾਬਲੇ ਵਿਚ ਸਫਲਤਾ ਸਾਨੂੰ ਅਗਲੇਰੇ ਮੁਕਾਬਲੇ ਵਲ ਧਕੇਲਦੀ ਹੈ ਅਤੇ ਅਸੀਂ ਦੌੜ-ਦੌੜ ਕੇ ਹਫ਼ ਗਏ ਵਿਅਕਤੀ ਵਾਂਗ ਹੀ ਨਿਬੜਦੇ ਹਾਂ।

ਬੱਚੇ ਵੀ ਮੁਕਾਬਲੇ ਦਾ ਮਾਧਿਅਮ ਬਣ ਗਏ ਹਨ, ਜਿਨ੍ਹਾਂ ਉਤੇ ਖਰਚ ਕਰ ਕੇ ਅਸੀਂ ਦੂਜਿਆਂ ਨੂੰ ਨੀਵਾਂ ਵਿਖਾਉਂਦੇ ਹਾਂ।

ਰਫ਼ਤਾਰ, ਤਕਨੀਕੀ ਪਰਿਵਰਤਨ ਅਤੇ ਮੁਕਾਬਲੇ ਦੀ ਬਿਰਤੀ ਨੇ ਵਿਅਕਤੀਵਾਦ ਨੂੰ ਉਤਸ਼ਾਹ ਦੇ ਕੇ ਆਪਸੀ ਰਿਸ਼ਤਿਆਂ ਦੇ ਤਾਣੇ-ਪੇਟੇ ਨੂੰ ਉਧੇੜ ਦਿੱਤਾ ਹੈ। ਹਰ ਵਿਅਕਤੀ ਨਿਰੰਤਰ ਤਲਾਸ਼ ਵਿਚ ਭਟਕ ਕੇ ਹੋਰ ਇਕੱਲਾ ਹੋਈ ਜਾ ਰਿਹਾ ਹੈ।

ਮਾਪੇ, ਘਰਾਂ ਵਿਚ ਆਪਣੇ ਲਈ ਜਿਹੜੇ ਸੁੱਖ-ਸਾਧਨ ਪੈਦਾ ਕਰਦੇ ਹਨ, ਉਨ੍ਹਾਂ ਦੇ ਵਰਤੋਂ ਵਿਚ ਆਉਣ ਤੋਂ ਪਹਿਲਾਂ ਹੀ ਬੱਚੇ ਉਨ੍ਹਾਂ ਉਤੇ ਕਾਬਜ਼ ਹੋ ਰਹੇ ਹਨ। ਗੁਆਂਢੀਆਂ ਵਿਚਕਾਰ ਹੀ ਨਹੀਂ, ਹੁਣ ਆਪਣੇ ਘਰ ਦੇ ਜੀਆਂ ਵਿਚ ਵੀ ਵਿੱਥ ਵੱਧ ਰਹੀ ਹੈ। ਹੁਣ ਅਸੀਂ ਆਪਣੇ ਰਿਸ਼ਤੇਦਾਰਾਂ ਨੂੰ ਘੱਟ ਵਾਰੀ ਅਤੇ ਘੱਟ ਸਮੇਂ ਲਈ ਮਿਲਦੇ ਹਾਂ।

ਵੱਖਰੇਵੇਂ ਜੀਵਨ ਨੂੰ ਦਿਲਚਸਪ ਬਣਾਉਂਦੇ ਹਨ ਪਰ ਅਸੀਂ ਵੱਖਰੇਵੇਂ ਨਹੀਂ ਪ੍ਰਗਟਾਉਂਦੇ, ਵਿੱਥਾਂ ਪ੍ਰਗਟਾਉਂਦੇ ਹਾਂ ਪਰ ਇਸ ਦੇ ਬਾਵਜੂਦ ਅਸੀਂ ਦੂਜਿਆਂ ਜਿਹੇ ਬਣਦੇ ਜਾ ਰਹੇ ਹਾਂ, ਉਦਾਸ, ਭਟਕ ਰਹੇ, ਉਪਰਾਮ, ਥੱਕੇ ਹੋਏ।

ਸ਼ਿਕਾਇਤਾਂ ਦੀਆਂ ਸੂਚੀਆਂ ਅਤੇ ਗਿਲੇ-ਸ਼ਿਕਵਿਆਂ ਦੀਆਂ ਮਿਸਲਾਂ ਲੈ ਕੇ ਅਸੀਂ ਹਰ ਥਾਂ 'ਤੇ ਕਿਸੇ ਦੀ ਗੱਲ ਸੁਣਨ ਤੋਂ ਇਨਕਾਰੀ, ਆਪਣੇ ਨਾਲ ਹੋਈ ਵਧੀਕੀ ਅਤੇ ਆਪਣੀ ਗੱਲ ਕਹਿਣ ਦੀ ਜ਼ਿਦ ਕਰ ਰਹੇ ਹਾਂ।

ਅਸੀਂ ਇਵੇਂ ਚਲਦੇ ਹਾਂ, ਜਿਵੇਂ ਕੋਈ ਸਾਡਾ ਪਿੱਛਾ ਕਰ ਰਿਹਾ ਹੋਵੇ।

ਵਪਾਰ, ਰਾਜਨੀਤੀ, ਸਮਾਜਿਕ ਜੀਵਨ ਆਦਿ ਵਿਚਲੇ ਸਾਡੇ ਦੋਸਤ-ਮਿੱਤਰ, ਹੁਣ ਸਹਿਯੋਗੀ ਸ਼ਕਤੀਆਂ ਦੀ ਥਾਂ ਵਿਰੋਧੀ ਧਿਰਾਂ ਵਾਂਗ ਵਿਚਰ ਰਹੇ ਹਨ।

ਜਿਉਂ-ਜਿਉਂ ਘਰਾਂ ਵਿਚ ਚੀਜ਼ਾਂ ਵੱਧ ਰਹੀਆਂ ਹਨ, ਤਿਉਂ-ਤਿਉਂ ਅਸੀਂ ਉਪਰਾਮ ਹੋ ਰਹੇ ਹਾਂ। ਇਹੀ ਕਾਰਨ ਹੈ ਕਿ ਵਸੀਲੇ ਵੱਧਣ ਦੇ ਬਾਵਜੂਦ ਵਾਸਤਵ ਵਿਚ ਸਾਦੇ ਅਤੇ ਸਰਲ ਜੀਵਨ ਦਾ ਮਹੱਤਵ ਵੱਧ ਰਿਹਾ ਹੈ।

ਅਜੋਕੇ ਮਨੁੱਖ ਨੂੰ ਵਧੇਰੇ ਨਿਰਣੇ ਕਰਨੇ ਪੈਂਦੇ ਹਨ, ਵਧੇਰੇ ਚੀਜ਼ਾਂ ਖਰੀਦਣੀਆਂ ਪੈਂਦੀਆਂ ਹਨ, ਵਧੇਰੇ ਸਫ਼ਰ ਕਰਨਾ ਪੈਂਦਾ ਹੈ, ਵਧੇਰੇ ਗਲਤ-ਫ਼ਹਿਮੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ, ਵਧੇਰੇ ਵਿਅਕਤੀ ਨਾਰਾਜ਼ ਕਰਨੇ ਪੈਂਦੇ ਹਨ।

ਸਭ ਕੁਝ ਵੱਧਦਾ ਜਾ ਰਿਹਾ ਹੈ ਪਰ ਮਨੁੱਖ ਆਪ ਘਟਦਾ ਜਾ ਰਿਹਾ ਹੈ।

ਪਹਿਲਾਂ ਜਦੋਂ ਦੋ ਵਿਅਕਤੀ ਲੜਦੇ ਸਨ ਤਾਂ ਹੋਰ ਵਿਅਕਤੀ ਵਿਚ ਪੈ ਕੇ ਉਨ੍ਹਾਂ ਨੂੰ ਛੁਡਾਉਂਦੇ ਸਨ, ਹੁਣ ਸਾਰੇ ਪੱਲਾ ਬਚਾ ਕੇ ਲੰਘ ਜਾਂਦੇ ਹਨ।

ਹੁਣ ਜੰਗ ਦੀ ਵਿਧੀ ਅਜਿਹੀ ਹੈ ਕਿ ਦੂਰ ਬੈਠਿਆਂ ਤਬਾਹੀ ਮਚਾਈ ਜਾ ਸਕਦੀ ਹੈ, ਹੁਣ ਜੰਗ ਦੀ ਕਰੂਪਤਾ ਹੈਰਾਨ ਨਹੀਂ ਕਰਦੀ।

ਜਦੋਂ ਸੀਵਰੇਜ ਨਹੀਂ ਸੀ ਹੁੰਦਾ ਤਾਂ ਮਨੁੱਖੀ ਹੋਂਦ ਦੀ ਅਸਲੀਅਤ ਦਾ ਹਰ ਰੋਜ਼ ਸਾਹਮਣਾ ਹੁੰਦਾ ਸੀ। ਹਰ ਘਰ ਵਿਚ ਬੁੱਢੇ ਅਤੇ ਬੀਮਾਰ ਹੋਣ ਨਾਲ ਜੀਵਨ ਦਾ ਸੰਤੁਲਨ ਬਣਿਆ ਰਹਿੰਦਾ ਸੀ। ਜਾਨਵਰ ਸਾਹਮਣੇ ਵੱਢੇ ਜਾਂਦੇ ਸਨ, ਸੋ ਹਰ ਕਿਸੇ ਨੂੰ ਪਤਾ ਸੀ ਕਿ ਕੀ ਖਾਧਾ ਜਾ ਰਿਹਾ ਹੈ। ਹੁਣ ਸਭ ਕੁਝ ਜ਼ਮੀਨ ਅੰਦਰ ਲੁਕਾ ਦਿੱਤਾ ਗਿਆ ਹੈ, ਹੁਣ ਸਭ ਕੁਝ ਰੋੜ੍ਹ ਦਿੱਤਾ ਜਾਂਦਾ ਹੈ।

ਸੀਵਰੇਜ ਨੇ ਸਾਡੇ ਵਿਚ ਵਾਸਤਵਿਕਤਾ ਨੂੰ ਸਹਿਣ ਦੀ ਦਲੇਰੀ ਘਟਾਈ ਹੈ।

ਹੁਣ ਅਸੀਂ ਵਾਸਤਵਿਕਤਾ ਨੂੰ ਝਟਪਟ ਰੋੜ੍ਹ ਕੇ, ਲੁਕਾ ਦੇਣ ਨਾਲ ਆਪਣੇ ਆਪ ਨੂੰ ਲੰਗੜੀ ਧਰਵਾਸ ਦਿੰਦੇ ਹਾਂ।

ਜਦੋਂ ਮਨੁੱਖ ਦੀ ਵੱਖਰੀ ਪਛਾਣ ਮੁੱਕ ਜਾਵੇ ਤਾਂ ਉਹ ਇਕੱਲਾ ਹੋ ਜਾਂਦਾ ਹੈ। ਹੁਣ ਬੰਦਿਆਂ ਨਾਲੋਂ ਵੋਟਾਂ ਅਤੇ ਨਾਂਵਾਂ ਨਾਲੋਂ ਨੰਬਰ ਵਧੇਰੇ ਮਹੱਤਵਪੂਰਣ ਹੋ ਗਏ ਹਨ।

ਪਹਿਲਾਂ ਜਿਹੜਾ ਸਾਡੇ ਨਾਲ ਬੇਇਨਸਾਫ਼ੀ ਕਰਦਾ ਸੀ, ਉਸ ਨੂੰ ਅਸੀਂ ਪਛਾਣਦੇ ਸਾਂ, ਹੁਣ ਇਹ ਸੰਭਵ ਨਹੀਂ ਰਿਹਾ।

ਜੇ ਓਪਰੇਸ਼ਨ ਕਰਦਿਆਂ ਬਿਜਲੀ ਚਲੀ ਜਾਵੇ, ਅਸੀਂ ਕਿਸ ਨੂੰ ਜ਼ਿੰਮੇਵਾਰ ਠਹਿਰਾਵਾਂਗੇ ? ਡਾਕਟਰ ਨੂੰ ਜਾਂ ਬਿਜਲੀ ਦੇ ਮਹਿਕਮੇ ਨੂੰ ?

ਜਦੋਂ ਸਬੰਧ ਟੁੱਟ ਜਾਣ, ਉਦੋਂ ਸਫ਼ਾਈ ਦੇਣਾ ਵੀ ਅਣਚਾਹਿਆ ਵਿਹਾਰ ਲਗਣ ਲਗ ਪੈਂਦਾ ਹੈ। ਕੁਰਾਹੇ ਪਏ ਨੂੰ ਹੁਣ ਇਹ ਕਹਿਣਾ ਕਿ ਤੂੰ ਠੀਕ ਨਹੀਂ ਕਰ ਰਿਹਾ, ਕੱਲਰੀ ਜ਼ਮੀਨ ਵਿਚ ਬੀਜ ਬੀਜਣ ਵਾਂਗ ਹੋ ਗਿਆ ਹੈ।

ਇਕੱਲੇ ਵਿਅਕਤੀ ਦੀ ਇਹ ਨਿਸ਼ਾਨੀ ਹੁੰਦੀ ਹੈ ਕਿ ਉਹ ਤੁਹਾਡੇ ਤੋਂ ਮੰਨਵਾਉਣਾ ਚਾਹੁੰਦਾ ਹੈ ਕਿ ਉਹ ਠੀਕ ਹੈ।

ਹੁਣ ਤਰਕ ਅਤੇ ਦਲੀਲ ਦੀ ਥਾਂ ਹਥਿਆਰਾਂ ਨੇ ਲੈ ਲਈ ਹੈ।

ਜਿਉਂ-ਜਿਉਂ ਮਨੁੱਖ, ਇਕੱਲਾ ਹੁੰਦਾ ਜਾਵੇਗਾ, ਜੀਵਨ ਵਿਚ ਹਿੰਸਾ ਅਤੇ ਅਸੁਰੱਖਿਆ ਵੱਧਦੀ ਜਾਵੇਗੀ। ਜੀਵਨ ਦੀ ਇਸ ਗੰਭੀਰ ਸਮੱਸਿਆ ਪ੍ਰਤੀ ਜੇ ਅਸੀਂ ਸੁਚੇਤ ਨਾ ਹੋਏ ਤਾਂ ਤਲਾਕ, ਆਤਮਘਾਤ, ਮੁਕੱਦਮੇ ਅਤੇ ਮਰਨ-ਮਾਰਨ ਦੀ ਬਿਰਤੀ ਹੋਰ ਬਲਵਾਨ ਹੋਵੇਗੀ।

ਸਮਾਜ ਦਾ ਕਰਤਵ ਹੈ ਕਿ ਉਹ ਹਰ ਕਿਸੇ ਨੂੰ ਸੁਰੱਖਿਅਤ ਵਾਤਾਵਰਣ ਵਿਚ ਭਰਪੂਰ ਜੀਵਨ ਜਿਉਣ ਦੀ ਭਾਵਨਾ ਅਤੇ ਪ੍ਰੇਰਨਾ ਦੇਵੇ।

ਜੇ ਅਜਿਹਾ ਨਾ ਹੋਇਆ ਤਾਂ ਹਰ ਕਿਸੇ ਦੇ ਜੀਵਨ ਵਿਚ ਸਫਲਤਾ ਅਤੇ ਅਸਫਲਤਾ ਦੋਵੇਂ ਦੁਖਾਂਤ ਬਣ ਜਾਣਗੀਆਂ।

ਚੰਗਾ ਜੀਵਨ, ਸਵੈ-ਕਾਬੂ ਤੋਂ ਬਿਨਾਂ ਸੰਭਵ ਨਹੀਂ ਹੁੰਦਾ।

ਬੇਚੈਨੀ ਅਤੇ ਉਦਾਸੀ, ਇਕਲਾਪਾ ਉਪਜਾਉਂਦੀਆਂ ਹਨ ਅਤੇ ਇਕਲਾਪਾ ਸਰੀਰ ਅਤੇ ਮਨ ਦੀ ਸ਼ਿਕਾਇਤ ਹੁੰਦਾ ਹੈ ਕਿ 'ਮੈਨੂੰ ਕੰਮ ਦਿਓ, ਮੈਨੂੰ ਸੁਣੋ।'

ਕੰਮ ਕਰਨਾ ਮਨੁੱਖ ਦਾ ਫਰਜ਼ ਹੀ ਨਹੀਂ, ਧਰਮ ਵੀ ਹੈ ਅਤੇ ਕੋਈ ਫਰਜ਼ ਅਜਿਹਾ ਨਹੀਂ ਹੁੰਦਾ, ਜਿਸ ਨੂੰ ਪੂਰਾ ਕਰਨ ਲਈ ਸਾਨੂੰ ਵਕਤ ਨਾ ਮਿਲੇ।

ਭਾਵੇਂ ਹਰ ਇਕ ਵਿਅਕਤੀ ਦੇ ਇਕਲਾਪੇ ਦੇ ਕਾਰਨ ਨਿਜੀ ਹੁੰਦੇ ਹਨ ਪਰ ਇਸ ਸਥਿਤੀ ਵਿਚੋਂ ਨਿਕਲਣ ਲਈ ਕੁਝ ਯਤਨ ਲਾਭਕਾਰੀ ਹੋ ਸਕਦੇ ਹਨ।

ਇਕਲਾਪੇ ਦੀ ਕੋਈ ਵੀ ਸਥਿਤੀ ਨਿਰੰਤਰ ਬਣੀ ਨਹੀਂ ਰਹਿ ਸਕਦੀ।

ਆਪਣੇ ਮਨ ਦੀ ਹਾਲਤ ਆਪਣੇ ਦੋਸਤਾਂ-ਮਿੱਤਰਾਂ ਨਾਲ ਸਾਂਝੀ ਕਰਕੇ, ਉਦਾਸੀ ਵਿਚੋਂ ਉਪਰ ਉਠਿਆ ਜਾ ਸਕਦਾ ਹੈ।

ਜਿਹੜੇ ਇਕੱਲਤਾ ਦੇ ਦਿਨਾਂ ਵਿਚ ਆਪਣੇ ਕਮਰੇ ਜਾਂ ਘਰ ਵਿਚ ਆਪਣੇ ਆਪ ਨੂੰ ਬੰਦ ਕਰ ਲੈਂਦੇ ਹਨ, ਉਹ ਆਪਣੀ ਸਥਿਤੀ ਆਪ ਵਿਗਾੜਦੇ ਹਨ।

ਨਿਤਾ-ਪ੍ਰਤੀ ਦੇ ਕੰਮਾਂ ਵਿਚ ਲਗਾਤਾਰ ਪਏ ਰਹਿਣ ਨਾਲ ਅਤੇ ਹਰ ਵੇਲੇ ਕੰਮ ਕਰਨ ਨਾਲ ਵੀ ਅਸੀਂ ਉਦਾਸ ਹੋ ਜਾਂਦੇ ਹਾਂ।

ਅਜਿਹੀ ਸਥਿਤੀ ਵਿਚ ਟੁਰ ਕੇ ਕਿਧਰੇ ਦੂਰ, ਨਵੀਂ ਥਾਂ 'ਤੇ ਜਾਣ ਨਾਲ, ਮਨ ਨੂੰ ਲੋੜੀਂਦਾ ਹੁਲਾਰਾ ਮਿਲੇਗਾ, ਭੁੱਖ ਲਗੇਗੀ ਅਤੇ ਨਵੀਂ ਥਾਂ 'ਤੇ ਖਾਣਾ-ਪੀਣਾ ਉਦਾਸੀ ਨੂੰ ਦੂਰ ਕਰਨ ਵਿਚ ਸਹਾਈ ਹੋਵੇਗਾ।

ਅਜਿਹੇ ਦਿਨਾਂ ਵਿਚ ਉਦਾਸ ਜਿਹੇ ਕਾਲੇ, ਸੁਰਮਈ ਜਾਂ ਗੂੜ੍ਹੇ ਰੰਗਾਂ ਦੀ ਥਾਂ ਖਿੜੇ ਹੋਏ, ਜਾਗਦੇ ਅਤੇ ਨਹਾਤੇ-ਧੋਤੇ ਰੰਗਾਂ ਜਿਵੇਂ, ਪੁਰਸ਼ਾਂ ਲਈ ਅਸਮਾਨੀ ਨੀਲੇ ਜਿਹੇ ਨਿਰਪੱਖ ਰੰਗਾਂ ਵਾਲੇ ਅਤੇ ਇਸਤਰੀਆਂ ਲਈ ਹਲਕੇ ਗੁਲਾਬੀ ਰੰਗਾਂ ਵਾਲੇ ਕਪੜੇ ਪਹਿਨਣ ਨਾਲ ਸਾਡੇ ਮਨ ਦੀ ਹਾਲਤ ਸੁਧਰ ਸਕਦੀ ਹੈ।

ਉਨ੍ਹਾਂ ਥਾਂਵਾਂ 'ਤੇ ਜਾਓ ਜਿਥੇ ਹਵਾ ਖੁੱਲ੍ਹੀ ਹੋਵੇ ਜਾਂ ਜਿਥੇ ਰੌਣਕ ਹੋਵੇ।

ਬਸੰਤ ਇਸ ਲਈ ਖੁਸ਼ੀ ਦਾ ਮੌਸਮ ਹੁੰਦੀ ਹੈ, ਕਿਉਂਕਿ ਇਸ ਮੌਸਮ ਵਿਚ ਸਭ ਪਾਸੇ ਦੀ ਹਰਿਆਵਲ ਨਾਲ ਹਵਾ ਵਧੇਰੇ ਖੁੱਲ੍ਹੀ ਅਤੇ ਸਵੱਛ ਹੁੰਦੀ ਹੈ।

ਇਵੇਂ ਹੀ ਪੱਤਝੜ ਹਰਿਆਵਲ ਦੇ ਘਟਣ ਕਾਰਨ ਉਦਾਸ ਹੁੰਦੀ ਹੈ।

ਜੇ ਸੰਗੀਤ ਦਾ ਸ਼ੌਕ ਹੈ ਤਾਂ ਆਪਣੇ ਮਨ ਦੀ ਸਥਿਤੀ ਅਨੁਸਾਰ ਡੂੰਘੇ ਅਰਥਾਂ ਵਾਲੇ ਉਦਾਸ ਧੁਨਾਂ ਵਿਚ ਗਾਏ ਪ੍ਰਸਿੱਧ ਗੀਤ ਸੁਣੋ, ਕੁਝ ਚਿਰ ਮਗਰੋਂ ਆਪਣੀ ਬੋਲੀ ਦੇ ਗੀਤ ਸੁਣਨ ਨਾਲ ਤਸੱਲੀ ਮਿਲੇਗੀ।

ਸੰਗੀਤ ਵਿਚ ਦਰਦ ਅਤੇ ਉਦਾਸੀ ਨੂੰ ਆਪਣੇ ਵਿਚ ਸਮੋ ਲੈਣ ਅਤੇ ਭਟਕਦੇ ਮਨ ਨੂੰ ਸ਼ਾਂਤ ਕਰਨ ਦੀ ਅਥਾਹ ਸਮਰਥਾ ਹੁੰਦੀ ਹੈ।

ਆਪਣੇ ਘਰ ਵਿਚ ਬੰਦ ਹੋਣ ਦੀ ਥਾਂ ਖੁੱਲ੍ਹੀ, ਧੁਪੀਲੀ ਥਾਂ 'ਤੇ ਵਿਚਰ ਕੇ ਸਾਨੂੰ ਵਧੇਰੇ ਸ਼ਕਤੀ ਅਤੇ ਧਰਵਾਸ ਮਿਲਦੀ ਹੈ।

ਦੂਜਿਆਂ ਨੂੰ ਵੇਖ ਕੇ ਆਪਣੇ ਇਕੱਲੇ ਹੋਣ ਦਾ ਭਰਮ ਜਾਂਦਾ ਰਹਿੰਦਾ ਹੈ।

ਬਿਜਲੀ ਦੀ ਧੁੰਦਲੀ ਰੋਸ਼ਨੀ ਉਦਾਸ ਵਿਅਕਤੀ ਨੂੰ ਇਕਲਾਪੇ ਦਾ ਵਧੇਰੇ ਅਹਿਸਾਸ ਦਿੰਦੀ ਹੈ, ਜਦੋਂ ਕਿ ਸੂਰਜ ਅਤੇ ਚੰਦਰਮਾ ਦੀ ਰੋਸ਼ਨੀ ਸਾਡੇ ਵਿਚ ਉਤਸ਼ਾਹ ਅਤੇ ਸਹਿਜ ਦੀ ਭਾਵਨਾ ਜਗਾਉਂਦੀ ਹੈ।

ਬੇਆਰਾਮੀ ਵੀ ਸਾਡੇ ਵਿਚ ਇਕਲਾਪੇ ਦੀ ਭਾਵਨਾ ਨੂੰ ਤੀਬਰ ਕਰਦੀ ਹੈ ਅਤੇ ਬਹੁਤੀਆਂ ਹਾਲਤਾਂ ਵਿਚ ਕੁਝ ਘੰਟੇ ਦੇ ਆਰਾਮ ਅਤੇ ਇਕ ਰਾਤ ਦੀ ਚੰਗੀ ਨੀਂਦਰ ਨਾਲ ਹੀ ਅਸੀਂ ਸੱਜਰੇ ਹੋ ਜਾਂਦੇ ਹਾਂ।

ਇਨ੍ਹਾਂ ਢੰਗਾਂ ਤਰੀਕਿਆਂ ਤੋਂ ਵੀ ਵੱਧ ਲੋੜ ਇਸ ਗੱਲ ਦੀ ਹੈ ਕਿ ਅਸੀਂ ਜਿਵੇਂ ਵੀ ਹਾਂ, ਆਪਣੇ ਆਪ ਨੂੰ ਪ੍ਰਵਾਨ ਕਰੀਏ ਅਤੇ ਜ਼ਿੰਦਗੀ ਵਿਚਲੀਆਂ ਘਾਟਾਂ ਦੀ ਥਾਂ ਆਪਣੇ ਜੀਵਨ ਦੀਆਂ ਬਰਕਤਾਂ ਗਿਣੀਏ।

☆☆☆

ਅਨੁਭਵ

ਕੋਈ ਵੀ ਵਿਅਕਤੀ ਆਪਣੇ ਅਨੁਭਵ ਦੇ ਘੇਰੇ ਤੋਂ ਬਾਹਰ ਨਹੀਂ ਜਾ ਸਕਦਾ।

ਜਦੋਂ ਅਸੀਂ ਲੰਮੇ ਸਫਰ 'ਤੇ ਨਿਕਲਦੇ ਹਾਂ ਤਾਂ ਨਜ਼ਾਰੇ ਆਮ ਕਰ ਕੇ ਪੁਰਾਣੇ ਹੀ ਹੁੰਦੇ ਹਨ ਪਰ ਅਸੀਂ ਪੁਰਾਣੇ ਨਜ਼ਾਰਿਆਂ ਨੂੰ ਨਵੀਆਂ ਅੱਖਾਂ ਨਾਲ ਵੇਖਦੇ ਹਾਂ, ਇਸੇ ਲਈ ਉਹ ਮਾਣਨਯੋਗ ਹੋ ਨਿਬੜਦੇ ਹਨ।

ਜਦੋਂ ਕੋਈ ਉਹ ਮਿਲ ਪਵੇ, ਜਿਹੜਾ ਸਾਨੂੰ ਪਿਆਰਾ ਲੱਗੇ ਅਤੇ ਜਿਹੜਾ ਸਾਨੂੰ ਪਿਆਰ ਵੀ ਕਰਦਾ ਹੋਵੇ, ਉਸੇ ਪਲ ਵਾਤਾਵਰਣ ਰਮਣੀਕ, ਤਿਉਹਾਰ ਅਤੇ ਛੁੱਟੀ ਵਾਲਾ ਬਣ ਜਾਂਦਾ ਹੈ।

ਜੋ ਕੁਝ ਵੀ ਅਸੀਂ ਦਿਲ ਦੀ ਬੋਲੀ ਵਿਚ ਬੋਲਦੇ ਹਾਂ, ਉਸ ਵਿਚ ਸਾਡੀ ਜਨਮ-ਭੂਮੀ ਦੀ ਤਾਸੀਰ ਅਤੇ ਸਾਡੇ ਇਤਿਹਾਸ-ਸਭਿਆਚਾਰ ਦਾ ਰੰਗ ਹੁੰਦਾ ਹੈ।

ਮਨੁੱਖ ਕਿਧਰੇ ਵੀ ਵਸੇ, ਉਸ ਦਾ ਰੂਹਾਨੀ ਕੱਦ ਉਸ ਦੇ ਕਰਮਾਂ 'ਤੇ ਨਿਰਭਰ ਕਰਦਾ ਹੈ, ਜਦੋਂ ਕਿ ਉਸ ਦਾ ਜਿਸਮਾਨੀ ਕੱਦ ਉਥੋਂ ਦਾ ਪੌਣ-ਪਾਣੀ ਨਿਰਧਾਰਤ ਕਰਦਾ ਹੈ।

ਵੇਖਿਆ ਗਿਆ ਹੈ ਕਿ ਜਦੋਂ ਮਨੁੱਖ ਭੋਜਨ ਦੀ ਚਿੰਤਾ ਤੋਂ ਮੁਕਤ ਹੋ ਜਾਂਦਾ ਹੈ ਤਾਂ ਉਹ ਸਵੈਮਾਣ ਅਤੇ ਅਣਖ ਲਈ ਲੜਦਾ ਹੈ।

ਉਸ ਦੀ ਨਜ਼ਰ ਸਰੀਰ ਤੋਂ ਉਠ ਕੇ ਮਨ ਅਤੇ ਰੂਹ ਉਤੇ ਟਿਕ ਜਾਂਦੀ ਹੈ।

ਅਜਿਹੀ ਅਵਸਥਾ ਵਿਚ ਸਾਦੇ ਜਿਹੇ ਵਾਕ, ਸਿਰਜਣਾਤਮਕ ਅਤੇ ਗੰਭੀਰ ਆਤਮਾ ਦੀ ਥਰਥਰਾਹਟ ਨਾਲ ਕਵਿਤਾ ਬਣ ਜਾਂਦੇ ਹਨ।

ਜੀਵਨ ਕਦੀ ਵੀ ਸਿੱਧੀ ਰੇਖਾ ਵਿਚ ਨਹੀਂ ਵਿਗਸਦਾ, ਇਸ ਦੇ ਰਾਹ ਉਤੇ ਜਿਤਨੇ ਵਧੇਰੇ ਮੋੜ ਆਉਂਦੇ ਹਨ, ਉਤਨੀ ਹੀ ਇਸ ਦੇ ਨੈਣ-ਨਕਸ਼ਾਂ ਵਿਚ ਰੌਣਕ ਵੱਧਦੀ ਹੈ।

ਜੀਵਨ ਵਿਚ ਕੰਮਾਂ ਅਤੇ ਰੁਝੇਵਿਆਂ ਦਾ ਜਿਤਨਾ ਦਬਾਅ ਅਤੇ ਬੋਝ ਵੱਧਦਾ ਹੈ, ਉਤਨਾ ਹੀ ਇਸ ਦਾ ਵਧੇਰੇ ਵਿਕਾਸ ਹੁੰਦਾ ਹੈ।

ਇਤਿਹਾਸ ਅਤੇ ਪੌਣ-ਪਾਣੀ ਨੇ ਸਾਨੂੰ ਭਾਰਤੀਆਂ ਅਤੇ ਵਿਸ਼ੇਸ਼ ਕਰਕੇ ਪੰਜਾਬੀਆਂ ਨੂੰ, ਧੀਮੇ ਬੋਲ ਵਾਲੀ ਕੌਮ ਨਹੀਂ ਬਣਨ ਦਿੱਤਾ।

ਅਸੀਂ ਪਿਆਰ ਮੁਹੱਬਤ ਦੀਆਂ ਗੱਲਾਂ ਵੀ ਉੱਚੀ ਸੁਰ ਵਿਚ ਕਰਦੇ ਹਾਂ।

ਸਾਡੇ ਸਾਜ਼ ਖੜਕਦੇ ਹਨ, ਸਾਡੇ ਨਾਚ ਤਿੱਖੇ ਹਨ, ਸਾਡੇ ਸਾਹਿਤ ਦਾ ਮੁਹਾਵਰਾ ਸਿੱਧਾ ਹੈ, ਸਾਡੀ ਬਿਰਤੀ ਸਰਲ ਹੈ।

ਇਤਿਹਾਸ ਨੇ ਸਾਨੂੰ ਟਿਕ ਕੇ ਬਹਿਣ ਨਹੀਂ ਦਿੱਤਾ। ਇਸੇ ਲਈ ਆਪਣੇ ਆਪ ਨੂੰ ਪ੍ਰਗਟਾਉਣ ਲਈ ਅਸੀਂ ਦਰਿਆਵਾਂ ਦਾ ਹਵਾਲਾ ਦਿੰਦੇ ਹਾਂ। ਅਸੀਂ ਲੰਮੇ ਸਫ਼ਰ 'ਤੇ ਨਿਕਲੇ ਯਾਤਰੀ ਹਾਂ। ਵਿਕਾਸ, ਬਦਲਾਓ ਅਤੇ ਪਰਿਵਰਤਨ ਸਾਡੀ ਪਛਾਣ ਹਨ ਪਰ ਸਾਡੀਆਂ ਜੜ੍ਹਾਂ ਪਰੰਪਰਾ ਵਿਚ ਡੂੰਘੀਆਂ ਧਸੀਆ ਹੋਈਆਂ ਹਨ।

ਸਾਡੀ ਹੋਂਦ ਸਮੁੱਚੀ ਮਾਨਵ ਜਾਤੀ ਦੇ ਅਧਿਐਨ ਦਾ ਇਕ ਕਾਂਡ ਹੈ।

ਅਸੀਂ ਡਿਗ-ਡਿਗ ਕੇ ਉਭਰਦੇ ਰਹੇ, ਉਭਰ-ਉਭਰ ਕੇ ਡਿਗਦੇ ਰਹੇ। ਅਸੀਂ ਕਦੀ ਪਰਛਾਵਾਂ ਬਣੇ ਅਤੇ ਕਦੀ ਰੌਸ਼ਨੀ ਦਾ ਮੀਨਾਰ।

ਨਿਰੰਤਰ ਵਹਿੰਦੇ ਰਹਿਣਾ ਸਾਡਾ ਚਾਅ ਰਿਹਾ ਹੈ।

ਮਨੁੱਖ ਇਕੋ ਵੇਲੇ ਟਿਕਾਓ ਲਈ ਵੀ ਤਾਂਘਦਾ ਹੈ ਅਤੇ ਪਰਿਵਤਰਨ ਵੀ ਚਾਹੁੰਦਾ ਹੈ। ਅਸੀਂ ਆਪਣੀ ਪਛਾਣ ਆਪਣੇ ਨਾਂ, ਇਲਾਕੇ, ਬੋਲੀ, ਸੰਗੀਤ, ਸਾਹਿਤ ਆਦਿ ਰਾਹੀਂ ਵੀ ਕਰਵਾਉਣੀ ਚਾਹੁੰਦੇ ਹਾਂ ਪਰ ਨਾਲ ਹੀ ਇਹ ਵੀ ਚਾਹੁੰਦੇ ਹਾਂ ਕਿ ਸਾਡੀ ਪਛਾਣ ਇਨ੍ਹਾਂ ਦੇ ਸਮੁੱਚੇ ਜੋੜ ਨਾਲੋਂ ਵੱਡੀ ਸਵੀਕਾਰ ਕੀਤੀ ਜਾਵੇ।

ਯਹੂਦੀਆਂ ਨੂੰ ਸਾਰੀ ਦੁਨੀਆਂ ਵਿਚ ਖਿੰਡਾ ਦਿੱਤਾ ਗਿਆ ਸੀ ਪਰ ਮਾਤਰਭੂਮੀ ਦੇ ਸੁਪਨੇ ਨੇ ਉਨ੍ਹਾਂ ਨੂੰ ਮਿੱਟਣ ਨਹੀਂ ਦਿੱਤਾ।

ਵਾਸਤਵਿਕਤਾ ਉਨ੍ਹਾਂ ਦੇ ਵਿਰੁਧ ਸੀ, ਸੁਪਨਾ ਉਨ੍ਹਾਂ ਦੇ ਪੱਖ ਵਿਚ ਸੀ।

ਕਈ ਦਰਿਆ ਧਰਤੀ ਉਤੇ ਵਗਦੇ ਹਨ ਅਤੇ ਕਈ ਮਾਰੂਥਲਾਂ ਦੇ ਧੁਰ ਥੱਲੇ ਵਹਿੰਦੇ ਹਨ ਅਤੇ ਕਈ ਮਨੁੱਖ ਦੀ ਕਲਪਨਾ ਵਿਚ ਵਗਦੇ ਹਨ।

ਕਈ ਵਾਰੀ ਸਾਰਾ ਜ਼ਮਾਨਾ ਸਾਡੇ ਵਿਰੁਧ ਹੁੰਦਾ ਰਹਿੰਦਾ ਹੈ, ਕੇਵਲ ਆਪਣਾ ਮਨ ਹੀ ਸਾਡੇ ਆਪਣੇ ਪੱਖ ਵਿਚ ਹੁੰਦਾ ਹੈ।

ਟਿਕਾਓ ਜੀਵਨ ਦੀ ਬੁਨਿਆਦੀ ਅਭਿਲਾਸ਼ਾ ਹੈ, ਪਰ ਟਿਕਾਓ ਜੀਵਨ ਨਹੀਂ ਹੁੰਦਾ। ਜਨਮ ਤੋਂ ਹੀਂ ਬੱਚਾ ਹਰ ਪਲ ਵਿਕਸਿਤ ਹੁੰਦਾ ਹੈ। ਉਦੇਸ਼ ਟਿਕਾਓ ਹੀ ਹੁੰਦਾ ਹੈ ਪਰ ਯਤਨ ਵਿਚ, ਤਬਦੀਲੀ ਕੇਂਦਰੀ ਨੁਕਤਾ ਹੁੰਦੀ ਹੈ।

ਬੇੜੀ ਦਾ ਉਦੇਸ਼ ਸਾਹਿਲ 'ਤੇ ਟਿਕਣਾ ਹੁੰਦਾ ਹੈ ਪਰ ਹਰੇਕ ਬੇੜੀ ਬਣਾਈ ਸਮੁੰਦਰ ਵਾਸਤੇ ਹੀ ਜਾਂਦੀ ਹੈ।

ਕੋਈ ਵੀ ਇਕ ਸਥਿਤੀ ਮਨੁੱਖ ਨੂੰ ਲੰਮਾ ਅਰਸਾ ਪ੍ਰਭਾਵਿਤ ਨਹੀਂ ਕਰਦੀ, ਉਹ ਪਰਿਵਰਤਨ, ਵਿਕਾਸ ਅਤੇ ਤਬਦੀਲੀ ਲਈ ਉਦੋਂ ਸਭ ਤੋਂ ਵੱਧ ਤਾਂਘਦਾ ਹੈ, ਜਦੋਂ ਉਸ ਦੇ ਆਲੇ-ਦੁਆਲੇ ਵਿਚ ਖੜੋਤ ਹੋਵੇ।

ਅਮਨ ਦਾ ਅਕਾਇਆ ਅਤੇ ਸਤਾਇਆ ਉਹ ਹਥਿਆਰ ਲਿਸ਼ਕਾਉਂਦਾ ਹੈ, ਹਥਿਆਰਾਂ ਦਾ ਭੰਭਿਆ ਉਹ ਅਮਨ ਲਈ ਤਾਂਘਦਾ ਹੈ।

ਮਨ ਦੇ ਖਾਲੀਪਣ ਨੂੰ ਭਰਨ ਲਈ ਉਹ ਵਸਤਾਂ ਇਕੱਠੀਆਂ ਕਰਦਾ ਹੈ ਪਰ ਵਸਤਾਂ ਤੋਂ ਉਪਜੀ ਉਪਰਾਮਤਾ ਨਾਲ ਉਹ ਮਨ ਦੇ ਮੁਹੱਲਿਆਂ ਵਿਚ ਗੁਆਚੇ ਚੈਨ ਨੂੰ ਤਲਾਸ਼ਦਾ ਹੈ।

ਬੜੇ ਅਰਸੇ ਮਗਰੋਂ ਉਸ ਨੂੰ ਸਮਝ ਆਉਂਦੀ ਹੈ ਕਿ ਸੁੱਖ ਵਸਤੂਆਂ ਵਿਚ ਨਹੀਂ, ਮਨੁੱਖ ਦੀ ਸੋਚਣੀ ਵਿਚ ਹੁੰਦਾ ਹੈ।

ਸਦਾ ਤਾਂਘਵਾਨ ਰਹਿਣਾ ਮਨੁੱਖ ਦੀ ਆਦਤ ਹੈ।

ਹਵਾ ਅਤੇ ਪਾਣੀ ਜਿਊਂਦੇ ਰਹਿਣ ਲਈ ਲਾਜ਼ਮੀ ਹਨ। ਜਦੋਂ ਮਨੁੱਖ ਹਵਾ ਅਤੇ ਪਾਣੀ ਦੇ ਪੱਖੋਂ ਸੁਰਖਰੂ ਹੋ ਜਾਵੇ ਤਾਂ ਉਹ ਭੋਜਨ ਲਈ ਤਾਂਘਦਾ ਹੈ। ਜਦੋਂ ਭੋਜਨ ਨਿਰਧਾਰਤ ਹੋ ਜਾਵੇ ਤਾਂ ਮਨੁੱਖ ਸਿਰ ਉਤੇ ਛੱਤ ਲਈ ਯਤਨ ਕਰਦਾ ਹੈ। ਛੱਤ ਪ੍ਰਾਪਤ ਕਰ ਕੇ ਉਹ ਦੀਵਾਰਾਂ ਅੰਦਰਲੀ ਖਾਲੀ ਥਾਂ ਨੂੰ ਭਰਨ ਲਗ ਜਾਂਦਾ ਹੈ ਅਤੇ ਆਪਣੇ ਦੁਸ਼ਮਣਾਂ, ਚੋਰਾਂ ਆਦਿ ਤੋਂ ਆਪਣੀ ਰੱਖਿਆ ਕਰਦਾ ਹੈ।

ਜਦੋਂ ਮਨੁੱਖ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਹੋ ਜਾਣ ਤਾਂ ਉਹ ਮਾਣ-ਸਤਿਕਾਰ ਪ੍ਰਾਪਤ ਕਰਨ, ਪਤਵੰਤਾ ਅਖਵਾਉਣ ਦੇ ਯਤਨਾਂ ਵਿਚ ਰੁਝ ਜਾਂਦਾ ਹੈ।

ਉਹ ਕਿਸੇ ਵੀ ਸਥਿਤੀ ਵਿਚ ਹੋਵੇ, ਉਸ ਤੋਂ ਅਗਲੇਰੀ, ਉਚੇਰੀ ਸਥਿਤੀ, ਉਸ ਨੂੰ ਸੈਨਤਾਂ ਕਰਦੀ ਹੈ ਅਤੇ ਉਹ ਨਵੇਂ ਖੇਤਰਾਂ ਵਲ ਵੱਧਦਾ ਹੈ ਅਤੇ ਨਵੇਂ ਸਬੰਧਾਂ ਵਿਚ ਪ੍ਰਵੇਸ਼ ਕਰਦਾ ਹੈ। ਕਿਸੇ ਟੋਲੇ, ਸਮੂਹ, ਜੱਥੇ, ਪਾਰਟੀ ਆਦਿ ਦਾ ਆਗੂ ਬਣਨਾ ਉਸ ਦੀ ਸਮਾਜਿਕ ਲੋੜ ਬਣ ਜਾਂਦੀ ਹੈ ਅਤੇ ਪ੍ਰਸ਼ੰਸਾ, ਸਨਮਾਨ ਅਤੇ ਮਾਨਤਾ ਉਸ ਦੀਆਂ ਭਾਵਨਾਤਮਕ ਲੋੜਾਂ ਬਣ ਜਾਂਦੀਆਂ ਹਨ।

ਮਨੁੱਖ ਭਾਵੇਂ ਕਿਤਨਾ ਕੁਝ ਪ੍ਰਾਪਤ ਕਰ ਲਵੇ, ਉਹ ਸੰਤੁਸ਼ਟ ਨਹੀਂ ਹੁੰਦਾ।

ਜਦੋਂ ਵਸਤਾਂ ਅਤੇ ਕਮਾਈਆਂ ਨਾਲ ਵੀ ਉਹ ਨਹੀਂ ਪਰਚਦਾ ਤਾਂ ਉਹ ਉਮਰ ਦੇ ਉਸ ਪੜਾਅ 'ਤੇ ਪਹੁੰਚ ਚੁੱਕਾ ਹੁੰਦਾ ਹੈ ਜਦੋਂ ਉਸ ਵਿਚ ਅਸੰਤੁਸ਼ਟਤਾ ਦਾ ਭੇਤ ਜਾਣਨ ਦੀ ਦਾਰਸ਼ਨਿਕ ਇੱਛਾ ਜਾਗਦੀ ਹੈ।

ਜਿਨ੍ਹਾਂ ਦੀ ਸੋਚ ਵਿਚ ਗਿਆਨ ਦਾ ਸੰਕਲਪ ਕੇਵਲ ਕਮਾਈ ਨਾਲ ਬੱਝਾ ਹੋਇਆ ਹੈ, ਉਹ ਸੱਚੇ ਗਿਆਨ ਦੇ ਸਨਮੁਖ ਨਹੀਂ ਹੁੰਦੇ, ਉਹ ਸੱਚ ਨਹੀਂ ਬੋਲਦੇ।

ਸੱਚ ਬੋਲਣ ਦਾ ਭਾਵੇਂ ਕੋਈ ਉਦੇਸ਼ ਨਾ ਹੋਵੇ ਪਰ ਝੂਠ ਬਿਨਾਂ ਮਕਸਦ ਤੋਂ ਕਦੇ ਵੀ, ਕਿਧਰੇ ਵੀ ਬੋਲਿਆ ਹੀ ਨਹੀਂ ਜਾ ਸਕਦਾ।

ਗਿਆਨ ਦੀ ਯਾਤਰਾ ਸ਼ੁਰੂ ਹੀ ਖੱਟੀਆਂ-ਕਮਾਈਆਂ ਦੇ ਚੱਕਰ ਤੋਂ ਬਾਹਰ ਨਿਕਲਣ ਨਾਲ ਸੰਭਵ ਹੁੰਦੀ ਹੈ।

ਜੀਵਨ ਦੀ ਕਾਰੋਬਾਰੀ ਭਾਸ਼ਾ ਵਿਚ ਆਨੰਦ ਦਾ ਕੋਈ ਸੰਕਲਪ ਨਹੀਂ।

ਗਿਆਨ ਪ੍ਰਾਪਤੀ ਦੀ ਇੱਛਾ ਤਾਂ ਸਭ ਵਿਚ ਹੁੰਦੀ ਹੈ ਪਰ ਇਸ ਅਨੁਭਵ ਦੀ ਪੀੜ ਹੰਢਾਉਣ ਦਾ ਸਿਦਕ ਸਭ ਵਿਚ ਨਹੀਂ ਹੁੰਦਾ।

ਅਸੀਂ ਉਤਨਾ ਚਿਰ ਹੀ ਪ੍ਰਸੰਨ ਰਹਿ ਸਕਦੇ ਹਾਂ ਜਦੋਂ ਤਕ ਅਸੀਂ ਸੋਚਦੇ ਨਹੀਂ।

ਸੋਚਣ ਨਾਲ ਦਰਦ ਵੱਧਦਾ ਹੈ।

ਇਸ ਦਰਦ ਨੂੰ ਹੰਢਾਉਣ ਦਾ ਹਰ ਕਿਸੇ ਵਿਚ ਸਲੀਕਾ ਨਹੀਂ ਹੁੰਦਾ।

ਸੋਚਣਾ ਇਕ ਜ਼ਿੰਮੇਵਾਰੀ ਹੈ ਅਤੇ ਜ਼ਿੰਮੇਵਾਰੀ ਤੋਂ ਬਿਨਾਂ ਸਥਿਰਤਾ ਸੰਭਵ ਨਹੀਂ ਹੁੰਦੀ। ਜੇਕਰ ਮਨੁੱਖ ਸੋਚੇਗਾ ਨਹੀਂ ਤਾਂ ਉਹ ਸਾਰੀ ਉਮਰ ਕਬਾੜੀ ਬਣਿਆ ਰਹੇਗਾ।

ਉਸ ਵਿਚ ਲੰਮੇ ਦਰਿਆਵਾਂ ਅਤੇ ਉਚੇ ਪਹਾੜਾਂ ਨਾਲ ਰਿਸ਼ਤੇ ਨਿਭਾਉਣ ਦੀ ਜੋਗਤਾ ਨਹੀਂ ਉਸਰੇਗੀ।

ਉਂਜ ਤਾਂ ਹਰ ਮਨੁੱਖ ਦੂਜਿਆਂ ਦੀ ਪ੍ਰਵਾਨਗੀ ਦਾ ਅਭਿਲਾਸ਼ੀ ਹੁੰਦਾ ਹੈ ਅਤੇ ਦੂਜਿਆਂ ਦਾ ਸਿਰ ਆਪਣੀ ਹੋਂਦ ਦੇ ਹੁੰਗਾਰੇ ਵਿਚ ਹਿਲਦਾ ਵੇਖਣਾ ਚਾਹੁੰਦਾ ਹੈ ਪਰ ਸੰਤੁਸ਼ਟ ਉਹ ਉਸੇ ਪ੍ਰਵਾਨਗੀ ਨਾਲ ਹੋਵੇਗਾ, ਜਿਹੜੀ ਉਸ ਦੇ ਅੰਦਰੋਂ ਉਭਰੇਗੀ। ਜਦੋਂ ਉਸ ਨੂੰ ਸੰਤੁਸ਼ਟਤਾ ਭਰੀ ਚੁੱਪ ਦਾ ਸਲੀਕਾ ਆ ਜਾਵੇਗਾ ਤਾਂ ਉਸ ਦੀ ਸ਼ਖ਼ਸੀਅਤ ਵਿਚੋਂ ਉਤਾਵਲਾਪਣ, ਬੱਚੇ ਦੀ ਸਲੇਟ ਉਤੋਂ ਬੁਝੇ ਹੋਏ ਸਵਾਲ ਵਾਂਗ ਲੋਪ ਹੋ ਜਾਵੇਗਾ। ਉਸ ਵਿਚੋਂ ਭੀੜ ਦੇ ਮੋਢਿਆਂ 'ਤੇ ਚੜ੍ਹ ਕੇ ਉੱਚਾ ਹੋਣ ਦੀ ਲਾਲਸਾ ਅਤੇ ਸਨਮਾਨ ਕਰਵਾਉਣ ਦੀ ਰੀਝ ਬੁਝ ਜਾਂਦੀ ਹੈ ਅਤੇ ਉਸ ਵਿਚ ਇਕੱਲਿਆਂ ਵਿਚਰਨ, ਖੁੱਲ੍ਹੀਆਂ ਪੌਣਾਂ ਅਤੇ ਵਗਦੇ ਪਾਣੀਆਂ ਵਾਂਗ, ਸਦਾ ਜਗਿਆਸੂ ਅਤੇ ਯਾਤਰੂ ਬਣਨ ਦੀ ਇੱਛਾ, ਪੀਂਘ ਵਾਂਗ ਹੁਲਾਰਾ ਮਾਰਦੀ ਹੈ।

ਮਨੁੱਖ ਨੂੰ ਆਪਣਾ ਆਪ ਸਮਝ ਹੀ ਉਦੋਂ ਆਉਂਦਾ ਹੈ, ਜਦੋਂ ਉਹ ਆਪਣੇ ਤੋਂ ਪਾਰ ਵੇਖਦਾ ਹੈ। ਖਿਆਲੀ ਵਿਚਾਰ, ਪ੍ਰਕ੍ਰਿਤੀ ਤੋਂ ਟੁੱਟੇ ਮਨੁੱਖ ਦਾ ਹੀ ਖੇਤਰ ਹੁੰਦੇ ਹਨ।

ਸਾਡਾ ਸਾਰਿਆਂ ਦਾ ਦੂਜਿਆਂ ਨੂੰ ਤੱਕਣ ਅਤੇ ਛੂਹਣ ਦਾ ਢੰਗ ਵੱਖਰਾ-ਵੱਖਰਾ, ਪੱਧਰ ਵੱਖਰੀ-ਵੱਖਰੀ ਅਤੇ ਪ੍ਰਭਾਵ ਵੱਖਰਾ-ਵੱਖਰਾ ਹੁੰਦਾ ਹੈ।

ਮੁੱਖ ਤੌਰ 'ਤੇ ਇਹ ਢੰਗ ਤਰੀਕਾ ਅਸੀਂ ਬੱਚਪਨ ਵਿਚ ਆਪਣੇ ਮਾਪਿਆਂ ਤੋਂ ਪ੍ਰਾਪਤ ਹੋਣ ਵਾਲੇ ਅਜਿਹੇ ਹੀ ਅਨੁਭਵਾਂ ਤੋਂ ਸਿਖਦੇ ਹਾਂ।

ਦੂਜਿਆਂ ਵਲ ਤੱਕਣ ਅਤੇ ਛੂਹਣ ਦੇ ਅਨੁਭਵ ਦੁਨੀਆਂ ਨਾਲ ਸਾਡੇ ਰਿਸ਼ਤੇ ਦੀ ਪੱਧਰ ਨੂੰ ਨਿਰਧਾਰਤ ਕਰਦੇ ਹਨ।

ਕਈ ਲੋਕ ਕਤਲ ਕਰ ਕੇ ਵੀ ਸਾਬਤੇ-ਸਬੂਤੇ ਦਿਸਦੇ ਰਹਿੰਦੇ ਹਨ ਅਤੇ ਕਈ ਅਜਿਹੇ ਸੰਵੇਦਨਸ਼ੀਲ ਅਤੇ ਭਾਵਕ ਹੁੰਦੇ ਹਨ, ਜਿਨ੍ਹਾਂ ਨਾਲ ਵਧੀਕੀ ਦੂਜੇ ਕਰ ਰਹੇ ਹੁੰਦੇ ਹਨ, ਪਰ ਸ਼ਰਮ ਇਨ੍ਹਾਂ ਨੂੰ ਆ ਰਹੀ ਹੁੰਦੀ ਹੈ।

ਇਹ ਭੁਲੇਖਾ ਹੈ ਕਿ ਮਰੀਜ਼ ਦਵਾਈਆਂ ਨਾਲ ਠੀਕ ਹੁੰਦੇ ਹਨ, ਮਰੀਜ਼ ਡਾਕਟਰਾਂ, ਨਰਸਾਂ ਦੀ ਤੱਕਣੀ ਅਤੇ ਛੋਹ ਨਾਲ ਠੀਕ ਹੁੰਦੇ ਹਨ।

ਜੇ ਡਾਕਟਰ ਦੀ ਨਜ਼ਰ ਵਿਚ ਦਰਦ ਹੈ ਅਤੇ ਉਸ ਦੀ ਛੋਹ ਵਿਚ ਮਮਤਾ ਹੈ ਤਾਂ ਬੇਇਲਾਜ ਵੀ ਅਰੋਗ ਹੋ ਜਾਂਦੇ ਹਨ, ਨਹੀਂ ਤਾਂ ਮਰੀਜ਼ ਕਹਿੰਦੇ ਸੁਣੇ ਗਏ ਹਨ, 'ਮੁੱਕ ਗਈ ਕੁੱਲ ਪਛਾਣ, ਚਲੋ ਸ਼ਮਸ਼ਾਨਾਂ ਨੂੰ ਚਲੀਏ।'

ਸਾਡਾ ਦੂਜਿਆਂ ਨਾਲ ਵਿਹਾਰ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਆਪਣੇ ਆਪ ਬਾਰੇ ਕੀ ਸੋਚਦੇ ਹਾਂ।

ਜੇ ਆਪਣੇ ਆਪ ਬਾਰੇ ਸਾਡੀ ਸੋਚ ਉਸਾਰੂ ਅਤੇ ਨਰੋਈ ਹੈ ਤਾਂ ਅਸੀਂ ਘੱਟ ਬੋਲਾਂਗੇ ਅਤੇ ਸਾਡੇ ਵਿਚ ਬਹੁਤ ਕੁਝ ਮੁਆਫ਼ ਕਰਨ ਅਤੇ ਅਣਡਿੱਠ ਕਰਨ ਦੀ ਯੋਗਤਾ ਹੋਵੇਗੀ।

ਜੇ ਸਾਡੀ ਆਪਣੇ ਆਪ ਬਾਰੇ ਸੋਚ ਚੰਗੀ ਨਹੀਂ ਤਾਂ ਨਾ ਕੇਵਲ ਅਸੀਂ ਵਧੇਰੇ ਬੋਲਾਂਗੇ ਸਗੋਂ ਨਿੱਕੀ-ਨਿੱਕੀ ਗੱਲ 'ਤੇ ਭੜਕ ਉਠਾਂਗੇ।

ਗਲਤੀਆਂ ਤਾਂ ਅਸੀਂ ਸਾਰੇ ਹੀ ਕਰਦੇ ਹਾਂ ਪਰ ਗਲਤੀਆਂ ਮੰਨਣ ਦੀ ਦਲੇਰੀ ਤਾਂ ਹੀ ਆਵੇਗੀ ਜੇ ਆਪਣੀਆਂ ਨਜ਼ਰਾਂ ਵਿਚ ਅਸੀਂ ਆਪ ਉੱਚੇ ਹੋਈਏ।

ਸਾਡੇ ਜੀਵਨ ਵਿਚ ਜੋ ਕੁਝ ਅਚਨਚੇਤ ਵਾਪਰਦਾ ਹੈ, ਉਹ ਨਾ ਹੰਢਣਸਾਰ ਹੁੰਦਾ ਹੈ ਨਾ ਲਾਭਦਾਇਕ। ਅਚਾਨਕ ਤਾਂ ਭੂਚਾਲ ਹੀ ਆਉਂਦੇ ਹਨ, ਅਚਨਚੇਤ ਤਾਂ ਕਿਸੇ ਦੀ ਮੌਤ ਹੀ ਹੁੰਦੀ ਹੈ। ਕੁਝ ਵੀ ਸਾਵਾਂ-ਸੁਖਾਵਾਂ ਅਚਨਚੇਤ ਨਹੀਂ ਵਾਪਰਦਾ।

ਅਚਨਚੇਤ, ਸਹਿਜ ਦਾ ਭੁਲੇਖਾ ਅਤੇ ਪਛਾਵਾਂ ਹੁੰਦਾ ਹੈ।

ਚੰਗਾ ਉਹੀ ਹੁੰਦਾ ਹੈ ਜਿਹੜਾ ਸਹਿਜ ਢੰਗ ਨਾਲ ਵਾਪਰੇ ਪਰ ਸਾਡੀ ਪਛਾਵਿਆਂ ਦੇ ਪਿੱਛੇ ਜਾਣ ਦੀ ਬਿਰਤੀ ਵੀ ਬੜੀ ਬਲਵਾਨ ਹੈ।

ਜਦੋਂ ਇਕ ਵਿਅਕਤੀ ਨੇ ਆਪਣੇ ਪਛਾਵੇਂ ਬਾਰੇ ਸੋਚਣਾ ਆਰੰਭ ਕੀਤਾ ਤਾਂ ਉਹ ਆਪਣੇ ਤੋਂ ਬਹੁਤ ਦੂਰ ਨਿਕਲ ਗਿਆ। ਪਹਿਲਾਂ ਤਾਂ ਉਸ ਨੂੰ ਇਵੇਂ ਲਗਿਆ ਜਿਵੇਂ ਉਸ ਦਾ ਪਛਾਵਾਂ ਉਸ ਨਾਲੋਂ ਕੋਈ ਵੱਖਰਾ ਵਿਅਕਤੀ ਹੈ। ਫਿਰ ਉਸ ਨੂੰ ਇਜ ਲਗਿਆ ਜਿਵੇਂ ਪਛਾਵਾਂ ਉਸ ਦਾ ਦੁਸ਼ਮਣ ਹੈ, ਜਿਹੜਾ ਉਸ ਦੀ ਹਰ ਹਰਕਤ ਨੂੰ ਉਲਟੇ ਢੰਗ ਨਾਲ ਕਰਦਾ ਹੈ। ਉਸ ਨੂੰ ਇਵੇਂ ਲਗਿਆ ਜਿਵੇਂ ਪਛਾਵਾਂ ਅੱਗੇ ਹੋ ਕੇ ਉਸ ਨੂੰ ਕਹਿ ਰਿਹਾ ਹੈ, ਜਿਵੇਂ ਮੈਂ ਕਰਾਂ ਉਵੇਂ ਤੂੰ ਕਰ। ਜਦੋਂ ਉਹ ਅਜਿਹੀਆਂ ਮਾਨਸਿਕ ਹਾਲਤਾਂ ਵਿਚੋਂ ਲੰਘਿਆ ਤਾਂ ਉਸ ਲਈ ਨਿਰਣਾ ਕਰਨਾ ਮੁਸ਼ਕਿਲ ਹੋ ਗਿਆ ਕਿ ਅਸਲ ਉਹ ਹੈ ਜਾਂ ਪਛਾਵਾਂ।

ਆਖਰ ਉਸ ਨੇ ਪਛਾਵੇਂ ਸਾਹਮਣੇ ਹਾਰ ਮੰਨ ਲਈ, ਕਿਉਂਕਿ ਉਹ ਥੱਕ ਜਾਂਦਾ ਸੀ ਪਰ ਪਛਾਵਾਂ ਨਹੀਂ ਸੀ ਥੱਕਦਾ। ਕੁਰਸੀ ਉੱਤੇ ਬੈਠਣ ਦੀ ਥਾਂ ਉਹ ਪਰ੍ਹੇ ਖਲੋ ਕੇ ਟੇਢਾ ਹੁੰਦਾ ਰਹਿੰਦਾ ਤਾਂ ਕਿ ਪਛਾਵਾਂ ਕੁਰਸੀ 'ਤੇ ਬਹਿ ਸਕੇ। ਉਸ ਨੂੰ ਆਪ ਬੜੇ ਔਖੇ ਢੰਗ ਨਾਲ ਝੁਕਣਾ ਪੈਂਦਾ ਸੀ ਤਾਂ ਜੋ ਪਛਾਵਾਂ ਸੌਂ ਸਕੇ।

ਇਵੇਂ ਉਹ ਵਿਅਕਤੀ ਆਪਣੇ ਪਛਾਵੇਂ ਦਾ ਪਛਾਵਾਂ ਹੋ ਨਿਬੜਿਆ।

ਜਿਹੜੇ ਵਿਅਕਤੀ ਆਪਣੇ ਆਪ ਬਾਰੇ ਬਹੁਤ ਅਧਿਕ ਸੁਚੇਤ ਹੋ ਜਾਂਦੇ ਹਨ, ਉਹ ਪ੍ਰਛਾਵਿਆਂ ਦੇ ਮਗਰ ਲਗ ਕੇ ਆਪ ਔਖੇ ਹੁੰਦੇ ਰਹਿੰਦੇ ਹਨ।

ਮੇਰੇ ਇਕ ਰਿਸ਼ਤੇਦਾਰ ਹਨ, ਉਹ ਜਦੋਂ ਕਦੇ ਗੇੜਾ ਮਾਰਦੇ ਹਨ, ਸਾਨੂੰ ਰੱਬ ਅੱਗੇ ਅਰਦਾਸ ਕਰਨ ਲਈ ਮਜਬੂਰ ਕਰ ਦਿੰਦੇ ਹਨ। ਉਹ ਗਊ ਦਾ ਹੀ ਦੁੱਧ ਪੀਂਦੇ ਹਨ, ਗਊ ਵੀ ਉਹ ਜੋ ਚਿੱਟੇ ਰੰਗ ਦੀ ਹੋਵੇ, ਦੁੱਧ ਉਹ ਪੀਂਦੇ ਹਨ ਜਿਹੜਾ ਬ੍ਰਾਹਮਣ ਨੇ ਚੋਇਆ ਹੋਵੇ, ਬ੍ਰਾਹਮਣ ਵੀ ਉਹ ਜੋ ਦੁੱਧ ਚੋਣ ਤੋਂ ਪਹਿਲਾ ਨਹਾਤਾ ਹੋਵੇ, ਨਹਾਵੇ ਵੀ ਉਸ ਪਾਣੀ ਨਾਲ ਜਿਹੜਾ ਉਸ ਦੇ ਹੀ ਨਹਾਉਣ ਲਈ ਹੱਥ ਵਾਲੇ ਨਲਕੇ ਨਾਲ ਗੇੜਿਆ ਗਿਆ ਹੋਵੇ।

ਉਂਜ ਉਹ ਕਹਿੰਦੇ ਹਨ ਕਿ ਉਹ ਬਹੁਤ ਸਾਦੇ ਹਨ, ਸੰਤੁਸ਼ਟ ਹਨ।

ਉਹ ਗੱਲਾਂ ਵਿਸ਼ਵਾਸ ਦੀਆਂ ਕਰਦੇ ਹਨ ਪਰ ਪ੍ਰਗਟਾਉਂਦੇ ਅਵਿਸ਼ਵਾਸ ਹਨ।

ਵਿਸ਼ਵਾਸ ਵਾਂਗ ਅਵਿਸ਼ਵਾਸ ਦੀ ਭਾਵਨਾ ਵੀ ਸਾਡੇ ਜੀਵਨ ਵਿਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ ਅਤੇ ਹੋਰ ਅਨੁਭਵਾਂ ਵਾਂਗ ਇਹ ਅਨੁਭਵ ਵੀ ਸਾਨੂੰ ਬੱਚਪਨ ਵਿਚ ਹੀ ਪ੍ਰਾਪਤ ਹੁੰਦਾ ਹੈ। ਭੁੱਖੇ ਬੱਚੇ ਨੂੰ ਸਮੇਂ ਦੀ ਸੋਝੀ ਨਹੀਂ ਹੁੰਦੀ। ਰੱਜੇ ਹੋਏ ਬੱਚੇ ਕੋਲ ਸਮੇਂ ਦਾ ਪਰਿਪੇਖ ਨਹੀਂ ਹੁੰਦਾ। ਮਾਂ ਦਾ ਬੱਚੇ ਤੋਂ ਦੂਰ ਜਾਣਾ, ਉਸ ਬੱਚੇ ਵਿਚ ਅਵਿਸ਼ਵਾਸ ਦੀ ਭਾਵਨਾ ਉਪਜਾਉਂਦਾ ਹੈ। ਮਾਂ ਦੀ ਹਾਜ਼ਰੀ ਨਾਲ ਉਸ ਨੂੰ ਵਿਸ਼ਵਾਸ ਹੁੰਦਾ ਹੈ ਕਿ ਸਭ ਕੁਝ ਠੀਕ ਹੋ ਜਾਵੇਗਾ।

ਇਵੇਂ ਹੀ ਮਾਂ ਦੀਆਂ ਸਿਖਾਈਆਂ ਗੱਲਾਂ ਤੋਂ ਉਸ ਵਿਚ ਆਤਮ-ਵਿਸ਼ਵਾਸ ਜਾਗਦਾ ਹੈ ਅਤੇ ਮਨ੍ਹਾਂ ਕੀਤੇ ਕੰਮਾਂ ਨੂੰ ਕਰ ਕੇ ਸ਼ਰਮ ਅਤੇ ਸ਼ੱਕ ਉਪਜਦਾ ਹੈ।

ਅਸੀਂ ਆਪਣੀ ਯੋਗਤਾ ਨੂੰ, ਆਪਣੇ ਮਾਪਿਆਂ ਅਤੇ ਨੇੜੇ-ਤੇੜੇ ਦੇ ਲੋਕਾਂ ਦੇ ਆਪਣੇ ਪ੍ਰਤੀ ਵਿਹਾਰ ਦੀ ਰੌਸ਼ਨੀ ਵਿਚ, ਵਧਾਉਂਦੇ-ਘਟਾਉਂਦੇ ਹਾਂ।

ਇਵੇਂ ਹੀ ਸਾਨੂੰ ਆਲੇ-ਦੁਆਲੇ ਤੋਂ ਹੀ ਆਪਣੇ ਪੁਰਸ਼ ਅਤੇ ਇਸਤਰੀ ਹੋਣ ਦੀ ਚੇਤਨਾ ਅਤੇ ਢੁੱਕਵਾਂ ਵਿਹਾਰ ਕਰਨ ਦੀ ਪ੍ਰੇਰਨਾ ਜਾਂ ਅਢੁੱਕਵਾਂ ਵਿਹਾਰ ਕਰਨ ਦੀ ਮਨਾਹੀ ਮਿਲਦੀ ਹੈ। ਅਜਿਹੇ ਵਿਹਾਰ ਦੀ ਪ੍ਰਵਾਨਗੀ ਅਤੇ ਅਪ੍ਰਵਾਨਗੀ ਦੇ ਸੰਦਰਭ ਵਿਚ ਹੀ ਅਸੀਂ ਆਪਣੀ ਦੁਨੀਆਂ ਨੂੰ ਖੋਜਦੇ ਹਾਂ।

ਸਮਾਜ ਜਿਥੇ ਸਾਡੇ 'ਤੇ ਕਈ ਮਨਾਹੀਆਂ ਅਤੇ ਰੋਕਾਂ ਲਾਉਂਦਾ ਹੈ, ਉਥੇ ਕਈ ਪ੍ਰੇਰਨਾਵਾਂ ਵੀ ਦਿੰਦਾ ਹੈ। ਕਈ ਭੁੱਖਾਂ ਨੂੰ ਸ਼ਾਂਤ ਕਰਨਾ ਅਸੀਂ ਇਸ ਲਈ ਮੁਲਤਵੀ ਕਰ ਦਿੰਦੇ ਹਾਂ ਤਾਂ ਕਿ ਅਸੀਂ ਵਧੇਰੇ ਸੁਯੋਗ ਹੋ ਜਾਈਏ।

ਮਨੁੱਖ ਨੇ ਆਪਣੀਆਂ ਤਾਂਘਾਂ ਦੀ ਪੂਰਤੀ ਨੂੰ ਮੁਲਤਵੀ ਕਰ ਕੇ ਹੀ ਸਭਿਅਤਾ ਦਾ ਨਿਰਮਾਣ ਕੀਤਾ ਹੈ।

ਜਦੋਂ ਇਹ ਤਾਂਘਾਂ ਪੂਰਤੀ ਲਈ ਸਭ ਤੋਂ ਵੱਧ ਜ਼ੋਰ ਪਾਉਂਦੀਆਂ ਹਨ, ਉਦੋਂ ਹੀ ਅਸੀਂ ਆਪਣੇ ਜੀਵਨ ਦੀ ਨੁਹਾਰ ਸਿਰਜਣੀ ਹੁੰਦੀ ਹੈ।

ਜਿਹੜੇ ਸਥਿਤੀ ਉਤੇ ਕਾਬੂ ਪਾ ਲੈਂਦੇ ਹਨ, ਉਹ ਅੰਦਰਲੇ ਘੋਲ ਨੂੰ ਸ਼ਕਤੀ ਵਿਚ ਬਦਲ ਲੈਂਦੇ ਹਨ ਅਤੇ ਆਪਣੀ ਸ਼ਖ਼ਸੀਅਤ ਦਾ ਨਿਰਮਾਣ ਕਰਦੇ ਹਨ।

ਜਿਹੜੇ ਕਾਬੂ ਨਹੀਂ ਪਾ ਸਕਦੇ, ਉਨ੍ਹਾਂ ਦੇ ਸਰੀਰ ਤਾਂ ਰੱਜ ਜਾਂਦੇ ਹਨ ਪਰ ਮਨ ਨਿਰਬਲ ਹੋ ਜਾਂਦੇ ਹਨ। ਉਪਰੋਕਤ ਘੋਲ ਦੀ ਸਥਿਤੀ ਵਿਚ ਸਾਡਾ ਆਪਣਾ ਅੰਦਰਲਾ ਹੀ ਸਾਨੂੰ ਪੁੱਛਦਾ ਹੈ, 'ਮੈਂ ਕੌਣ ਹਾਂ?' ਮਨੁੱਖ ਦਾ ਸਾਰਾ ਜੀਵਨ ਇਸ ਪ੍ਰਸ਼ਨ ਦਾ ਉੱਤਰ ਲੱਭਣ ਵਿਚ ਲਗ ਜਾਂਦਾ ਹੈ।

ਇਸ ਪ੍ਰਸ਼ਨ ਦੇ ਉੱਤਰ ਲਈ ਅਸੀਂ ਕਈ ਵਾਰੀ ਇਕਾਂਤ ਭਾਲਦੇ ਹਾਂ ਅਤੇ ਕਈ ਵਾਰੀ ਕਿਸੇ ਦਾ ਸਾਥ। ਜਿਤਨੀ ਸ਼ਿੱਦਤ ਨਾਲ ਸਾਡੇ ਅੰਦਰੋਂ ਇਹ ਪ੍ਰਸ਼ਨ ਪੈਦਾ ਹੁੰਦਾ ਹੋਵੇ, ਉਤਨੀ ਹੀ ਸ਼ਿੱਦਤ ਨਾਲ ਅਸੀਂ ਆਲੇ-ਦੁਆਲੇ ਨਾਲ ਕਿਕਲੀ-ਕਲੀਰ ਪਾਵਾਂਗੇ।

ਜ਼ਿੰਦਗੀ ਕਈ ਵਾਰੀ ਬੜੇ ਨਿੱਕੇ ਪ੍ਰਸ਼ਨਾਂ ਦੇ ਬੜੇ ਲੰਮੇ ਉੱਤਰ ਮੰਗਦੀ ਹੈ।

ਮੇਰੇ ਜੀਵਨ ਦਾ ਉਦੇਸ਼ ਕੀ ਹੈ, ਜਿਹਾ ਪ੍ਰਸ਼ਨ ਹਰ ਕਿਸੇ ਦੇ ਅੱਗੇ ਉਭਰਦਾ ਹੈ, ਕਈ ਉੱਤਰ ਦੇਣ ਦਾ ਸਾਹਸ ਕਰਦੇ ਹਨ ਪਰ ਕਈ ਵੱਖ-ਵੱਖ ਢੰਗਾਂ ਨਾਲ ਜ਼ਿੰਦਗੀ ਤੋਂ ਭਗੌੜੇ ਅਤੇ ਗੈਰਹਾਜ਼ਰ ਹੋ ਜਾਂਦੇ ਹਨ।

ਬਾਹਰਲੇ ਜਗਤ ਨਾਲ ਸਾਡੇ ਸਬੰਧਾਂ ਦੀ ਕਿਸਮ ਸਾਡੀ ਆਪਣੇ ਮਾਪਿਆਂ ਨਾਲ ਸਬੰਧਾਂ ਉਤੇ ਨਿਰਭਰ ਕਰਦੀ ਹੈ।

ਸਬੰਧਾਂ ਦੇ ਪੱਖੋਂ ਜਦੋਂ ਅਸੀਂ ਸਮਾਜ ਦੀ ਆਸ 'ਤੇ ਪੂਰੇ ਨਹੀਂ ਉਤਰਦੇ ਤਾਂ ਜਾਂ ਅਸੀਂ ਆਪਣੀ ਜੇਲ੍ਹ ਆਪ ਸਿਰਜ ਲੈਂਦੇ ਹਾਂ ਜਾਂ ਦੂਜਿਆਂ ਦੀ ਬਣਾਈ ਜੇਲ੍ਹ ਵਿਚ ਪਹੁੰਚ ਜਾਂਦੇ ਹਾਂ।

ਬੱਚੇ ਭਾਵੇਂ ਨਾ ਸਮਝਣ, ਵੱਡਿਆਂ ਨੂੰ ਸਦਾ ਹੀ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਅਸੀਂ ਧਰਤੀ ਉਤੇ ਕੁਝ ਅਰਸਾ ਰਹਿਣ ਵਾਲੇ ਪ੍ਰਾਹੁਣੇ ਹਾਂ। ਇਸ ਅਹਿਸਾਸ ਨਾਲ ਆਮ ਕਰ ਕੇ, ਅਸੀਂ ਦੂਜਿਆਂ ਨਾਲ ਆਪਣੇ ਸਬੰਧਾਂ ਨੂੰ ਸਾਵਾਂ-ਸੁਖਾਵਾਂ ਬਣਾਉਂਦੇ ਹਾਂ।

ਜਿਨ੍ਹਾਂ ਨਾਲ ਸਾਡੇ ਸਬੰਧ ਚੰਗੇ ਹੁੰਦੇ ਹਨ, ਉਨ੍ਹਾਂ ਨਾਲ ਸਹਿਮਤ ਹੋਣਾ ਸੁਖਾਲਾ ਹੁੰਦਾ ਹੈ ਪਰ ਦੂਜਿਆਂ ਨਾਲ ਸਬੰਧਾਂ ਦੇ ਆਧਾਰ 'ਤੇ ਹੀ ਅਸੀਂ ਆਪਣੇ ਆਪ ਨੂੰ ਪ੍ਰਵਾਨ ਜਾਂ ਅਪ੍ਰਵਾਨ ਕਰ ਕੇ ਸੌਖੇ ਜਾਂ ਔਖੇ ਅਨੁਭਵ ਕਰਦੇ ਹਾਂ।

ਹਰ ਇਕ ਵਿਅਕਤੀ ਦਾ ਆਪਣਾ ਤਾਪਮਾਨ ਹੁੰਦਾ ਹੈ। ਇਹ ਤਾਪਮਾਨ ਸਾਡੀ ਸੋਚ, ਸਾਡੀ ਪਹੁੰਚ, ਸਾਡੇ ਹੌਸਲੇ, ਸਾਡੇ ਜੋਸ਼ ਨੂੰ ਨਿਰਧਾਰਤ ਕਰਦਾ ਹੈ। ਇਹ ਹੀ ਮੌਤ ਸਬੰਧੀ ਸਾਡੇ ਦ੍ਰਿਸ਼ਟੀਕੋਣ ਨੂੰ ਨਿਰਧਾਰਤ ਕਰਦਾ ਹੈ।

ਘੱਟ ਤਾਪਮਾਨ ਵਾਲੇ ਵਿਅਕਤੀ ਮੌਤ ਨੂੰ ਇਕ ਬੇਇਜ਼ਤੀ ਦੇ ਰੂਪ ਵਿਚ ਰੂਪਮਾਨ ਕਰਦੇ ਹਨ ਅਤੇ ਉਹ ਇਸ ਤੋਂ ਬਚਣ ਦਾ ਉਪਰਾਲਾ ਕਰਦੇ ਹਨ। ਜਿਨ੍ਹਾਂ ਦਾ ਤਾਪਮਾਨ ਠੀਕ ਹੁੰਦਾ ਹੈ ਉਹ ਮੌਤ ਦੀ ਅਟੱਲਤਾ ਦੇ ਸੰਦਰਭ ਵਿਚ ਹੀ ਆਪਣੀਆਂ ਮੁਸ਼ਕਿਲਾਂ ਅਤੇ ਸਮੱਸਿਆਵਾਂ ਦਾ ਚੌਖਟਾ ਨਿਰਧਾਰਤ ਕਰਦੇ ਹਨ।

ਤੁਸੀਂ ਵੇਖਿਆ ਹੋਵੇਗਾ ਕਿ ਕਈ ਵਿਅਕਤੀ ਮੌਤ ਸਬੰਧੀ ਬੜੇ ਧੀਰਜ ਨਾਲ ਅਤੇ ਬੜੇ ਉਸਾਰੂ ਢੰਗ ਨਾਲ ਗੱਲਾਂ ਕਰਦੇ ਹਨ ਪਰ ਮੌਤ ਦੇ ਨੇੜੇ ਕਈ ਆਪਣੇ ਆਪ ਨੂੰ ਦੂਜਿਆਂ ਦੇ ਸਾਥ ਵਿਚ ਵੀ ਇਕੱਲੇ ਅਤੇ ਗੁਆਚੇ ਹੋਏ ਅਨੁਭਵ ਕਰਦੇ ਹਨ। ਕਈ ਗੁੱਸੇ ਹੋ ਜਾਂਦੇ ਹਨ ਅਤੇ ਪੁੱਛਦੇ ਹਨ: 'ਮੈਂ ਕਿਉਂ ਮਰ ਰਿਹਾ ਹਾਂ ?' ਕਈ ਰੱਬ ਨਾਲ ਸੌਦਾ ਕਰਦੇ ਹਨ, 'ਜੇ ਇਸ ਵਾਰੀ ਬਚ ਗਿਆ ਤਾਂ ਬਾਕੀ ਉਮਰ ਪੂਜਾ-ਪਾਠ ਵਿਚ ਲਗਾਵਾਂਗਾ।' ਕਈ ਪਿੱਛੇ ਰਹਿਣ ਵਾਲਿਆਂ ਸਬੰਧੀ ਫਿਕਰ ਕਰ ਕੇ ਉਦਾਸ ਹੋ ਜਾਂਦੇ ਹਨ। ਕਈ ਸੁੰਨ-ਮਸਾਣ ਬਣ ਜਾਂਦੇ ਹਨ, ਉਹ ਆਪਣੇ ਮਨ ਨੂੰ ਖੋਲ੍ਹਦੇ ਹੀ ਨਹੀਂ। ਕਈ ਮੌਤ ਬਾਰੇ ਇੰਜ ਸੋਚਦੇ ਹਨ, ਜਿਵੇਂ ਕੋਈ ਭਾਰੀ ਜੁਰਮਾਨਾ ਦੇਣ ਦਾ ਹੁਕਮ ਆ ਗਿਆ ਹੋਵੇ ਅਤੇ ਜਿਸ ਨੂੰ ਟਾਲਿਆ ਨਾ ਜਾ ਸਕਦਾ ਹੋਵੇ।

ਮੌਤ ਦੇ ਨੇੜੇ ਪਹੁੰਚੇ ਮਨੁੱਖ ਦੀ ਸੋਚ ਵਿਚ, ਆਪਣੇ ਬੱਚਪਨ ਦੇ ਦੂਰ ਅਤੀਤ ਦੀਆਂ ਸਾਰੀਆਂ ਯਾਦਾਂ ਵਧੇਰੇ ਸਪਸ਼ਟ ਹੋ ਜਾਂਦੀਆਂ ਹਨ ਜਦੋਂ ਕਿ ਇਕ ਦਿਨ ਪਹਿਲਾਂ ਵਾਲੀ ਗੱਲ ਵੀ ਉਸ ਨੂੰ ਯਾਦ ਨਹੀਂ ਰਹਿੰਦੀ।

ਵੇਖਿਆ ਗਿਆ ਹੈ ਕਿ ਅਸੀਂ ਜੀਵਨ ਵਿਚ ਜੋ ਕੁਝ ਸਭ ਤੋਂ ਮਗਰੋਂ ਸਿਖਦੇ-ਸੁਣਦੇ ਹਾਂ, ਉਹ ਸਭ ਤੋਂ ਪਹਿਲਾਂ ਭੁੱਲਦੇ ਹਾਂ।

ਸਾਡੇ ਸਬੰਧਾਂ ਵਿਚ ਤਣਾਓ ਅਤੇ ਟਕਰਾਓ ਆਉਣਾ ਸੁਭਾਵਿਕ ਹੁੰਦਾ ਹੈ। ਜਿਥੇ ਕਿਧਰੇ ਵੀ ਸੋਚਣ ਅਤੇ ਫੈਸਲਾ ਕਰਨ ਦੀ ਲੋੜ ਪਵੇਗੀ, ਉਥੇ ਕੋਈ ਨਾ ਕੋਈ ਵਿਅਕਤੀ, ਵਿਰੋਧੀ ਸਥਿਤੀ ਵਿਚ ਵਿਚਰਨ ਲਈ ਮਜਬੂਰ ਹੋਵੇਗਾ ਅਤੇ ਮਜਬੂਰ ਕਰੇਗਾ।

ਇਸੇ ਕਰ ਕੇ ਕਿਹਾ ਜਾਂਦਾ ਹੈ ਕਿ ਸਾਡਾ ਹਰ ਵਿਹਾਰ ਅਤੇ ਨਿਰਣਾ ਕਿਸੇ ਹੋਰ ਦੇ ਵਿਹਾਰ ਅਤੇ ਨਿਰਣੇ ਪ੍ਰਤੀ ਵਿਰੋਧ ਜਾਂ ਪੱਖ ਵਾਲਾ ਪੈਂਤੜਾ ਹੁੰਦਾ ਹੈ।

ਇਹ ਤਣਾਓ ਅਤੇ ਵਿਰੋਧ ਜੀਵਨ ਨੂੰ ਕੱਸੀ ਰੱਖਣ ਲਈ ਲੋੜੀਂਦੇ ਹੁੰਦੇ ਹਨ, ਨਹੀਂ ਤਾਂ ਜੀਵਨ ਢਿਲੀ ਢੋਲਕੀ ਵਾਂਗ ਹੋ ਜਾਵੇਗਾ।

ਤਣਾਓ ਅਤੇ ਟਕਰਾਓ ਦੇ ਮੁੱਕ ਜਾਣ ਨਾਲ ਅਸੀਂ ਮਨ ਅਤੇ ਸਰੀਰ ਦੋਹਾਂ ਪੱਖਾਂ ਤੋਂ ਢਿਲੇ ਅਤੇ ਨਿਰਬਲ ਹੋ ਜਾਂਦੇ ਹਾਂ। ਸੰਤਾਂ, ਮਹਾਤਮਾਵਾਂ ਆਦਿ ਦਾ ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਨਾਲ ਤਣਾਓ ਅਤੇ ਟਕਰਾਓ ਚਲਦਾ ਰਹਿੰਦਾ ਹੈ।

ਤਣਾਓ ਅਤੇ ਟਕਰਾਓ ਤੋਂ ਖਾਲੀ ਸਾਡਾ ਮਨ ਟਿਕਾਓ ਵਿਚ ਨਹੀਂ ਆਉਂਦਾ ਸਗੋਂ ਖਿੰਡ ਜਾਂਦਾ ਹੈ। ਜਿਸ ਨੂੰ ਅਸੀਂ ਸ਼ਾਂਤ ਮਨ ਦੀ ਅਵਸਥਾ ਕਹਿੰਦੇ ਹਾਂ, ਉਹ ਵਾਸਤਵ ਵਿਚ ਤਣਾਓ ਦਾ ਲਹਿੰਦਾ ਪਾਸਾ ਹੁੰਦੀ ਹੈ।

ਸੰਭੋਗ ਸਮੇਂ ਸਰੀਰਕ ਤਣਾਓ ਜਿਤਨਾ ਵਧੇਰੇ ਹੋਵੇਗਾ, ਉਤਨਾ ਹੀ ਸੰਭੋਗ ਉਪਰੰਤ, ਉਹ ਭਾਵੁਕ ਪੱਖੋਂ ਤਣਾਓ-ਮੁਕਤ ਹੋਣ ਵਿਚ ਸਹਾਈ ਹੋਵੇਗਾ।

ਲੰਮੇ ਸਮੁੰਦਰੀ ਸਫਰ ਉਤੇ ਨਿਕਲੇ ਵਿਅਕਤੀ ਉਦਾਸ ਹੋ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਨਿਰੰਤਰ ਤਣਾਓ-ਮੁਕਤ ਸਥਿਤੀ ਵਿਚ ਵਿਚਰਨਾ ਪੈਂਦਾ ਹੈ। ਜਿਹੜੇ ਤਣਾਓ ਦਾ ਸੁਖਾਵਾਂ ਸਮਾਧਾਨ ਨਾ ਹੋਵੇ, ਉਸ ਦਾ ਸਮਾਧਾਨ ਜੰਗ, ਝਗੜੇ, ਮੁਕਾਬਲੇ ਜਾਂ ਦੰਗੇ ਵਿਚ ਹੁੰਦਾ ਹੈ।

ਵਪਾਰ, ਦੋਹਾਂ ਧਿਰਾਂ ਵਲੋਂ ਤਣਾਓ ਦਾ ਲੈਣ-ਦੇਣ ਰਾਹੀਂ ਕੀਤਾ ਸਮਾਧਾਨ ਹੁੰਦਾ ਹੈ।

ਤਲਾਕ ਲੈਣਾ ਸਮਝੌਤੇ ਵਲੋਂ ਤਣਾਓ ਵਲ ਵੱਧਣ ਦੀ ਕਿਰਿਆ ਹੁੰਦਾ ਹੈ।

ਸਮਾਜ ਦਾ ਯਤਨ ਹੁੰਦਾ ਹੈ ਕਿ ਘੱਟ ਤੋਂ ਘੱਟ ਨੁਕਸਾਨ ਨਾਲ ਤਣਾਓ ਦਾ ਸਮਾਧਾਨ ਹੋਵੇ ਅਤੇ ਇਸ ਉਦੇਸ਼ ਲਈ ਧਾਰਮਿਕ ਉਪਦੇਸ਼ਾਂ, ਰਿਸ਼ਤਾ-ਨਾਤਾ ਪ੍ਰਬੰਧਾਂ, ਰਸਮਾਂ-ਰਿਵਾਜਾਂ, ਮੇਲਿਆਂ-ਤਿਉਹਾਰਾਂ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ।

ਜਦੋਂ ਪਰੰਪਰਾਗਤ ਸਮਾਜਾਂ ਵਿਚ ਪਰਿਵਰਤਨ ਵਾਪਰਦਾ ਹੈ ਤਾਂ ਤਣਾਓ ਅਤੇ ਟਕਰਾਓ ਵੱਧਦਾ ਹੈ। ਇਸ ਸਥਿਤੀ ਵਿਚ ਉਪਜੀ ਅਥਾਹ ਸ਼ਕਤੀ ਦੀ ਜੇ ਉਸਾਰੂ ਵਰਤੋਂ ਨਾ ਕੀਤੀ ਜਾਵੇ ਤਾਂ ਵਿਨਾਸ਼ਕਾਰੀ ਕਾਰਜ ਵੱਧ ਜਾਂਦੇ ਹਨ।

ਮਨੁੱਖ ਕਿਸੇ ਅਜਿਹੇ ਸਮਾਜ ਦੀ ਸਿਰਜਣਾ ਨਹੀਂ ਕਰ ਸਕੇਗਾ, ਜਿਹੜਾ ਪੂਰਨਭਾਂਤ ਤਣਾਓ-ਮੁਕਤ ਹੋਵੇ। ਤਣਾਓ ਵਿਚ ਵੀ ਸਹਿਜ ਅਵਸਥਾ ਹੁੰਦੀ ਹੈ, ਜਿਹੜੀ ਲੰਮੇ ਅਭਿਆਸ ਨਾਲ, ਨਿਪੁੰਨ ਤੈਰਾਕ ਵਾਂਗ, ਹਰ ਕਿਸੇ ਨੂੰ ਪ੍ਰਾਪਤ ਹੋ ਸਕਦੀ ਹੈ।

ਸਾਡੀ ਕੋਈ ਵੀ ਅਵਸਥਾ ਅਸੀਮ ਨਹੀਂ ਹੁੰਦੀ। ਸਾਡੀ ਯੋਗਤਾ, ਸਾਡੇ ਸੰਦ, ਸਾਡੇ ਉਦੇਸ਼ ਆਦਿ ਸਾਡੀ ਸਮਰੱਥਾ ਨੂੰ ਨਿਰਧਾਰਤ ਕਰਦੇ ਹਨ।

ਸਾਡੀ ਸੋਚ ਅਤੇ ਕਲਪਨਾ ਵੀ ਇਕ ਸੀਮਾ ਤੋਂ ਅੱਗੇ ਨਹੀਂ ਜਾ ਸਕਦੀਆਂ। ਇਸ ਸਮਰੱਥਾ ਅਧੀਨ ਹੀ ਮਨੁੱਖ ਆਪਣੇ ਜਿਉਂਦੇ ਰਹਿਣ ਦੇ ਉਦੇਸ਼ ਮਿਥਦਾ ਹੈ। ਪਿਛਲੇ ਕੁਝ ਦਹਾਕਿਆਂ ਵਿਚ ਹੀ ਹਰ ਖੇਤਰ ਵਿਚ ਮਨੁੱਖ ਦੀ ਸਮਰੱਥਾ ਵਧੀ ਹੈ।

ਅਜੋਕੇ ਮਨੁੱਖ ਦੀ ਉਮਰ ਲੰਮੀ ਹੋਈ ਹੈ, ਉਸ ਦਾ ਆਣ-ਜਾਣ ਤੇਜ਼ ਅਤੇ ਸੌਖਾ ਹੋਇਆ ਹੈ, ਉਹ ਹਰ ਵਸਤ ਨੂੰ ਆਪ ਬਣਾਉਣ ਦੀ ਮਜਬੂਰੀ ਤੋਂ ਮੁਕਤ ਹੋਇਆ ਹੈ ਪਰ ਇਸ ਦੇ ਨਾਲ ਹੀ ਉਸ ਦੇ ਰੁਝੇਵੇਂ ਵੱਧ ਗਏ ਹਨ, ਹੁਣ ਉਹ ਵਧੇਰੇ ਵਸਤਾਂ ਖਰੀਦਦਾ ਹੈ, ਉਸ ਦਾ ਆਣ-ਜਾਣ ਵੱਧ ਗਿਆ ਹੈ, ਉਸ ਦੀ ਨੀਂਦਰ ਦੇ ਘੰਟੇ ਘੱਟ ਗਏ ਹਨ, ਉਸ ਦਾ ਸਮਾਂ ਤੇਜ਼ੀ ਨਾਲ ਗੁਜ਼ਰਦਾ ਹੈ।

ਬਹੁਤ ਕੁਝ ਸੱਸਤਾ ਅਤੇ ਸੌਖਾ ਹੋ ਗਿਆ ਹੈ ਪਰ ਸਮੁੱਚਾ ਜੀਵਨ ਬੜਾ ਗੁੰਝਲਦਾਰ ਹੋ ਗਿਆ ਹੈ। ਪਹਿਲਾਂ ਸਾਡਾ ਜੀਵਨ ਕਿਸਮਤ ਦੇ ਅਧੀਨ ਸੀ, ਹੁਣ ਰਾਜਨੀਤੀ ਦੇ ਅਧੀਨ ਹੈ।

ਪਹਿਲਾਂ ਸਰੀਰਕ ਸੁੱਖ ਘੱਟ ਸਨ ਪਰ ਸਾਡਾ ਅੰਦਰਲਾ ਸ਼ਾਂਤ ਸੀ, ਹੁਣ ਸਰੀਰਕ ਸੁੱਖ ਭਾਵੇਂ ਵੱਧ ਗਏ ਹਨ ਪਰ ਉਦਾਸੀ ਅਤੇ ਉਪਰਾਮਤਾ ਵੀ ਵੱਧ ਗਈ ਹੈ, ਸਾਡਾ ਅੰਦਰਲਾ ਵਿਰਲਾਪ ਕਰ ਰਿਹਾ ਹੈ।

ਵਿਗਿਆਨ ਨੇ ਸਾਡੀ ਸ਼ਕਤੀ ਵਧਾ ਦਿੱਤੀ ਹੈ ਪਰ ਆਪਣੇ ਆਪ ਵਿਚ ਸਾਡਾ ਵਿਸ਼ਵਾਸ ਘਟਾ ਦਿੱਤਾ ਹੈ। ਸਾਡਾ ਆਲਾ-ਦੁਆਲਾ ਵਿਸ਼ਾਲ ਹੋ ਗਿਆ ਹੈ ਪਰ ਆਲੇ-ਦੁਆਲੇ ਨਾਲ ਸਾਡੇ ਸਬੰਧ ਟੁੱਟ ਗਏ ਹਨ।

ਸ਼ਾਇਦ ਇਸੇ ਨੂੰ ਪਰਿਵਰਤਨ ਅਤੇ ਵਿਕਾਸ ਕਹਿੰਦੇ ਹਨ, ਸ਼ਾਇਦ ਇਸੇ ਨੂੰ ਨਵਾਂ ਅਨੁਭਵ ਕਿਹਾ ਜਾਂਦਾ ਹੈ।

ਚੋਰ ਅਤੇ ਚੋਰੀ

ਚੋਰ ਉਹ ਹੈ ਜੋ ਪਕੜਿਆ ਜਾਵੇ।

ਜਾਇਦਾਦ, ਚੋਰੀ ਦਾ ਹੀ ਸਨਮਾਨਿਤ ਰੂਪ ਹੁੰਦੀ ਹੈ। ਚੋਰ ਤਾਂ ਇਕ ਜੁਰਮ ਕਰਦਾ ਹੈ, ਜਿਸ ਦੀ ਚੋਰੀ ਹੁੰਦੀ ਹੈ, ਉਸ ਨੇ ਅਨੇਕਾਂ ਜੁਰਮ ਕੀਤੇ ਹੁੰਦੇ ਹਨ।

ਆਪਣੀ ਜਾਇਦਾਦ ਦਾ ਜੇਕਰ ਤੁਹਾਨੂੰ ਮਾਣ ਨਹੀਂ ਅਤੇ ਜੇ ਇਹ ਸਭ ਦੀ ਵਰਤੋਂ ਲਈ ਹੈ ਤਾਂ ਤੁਹਾਡੀ ਚੋਰੀ ਨਹੀਂ ਹੋਵੇਗੀ।

ਜੀਵਨ ਲਈ ਜਿਹੜੀਆਂ ਚੀਜ਼ਾਂ ਅਤਿ ਜ਼ਰੂਰੀ ਹੁੰਦੀਆਂ ਹਨ, ਉਨ੍ਹਾਂ ਦੀ ਚੋਰੀ ਨਹੀਂ ਹੁੰਦੀ। ਚੋਰੀ ਉਨ੍ਹਾਂ ਚੀਜ਼ਾਂ ਦੀ ਹੁੰਦੀ ਹੈ, ਜਿਹੜੀਆਂ ਵਾਧੂ ਹੁੰਦੀਆਂ ਹਨ।

ਸਾਨੂੰ ਉਨ੍ਹਾਂ ਚੀਜ਼ਾਂ ਦੇ ਚੋਰੀ ਹੋਣ ਦਾ ਡਰ ਹੁੰਦਾ ਹੈ, ਜਿਹੜੀਆਂ ਫਾਲਤੂ ਹੋਣ, ਜਿਹੜੀਆਂ ਸਾਡੀਆਂ ਇੱਛਾਵਾਂ ਦੀ ਪੂਰਤੀ ਲਈ ਹੋਣ ਅਰਥਾਤ ਜਿਨ੍ਹਾਂ ਦਾ ਸਾਡੀਆਂ ਲੋੜਾਂ ਨਾਲ ਸਿੱਧਾ ਸਬੰਧ ਨਾ ਹੋਵੇ।

ਚੋਰ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਕੇ ਸਮਾਜ ਵਿਚ ਕਾਣੀ ਆਰਥਿਕ ਵੰਡ ਨੂੰ ਘਟਾਉਂਦੇ ਹਨ। ਚੋਰ ਕੋਲ ਵੀ ਸਮਾਜਿਕ ਨਿਆਂ ਦਾ ਸੰਕਲਪ ਹੁੰਦਾ ਹੈ, ਇਹ ਸੰਕਲਪ ਹੀ ਉਸ ਨੂੰ ਚੋਰੀ ਕਰਨ ਦੇ ਕਾਰਜ ਲਈ ਪ੍ਰੇਰਦਾ ਹੈ।

ਬਾਦਸ਼ਾਹ ਦੇ ਰਸੋਈਏ ਚੋਰ ਹੁੰਦੇ ਹਨ, ਕਿਉਂਕਿ ਉਨ੍ਹਾਂ ਨੂੰ ਆਪਣੇ ਪਕਾਏ ਪਕਵਾਨ ਖਾਣ ਦੀ ਆਗਿਆ ਨਹੀਂ ਹੁੰਦੀ ਪਰ ਇੱਛਾ ਹੁੰਦੀ ਹੈ।

ਉਹ ਇਸ ਬੇਇਨਸਾਫ਼ੀ ਨੂੰ ਚੋਰੀ ਰਾਹੀਂ ਪੂਰਦੇ ਹਨ।

ਚੋਰਾਂ ਕੋਲ ਆਪਣੀ ਨਿਵੇਕਲੀ ਜੀਵਨ ਪੱਧਰ ਦਾ ਇਕ ਸੰਕਲਪ ਹੁੰਦਾ ਹੈ ਅਤੇ ਇਸ ਪੱਧਰ ਨੂੰ ਪ੍ਰਾਪਤ ਕਰਨ ਲਈ ਉਹ ਕਈ ਢੰਗ-ਤਰੀਕੇ ਵਰਤਦੇ ਹਨ, ਜਿਨ੍ਹਾਂ ਵਿਚੋਂ ਚੋਰੀ ਕਰਨਾ ਵੀ ਇਕ ਢੰਗ ਹੈ।

ਹਰ ਇਕ ਵਿਅਕਤੀ ਨੂੰ ਅਨੇਕਾਂ ਅਜਿਹੀਆਂ ਚੀਜ਼ਾਂ-ਵਸਤਾਂ ਦੀ ਲੋੜ ਹੁੰਦੀ ਹੈ, ਜਿਹੜੀਆਂ ਦੂਜਿਆਂ ਕੋਲ ਹੁੰਦੀਆਂ ਹਨ ਅਤੇ ਕਿਸੇ ਢੰਗ ਨਾਲ ਉਨ੍ਹਾਂ ਵਸਤਾਂ ਨੂੰ ਆਪਣਾ ਬਣਾ ਲੈਣ ਦੀ ਇੱਛਾ ਬੜੀ ਸੁਭਾਵਿਕ ਹੁੰਦੀ ਹੈ।

ਰੱਜੇ-ਪੁੱਜੇ ਚੋਰ ਹੀ ਦੂਜਿਆਂ ਨੂੰ ਸਬਰ-ਸੰਤੋਖ ਦਾ ਉਪਦੇਸ਼ ਦਿੰਦੇ ਹਨ। ਦੂਜਿਆਂ ਦੀਆਂ ਚੀਜ਼ਾਂ ਲੈਣ ਦੀ ਤਾਂਘ ਵਿਸ਼ਵ-ਵਿਆਪੀ ਹੈ, ਢੰਗ ਵੱਖਰੇ-ਵੱਖਰੇ ਹਨ।

ਅਸੀਂ ਸਾਰੇ ਚੋਰ ਹਾਂ, ਪੱਧਰ ਵੱਖਰੀ-ਵੱਖਰੀ ਹੈ।

ਕੀ ਕੋਈ ਹੈ, ਜਿਸ ਨੇ ਚੋਰੀ ਨਾ ਕੀਤੀ ਹੋਵੇ, ਕੀ ਕੋਈ ਹੈ, ਜਿਸ ਦੀ ਚੋਰੀ ਨਾ ਹੋਈ ਹੋਵੇ ? ਕੀ ਕੋਈ ਯੁੱਗ, ਚੋਰੀਆਂ ਤੋਂ ਮੁਕਤ ਹੋਇਆ ਹੈ ?

ਚੋਰ, ਚੋਰਾਂ ਨੂੰ ਖੂਬ ਪਹਿਚਾਣਦੇ ਹਨ।

ਵੱਡਿਆਂ ਚੋਰਾਂ ਨੂੰ ਸਲਾਮਾਂ ਵਜਦੀਆਂ ਹਨ, ਛੋਟਿਆਂ ਨੂੰ ਸਜ਼ਾ ਮਿਲਦੀ ਹੈ।

ਵੱਡੇ ਚੋਰਾਂ ਨੇ ਛੋਟੇ ਚੋਰਾਂ ਤੋਂ ਬਚਣ ਲਈ ਪੁਲੀਸ, ਥਾਣੇ, ਅਦਾਲਤਾਂ, ਕਾਨੂੰਨ, ਜੇਲ੍ਹਾਂ, ਫੌਜ ਆਦਿ ਨੂੰ ਉਸਾਰ ਲਿਆ ਹੈ।

ਰਾਜਨੀਤੀ ਰਾਹੀਂ ਲੋਕਾਂ ਦੇ ਹੱਕ ਚੁਰਾ ਲਏ ਜਾਂਦੇ ਹਨ।

ਭ੍ਰਿਸ਼ਟ ਲੋਕਰਾਜ ਲੋਕਾਂ ਨੂੰ ਲੁੱਟਣ ਦੀ ਇਕ ਪ੍ਰਣਾਲੀ ਹੈ।

ਬੱਚੇ ਜੋ ਕੁਝ ਵੱਡਿਆਂ ਨੂੰ ਕਰਦਿਆਂ ਵੇਖਦੇ ਹਨ, ਉਹ ਕੁਝ ਕਰਨ ਲਈ ਸਹਿਜੇ ਹੀ ਪਰੇਰੇ ਜਾਂਦੇ ਹਨ। ਲਗਭਗ ਹਰ ਇਕ ਵਿਅਕਤੀ ਦੇ ਜੀਵਨ ਵਿਚ ਚੋਰੀ ਦਾ ਮੁੱਢਲਾ ਅਨੁਭਵ ਆਪਣੇ ਘਰ ਵਿਚ ਹੀ ਹੁੰਦਾ ਹੈ ਅਤੇ ਇਹ ਅਕਸਰ ਖਾਣ-ਪੀਣ ਦੀਆਂ ਚੀਜ਼ਾਂ ਨਾਲ ਸਬੰਧਤ ਹੁੰਦਾ ਹੈ।

ਖਾਣਾ-ਪੀਣਾ ਮਨੁੱਖ ਦੀ ਬੁਨਿਆਦੀ ਲੋੜ ਹੈ। ਕੋਈ ਵੀ ਬੁਨਿਆਦੀ ਲੋੜ ਨਾ ਕਿਸੇ ਤਰਕ ਨੂੰ ਮੰਨਦੀ ਹੈ ਨਾ ਕਿਸੇ ਉਪਦੇਸ਼ ਨੂੰ।

ਜਿਸ ਦੇ ਬੱਚਪਨ ਵਿਚ ਖਾਣ-ਪੀਣ ਦੀ ਘਾਟ ਰਹੀ ਹੋਵੇ, ਉਹ ਚੋਰੀ ਕਰਕੇ ਖਾਣ ਦੀ ਆਦਤ ਦਾ ਲੰਮਾ ਅਰਸਾ ਸ਼ਿਕਾਰ ਰਹਿੰਦਾ ਹੈ।

ਜਿਸ ਨੂੰ ਜਵਾਨੀ ਵਿਚ ਭੁੱਖ ਬਰਦਾਸ਼ਤ ਕਰਨੀ ਪਈ ਹੋਵੇ, ਉਹ ਜੀਵਨ ਭਰ ਚੋਰੀਆਂ ਕਰਦਾ ਰਹਿੰਦਾ ਹੈ।

ਪਨਸਾਰੀਆਂ ਅਤੇ ਹਲਵਾਈਆਂ ਨੂੰ ਮਨੁੱਖ ਦੀ ਇਸ ਬੁਨਿਆਦੀ ਲੋੜ ਦਾ ਪਤਾ ਹੁੰਦਾ ਹੈ, ਸੋ ਉਹ ਆਪਣੀਆਂ ਵਸਤਾਂ ਦੇ ਭਾਓ, ਨੌਕਰਾਂ ਵਲੋਂ ਚੋਰੀ ਕਰਕੇ ਖਾਣ-ਪੀਣ ਦੀ ਆਦਤ ਦੇ ਤੱਥ ਨੂੰ ਧਿਆਨ ਵਿਚ ਰੱਖ ਕੇ, ਨਿਰਧਾਰਤ ਕਰਦੇ ਹਨ।

ਸਮੇਂ ਦੇ ਬੀਤਣ ਨਾਲ ਅਕਸਰ ਖਾਣ-ਪੀਣ ਵਾਲੀਆਂ ਚੀਜ਼ਾਂ ਦੀ ਚੋਰੀ ਦੀ ਆਦਤ ਘੱਟ ਜਾਂਦੀ ਹੈ ਜਾਂ ਇਹ ਹੋਰ ਚੀਜ਼ਾਂ ਦੀ ਪ੍ਰਾਪਤੀ ਦੀ ਤਾਂਘ ਬਣ ਜਾਂਦੀ ਹੈ।

ਚੋਰਾਂ ਬਿਨਾਂ ਦੁਨੀਆਂ ਦਾ ਮੇਲਾ ਜੱਚਦਾ ਨਹੀਂ।

ਕਿਸ਼ੋਰ ਅਵਸਥਾ ਵਿਚ ਪਹੁੰਚ ਕੇ ਬਹੁਤੇ ਹੁਸਨ ਦੇ ਚੋਰ ਹੋ ਨਿਬੜਦੇ ਹਨ ਪਰ ਅਨੇਕਾਂ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਹੀ ਤੱਤਪਰ ਰਹਿੰਦੇ ਹਨ।

ਇਹ ਲੇਖ ਉਨ੍ਹਾਂ ਚੋਰਾਂ ਸਬੰਧੀ ਹੈ, ਜਿਹੜੇ ਮਨ ਦੀ ਕਿਸੇ ਅਤ੍ਰਿਪਤੀ ਕਾਰਨ, ਲੋੜ ਨਾਲੋਂ ਵਧੇਰੇ ਮਜਬੂਰੀਆਂ ਕਾਰਨ ਅਤੇ ਦਿਲ ਦੇ ਕਿਸੇ ਦਰਦ ਨੂੰ ਮੱਠਾ ਕਰਨ ਲਈ ਸਮਾਜ ਵਿਚ ਵਿਚਰਦਿਆਂ ਚੋਰੀਆਂ ਕਰਦੇ ਹਨ।

ਜਿਨ੍ਹਾਂ ਦੀ ਮਾਂ ਬੱਚਪਨ ਵਿਚ ਮੁੱਕ ਜਾਵੇ, ਉਹ ਬੱਚੇ ਆਪਣੇ ਮਨ ਦੇ ਖਾਲੀਪਣ ਨੂੰ ਭਰਨ ਲਈ ਉਨ੍ਹਾਂ ਚੀਜ਼ਾਂ ਦੀ ਤਾਂਘ ਕਰਦੇ ਹਨ, ਜਿਨ੍ਹਾਂ ਵਿਚੋਂ ਉਨ੍ਹਾਂ ਨੂੰ ਮਾਂ ਦੀ ਗੋਦ ਵਾਲਾ ਸੁੱਖ ਅਤੇ ਨਿੱਘ ਮਿਲੇ।

ਜਿਨ੍ਹਾਂ ਧੀਆਂ-ਪੁੱਤਰਾਂ ਨੂੰ ਆਪਣੀਆਂ ਮਾਂਵਾਂ ਦਾ ਦੁੱਧ ਚੁੰਘਣ ਦਾ ਅਵਸਰ ਨਹੀਂ ਮਿਲਿਆ ਹੁੰਦਾ ਉਹ ਅਕਸਰ ਉਨ੍ਹਾਂ ਚੀਜ਼ਾਂ ਦੀ ਚੋਰੀ ਕਰਦੇ ਹਨ, ਜਿਹੜੀਆਂ ਗੋਲ ਹੋਣ ਅਰਥਾਤ ਜਿਨ੍ਹਾਂ ਨੂੰ ਮੂੰਹ ਲਾਇਆਂ ਮਾਂ ਦੇ ਦੁੱਧ ਵਾਲੀ ਤਸੱਲੀ ਮਿਲੇ। ਮਾਂਵਾਂ ਵਲੋਂ ਬੱਚਿਆਂ ਨੂੰ ਆਪਣਾ ਦੁੱਧ ਪਿਲਾਉਣ ਤੋਂ ਸੰਕੋਚ ਜਾਂ ਇਸ ਪਖੋਂ ਰਹਿ ਗਈ ਕੋਈ ਘਾਟ ਸਬੰਧਤ ਵਿਅਕਤੀਆਂ ਵਿਚ ਵਧੇਰੇ ਸ਼ਰਾਬ ਅਤੇ ਸਿਗਰਟ ਆਦਿ ਪੀਣ ਵਿਚ ਪ੍ਰਗਟ ਹੋ ਰਹੀ ਹੈ।

ਮਾਂ ਦੀਆਂ ਦੁੱਧ-ਗੋਲਾਈਆਂ ਅਤ੍ਰਿਪਤ ਪੁੱਤਰ ਲਈ ਖਿੱਚ ਅਤੇ ਅਚੰਭੇ ਦਾ ਉਹ ਕੇਂਦਰ ਹੁੰਦੀਆਂ ਹਨ, ਜਿਨ੍ਹਾਂ ਦੀ ਤਲਾਸ਼ ਵਿਚ ਉਹ ਪਤਨੀ ਦੇ ਮਿਲਣ ਤਕ ਭਟਕਦਾ ਹੈ। ਅਜਿਹੇ ਪੁਰਸ਼ ਲਈ ਪਤਨੀ ਉਸ ਦੀ ਕਲਪਨਾ ਵਿਚ ਮਾਂ ਵੀ ਹੁੰਦੀ ਹੈ। ਸ਼ਾਇਦ ਹੀ ਕੋਈ ਪੁੱਤਰ ਹੋਵੇ, ਜਿਹੜਾ ਆਪਣੀ ਮਾਂ ਦੇ ਦੁੱਧ ਨਾਲ ਪੂਰੀ ਤਰ੍ਹਾਂ ਰੱਜਿਆ ਹੋਵੇ।

ਸ਼ਾਇਦ ਹੀ ਕੋਈ ਹੋਵੇ, ਜਿਸ ਨੂੰ ਚੋਰੀ ਦੀ ਲੋੜ ਨਾ ਪਈ ਹੋਵੇ।

ਕੋਈ ਵੀ ਵਿਅਕਤੀ ਸਭ ਚੀਜ਼ਾਂ ਦੀ ਚੋਰੀ ਨਹੀਂ ਕਰਦਾ।

ਕੁਝ ਚੀਜ਼ਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਵੇਖ ਕੇ ਮਾਂ ਦੇ ਦੁੱਧ ਲਈ ਤਰਸਦੇ ਭੁੱਖੇ ਬੱਚੇ ਵਾਂਗ ਉਹ ਬੇਚੈਨ ਹੋ ਜਾਂਦਾ ਹੈ। ਉਸ ਚੀਜ਼ ਨੂੰ ਪ੍ਰਾਪਤ ਕਰ ਕੇ ਹੀ ਉਸ ਨੂੰ ਤਸੱਲੀ ਮਿਲਦੀ ਹੈ ਅਤੇ ਚੋਰੀ ਕਰਨ ਉਪਰੰਤ ਉਹ, ਦੁੱਧ ਪੀਣ ਉਪਰੰਤ ਬੱਚੇ ਵਾਂਗ, ਸ਼ਾਂਤ ਅਤੇ ਸੰਤੁਸ਼ਟ ਅਨੁਭਵ ਕਰਦਾ ਹੈ।

ਜਦੋਂ ਤਕ ਕਿਸੇ ਵਿਅਕਤੀ ਨੂੰ ਇਕੱਲਿਆਂ ਚੋਰੀ ਕਰਨ ਦੀ ਆਦਤ ਹੁੰਦੀ ਹੈ, ਉਹ ਨਿਰੰਤਰ ਬੇਚੈਨੀ ਦੀ ਪਕੜ ਵਿਚ ਰਹਿੰਦਾ ਹੈ।

ਉਹ ਪਿਆਰ ਦੀ ਘਾਟ ਨੂੰ ਵਸਤਾਂ ਨਾਲ ਪੂਰਦਾ ਹੈ।

ਇਕ ਬੱਚਾ ਜਦੋਂ ਤਿੰਨ ਵਰ੍ਹਿਆਂ ਦਾ ਸੀ ਤਾਂ ਉਸ ਦੀ ਮਾਂ ਪ੍ਰਸੂਤ ਨਾਲ ਸਬੰਧਤ ਕਿਸੇ ਬੀਮਾਰੀ ਕਾਰਨ ਪਿੱਛੇ ਮੁੜ ਗਈ। ਪਿਓ ਨੇ ਹੋਰ ਵਿਆਹ ਕਰਵਾ ਲਿਆ, ਦੂਜੀ ਪਤਨੀ ਨਾਲ ਨਾ ਨਿਭਣ ਕਾਰਨ ਪਿਤਾ ਵਧੇਰੇ ਸ਼ਰਾਬ ਪੀਣ ਲਗ ਪਿਆ ਅਤੇ ਬੱਚੇ ਦੇ ਦਸ ਵਰ੍ਹੇ ਪੂਰੇ ਹੋਣ ਤੋਂ ਪਹਿਲਾਂ ਉਹ ਵੀ ਮੁੱਕ ਗਿਆ। ਇਨ੍ਹਾਂ ਸਾਰੇ ਵਰ੍ਹਿਆਂ ਵਿਚ ਬੱਚੇ ਵਲ ਬੇਧਿਆਨੀ ਉਸ ਵਲੋਂ ਖਾਣ-ਪੀਣ ਵਾਲੀਆਂ ਚੀਜ਼ਾਂ ਦੀ ਚੋਰੀ ਵਿਚ ਪ੍ਰਗਟ ਹੋਣ ਲਗ ਪਈ। ਇਕ ਭੁੱਖ ਉਸ ਦੇ ਧੁਰ ਅੰਦਰ ਬਹਿ ਗਈ ਸੀ। ਅਨੇਕਾਂ ਵਾਰੀ ਉਹ ਚੋਰੀ ਕੀਤੀ ਚੀਜ਼ ਨੂੰ ਬਿਨਾਂ ਖੋਲ੍ਹੇ, ਬਿਨਾਂ ਦੇਖੇ ਹੀ, ਕਿਸੇ ਝਾੜੀ ਜਾਂ ਖੁੱਲ੍ਹੀ ਥਾਂ 'ਤੇ ਸੁੱਟ ਦਿੰਦਾ ਸੀ।

ਇਵੇਂ ਹੀ ਇਕ ਬੱਚੇ ਦੀ ਮਾਂ ਆਪਣੇ ਜੁਆਰੀਏ ਪਤੀ ਵਲੋਂ ਆਪਣੇ ਗਹਿਣੇ ਵੇਚੇ ਜਾਣ ਦੇ ਸੰਤਾਪ ਨਾਲ ਘੁਲ-ਘੁਲ ਕੇ ਮਰ ਗਈ। ਇਹ ਮੁੰਡਾ ਜਦੋਂ ਕਿਸੇ ਗਹਿਣੇ ਨੂੰ ਵੇਖਦਾ ਸੀ ਤਾਂ ਉਸ ਦੇ ਸਰੀਰ ਵਿਚ ਬਿਜਲੀ ਕੰਬ ਜਾਂਦੀ ਸੀ।

ਉਹ ਕੇਵਲ ਗਹਿਣੇ ਚੋਰੀ ਕਰਦਾ ਸੀ।

ਚੋਰੀ ਕੀਤਾ ਹਰ ਨਵਾਂ ਗਹਿਣਾ ਉਸ ਲਈ ਕੁਝ ਪਲਾਂ ਲਈ ਹੀ ਤਸੱਲੀ ਦਾ ਕਾਰਨ ਬਣਦਾ ਸੀ ਅਤੇ ਇਸ ਉਪਰੰਤ ਗਹਿਣਾ, ਚੋਰੀ ਕੀਤੇ ਗਹਿਣਿਆਂ ਵਾਲੇ ਬਕਸੇ ਵਿਚ ਬੰਦ ਹੋ ਜਾਂਦਾ ਸੀ। ਗਹਿਣੇ ਉਹ ਵੇਚਦਾ ਨਹੀਂ ਸੀ, ਗਹਿਣੇ ਵੇਚਣ ਦਾ ਉਸ ਨੂੰ ਕਦੀ ਖਿਆਲ ਵੀ ਨਹੀਂ ਸੀ ਆਇਆ। ਉਸ ਨੂੰ ਭਰਮ ਸੀ ਕਿ ਕਿਵੇਂ ਨਾ ਕਿਵੇਂ ਉਸ ਦੀ ਮਾਂ ਮੁੜ ਆਵੇਗੀ।

ਆਪਣੀ ਮਾਂ ਪ੍ਰਤੀ, ਉਸ ਦੇ ਪਤੀ ਦੇ ਕਮੀਨੇਪਣ ਨੂੰ, ਉਹ ਪੁੱਤਰ ਦੀ ਉਦਾਰਤਾ ਨਾਲ ਪੂਰਨਾ ਚਾਹੁੰਦਾ ਸੀ।

ਹਰ ਚੋਰ ਦੀ ਲਿਵ ਅਤੇ ਬਿਰਤੀ ਕਿਸੇ ਖਾਸ ਚੀਜ਼ ਨਾਲ ਜੁੜੀ ਹੁੰਦੀ ਹੈ।

ਉਹ ਉਸ ਖਾਸ ਚੀਜ਼ ਨੂੰ ਹੀ ਇਕੱਠਾ ਕਰਨ ਦੀ ਲਾਲਸਾ ਦਾ ਸ਼ਿਕਾਰ ਹੋ ਜਾਂਦਾ ਹੈ। ਕਿਸੇ ਖਾਸ ਚੀਜ਼ ਨੂੰ ਇਕੱਠਾ ਕਰਨ ਦੀ ਲਾਲਸਾ ਹਰ ਇਕ ਵਿਅਕਤੀ ਵਿਚ ਹੁੰਦੀ ਹੈ, ਜਿਵੇਂ ਕਿਸੇ ਨੂੰ ਪੈਨ ਇਕੱਠੇ ਕਰਨ ਦੀ, ਕਿਸੇ ਨੂੰ ਘੜੀਆਂ, ਕਿਸੇ ਨੂੰ ਕੱਪੜੇ, ਕਿਸੇ ਨੂੰ ਜਾਇਦਾਦ ਅਤੇ ਕਿਸੇ ਨੂੰ ਮਾਇਆ ਜੋੜਨ ਦਾ ਝੱਲ ਹੁੰਦਾ ਹੈ।

ਅਜਿਹੀ ਲਾਲਸਾ ਨੂੰ ਅਸੀਂ ਅਕਸਰ ਸ਼ੌਕ ਦਾ ਨਾਂ ਦਿੰਦੇ ਹਾਂ।

ਜਿਸ ਨੂੰ ਕੱਪੜੇ ਇਕੱਠੇ ਕਰਨ ਦਾ ਸ਼ੌਕ ਹੋਵੇ ਤਾਂ ਅਕਾਰਣ ਹੀ ਉਸ ਦੀ ਕਿਸੇ ਵਿਸ਼ੇਸ਼ ਪ੍ਰਕਾਰ ਜਾਂ ਰੰਗ ਦਾ ਕੱਪੜਾ ਲੈਣ-ਸੁਆਉਣ ਦੀ ਤੀਬਰ ਇੱਛਾ ਪੈਦਾ ਹੁੰਦੀ ਹੈ। ਉਹ ਜਦ ਤਕ ਅਜਿਹਾ ਕੱਪੜਾ ਲੈ ਨਾ ਲਵੇ ਉਸ ਨੂੰ ਆਰਾਮ ਨਾਲ ਬਹਿਣਾ ਨਸੀਬ ਨਹੀਂ ਹੁੰਦਾ। ਜਦੋਂ ਉਹ ਅਜਿਹਾ ਕੱਪੜਾ ਲੈ ਲਵੇ ਤਾਂ ਲੈਣ ਤੋਂ ਉਪਰੰਤ ਉਸ ਨੂੰ ਪਤਾ ਲਗਦਾ ਹੈ ਕਿ ਲਗਭਗ ਇਸ ਪ੍ਰਕਾਰ ਦਾ ਕੱਪੜਾ ਉਸ ਪਾਸ ਪਹਿਲਾਂ ਹੀ ਸੀ। ਇਸ ਵਿਅਕਤੀ ਦਾ ਵਿਹਾਰ ਚੋਰ ਦੇ ਵਿਹਾਰ ਨਾਲੋਂ ਵੱਖਰਾ ਨਹੀਂ ਹੁੰਦਾ। ਵੱਖਰੇਵਾਂ ਕੇਵਲ ਇਹ ਹੁੰਦਾ ਹੈ ਕਿ ਅਜਿਹਾ ਵਿਅਕਤੀ ਪੈਸੇ ਜਾਂ ਕੀਮਤ ਤਾਰ ਕੇ ਚੋਰੀ ਕਰਦਾ ਹੈ, ਜਦੋਂ ਕਿ ਚੋਰ, ਕੀਮਤ ਤਾਰਨ ਬਿਨਾਂ ਹੀ ਆਪਣੀ ਤੀਬਰ ਇੱਛਾ ਪੂਰੀ ਕਰਦਾ ਹੈ।

ਟੂਟੀ-ਚੋਰ ਦੀ ਲਿਵ ਟੂਟੀ ਨਾਲ ਇਸ ਹੱਦ ਤਕ ਲਗ ਜਾਂਦੀ ਹੈ ਕਿ ਉਸ ਨੂੰ ਨੇੜੇ ਪਈ ਵਧੇਰੇ ਕੀਮਤੀ ਚੀਜ਼ ਵੀ ਵਿਖਾਈ ਨਹੀਂ ਦਿੰਦੀ।

ਤੁਸੀਂ ਵੇਖਿਆ ਹੋਵੇਗਾ ਕਿ ਪੁਰਾਣੇ ਗਰਾਮੋਫੋਨ ਰੀਕਾਰਡ ਉਤੇ ਜਦੋਂ ਸੂਈ ਅੜ ਜਾਵੇ ਤਾਂ ਇਕੋ ਗੱਲ ਦੀ ਰੱਟ ਵਾਰ-ਵਾਰ ਲਗਣ ਲਗ ਪੈਂਦੀ ਹੈ।

ਸਾਡੀ ਸਾਰਿਆਂ ਦੀ ਕਿਸੇ ਨਾ ਕਿਸੇ ਤਾਂਘ ਉਤੇ ਸੂਈ ਅੜੀ ਹੋਈ ਹੁੰਦੀ ਹੈ।

ਟੂਟੀ-ਚੋਰ, ਬੋਤਲ-ਚੋਰ, ਭਾਂਡੇ-ਚੋਰ ਆਪਣੇ ਮਨ ਦੇ ਕਿਸੇ ਖਾਲੀਪਣ ਨੂੰ ਭਰਨ ਦੇ ਆਹਰ ਵਿਚ ਲਗੇ ਹੁੰਦੇ ਹਨ।

ਜਦੋਂ ਤਕ ਚੋਰ ਇਕੱਲਾ ਵਿਚਰਦਾ ਹੈ, ਉਸ ਦੀ ਇੱਛਾ ਪੂਰੀ ਹੋਣ ਉਤੇ, ਉਸ ਵਿਚੋਂ ਚੋਰੀ ਦੀ ਆਦਤ ਅਕਸਰ ਲੋਪ ਹੋ ਜਾਂਦੀ ਹੈ ਪਰ ਜਦੋਂ ਉਹ ਕਿਸੇ ਗ੍ਰੋਹ ਦਾ ਭਾਗ ਬਣ ਜਾਵੇ

ਤਾਂ ਚੋਰੀ ਦੀ ਆਦਤ ਇਕ ਆਦਤ ਨਾ ਰਹਿ ਕੇ ਉਸ ਦਾ ਸ਼ੌਕ ਜਾਂ ਧੰਦਾ ਬਣ ਜਾਂਦੀ ਹੈ।

ਆਮ ਕਰ ਕੇ ਪੰਦਰ੍ਹਾਂ-ਸੋਲ੍ਹਾਂ ਸਾਲਾਂ ਦੀ ਉਮਰ ਤਕ ਕਿਸੇ ਹਮਦਰਦ ਤੱਕਣੀ ਜਾਂ ਦਿਲ ਦੇ ਅਨੁਭਵ ਜਾਂ ਸਾਥ ਨਾਲ ਚੋਰ, ਆਪਣਾ ਗੁਆਚਿਆ ਸੰਤੁਲਨ ਮੁੜ ਪ੍ਰਾਪਤ ਕਰ ਲੈਂਦੇ ਹਨ ਪਰ ਜੇ ਜੀਵਨ ਦੀ ਸੁੰਨੀ ਸੜਕ ਉਤੇ ਕੋਈ ਉਨ੍ਹਾਂ ਦੇ ਦੁੱਖ ਨੂੰ ਹੁੰਗਾਰਾ ਨਾ ਭਰੇ ਤਾਂ ਉਹ ਚੋਰੀ ਨੂੰ ਇਕ ਰੋਜ਼ਗਾਰ ਵਜੋਂ ਅਪਨਾ ਕੇ ਸਮਾਜ ਨੂੰ ਅਪਣੇ ਹੀ ਢੰਗ ਨਾਲ ਸਜ਼ਾ ਦਿੰਦੇ ਹਨ ਅਤੇ ਸਮਾਜ ਨੂੰ ਖਤਰੇ ਵਿਚ ਪਾਉਣ ਲਈ ਉਹ ਆਪ ਖਤਰੇ ਸਹੇੜਦੇ ਹਨ।

ਕਿਸੇ ਵੀ ਚੋਰ ਦੀ ਦੁੱਖਦੀ ਰੱਗ ਉਤੇ ਉਂਗਲ ਧਰ ਕੇ ਵੇਖੋ, ਉਹ ਇਕ ਵਿਧਵਾ ਜਾਂ ਯਤੀਮ ਵਾਂਗ ਰੋਣ ਲਗ ਪਵੇਗਾ।

ਕਿਸੇ ਚੋਰ ਨੂੰ ਤੁਹਾਡੀ ਸੱਚੀ-ਸੁੱਚੀ ਲੋੜ ਦਾ ਪਤਾ ਲਗੇ ਸਹੀ, ਉਹ ਰੱਬ ਨਾਲੋਂ ਵੀ ਵਧੇਰੇ ਮਿਹਰਬਾਨ ਹੋ ਜਾਵੇਗਾ।

ਚੋਰ ਉਹ ਵਿਅਕਤੀ ਹੁੰਦਾ ਹੈ, ਜਿਹੜਾ ਪਿਆਰ ਨਾਲ ਆਪਣਾ ਨਾਂ ਸੁਣਨ ਅਤੇ ਪਛਾਣੇ ਜਾਣ ਲਈ ਭਟਕਦਾ ਹੈ। ਜਿਸ ਦਹਿਲੀਜ਼ ਉਤੇ ਚੋਰ ਨੂੰ ਪਛਾਣ, ਮਾਨਤਾ ਅਤੇ ਪਿਆਰ ਮਿਲੇ, ਉਹ ਘਰ ਉਸ ਲਈ ਮੱਕਾ ਹੋ ਨਿਬੜਦਾ ਹੈ।

ਚੋਰੀ ਕਰਨ ਨਾਲ ਚੋਰ ਦਾ ਮਨ ਦੁਖੀ ਹੁੰਦਾ ਹੈ ਪਰ ਸਮਾਜ ਵਲੋਂ ਉਸ ਦੀ ਘਾਟ ਅਤੇ ਲੋੜ ਨੂੰ ਨਾ ਪਛਾਣਨ ਕਾਰਨ ਚੋਰ ਦਾ ਮਨ ਮਹਿਸੂਸ ਕਰਨੋਂ ਹੀ ਹਟ ਜਾਂਦਾ ਹੈ।

ਚੋਰ ਅਕਸਰ ਝਗੜਾਲੂ, ਲੜਾਕੇ, ਈਰਖਾ ਅਤੇ ਲਾਲਚ ਦਾ ਸ਼ਿਕਾਰ ਮਾਪਿਆਂ ਦੀ ਸੰਤਾਨ ਹੁੰਦੇ ਹਨ।

ਜਦੋਂ ਕੋਈ ਪੁਰਸ਼ ਘਰ ਵਲ ਧਿਆਨ ਨਾ ਦੇਵੇ ਤਾਂ ਪਤਨੀ ਅਤੇ ਬੱਚੇ ਚੋਰੀ ਨਾਲ ਆਪਣਾ ਗੁਜ਼ਾਰਾ ਕਰਨ ਲਈ ਮਜਬੂਰ ਹੁੰਦੇ ਹਨ।

ਇਕ ਅਜਿਹੀ ਪਤਨੀ, ਬੱਚਿਆਂ ਨਾਲ ਪਨਸਾਰੀ ਦੀ ਦੁਕਾਨ 'ਤੇ ਜਾਂਦੀ ਸੀ ਅਤੇ ਆਪ ਦੁਕਾਨਦਾਰ ਦੇ ਸਾਹਮਣੇ ਖਲੋ ਜਾਂਦੀ ਸੀ ਤਾਂ ਕਿ ਬੱਚੇ ਪਿਛੋਂ ਨਿੱਕੀਆਂ-ਮੋਟੀਆਂ ਚੀਜ਼ਾਂ ਚੁੱਕ ਲੈਣ। ਅਜਿਹੇ ਬੱਚਿਆਂ ਵਿਚੋਂ ਜਦੋਂ ਇਕ ਵੱਡਾ ਹੋ ਗਿਆ ਤਾਂ ਉਸ ਦੀ ਜੇਬ ਵਿਚ ਪੈਸੇ ਪਾ ਕੇ ਉਸ ਨੂੰ ਉਹ ਚੋਰੀ ਲਈ ਦੁਕਾਨ 'ਤੇ ਭੇਜਦੀ ਸੀ ਅਤੇ ਫੜੇ ਜਾਣ ਦੀ ਸੂਰਤ ਵਿਚ ਬੱਚਾ ਇਹ ਕਹਿ ਕੇ ਹਾਲ-ਦੁਹਾਈ ਪਾ ਦਿੰਦਾ ਸੀ ਕਿ ਮੈਂ ਤਾਂ ਪੈਸੇ ਦੇਣ ਹੀ ਲੱਗਾ ਸੀ।

ਹਰ ਚੋਰ ਆਲੇ-ਦੁਆਲੇ ਨੂੰ ਚੋਰੀ ਕਰਨ ਦੀ ਸੰਭਾਵਨਾ ਨਾਲ ਵੇਖਦਾ ਹੈ ਅਤੇ ਉਹ ਆਮ ਵਿਅਕਤੀਆਂ ਨਾਲੋਂ ਵਧੇਰੇ ਚੌਕੰਨਾ ਹੁੰਦਾ ਹੈ, ਫੜੇ ਜਾਣ ਦਾ ਡਰ ਅਤੇ ਸਹਿਮ ਉਸ ਨੂੰ ਮੋਟਾ ਨਹੀਂ ਹੋਣ ਦਿੰਦੇ।

ਚੋਰ ਅਕਸਰ ਉਹ ਵਿਅਕਤੀ ਬਣਦੇ ਹਨ, ਜਿਨ੍ਹਾਂ ਦੀ ਪਿਆਰ, ਸਤਿਕਾਰ ਦੀ ਭੁੱਖ ਆਦਿ ਦੀ ਪੂਰਤੀ ਨਹੀਂ ਹੋਈ ਹੁੰਦੀ, ਸੋ ਦੂਜਿਆਂ ਪ੍ਰਤੀ ਆਪਣੀ ਈਰਖਾ ਨੂੰ ਉਹ, ਉਨ੍ਹਾਂ ਨੂੰ ਉਨ੍ਹਾਂ ਦੀਆਂ ਕੀਮਤੀ ਚੀਜ਼ਾਂ ਤੋਂ ਵਿਰਵੇ ਕਰ ਕੇ ਪ੍ਰਗਟਾਉਂਦੇ ਹਨ।

ਚੋਰਾਂ ਨੂੰ ਦੌਲਤ ਦੇ ਢੇਰ ਵੇਖਣ ਦੇ ਸੁਪਨੇ ਆਉਂਦੇ ਹਨ, ਉਹ ਸ਼ਹਾਨਾ ਜੀਵਨ ਦੇ ਨਜ਼ਾਰਿਆਂ ਦੀ ਕਲਪਨਾ ਕਰਦੇ ਹਨ।

ਝੂਠ ਬੋਲਣਾ, ਬਹਾਨੇ ਲਾਉਣੇ, ਗੈਰਹਾਜ਼ਰ ਹੋਣਾ, ਵਾਅਦਾ ਤੋੜਨਾ ਆਦਿ ਚੋਰਾਂ ਦੇ ਵਿਹਾਰ ਦੇ ਸੁਭਾਵਕ ਪੱਖ ਹੋ ਨਿਬੜਦੇ ਹਨ।

ਚੋਰਾਂ ਨੂੰ ਨਵੇਂ ਖਤਰੇ ਸਹੇੜ ਕੇ ਆਪਣੀ ਸਮਰੱਥਾ ਅਤੇ ਪਹੁੰਚ ਵਧਾ ਕੇ ਆਨੰਦ ਮਿਲਦਾ ਹੈ। ਗਊਆਂ, ਮੱਝਾਂ, ਭੇਡਾਂ ਆਦਿ ਚਾਰਨ ਵਾਲੇ ਵਿਅਕਤੀ, ਇਕੱਲਤਾ ਅਤੇ ਅਕੇਵੇਂ ਦਾ ਸ਼ਿਕਾਰ ਹੋਣ ਕਾਰਨ, ਕਈ ਪੁੱਠੇ ਕੰਮ ਸੋਚਦੇ ਹਨ, ਜਿਨ੍ਹਾਂ ਵਿਚ ਨਸ਼ੇ ਕਰਨੇ, ਜੂਆ ਖੇਡਣਾ ਅਤੇ ਨਿੱਕੀਆ-ਮੋਟੀਆਂ ਚੀਜ਼ਾਂ ਚੁੱਕ ਲੈਣੀਆਂ ਸ਼ਾਮਲ ਹੁੰਦੀਆਂ ਹਨ।

ਅਸਲ ਸਮੱਸਿਆ ਇਕੱਲਤਾ ਅਤੇ ਅਕੇਵੇਂ ਨੂੰ ਦੂਰ ਕਰਨ ਦੀ ਹੁੰਦੀ ਹੈ, ਸੋ ਬਹੁਤੀ ਵਾਰ ਚੋਰੀ ਕੀਤੀ ਚੀਜ਼ ਵਿਚ ਚੋਰ ਦੀ ਵਿਸ਼ੇਸ਼ ਦਿਲਚਸਪੀ ਨਹੀਂ ਹੁੰਦੀ, ਕਿਉਂਕਿ ਅਕਸਰ ਚੋਰੀ ਕੀਤੀਆਂ ਚੀਜ਼ਾਂ ਉਸ ਦੀ ਕਿਸੇ ਲੋੜ ਨੂੰ ਪੂਰਾ ਕਰਨ ਦੇ ਪੱਖੋਂ ਢੁੱਕਵੀਆਂ ਅਤੇ ਹੈਂਢਣਸਾਰ ਨਹੀਂ ਹੁੰਦੀਆਂ।

ਚੋਰੀ ਕੀਤੇ ਪੈਨ ਦੀ ਨਿੱਬ ਟੁਟ ਜਾਂਦੀ ਹੈ, ਚੋਰੀ ਕੀਤਾ ਕਪੜਾ ਜਲਦੀ ਪਾਟ ਜਾਂਦਾ ਹੈ, ਚੋਰੀ ਕੀਤਾ ਬਟੂਆ ਗੁਆਚ ਜਾਂਦਾ ਹੈ, ਚੋਰੀ ਕੀਤੀ ਖਾਣ ਦੀ ਚੀਜ਼ ਵਾਹੋ-ਦਾਹੀ ਖਾਧੀ ਜਾਂਦੀ ਹੈ, ਚੋਰੀ ਕੀਤਾ ਧਨ ਜਲਦੀ ਖਰਚ ਹੋ ਜਾਂਦਾ ਹੈ।

ਇਵੇਂ ਚੋਰ ਦਾ ਵਿਹਾਰ ਇਕ ਉਦਾਸ ਅਤੇ ਅਸਥਿਰ ਵਿਅਕਤੀ ਵਾਲਾ ਹੁੰਦਾ ਹੈ। ਕੋਈ ਮ੍ਰਿਗ-ਤ੍ਰਿਸ਼ਨਾ ਉਸ ਨੂੰ ਟਿਕਣ ਨਹੀਂ ਦਿੰਦੀ।

ਜਦੋਂ ਚੋਰੀ ਰੋਜ਼ਗਾਰ ਬਣ ਜਾਵੇ ਤਾਂ ਪੁਰਸ਼ ਅਕਸਰ ਉਹ ਚੋਰੀਆਂ ਕਰਦੇ ਹਨ, ਜਿਨ੍ਹਾਂ ਨਾਲ ਉਨ੍ਹਾਂ ਦੀ ਆਰਥਿਕ ਸ਼ਕਤੀ ਅਤੇ ਸਮਰੱਥਾ ਵਧੇ ਅਤੇ ਇਸਤਰੀਆਂ ਉਹ ਚੋਰੀਆਂ ਕਰਦੀਆਂ ਹਨ, ਜਿਨ੍ਹਾਂ ਨਾਲ ਉਨ੍ਹਾਂ ਦੀ ਸੁੰਦਰਤਾ ਵੱਧਣ ਦੀ ਸੰਭਾਵਨਾ ਹੋਵੇ ਜਾਂ ਚੋਰੀ ਕੀਤੇ ਪੈਸਿਆਂ ਨਾਲ ਉਹ ਆਪਣੀ ਸੁੰਦਰਤਾ ਵਧਾਉਣ ਲਈ ਚੀਜ਼ਾਂ ਖਰੀਦ ਸਕਣ।

ਚੋਰ ਦੇ ਵਿਹਾਰ ਦਾ ਇਕ ਦਿਲਚਸਪ ਪੱਖ ਇਹ ਵੀ ਹੈ ਕਿ ਕਈ ਵਾਰੀ ਚੋਰੀ, ਕਿਸੇ ਪ੍ਰਤੀ ਸਤਿਕਾਰ ਪ੍ਰਗਟਾਉਣ ਵਜੋਂ ਵੀ ਕੀਤੀ ਜਾਂਦੀ ਹੈ।

ਆਪਣੇ ਕਿਸੇ ਪਿਆਰੇ ਦੀ ਕੋਈ ਨਿਸ਼ਾਨੀ ਆਪਣੇ ਕੋਲ ਰੱਖਣ ਦੀ ਇੱਛਾ ਵਿਸ਼ਵ-ਵਿਆਪੀ ਹੈ। ਇਸ ਇੱਛਾ ਦੀ ਪੂਰਤੀ ਕਈ ਵਾਰੀ ਚੋਰੀ ਕਰਨ ਨਾਲ ਹੀ ਸੰਭਵ ਹੁੰਦੀ ਹੈ।

ਇਵੇਂ ਸਾਡਾ ਪਿਆਰਾ ਆਪਣੀ ਨਿਸ਼ਾਨੀ ਰਾਹੀਂ ਸਾਨੂੰ ਆਪਣੇ ਕੋਲ ਪ੍ਰਤੀਤ ਹੁੰਦਾ ਹੈ ਕਿਉਂਕਿ ਪਿਆਰੇ ਦੀ ਹਰ ਚੀਜ਼ ਚੋਰੀ ਕਰਨਯੋਗ ਹੁੰਦੀ ਹੈ।

ਆਪਣੇ ਪਿਆਰੇ ਅਧਿਆਪਕਾਂ ਦੀਆਂ ਕਈ ਪੁਸਤਕਾਂ ਅਤੇ ਅਨੇਕਾਂ ਵਸਤਾਂ ਵਿਦਿਆਰਥੀ ਇਵੇਂ ਹੀ 'ਸਾਂਭਦੇ' ਹਨ।

ਜਵਾਨੀ ਦੀਆਂ ਬਹੁਤੀਆਂ ਚੋਰੀਆਂ ਕੇਵਲ ਸ਼ਰਾਰਤ ਵਸ ਕੀਤੀਆਂ ਜਾਂਦੀਆਂ ਹਨ, ਇਹ ਚੂੰਢੀ ਵੱਢਣ ਦੀ ਆਦਤ ਦਾ ਪ੍ਰਗਟਾਵਾ ਹੁੰਦੀਆਂ ਹਨ।

ਲਾਇਬਰੇਰੀ ਵਿਚੋਂ ਕਿਤਾਬਾਂ ਗਿਆਨ ਦੇ ਸਤਿਕਾਰ ਵਜੋਂ ਹੀ ਚੋਰੀ ਹੁੰਦੀਆਂ ਹਨ ਅਤੇ ਅਜਿਹੀ ਚੋਰੀ ਹਰ ਵਿਦਵਾਨ ਨੇ ਕੀਤੀ ਹੁੰਦੀ ਹੈ।

ਤੋਹਫ਼ਾ ਦੇਣ ਦੀ ਰੀਤ, ਚੋਰੀ ਹੋਣ ਵਾਲੀ ਚੀਜ਼, ਕਿਸੇ ਨੂੰ ਆਪ ਹੀ ਭੇਟ ਕਰਨ ਦਾ, ਇਕ ਸਮਾਜਿਕ ਅਤੇ ਸਤਿਕਾਰ-ਭਰਿਆ ਢੰਗ ਹੈ।

ਹਰ ਚੋਰ ਦੀ ਪਹਿਲੀ ਅਤੇ ਆਖਰੀ ਲੋੜ ਦੂਜਿਆਂ ਵਲੋਂ ਪਿਆਰ ਪ੍ਰਾਪਤ ਕਰਨ ਅਤੇ ਪ੍ਰਵਾਨਗੀ ਦੀ ਭੁੱਖ ਹੁੰਦੀ ਹੈ।

ਇਕ ਵਾਰੀ ਸਕੂਲ ਦੇ ਇਕ ਵਿਦਿਆਰਥੀ ਨੇ ਆਦਤ ਵਸ ਆਪਣੇ ਅਧਿਆਪਕ ਦੇ ਘਰੋਂ ਇਕ ਰਸਾਲਾ ਚੁੱਕ ਲਿਆ, ਅਗਲੀ ਵਾਰੀ ਅਧਿਆਪਕ ਨੇ ਪੜ੍ਹਨ ਲਈ ਉਸ ਨੂੰ ਦੋ ਹੋਰ ਰਸਾਲੇ ਦਿੱਤੇ। ਉਸ ਵਿਦਿਆਰਥੀ ਨੂੰ ਅਜਿਹੀ ਮਾਨਤਾ ਪਹਿਲੀ ਵਾਰ ਮਿਲੀ ਸੀ।

ਕੁਝ ਦਿਨਾਂ ਮਗਰੋਂ ਜਦੋਂ ਅਧਿਆਪਕ ਨੂੰ ਉਹ ਰਸਾਲੇ ਵਾਪਸ ਕਰਨ ਆਇਆ ਤਾਂ ਉਸ ਦੇ ਹੱਥ ਵਿਚ ਤਿੰਨ ਰਸਾਲੇ ਸਨ।

ਨਿੱਕੀਆਂ-ਮੋਟੀਆਂ ਚੋਰੀਆਂ ਅਣਡਿੱਠ ਕਰਨ ਦੀ ਜਾਚ ਸਿਖਣੀ ਚਾਹੀਦੀ ਹੈ।

ਖਾਣ-ਪੀਣ ਦੀਆਂ ਚੋਰੀਆਂ ਵਿਸਾਰ ਦੇਣੀਆਂ ਚਾਹੀਦੀਆਂ ਹਨ।

ਸੱਚ ਤਾਂ ਇਹ ਹੈ ਕਿ ਬੱਚਿਆਂ ਨੂੰ ਚੋਰ, ਉਨ੍ਹਾਂ ਦੇ ਮਾਪੇ ਬਣਾਉਂਦੇ ਹਨ, ਜਿਹੜੇ ਉਨ੍ਹਾਂ ਦੀਆਂ ਸਰੀਰਕ ਅਤੇ ਭਾਵਕ ਭੁੱਖਾਂ ਵਲ ਧਿਆਨ ਨਹੀਂ ਦਿੰਦੇ।

ਜਿਹੜੇ ਘਰ ਆਪਸੀ ਅਵਿਸ਼ਵਾਸ ਕਾਰਨ ਰਿਸ਼ਤਿਆਂ ਦੇ ਖੋਲੇ ਬਣ ਜਾਂਦੇ ਹਨ ਅਤੇ ਜਿਨ੍ਹਾਂ ਘਰਾਂ ਵਿਚ ਮਾਪਿਆਂ ਦੀ ਆਪਸੀ ਖਿੱਚੋਤਾਣ ਵਿਚ ਬੱਚੇ ਸ਼ਤਰੰਜ ਦੇ ਗੋਟਿਆਂ ਵਾਂਗ ਵਰਤੇ ਜਾਂਦੇ ਹਨ, ਉਥੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਨਫ਼ਰਤ ਵਾਲਾ ਹੋ ਜਾਂਦਾ ਹੈ ਅਤੇ ਬੱਚੇ ਮਾਨਸਿਕ ਮਰੀਜ਼ ਅਤੇ ਚੋਰ ਹੋ ਨਿਬੜਦੇ ਹਨ।

ਭਾਵੇਂ ਕੋਈ ਚੋਰੀਆਂ ਹੀ ਕਰਦਾ ਹੋਵੇ ਪਰ ਫਿਰ ਵੀ ਹਰ ਇਕ ਚੋਰ ਵੀ ਸਾਵਾਂ-ਸੁਖਾਵਾਂ ਜੀਵਨ ਜਿਊਣਾ ਚਾਹੁੰਦਾ ਹੈ।

ਚੋਰੀ ਕਰਨ ਦੀ ਆਦਤ ਇਕ ਸਮਾਜਿਕ ਸਮੱਸਿਆ ਹੈ, ਅਦਾਲਤਾਂ ਇਸ ਸਮੱਸਿਆ ਨੂੰ ਸੁਲਝਾ ਨਹੀਂ ਸਕਦੀਆਂ।

ਚੋਰ ਇਕ ਤਿਲ੍ਹਕਦਾ ਹੋਇਆ ਵਿਅਕਤੀ ਹੁੰਦਾ ਹੈ, ਜਿਸ ਨੂੰ ਹਮਦਰਦੀ ਨਾਲ ਜਿੱਤ ਕੇ, ਸਮਾਜਿਕ ਜੀਵਨ ਦੇ ਵਿਸ਼ਾਲ ਪ੍ਰਵਾਹ ਵਿਚ, ਰਲਾਇਆ ਜਾ ਸਕਦਾ ਹੈ।

✲✲✲

ਗੋਦ ਲਿਆ ਬੱਚਾ

'ਅਸੀਂ ਤਾਂ ਖੱਚਰ ਪਾਲ ਰਹੇ ਹਾਂ!'

ਇਹ ਵਾਕ ਉਸ ਸੱਸ ਦਾ ਹੈ, ਜਿਸ ਦੀ ਇਕਲੌਤੀ ਨੂੰਹ, ਵਿਆਹ ਤੋਂ ਚਾਰ-ਪੰਜ ਸਾਲ ਮਗਰੋਂ ਵੀ ਕਿਸੇ ਬੱਚੇ ਨੂੰ ਜਨਮ ਨਾ ਦੇ ਸਕੀ।

ਬਾਂਝ 'ਮਾਂਵਾਂ' ਨੂੰ ਅਜਿਹਾ ਬਹੁਤ ਕੁਝ ਸੁਣਨਾ ਪੈਂਦਾ ਹੈ।

ਅਨੇਕਾਂ ਪਤੀ ਅਤੇ ਪਤਨੀਆਂ ਮੁਆਇਨੇ ਲਈ ਹਸਪਤਾਲ ਇਸ ਲਈ ਨਹੀਂ ਜਾਂਦੇ ਤਾਂ ਕਿ ਅਸਲੀਅਤ ਦਾ ਪਤਾ ਨਾ ਲਗ ਜਾਵੇ। ਕਈ ਬਾਂਝ ਪਤਨੀਆਂ ਅਨੇਕਾ ਅਜਿਹੇ ਢੰਗ-ਵਸੀਲੇ ਵਰਤਦੀਆਂ ਹਨ, ਜਿਨ੍ਹਾਂ ਨਾਲ ਉਨ੍ਹਾਂ ਨੂੰ ਆਪਣੇ ਗਰਭਵਤੀ ਹੋਣ ਦੀ ਆਸ ਬਣੀ ਰਹੇ। ਉਹ ਟੂਣੇ-ਤਵੀਤ ਲਈ ਵੀ ਜਾਂਦੀਆਂ ਹਨ।

ਜਦੋਂ ਕੋਈ ਇਸਤਰੀ ਬੱਚੇ ਨੂੰ ਜਨਮ ਨਾ ਦੇ ਸਕੇ ਤਾਂ ਉਸ ਦੇ ਚਿਹਰੇ ਉਤੇ ਮੁਆਫ਼ੀ ਮੰਗਣ ਵਾਲੇ ਭਾਵ ਪਸਰ ਜਾਂਦੇ ਹਨ ਅਤੇ ਉਸ ਨੂੰ ਸੰਸਾਰ ਫਿੱਕਾ-ਫਿੱਕਾ ਲਗਣ ਲਗ ਪੈਂਦਾ ਹੈ। ਇਸਤਰੀ ਦੇ ਜੀਵਨ ਵਿਚ ਇਹ ਇਕ ਅਜਿਹੀ ਇਕੱਲ ਅਤੇ ਘਾਟ ਹੁੰਦੀ ਹੈ, ਜਿਸ ਨੂੰ ਕਿਸੇ ਵੀ ਹੋਰ ਢੰਗ ਨਾਲ ਪੂਰਿਆ ਨਹੀਂ ਜਾ ਸਕਦਾ।

ਪਤੀ ਕੋਲ ਆਪਣੀ ਇਕੱਲ ਦੂਰ ਕਰਨ ਦੇ ਅਨੇਕਾਂ ਢੰਗ-ਤਰੀਕੇ ਹੁੰਦੇ ਹਨ ਪਰ ਇਸਤਰੀ ਵਲ ਸਭ ਦੀਆਂ ਸ਼ੱਕੀ ਨਜ਼ਰਾਂ ਕਾਰਨ ਉਸ ਦੀ ਹਾਲਤ ਨਿਘਰਦੀ ਜਾਂਦੀ ਹੈ। ਉਹ ਵਧੇਰੇ ਬੀਮਾਰ ਰਹਿੰਦੀ ਹੈ, ਉਹ ਵਧੇਰੇ ਉਦਾਸ ਹੁੰਦੀ ਹੈ, ਉਹ ਵਧੇਰੇ ਰੋਂਦੀ ਹੈ।

ਉਸ ਦਾ ਅਜਿਹਾ ਵਰਤਾਰਾ ਅਸਲ ਵਿਚ ਉਸ ਵਲੋਂ ਦੂਜਿਆਂ ਸਾਹਮਣੇ ਆਉਣ ਤੋਂ ਬਚਣ ਦਾ ਹੀਲਾ ਹੁੰਦਾ ਹੈ।

ਅਜਿਹੀ ਪਤਨੀ ਪ੍ਰਤੀ ਜਦੋਂ ਉਸਦਾ ਪਤੀ ਵੀ ਉਦਾਸੀਨ ਹੋ ਜਾਵੇ ਤਾਂ ਉਸ ਲਈ ਸਭ ਕੁਝ ਉਜੜ ਜਾਂਦਾ ਹੈ।

ਜਦੋਂ ਇਸਤਰੀ ਇਕੱਲੀ ਹੁੰਦੀ ਹੈ ਤਾਂ ਉਹ ਪੁਰਸ਼ ਦੇ ਮੁਕਾਬਲੇ ਵਧੇਰੇ ਉਦਾਸ ਅਤੇ ਵਧੇਰੇ ਇਕੱਲੀ ਹੁੰਦੀ ਹੈ।

ਜਦੋਂ ਮਨੁੱਖਾਂ ਦੇ ਜਜ਼ਬੇ ਥੱਕ ਜਾਂਦੇ ਹਨ ਤਾਂ ਉਹ ਸਨਿਆਸ, ਆਤਮਘਾਤ, ਤਿਆਗ ਅਤੇ ਮੁਕਤੀ ਦਾ ਰਾਹ ਫੜਦੇ ਹਨ।

ਬਾਂਝ ਅਤੇ ਥੱਕੀ ਹੋਈ ਇਸਤਰੀ ਮਰਨ ਬਾਰੇ ਸੋਚਦੀ ਹੈ।

ਬਾਂਝ ਇਸਤਰੀ ਰੋਂਦੀਆਂ ਹਵਾਵਾਂ ਵਿਚ ਇਕ ਧੂਣੀ ਵਾਂਗ ਧੁਖਦੀ ਹੈ, ਉਹ ਕੁਰਲਾਉਂਦੇ ਕਾਫ਼ਲੇ ਦਾ ਇਕ ਭਾਗ ਬਣ ਜਾਂਦੀ ਹੈ।

ਉਸ ਦੇ ਸਾਹ ਦੀ ਆਵਾਜ਼ ਆਰੀ ਦੇ ਚਲਣ ਵਾਂਗ ਲਗਦੀ ਹੈ।

ਉਸ ਦੀ ਹਾਜ਼ਰੀ ਨਾਲ ਵਾਤਾਵਰਣ ਸੋਗੀ ਹੋ ਜਾਂਦਾ ਹੈ।

ਜਿਨ੍ਹਾਂ ਦੇਸ਼ਾਂ ਵਿਚ ਬਸੰਤ ਨਹੀਂ ਹੁੰਦੀ, ਉਥੇ ਫੁੱਲ ਵੀ ਨਹੀਂ ਉੱਗਦੇ।

ਸਾਡੇ ਦੇਸ਼ ਦੀ ਅਨਪੜ੍ਹਤਾ ਅਤੇ ਗਰੀਬੀ ਦਾ ਇਕ ਪੱਖ ਇਹ ਵੀ ਹੈ ਕਿ ਇਥੇ ਇਸਤਰੀ ਨੂੰ ਅਨੇਕਾਂ ਉਹ ਬੋਝ ਵੀ ਚੁੱਕਣੇ ਪੈਂਦੇ ਹਨ, ਜਿਨ੍ਹਾਂ ਨੂੰ ਚੁੱਕਣਾ ਅਸਲ ਵਿੱਚ ਪੁਰਸ਼ ਦੀ ਜ਼ਿੰਮੇਵਾਰੀ ਹੁੰਦਾ ਹੈ।

ਪੁਰਸ਼ ਦੀਆਂ ਘਾਟਾਂ ਦਾ ਦੋਸ਼ ਵੀ ਇਸਤਰੀ ਦੀ ਝੋਲੀ ਪੈਂਦਾ ਹੈ।

ਸੱਸਾਂ ਨੂੰ ਆਪਣੇ ਪੁੱਤਰਾਂ ਵਿਚ ਕੋਈ ਦੋਸ਼ ਨਹੀਂ ਦਿਸਦਾ ਅਤੇ ਬਾਂਝ ਨੂੰਹ ਵਿਚ ਕੋਈ ਗੁਣ ਦਿਖਾਈ ਨਹੀਂ ਦਿੰਦਾ।

ਭਟਕਣ ਦੇ ਦੇਸ਼ ਵਿਚ ਕੁਝ ਵੀ ਸਦੀਵੀ ਨਹੀਂ ਹੁੰਦਾ।

ਰੋਂਦੀਆਂ ਅੱਖਾਂ ਲਈ ਬਸੰਤ ਵੀ ਪੱਤਝੜ ਹੁੰਦੀ ਹੈ।

ਇਸਤਰੀ ਜਦੋਂ ਹਾਰ ਜਾਂਦੀ ਹੈ ਤਾਂ ਹੰਝੂ ਉਸ ਦਾ ਸਹਾਰਾ ਬਣਦੇ ਹਨ।

ਇਸਤਰੀ ਜਿਸ ਨੂੰ ਪਿਆਰ ਕਰਦੀ ਹੈ, ਉਸ 'ਤੇ ਹੱਕ ਜਿਤਾਏ ਬਿਨਾਂ ਨਹੀਂ ਰਹਿੰਦੀ।

ਇਸਤਰੀ ਦੀ ਇੰਤਜ਼ਾਰ ਦੀ ਅੱਖ ਕਦੇ ਨਹੀਂ ਥੱਕਦੀ।

ਜਦੋਂ ਦਰੱਖਤ ਲਾਉਣ ਦੀ ਸੰਭਾਵਨਾ ਨਾ ਰਹੇ ਤਾਂ ਗਮਲਿਆਂ ਵਿਚ ਬੂਟੇ ਲਾਉਣ ਦੇ ਖਿਆਲ ਆਉਣੇ ਸੁਭਾਵਿਕ ਹੁੰਦੇ ਹਨ।

ਜਦੋਂ ਕੁੱਖ ਇਨਕਾਰੀ ਹੋ ਜਾਵੇ ਤਾਂ ਗੋਦ ਨੂੰ ਹੁੰਗਾਰਾ ਭਰਨ ਲਈ ਕਿਸੇ ਨੂੰ ਗੋਦ ਲੈਣ ਲਈ, ਖਿਆਲ ਵੀ ਉਭਰਦੇ ਹਨ ਅਤੇ ਸਲਾਹਾਂ ਵੀ ਮਿਲਦੀਆਂ ਹਨ।

ਗੋਦ ਲਏ ਬੱਚੇ ਬਾਰੇ ਬਹੁਤੇ ਇਹ ਸੋਚਦੇ ਹਨ ਕਿ ਉਸ ਅਭਾਗੇ ਨੂੰ ਘਰ ਮਿਲ ਗਿਆ ਹੈ, ਮਾਪੇ ਮਿਲ ਗਏ ਹਨ ਅਤੇ ਪਿਆਰ ਮਿਲ ਗਿਆ ਹੈ।

ਗੋਦ ਲੈਣ ਤੋਂ ਪਹਿਲਾਂ, ਗੋਦ ਲੈਣ ਸਮੇਂ ਅਤੇ ਗੋਦ ਲੈਣ ਉਪਰੰਤ ਅਤੇ ਗੋਦ ਲਏ ਬੱਚੇ ਦੇ ਜਵਾਨ ਹੋਣ ਤਕ ਜੋ ਕੁਝ ਸਬੰਧਿਤ ਧਿਰਾਂ ਦੇ ਮਨਾਂ ਅੰਦਰ ਵਾਪਰਦਾ ਹੈ, ਉਸ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ।

ਸਾਡੀ ਹੀ ਨਹੀਂ, ਹਰ ਕਿਸੇ ਦੀ ਇਹ ਆਦਤ ਹੁੰਦੀ ਹੈ ਕਿ ਅਸੀਂ ਕੇਵਲ ਸਫਲ ਮਿਸਾਲਾਂ ਨੂੰ ਹੀ ਸਾਹਮਣੇ ਰੱਖਦੇ ਹਾਂ।

ਬੱਚੇ ਨੂੰ ਗੋਦ ਲੈਣਾ ਨਵੇਂ ਮਾਪਿਆਂ ਦਾ ਫੈਸਲਾ ਹੁੰਦਾ ਹੈ, ਬੱਚੇ ਦਾ ਨਹੀਂ।

ਗੋਦ ਲਏ ਬੱਚੇ ਦੇ ਇਕ ਉਹ ਮਾਪੇ ਹੁੰਦੇ ਹਨ, ਜਿਹੜੇ ਉਸ ਨੂੰ ਜਨਮ ਦਿੰਦੇ ਹਨ ਅਤੇ ਇਕ ਉਹ, ਜਿਹੜੇ ਪਾਲਦੇ ਹਨ।

ਇਕ ਉਸ ਦੀ ਹੋਂਦ ਤੋਂ ਇਨਕਾਰੀ ਹੁੰਦੇ ਹਨ, ਦੂਜੇ ਉਸ ਉਤੇ ਅਹਿਸਾਨ ਕਰਦੇ ਹਨ। ਅਕਸਰ ਪਹਿਲੇ ਮਾਪੇ ਉਹ ਹੁੰਦੇ ਹਨ ਜਿਹੜੇ ਇਕ-ਦੂਜੇ ਨਾਲੋਂ ਟੁੱਟ ਚੁੱਕੇ ਹੁੰਦੇ ਹਨ ਅਤੇ ਦੂਜੇ ਉਹ ਹੁੰਦੇ ਹਨ, ਜਿਨ੍ਹਾਂ ਦੇ ਜੁੜੇ ਰਹਿਣ ਦਾ ਆਧਾਰ ਪੱਕਾ ਨਹੀਂ ਹੁੰਦਾ। ਦੋਹਾਂ ਵਿਚੋਂ ਇਕ ਪ੍ਰਕਾਰ ਦੇ ਮਾਪਿਆਂ ਦੇ ਆਪਸੀ ਸਬੰਧ ਸੁਖਾਵੇਂ ਨਹੀਂ ਹੁੰਦੇ।

ਸਾਡੇ ਸਮਾਜ ਵਿਚ ਅਕਸਰ ਗੋਦ ਲਏ ਬੱਚੇ ਦੀ ਸਥਿਤੀ ਉਸ ਮੰਜੀ ਵਾਂਗ ਹੁੰਦੀ ਹੈ, ਜਿਸ ਨੂੰ ਦੋ ਮਿਸਤਰੀ ਠੋਕ ਰਹੇ ਹੋਣ।

ਗੋਦ ਲਏ ਬੱਚੇ ਦੀਆਂ ਸਮੱਸਿਆਵਾਂ ਦੇ ਮੁਕਾਬਲੇ, ਉਸ ਦੇ ਦੋਵੇਂ ਪ੍ਰਕਾਰ ਦੇ ਮਾਪਿਆਂ ਦੀਆਂ ਸਮੱਸਿਆਵਾਂ ਵਧੇਰੇ ਗੰਭੀਰ ਹੁੰਦੀਆਂ ਹਨ।

ਗੋਦ ਲੈਣ ਵਾਲੇ ਮਾਪਿਆਂ ਦੀ ਅਕਸਰ ਇੱਛਾ ਹੁੰਦੀ ਹੈ ਕਿ ਉਨ੍ਹਾਂ ਨੂੰ ਗੋਦ ਲਏ ਬੱਚੇ ਦੇ ਅਸਲ ਮਾਪਿਆਂ ਦਾ ਪਤਾ ਨਾ ਲਗੇ ਅਤੇ ਦੂਜੇ ਪਾਸੇ ਅਸਲ ਮਾਂ ਜਾਂ ਮਾਪੇ ਹਰ ਸੰਭਵ ਹੀਲੇ ਨਾਲ ਬੱਚੇ ਬਾਰੇ ਜਾਣਨ ਲਈ ਉਤਸੁਕ ਰਹਿੰਦੇ ਹਨ।

ਵਿਆਹ ਤੋਂ ਪਹਿਲੇ ਜਨਮੇ ਨਾਜਾਇਜ਼ ਬੱਚੇ ਨੂੰ ਜਦੋਂ ਕੋਈ ਗੋਦ ਲੈਂਦਾ ਹੈ ਤਾਂ ਅਜਿਹੇ ਬੱਚੇ ਨੂੰ ਬਾਹਰ ਤਾਂ ਕੀ, ਆਪਣੇ ਨਵੇਂ ਘਰ ਵਿਚ ਹੀ ਬਹੁਤ ਕੁਝ ਸੁਣਨਾ ਪੈਂਦਾ ਹੈ। ਅਜਿਹੇ ਬੱਚੇ ਨੂੰ ਬਿਨਾਂ ਦੱਸੇ ਪਤਾ ਲਗ ਜਾਂਦਾ ਹੈ ਕਿ ਉਸ ਦਾ ਪਿਛੋਕੜ ਸਪਸ਼ਟ ਨਹੀਂ। ਉਹ ਜਦੋਂ ਨਵੇਂ ਮਾਪਿਆਂ ਦੇ ਕਮਰੇ ਵਿਚ ਜਾਂਦਾ ਹੈ ਤਾਂ ਉਹ ਗੱਲਾਂ ਕਰਦੇ-ਕਰਦੇ ਅਚਾਨਕ ਚੁੱਪ ਹੋ ਜਾਂਦੇ ਹਨ, ਆਏ ਮਹਿਮਾਨ ਉਸ ਵਲ ਹੋਰ ਤਰ੍ਹਾਂ ਵੇਖਦੇ ਹਨ, ਉਸ ਨਾਲ ਪੜ੍ਹਨ ਵਾਲੇ ਵਿਦਿਆਰਥੀ ਉਸ ਨੂੰ ਅਨੇਕਾਂ ਅਜਿਹੇ ਪ੍ਰਸ਼ਨ ਪੁੱਛਦੇ ਹਨ, ਜਿਨ੍ਹਾਂ ਦੇ ਉੱਤਰ ਲਈ ਜਦੋਂ ਉਹ ਨਵੇਂ ਮਾਪਿਆਂ ਕੋਲ ਜਾਂਦਾ ਹੈ ਤਾਂ ਹਰ ਇਕ ਉੱਤਰ ਨਵੇਂ ਪ੍ਰਸ਼ਨ ਨੂੰ ਜਨਮ ਦਿੰਦਾ ਹੈ।

ਗੋਦ ਲਿਆ ਬੱਚਾ ਜਿਉਂ-ਜਿਉਂ ਵੱਡਾ ਹੁੰਦਾ ਹੈ, ਸਬੰਧਿਤ ਧਿਰਾਂ ਦੀਆਂ ਸਮੱਸਿਆਵਾਂ ਵੀ ਦਰੱਖਤ ਵਾਂਗ ਫੈਲਦੀਆਂ ਹਨ।

ਬਹੁਤੇ ਮਾਪੇ 'ਪੁੱਤਰ' ਨੂੰ ਗੋਦ ਲੈਣਾ ਚਾਹੁੰਦੇ ਹਨ। ਅਜਿਹਾ ਕਰ ਕੇ ਉਹ ਅਣਜਾਣੇ ਹੀ, ਸਮੱਸਿਆਵਾਂ ਦੀ ਇਕ ਅਜਿਹੀ ਪਟਾਰੀ ਖੋਲ੍ਹ ਲੈਂਦੇ ਹਨ, ਜਿਸ ਨੂੰ ਸਮੇਟਣਾ ਉਨ੍ਹਾਂ ਦੇ ਵਸ ਵਿਚ ਨਹੀਂ ਰਹਿੰਦਾ।

'ਧੀ' ਨੂੰ ਗੋਦ ਲੈਣਾ ਨਾ ਕੇਵਲ ਪਾਲਣ ਦੇ ਪੱਖੋਂ ਵਧੇਰੇ ਤਸੱਲੀ ਵਾਲਾ ਅਨੁਭਵ ਹੁੰਦਾ ਹੈ, ਸਗੋਂ ਇਹ ਰਿਸ਼ਤਾ ਵੀ ਵਧੇਰੇ ਹੰਢਣਸਾਰ ਹੁੰਦਾ ਹੈ ਪਰ ਪਿਤਾ ਅਤੇ ਧੀ ਦੀ ਉਮਰ ਵਿਚ ਅੰਤਰ ਤੀਹ ਸਾਲ ਤੋਂ ਘੱਟ ਨਹੀਂ ਹੋਣਾ ਚਾਹੀਦਾ।

ਪੁੱਤਰ, ਧੀਆਂ ਨਾਲੋਂ ਵਧੇਰੇ ਸਮੱਸਿਆਵਾਂ ਪੈਦਾ ਕਰਦੇ ਹਨ।

ਬੱਚੇ ਨੂੰ ਗੋਦ ਲੈਣ ਉਪਰੰਤ, ਸੱਤਰ ਪ੍ਰਤੀਸ਼ਤ ਮਾਪੇ ਆਪਣੀ ਸੰਤਾਨ ਸਿਰਜਣ ਦੇ

ਸਮਰੱਥ ਹੋ ਜਾਂਦੇ ਹਨ। ਇਸ ਦਾ ਕਾਰਨ ਇਹ ਹੁੰਦਾ ਹੈ ਕਿ ਬਾਂਝਪੁਣਾ ਜਾਂ ਨਿਪੁੰਸਕ ਹੋਣਾ ਕਿਸੇ ਮਾਨਸਿਕ ਡਰ ਦੇ ਕਾਰਨ ਹੁੰਦਾ ਹੈ। ਗੋਦ ਲਏ ਬੱਚੇ ਨੂੰ ਪਾਲਣ ਦੌਰਾਨ ਇਹ ਡਰ ਜਾਂਦਾ ਰਹਿੰਦਾ ਹੈ ਅਤੇ ਪਤੀ-ਪਤਨੀ, ਮਾਂ-ਬਾਪ ਬਣ ਜਾਂਦੇ ਹਨ।

ਆਰੰਭ ਵਿਚ ਗੋਦ ਲਏ ਬੱਚੇ ਪ੍ਰਤੀ ਸ਼ੁਕਰਾਨਾ ਪ੍ਰਗਟਾਇਆ ਜਾਂਦਾ ਹੈ ਪਰ ਆਪਣਾ ਬੱਚਾ ਹੋਣ ਉਤੇ ਉਸ ਪ੍ਰਤੀ, ਕੇਵਲ ਮਨੁੱਖਾਂ ਵਿਚ ਪਾਈ ਜਾਣ ਵਾਲੀ ਅਕ੍ਰਿਤਘਣਤਾ, ਈਰਖਾ, ਸਾੜਾ ਅਤੇ ਨਫ਼ਰਤ ਪੂਰੇ ਜਲਾਲ ਵਿਚ ਉਭਰਦੀ ਹੈ।

ਗੋਦ ਲੈਣ ਦੀ ਇੱਛਾ ਇਕ ਨਿਰਾਸਤਾ ਵਿਚੋਂ ਉਪਜੀ ਹੁੰਦੀ ਹੈ ਅਤੇ ਬਹੁਤੀਆਂ ਹਾਲਤਾਂ ਵਿਚ ਗੋਦ ਲੈਣ ਦਾ ਨਿਰਣਾ ਭਾਵਕਤਾ ਵਿਚੋਂ ਜਨਮਿਆ ਹੁੰਦਾ ਹੈ।

ਗੋਦ ਲਏ ਬੱਚੇ ਦੇ ਚਰਿੱਤਰ ਉੱਤੇ ਸ਼ੱਕ ਅਤੇ ਸੰਦੇਹ ਸਦਾ ਬਣਿਆ ਰਹਿੰਦਾ ਹੈ।

ਉਸ ਦੀ ਹਾਜ਼ਰੀ ਪਿਤਾ ਦੀ ਨਿਪੁੰਸਕਤਾ ਦਾ ਐਲਾਨਨਾਮਾ ਹੁੰਦੀ ਹੈ ਅਤੇ ਮਾਂ ਦੀ ਅਸਫਲਤਾ ਦਾ ਸਬੂਤ, ਸੋ ਗੋਦ ਲੈਣ ਸਮੇਂ ਵੀ ਅਕਸਰ ਇਕ ਧਿਰ ਗੋਦ ਲੈਣ ਦੇ ਪੱਖ ਵਿਚ ਹੁੰਦੀ ਹੈ ਅਤੇ ਦੂਜੀ ਧਿਰ ਪੂਰਾ ਵਿਰੋਧ ਕਰਦੀ ਹੈ।

ਬੱਚੇ ਨੂੰ ਗੋਦ ਲੈਣ ਦਾ ਵਧੇਰੇ ਜੋਸ਼, ਪਤਨੀ ਪ੍ਰਗਟਾਉਂਦੀ ਹੈ।

ਬੱਚੇ ਨੂੰ ਗੋਦ ਲੈਣਾ ਬੜਾ ਸਿਆਣਾ ਅਤੇ ਹੌਸਲੇ ਵਾਲਾ ਨਿਰਣਾ ਹੁੰਦਾ ਹੈ ਪਰ ਉਦੇਸ਼ ਸਪਸ਼ਟ ਨਾ ਹੋਣ ਕਾਰਨ ਅਨੇਕਾਂ ਸਮੱਸਿਆਵਾਂ ਵੀ ਪੈਦਾ ਹੁੰਦੀਆਂ ਹਨ।

ਆਰੰਭ ਵਿਚ ਬੱਚੇ ਦੀ ਹਾਜ਼ਰੀ ਬੇਆਰਾਮੀ ਅਤੇ ਮੁਸੀਬਤ ਪ੍ਰਤੀਤ ਹੁੰਦੀ ਹੈ, ਕਿਉਂਕਿ ਬੱਚੇ ਨੂੰ ਗੋਦ ਲੈਣ ਉਪਰੰਤ ਮਾਪਿਆਂ ਦੇ ਰੁਝੇਵੇਂ ਇਤਨੇ ਵੱਧ ਜਾਂਦੇ ਹਨ ਕਿ ਕਈ ਇਸ ਬੋਝ ਥੱਲੇ ਦਬ ਕੇ ਪ੍ਰੇਸ਼ਾਨ ਰਹਿੰਦੇ ਹਨ।

ਕਈ ਅਜਿਹੇ ਮਾਪੇ ਆਪਣੇ ਅਨੁਭਵ ਬਾਰੇ ਅਤੇ ਬੱਚਿਆਂ ਨੂੰ ਪਾਲਣ ਦੇ ਆਪਣੇ ਸਿਧਾਂਤਾਂ ਬਾਰੇ, ਦੂਜਿਆਂ ਸਾਹਮਣੇ ਇਤਨੇ ਵੇਰਵੇ ਦਿੰਦੇ ਹਨ ਕਿ ਸੁਣਨ ਵਾਲੇ ਅੱਕ ਅਤੇ ਥੱਕ ਜਾਂਦੇ ਹਨ।

ਗੋਦ ਲੈਣ ਵਾਲੇ ਮਾਪਿਆਂ ਨੇ ਕਿਉਂਕਿ ਬੱਚੇ ਨੂੰ ਜਨਮ ਨਹੀਂ ਦਿੱਤਾ ਹੁੰਦਾ, ਸੋ ਉਹ ਬੱਚਾ ਅਜੀਬ ਢੰਗ ਨਾਲ ਪਾਲਿਆ ਜਾਂਦਾ ਹੈ ਅਤੇ ਉਹ ਲਾਡਲਾ ਹੋ ਨਿੱਬੜਦਾ ਹੈ। ਜੇ ਅਜਿਹਾ ਬੱਚਾ ਮਾਪਿਆਂ ਦੀ ਆਸ ਮੁਤਾਬਿਕ ਹੁਸ਼ਿਆਰ, ਚੁਸਤ ਅਤੇ ਸਿਆਣਾ ਨਾ ਨਿਕਲੇ ਤਾਂ ਮਾਪਿਆਂ ਨੂੰ ਜਿਹੜੀ ਮਾਯੂਸੀ ਹੁੰਦੀ ਹੈ, ਉਹ ਬਿਆਨ ਨਹੀਂ ਕੀਤੀ ਜਾ ਸਕਦੀ ਅਤੇ ਜੇ ਉਹ 'ਵਿਦਵਾਨ' ਨਿਕਲ ਪਵੇ ਤਾਂ ਮਾਪਿਆਂ ਨੂੰ ਉਸ ਦੀ ਅਕਲ ਦੇ ਮੇਚ ਦੀਆਂ ਗੱਲਾਂ ਨਾ ਕਰਨੀਆਂ ਆਉਣ ਕਾਰਨ, ਬੱਚੇ ਨੂੰ ਭਾਰੀ ਮਾਯੂਸੀ ਹੁੰਦੀ ਹੈ।

ਗੋਦ ਲਏ ਮੁੰਡੇ ਦਾ ਵਿਰੋਧ ਪਿਤਾ ਨਾਲ ਉਸਰਨਾ ਸੁਭਾਵਿਕ ਹੁੰਦਾ ਹੈ, ਕਿਉਂਕਿ ਮਾਂ ਦਾ ਉਸ ਵਲ ਵਧੇਰੇ ਧਿਆਨ, ਪਿਤਾ ਨੂੰ ਆਪਣੇ ਹੱਕਾਂ ਉਤੇ ਛਾਪਾ ਪ੍ਰਤੀਤ ਹੁੰਦਾ ਹੈ । ਅਜਿਹੀ ਸਥਿਤੀ ਵਿਚ ਪਤਨੀ ਵਲੋਂ ਅਣਦੇਖੀ ਕਾਰਨ, ਪਿਤਾ ਬੱਚੇ ਲਈ ਥਾਣੇਦਾਰ ਹੋ ਨਿੱਬੜਦਾ ਹੈ ਅਤੇ ਘਰੇਲੂ ਖਿੱਚੋਤਾਣ ਵੱਧ ਜਾਂਦੀ ਹੈ।

ਮਾਂ ਦੀ ਗੈਰਹਾਜ਼ਰੀ ਪਰ ਪਿਤਾ ਦੀ ਹਾਜ਼ਰੀ ਵਿਚ ਗੋਦ ਲਏ ਪੁੱਤਰ ਦੀ ਹਾਲਤ ਸਹੇ ਵਾਲੀ ਹੁੰਦੀ ਹੈ। ਪਿਤਾ ਦਾ ਡਰ ਜਦੋਂ ਬੱਚੇ ਦੇ ਮਨ ਵਿਚ ਬਹਿ ਜਾਵੇ ਤਾਂ ਉਹ ਸੁੱਕਣ ਲਗ ਜਾਂਦਾ ਹੈ ਜਾਂ ਬੀਮਾਰ ਰਹਿਣ ਲਗ ਜਾਂਦਾ ਹੈ ਜਾਂ ਥੱਥਲਾਉਣ ਲਗ ਪੈਂਦਾ ਹੈ ਜਾਂ ਘਰ ਤੋਂ ਬਾਹਰ ਰਹਿਣ ਲਗ ਪੈਂਦਾ ਹੈ।

ਉਹ ਕੁਝ ਵੀ ਕਰੇ, ਉਸ ਦੀ ਡਾਂਟ-ਫਿਟਕਾਰ ਵੱਧਦੀ ਰਹਿੰਦੀ ਹੈ। ਉਹ ਜਿਤਨਾ ਉਭਰਨ ਦਾ ਯਤਨ ਕਰਦਾ ਹੈ, ਉਹ ਉਤਨਾ ਹੀ ਧੱਸਦਾ ਜਾਂਦਾ ਹੈ।

ਅਜਿਹੀ ਸਥਿਤੀ ਵਿਚ ਬੱਚਾ ਆਪਣੇ ਅਸਲ ਮਾਪਿਆਂ ਬਾਰੇ ਸੋਚਣ ਅਤੇ ਕਲਪਨਾ ਕਰਨ ਲਗ ਪੈਂਦਾ ਹੈ। ਅਜਿਹੇ ਇਕ ਬੱਚੇ ਨੂੰ ਭਰਮ ਹੋ ਗਿਆ ਕਿ ਉਹ ਰਾਜ-ਮਹਿਲ ਵਿਚ ਜਨਮਿਆ ਸੀ ਅਤੇ ਉਸ ਦੇ ਨਵੇਂ ਮਾਪੇ ਉਸ ਨੂੰ ਚੋਰੀ ਚੁੱਕ ਲਿਆਏ ਸਨ। ਕਿਸ਼ੋਰ ਅਵਸਥਾ ਵਿਚ ਸਾਰੇ ਮੁੰਡੇ-ਕੁੜੀਆਂ ਸੁਪਨੇ ਵੇਖਦੇ ਹਨ ਪਰ ਗੋਦ ਲਿਆ ਬੱਚਾ ਵਧੇਰੇ ਸੁਪਨੇ ਦੇਖਦਾ ਹੈ। ਉਹ ਡਰੀ ਹੋਈ ਗਊ ਵਾਂਗ ਵਿਚਰਦਾ ਹੈ। ਉਹ ਬਹੁਤ ਕੁਝ ਕਰਨ ਬਾਰੇ ਸੋਚਦਾ ਹੈ, ਉਹ ਅਨੇਕਾਂ ਰਸਤਿਆਂ ਦੇ ਸੁਪਨੇ ਲੈਂਦਾ ਹੈ ਪਰ ਉਸ ਨੂੰ ਸਭ ਰਸਤੇ ਬੰਦ ਦਿਖਾਈ ਦਿੰਦੇ ਹਨ।

ਇਕ ਟੱਬਰ ਵਿਚ ਜਦੋਂ ਗੋਦ ਲਿਆ ਬੱਚਾ ਤਾਂ ਵਜ਼ੀਫੇ ਪ੍ਰਾਪਤ ਕਰਦਾ ਰਿਹਾ ਪਰ ਮਾਪਿਆਂ ਦੇ ਮਗਰੋਂ ਜਨਮੇ ਆਪਣੇ ਤਿੰਨ ਬੱਚੇ ਜਦੋਂ ਸਕੂਲ ਦੀ ਪੜ੍ਹਾਈ ਵੀ ਪੂਰੀ ਨਾ ਕਰ ਸਕੇ ਤਾਂ ਪਿਤਾ ਨੇ ਗੋਦ ਲਏ ਪੁੱਤਰ ਦੀ ਪੜ੍ਹਾਈ ਇਹ ਕਹਿ ਕੇ ਬੰਦ ਕਰਵਾ ਦਿੱਤੀ ਸੀ ਕਿ ਉਹ ਵਿਗੜਦਾ ਜਾ ਰਿਹਾ ਸੀ।

ਜਦੋਂ ਕਿਸੇ ਹੁਸ਼ਿਆਰ ਬੱਚੇ ਦੇ ਵਿਕਾਸ-ਰਾਹ ਬੰਦ ਕਰ ਦਿੱਤੇ ਜਾਣ ਤਾਂ ਉਸ ਦਾ ਹਿੰਸਕ ਅਤੇ ਗੁਸਤਾਖ਼ ਹੋਣਾ, ਲਗਭਗ ਲਾਜ਼ਮੀ ਹੁੰਦਾ ਹੈ।

ਅਜਿਹਾ ਹੁਸ਼ਿਆਰ ਬੱਚਾ ਆਪਣੀ ਬੁੱਧੀ ਨੂੰ ਹੋਰ ਕੰਮਾਂ ਵਿਚ ਲਾਉਣ ਲਈ ਮਜਬੂਰ ਹੋ ਜਾਂਦਾ ਹੈ। ਉਸ ਦੀ ਸਮੱਸਿਆ ਨੂੰ ਕੋਈ ਨਹੀਂ ਸਮਝਦਾ, ਉਸ ਦੀਆਂ ਪ੍ਰਕ੍ਰਿਤਿਕ ਅਤੇ ਸਮਾਜਿਕ ਲੋੜਾਂ ਨੂੰ ਅਣਗੌਲਿਆ ਤਾਂ ਕੀਤਾ ਹੀ ਜਾਂਦਾ ਹੈ, ਮਾਪਿਆਂ ਨੂੰ ਉਸ ਦੀਆਂ ਸਾਧਾਰਨ ਲੋੜਾਂ ਵੀ ਬੋਝ ਪ੍ਰਤੀਤ ਹੋਣ ਲਗ ਪੈਂਦੀਆਂ ਹਨ।

ਉਹ ਇਕ ਅਜਿਹੀ ਵਸਤ ਬਣ ਜਾਂਦਾ ਹੈ, ਜਿਸ ਤੋਂ ਸਾਰੇ ਛੁਟਕਾਰਾ ਪਾਉਣਾ ਚਾਹੁੰਦੇ ਹਨ ਪਰ ਕੋਈ ਵੀ ਇਹ ਨਹੀਂ ਦਸਦਾ ਕਿ ਉਹ ਕਰੇ ਕੀ?

ਜੇ ਗੋਦ ਲਏ ਬੱਚੇ ਦੇ ਅਸਲ ਮਾਪਿਆਂ ਦਾ ਬੱਚੇ ਨੂੰ ਪਤਾ ਲਗ ਜਾਵੇ ਤਾਂ ਅਜਿਹੇ ਬੱਚੇ ਦੀ ਸਥਿਤੀ ਉਸ ਇਸਤਰੀ ਵਾਲੀ ਹੋ ਜਾਂਦੀ ਹੈ, ਜਿਸ ਦੇ ਦੋ ਪਤੀ ਹੋਣ। ਦੋਹਾਂ ਟੱਬਰਾਂ ਵਿਚ ਖਿੱਚੋਤਾਣ ਹੋਣੀ ਸੁਭਾਵਿਕ ਹੁੰਦੀ ਹੈ।

ਜੇ ਅਸਲ ਮਾਪਿਆਂ ਦੀ ਮਾਇਕ ਸਥਿਤੀ ਗੋਦ ਲੈਣ ਵਾਲੇ ਮਾਪਿਆਂ ਨਾਲੋਂ ਬਿਹਤਰ ਹੋਵੇ, ਤਾਂ ਬਹਾਨਾ ਕੋਈ ਵੀ ਬਣੇ, ਕਾਰਨ ਕੋਈ ਵੀ ਹੋਵੇ, ਗੋਦ ਲਿਆ ਬੱਚਾ ਆਪਣੇ ਅਸਲ ਮਾਪਿਆਂ ਕੋਲ ਮੁੜ ਜਾਵੇਗਾ।

ਜੇ ਗੋਦ ਲਿਆ ਬੱਚਾ ਹੁਸ਼ਿਆਰ ਹੋਵੇ ਤਾਂ ਸਭ ਰੋਕਾਂ ਦੇ ਬਾਵਜੂਦ, ਉਹ ਆਪਣੇ ਅਸਲ ਮਾਪਿਆਂ ਨੂੰ ਲੱਭ ਲਵੇਗਾ। ਇਹ ਲੱਭਤ ਬੜਾ ਦੁੱਖੀ ਕਰਦੀ ਹੈ।

ਗੋਦ ਲੈਣ ਵਾਲੇ ਮਾਪੇ, ਇਸ ਭਰਮ ਦਾ ਸ਼ਿਕਾਰ ਹੁੰਦੇ ਹਨ ਕਿ ਗੋਦ ਲਿਆ ਬੱਚਾ, ਬੱਚਾ ਹੀ ਰਹੇਗਾ ਜਾਂ ਉਹ ਭਾਵੇਂ ਕਿਤਨਾ ਵੀ ਵੱਡਾ ਹੋ ਜਾਵੇ, ਉਨ੍ਹਾਂ ਲਈ ਬੱਚਾ ਹੀ ਰਹੇਗਾ। ਉਨ੍ਹਾਂ ਦਾ ਵਸ ਚਲੇ ਤਾਂ ਉਹ ਉਸ ਨੂੰ ਵੱਡਾ ਹੀ ਨਾ ਹੋਣ ਦੇਣ।

ਅਜਿਹਾ ਬੱਚਾ ਜਦੋਂ ਵੱਡਾ ਹੋ ਜਾਂਦਾ ਹੈ ਤਾਂ ਉਸ ਨੂੰ ਆਪਣੇ ਨੇੜੇ ਰੱਖਣ ਲਈ ਮਾਪੇ ਆਪਣੇ ਬੀਮਾਰ ਹੋਣ ਦਾ ਬਹਾਨਾ ਕਰਦੇ ਹਨ। ਜਦੋਂ ਮਾਪੇ ਅਜਿਹੇ ਬੱਚੇ ਨੂੰ ਆਪਣੇ ਮੋਹ ਦੇ ਪਿੰਜਰੇ ਵਿਚ ਬੰਦ ਕਰਨ ਵਿਚ ਅਸਮਰੱਥ ਹੁੰਦੇ ਹਨ ਤਾਂ ਬੱਚਾ ਲੋੜ ਵਸ ਆਪਣੇ ਖੰਭ ਫੈਲਾਉਂਦਾ ਹੈ। ਅਜਿਹੇ ਬੱਚੇ ਦਾ ਪਿਛੋਕੜ ਸਪਸ਼ਟ ਨਾ ਹੋਣ ਕਾਰਨ ਅਤੇ ਉਸ ਦਾ ਪਾਲਣ-ਪੋਸਣ ਸਾਵਾਂ-ਸੰਤੁਲਤ ਨਾ ਹੋਣ ਕਾਰਨ, ਬਾਹਰਲੀ ਦੁਨੀਆਂ ਵਿਚ ਉਹ ਸਾਵੇਂ-ਸੁਖਾਵੇਂ ਸਬੰਧ ਅਤੇ ਰਿਸ਼ਤੇ ਉਸਾਰਨ ਦੇ ਪੱਖੋਂ ਆਪਣੇ ਆਪ ਨੂੰ ਅਪੰਗ ਮਹਿਸੂਸ ਕਰਦਾ ਹੈ।

ਉਹ ਸੰਸਾਰ ਵਿਚ ਗੁਆਚੀ ਅਵਸਥਾ ਵਿਚ ਭਟਕਦਾ ਹੈ, ਜਿਵੇਂ ਆਪਣੀ ਅਸਲੀ ਮਾਂ ਨੂੰ ਲੱਭ ਰਿਹਾ ਹੋਵੇ।

ਪਰੰਪਰਾਗਤ ਸਮਾਜਾਂ ਵਿਚ, ਧੁੰਦਲੇ ਪਿਛੋਕੜ ਵਾਲੇ ਵਿਅਕਤੀ, ਝੱਟਪਟ ਸਵੀਕਾਰ ਨਹੀਂ ਕੀਤੇ ਜਾਂਦੇ।

ਜਿਥੇ ਭਰਾ ਜਾਂ ਭੈਣ ਦਾ ਬੱਚਾ ਗੋਦ ਲਿਆ ਜਾਂਦਾ ਹੈ, ਉਥੇ ਜੇਕਰ ਜਾਇਦਾਦ ਦੀ ਖਿੱਚ ਨਾ ਹੋਵੇ ਤਾਂ ਰਿਸ਼ਤਾ ਤਿੜਕ ਜਾਂਦਾ ਹੈ, ਜਿਥੇ ਇਹ ਖਿੱਚ ਹੋਵੇ, ਉਥੇ ਬੱਚਾ ਦੋ ਘਰਾਂ ਦੇ ਲਾਡ ਨਾਲ ਇਤਨਾ ਵਿਗੜ ਜਾਂਦਾ ਹੈ ਕਿ ਉਸ ਨੂੰ ਸਭ ਕੁਝ ਆਪਣੀ ਖੇਡ ਦਾ ਸਾਮਾਨ ਪ੍ਰਤੀਤ ਹੁੰਦਾ ਹੈ।

ਅਜਿਹੇ ਬੱਚੇ ਅਕਸਰ ਸਕੂਲ ਬਦਲਦੇ ਹਨ, ਜਮਾਤ ਨਹੀਂ।

ਅਜਿਹੇ ਬੱਚੇ ਅਕਸਰ ਉਜਾੜਦੇ ਹਨ, ਕੁਝ ਉਸਾਰਦੇ ਨਹੀਂ।

ਕੀ ਬੱਚੇ ਨੂੰ ਉਸ ਦੇ ਅਤੀਤ ਬਾਰੇ ਦੱਸਣਾ ਚਾਹੀਦਾ ਹੈ ਕਿ ਨਹੀਂ ?

ਜਦੋਂ ਬੱਚਾ ਸਮਝਣ ਦੇ ਯੋਗ ਹੋਵੇ, ਉਸ ਨੂੰ ਦੱਸਣਾ ਚਾਹੀਦਾ ਹੈ ਪਰ ਠੀਕ ਢੰਗ ਨਾਲ ਦੱਸਣ ਦੀ ਯੋਗਤਾ ਬਹੁਤ ਘੱਟ ਮਾਪਿਆਂ ਵਿਚ ਹੁੰਦੀ ਹੈ।

ਬਹੁਤੇ ਮਾਪੇ ਆਪਣੇ ਅਹਿਸਾਨ ਦੀ ਖੁਮਾਰੀ ਵਿਚ ਵਿਚਰਦੇ ਹਨ, ਉਹ ਬੱਚੇ ਦੀ ਮਾਨਸਿਕ ਸਥਿਤੀ ਤੋਂ ਅਣਜਾਣ ਹੀ ਰਹਿੰਦੇ ਹਨ।

ਜਦੋਂ ਸੂਚਨਾ ਦੀ ਘਾਟ ਹੋਵੇ ਤਾਂ ਅਫਵਾਹਾਂ ਫੈਲਦੀਆਂ ਹਨ।

ਜਦੋਂ ਬੱਚੇ ਨੂੰ ਆਪਣੇ ਮਨ ਵਿਚ ਉਠਣ ਵਾਲੇ ਪ੍ਰਸ਼ਨਾਂ ਦਾ ਉੱਤਰ ਨਹੀਂ ਮਿਲਦਾ ਤਾਂ ਉਹ ਘਰ ਵਿਚ, ਹਰ ਵੇਲੇ ਦੁਚਿੱਤੀ ਵਿਚ ਵਿਚਰਣ ਲਗ ਪੈਂਦਾ ਹੈ।

ਉਹ ਅਚੇਤ ਹੀ ਆਪਣੀਆਂ ਕਾਪੀਆਂ, ਕਿਤਾਬਾਂ ਵਿਚ ਆਪਣੇ ਮਨ ਦੀ ਹਾਲਤ ਨੂੰ ਚੀਚ-ਮਚੋਲਿਆਂ, ਚਿੰਨ੍ਹਾਂ ਅਤੇ ਸੰਕੇਤਾਂ ਰਾਹੀਂ ਪ੍ਰਗਟਾਉਂਦਾ ਰਹਿੰਦਾ ਹੈ।

ਦੂਜਿਆਂ ਨਾਲੋਂ ਆਪਣਾ ਵੱਖਰੇਵਾਂ ਉਸ ਨੂੰ ਸਤਾਉਂਦਾ ਹੈ, ਸੋ ਅਜਿਹੀ ਅਵਸਥਾ ਵਿਚ ਜਾਂ ਉਹ ਸਹਿੰਦੜ ਬਣ ਜਾਂਦਾ ਹੈ ਜਾਂ ਜ਼ਿੱਦੀ ਜਾਂ ਲੜਾਕਾ।

ਨਾਜਾਇਜ਼ ਸਬੰਧਾਂ ਵਿਚੋਂ ਪੈਦਾ ਹੋਇਆ ਬੱਚਾ ਆਲੇ-ਦੁਆਲੇ ਨੂੰ ਆਪਣਾ ਵਿਰੋਧੀ ਸਮਝ ਕੇ ਵਿਚਰਦਾ ਹੈ ਅਤੇ ਬਦਲਾ ਲੈਣ ਲਈ ਕੁਝ ਵੀ ਕਰਨ ਲਈ ਝੱਟ ਤਿਆਰ ਹੋ ਜਾਂਦਾ ਹੈ। ਦੂਜਿਆਂ ਦਾ ਆਪਣੇ ਪ੍ਰਤੀ ਵਿਹਾਰ ਵੇਖ ਕੇ ਅਜਿਹਾ ਬੱਚਾ ਆਪਣੀ ਅਸੁਰੱਖਿਆ ਕਾਰਨ ਵਧੇਰੇ ਫੁਰਤੀਲਾ ਅਤੇ ਝਗੜਾਲੂ ਹੋ ਨਿੱਬੜਦਾ ਹੈ ਅਤੇ ਬੇਕਾਬੂ ਹੋ ਜਾਂਦਾ ਹੈ।

ਬੱਚੇ ਨੂੰ ਗੋਦ ਲੈਣ ਦੀ ਇੱਛਾ ਹੋਰ ਕਿਸੇ ਵਰਗ ਦੇ ਮੁਕਾਬਲੇ ਮੱਧ-ਸ਼੍ਰੇਣੀ ਦੇ ਪਰਿਵਾਰਾਂ ਵਿਚ ਵਧੇਰੇ ਹੁੰਦੀ ਹੈ।

ਇਸ ਵਰਗ ਦੀ ਸਮੁੱਚੀ ਸੋਚ ਉਪਭਾਵਕ ਅਤੇ ਜੀਵਨ ਪ੍ਰਤੀ ਪਹੁੰਚ ਰੋਮਾਂਟਿਕ ਹੁੰਦੀ ਹੈ, ਸੋ ਇਹ ਵਰਗ ਆਪਣੀ ਧੁੰਦਲੀ ਸੋਚ ਅਤੇ ਅਸਪਸ਼ਟ ਪਹੁੰਚ ਕਾਰਨ ਜਦੋਂ ਸਥਿਤੀ ਦੇ ਯਥਾਰਥ ਨਾਲ ਟਕਰਾਉਂਦਾ ਹੈ ਤਾਂ ਇਸ ਦੀਆਂ ਲੱਤਾਂ ਲੜਖੜਾ ਜਾਂਦੀਆਂ ਹਨ।

ਅਜਿਹੀ ਅਵਸਥਾ ਵਿਚ ਵੀ ਇਹ ਵਰਗ ਇਹ ਭਰਮ ਪਾਲਦਾ ਹੈ ਕਿ ਉਹ ਬੜੇ ਦ੍ਰਿੜ੍ਹ ਇਰਾਦੇ ਵਾਲਾ ਹੈ, ਕੰਬ ਤਾਂ ਧਰਤੀ ਰਹੀ ਹੈ।

ਸੌਖੀਆਂ ਜਿੱਤਾਂ ਦੇ ਆਦੀ, ਬੜੀ ਜਲਦੀ ਘਬਰਾ ਜਾਂਦੇ ਹਨ।

ਨਿਰਸੰਤਾਨ ਹੋਣ ਦੀ ਅਵਸਥਾ ਵਿਚ ਬੱਚੇ ਨੂੰ ਗੋਦ ਲੈਣਾ ਬੜਾ ਸਿਆਣਾ ਫੈਸਲਾ ਹੁੰਦਾ ਹੈ ਪਰ ਇਹ ਨਿਰਣਾ ਤਾਂ ਹੀ ਕਰਨਾ ਚਾਹੀਦਾ ਹੈ ਜੇ ਬੱਚੇ ਦੀ ਆਜ਼ਾਦ ਹਸਤੀ ਨੂੰ ਸਵੀਕਾਰ ਕਰਨ ਦੀ ਸਮਰੱਥਾ, ਸਿਦਕ ਅਤੇ ਸਲੀਕਾ ਹੋਵੇ।

ਜਿਹੜੇ ਆਪ ਗੁਲਾਮ ਹੋਣ, ਉਹ ਕਿਸੇ ਨੂੰ ਆਜ਼ਾਦ ਨਹੀਂ ਕਰ ਸਕਦੇ।

ਜਿਹੜੇ ਫੈਸਲੇ, ਸੋਚਣ-ਸਮਝਣ ਤੋਂ ਬਿਨਾਂ ਅਤੇ ਕਾਹਲ ਵਿਚ ਕੀਤੇ ਜਾਂਦੇ ਹਨ, ਉਨ੍ਹਾਂ ਦਾ ਜੀਵਨ ਭਰ ਪਛਤਾਵਾ ਰਹਿੰਦਾ ਹੈ।

ਜਿਹੜੇ ਨਿਰਣੇ ਨਿਰਭਾਵਕ ਹੋ ਕੇ, ਅੱਖਾਂ ਖੋਲ੍ਹ ਕੇ ਅਤੇ ਸੋਚ-ਵਿਚਾਰ ਕੇ ਕੀਤੇ ਜਾਂਦੇ ਹਨ, ਉਹ ਹੀ ਸਹੀ, ਸਫਲ ਅਤੇ ਹੰਢਣਸਾਰ ਹੁੰਦੇ ਹਨ।

✡✡✡

ਗੁੱਸਾ ਅਤੇ ਉਦਾਸੀ

ਸੁੱਤੇ ਹੋਏ ਗੁੱਸੇ ਨੂੰ ਉਦਾਸੀ ਕਹਿੰਦੇ ਹਨ ਅਤੇ ਜਾਗੀ ਹੋਈ ਉਦਾਸੀ ਗੁੱਸਾ ਬਣ ਜਾਂਦੀ ਹੈ। ਉਦਾਸ ਕੇਵਲ ਮਨੁੱਖ ਹੁੰਦੇ ਹਨ।

ਗੁੱਸਾ ਅਤੇ ਉਦਾਸੀ ਇਕ ਹੀ ਅਨੁਭਵ ਦੇ ਦੋ ਪੱਖ ਹਨ। ਇਸੇ ਅਨੁਭਵ ਦਾ ਤੀਜਾ ਪੱਖ ਹੈ, ਡਰ। ਸਭ ਤੋਂ ਵੱਡਾ ਡਰ, ਮੌਤ ਦਾ ਹੁੰਦਾ ਹੈ।

ਡਰਿਆ ਹੋਇਆ ਵਿਅਕਤੀ ਸੁੰਗੜ ਜਾਂਦਾ ਹੈ, ਗੁੱਸੇ ਵਿਚ ਫੁੰਕਾਰਦਾ ਵਿਅਕਤੀ ਫੈਲਦਾ ਹੈ, ਜਦੋਂ ਕਿ ਉਦਾਸੀ ਵਿਚ ਉਹ ਬੁੱਤ ਬਣ ਜਾਂਦਾ ਹੈ।

ਉਦਾਸ ਵਿਅਕਤੀ ਦੇ ਬਾਹਰ ਚੁੱਪ ਪਰ ਅੰਦਰ ਤੂਫਾਨ ਝੁਲਦੇ ਹਨ।

ਵਿਵੇਕ, ਚਿੰਤਨ ਅਤੇ ਸੋਚ ਦੀ ਗੈਰਹਾਜ਼ਰੀ ਵਿਚੋਂ ਹੀ ਡਰ, ਗੁੱਸਾ ਅਤੇ ਉਦਾਸੀ ਜਨਮ ਲੈਂਦੇ ਹਨ। ਡਰ, ਗੁੱਸਾ ਅਤੇ ਉਦਾਸੀ ਬਾਂਝ ਅਨੁਭਵ ਹਨ, ਇਨ੍ਹਾਂ ਵਿਚੋਂ ਕੁਝ ਨਹੀਂ ਉਪਜਦਾ। ਡਰਿਆ ਹੋਇਆ ਵਿਅਕਤੀ, ਗੁਸੈਲ ਅਤੇ ਉਦਾਸ ਕਦੇ ਮਨਫ਼ੀ, ਕਦੇ ਜ਼ਰਬ ਅਤੇ ਕਦੇ ਤਕਸੀਮ ਹੁੰਦਾ ਰਹਿੰਦਾ ਹੈ।

ਗੁੱਸੇ ਹੋਇਆ ਵਿਅਕਤੀ ਮਾਂ ਵਾਂਗ ਨਹੀਂ ਵੇਖ ਸਕਦਾ, ਉਹ ਦੁਸ਼ਮਣ ਜਾਂ ਥਾਣੇਦਾਰ, ਵਿਰੋਧੀ ਜਾਂ ਹਮਲਾਵਰ ਵਾਂਗ ਵੇਖਦਾ ਹੈ।

ਉਦਾਸ ਵਿਅਕਤੀ ਯਾਦਾਂ ਦੇ ਮੋਢੇ ਉਤੇ ਸਿਰ ਰੱਖ ਕੇ ਰੋਂਦਾ ਹੈ।

ਡਰ, ਗੁੱਸੇ ਅਤੇ ਉਦਾਸੀ ਕਾਰਨ ਅਜੋਕਾ ਸਾਰਾ ਸਮਾਜ ਪੀੜਾਂ ਦੇ ਵੇਲਣੇ ਵਿਚ ਪੀੜਿਆ ਜਾ ਰਿਹਾ ਹੈ।

ਆਰਜ਼ੀ ਪਾਗਲਪਣ, ਗੁੱਸਾ ਅਖਵਾਉਂਦਾ ਹੈ।

ਜੀਵਨ ਦੀ ਟੋਰ ਮੱਠੀ ਹੋਣ ਕਰਕੇ ਪੁਰਾਣੇ ਸਮਾਜਾਂ ਵਿਚ ਡਰ, ਗੁੱਸੇ ਅਤੇ ਉਦਾਸੀ ਦੀਆਂ ਬਹੁਤੀਆਂ ਉਦਾਹਰਣਾਂ ਨਹੀਂ ਮਿਲਦੀਆਂ, ਇਸੇ ਕਰ ਕੇ ਉਨ੍ਹਾਂ ਸਮਾਜਾਂ ਵਿਚ ਪਾਗਲਪਣ ਦੀਆਂ ਵੀ ਉਦਾਹਰਣਾਂ ਨਹੀਂ ਮਿਲਦੀਆਂ।

ਉਹ ਲੋਕ ਭਾਵੇਂ ਜਾਣਦੇ ਘੱਟ ਸਨ ਪਰ ਸਮਝਦੇ ਵਧੇਰੇ ਸਨ।

ਉਨ੍ਹਾਂ ਲੋਕਾਂ ਵਿਚ ਗੁਣ ਸੀ ਕਿ ਉਹ ਬਹਿਸ ਨਹੀਂ ਕਰਦੇ ਸਨ।

ਜਿਥੇ ਪਿਆਰ ਅਤੇ ਸਤਿਕਾਰ ਹੋਵੇ, ਉਥੇ ਬਹਿਸ ਸੰਭਵ ਹੀ ਨਹੀਂ ਹੁੰਦੀ।

ਬਹਿਸ ਅਵਿਸ਼ਵਾਸ ਅਤੇ ਵਿਰੋਧ ਵਿਚੋਂ ਜਨਮਦੀ ਹੈ। ਇਹ ਗੁੱਸੇ ਦਾ ਰੂਪ ਧਾਰ ਲੈਂਦੀ ਹੈ, ਇਹ ਉਦਾਸ ਕਰਦੀ ਹੈ।

ਹਰ ਉਮਰ ਵਿਚ ਡਰ, ਗੁੱਸੇ ਅਤੇ ਉਦਾਸੀ ਦੇ ਕਾਰਨ ਵੱਖਰੇ ਹੁੰਦੇ ਹਨ। ਕੋਈ ਵੀ ਉਮਰ ਅਜਿਹੀ ਨਹੀਂ, ਜਿਸ ਵਿਚ ਇਨ੍ਹਾਂ ਭਾਵਾਂ ਤੋਂ ਮੁਕਤ ਹੋਇਆ ਜਾ ਸਕੇ।

ਡਰਿਆ ਹੋਇਆ ਉਦਾਸ ਵਿਅਕਤੀ ਆਤਮਘਾਤ ਕਰਦਾ ਹੈ, ਜਦੋਂ ਕਿ ਗੁੱਸੇ ਹੋਇਆ ਵਿਅਕਤੀ ਕਤਲ ਕਰਨ ਬਾਰੇ ਸੋਚਦਾ ਹੈ।

ਸਰਦੀਆਂ ਦੇ ਮੁਕਾਬਲੇ ਗਰਮੀਆਂ ਵਿਚ ਗੁੱਸਾ ਵਧੇਰੇ ਚੜ੍ਹਦਾ ਹੈ, ਇਸੇ ਕਰਕੇ ਗਰਮੀਆਂ ਵਿਚ ਗਾਲ੍ਹਾਂ ਵਧੇਰੇ ਕੱਢੀਆਂ ਜਾਂਦੀਆਂ ਹਨ, ਲੜਾਈਆਂ ਵਧੇਰੇ ਹੁੰਦੀਆਂ ਹਨ, ਹਿੰਸਾ ਅਤੇ ਕਤਲ ਵੱਧ ਜਾਂਦੇ ਹਨ।

ਜਦੋਂ ਕੀਮਤਾਂ ਵਿਚ ਬੇਰੋਕ ਵਾਧਾ ਹੁੰਦਾ ਹੈ ਤਾਂ ਬੱਚਿਆਂ ਅਤੇ ਪਤਨੀਆਂ ਦੀ ਮਾਰ-ਕੁਟਾਈ ਵੱਧ ਜਾਂਦੀ ਹੈ। ਤਲਾਕ ਵੱਧ ਜਾਂਦੇ ਹਨ, ਝਗੜੇ ਨਵਾਂ ਮੋੜ ਕੱਟਦੇ ਹਨ, ਮਾਲਕ-ਮਕਾਨ ਅਤੇ ਕਿਰਾਏਦਾਰ ਲੜਦੇ ਹਨ, ਇਕ ਦੂਸਰੇ ਦੇ ਵਿਹਾਰ ਉਤੇ ਕਿੰਤੂ ਕੀਤਾ ਜਾਂਦਾ ਹੈ, ਨੁਕਸ ਕੱਢੇ ਜਾਂਦੇ ਹਨ, ਝੱਟਪੱਟ ਅਮੀਰ ਹੋਣ ਦੀ ਬਿਰਤੀ ਪੈਦਾ ਹੁੰਦੀ ਹੈ, ਮਿਹਨਤ ਦੀ ਆਦਤ ਘੱਟਦੀ ਹੈ, ਰਾਤੋ-ਰਾਤ ਧਨਵਾਨ ਬਣਨ ਦੇ ਛੋਟੇ ਅਤੇ ਸੌਖੇ ਰਾਹ ਲੱਭੇ ਜਾਂਦੇ ਹਨ, ਰਿਸ਼ਤਾ ਕਰਨ ਸਮੇਂ ਝੂਠ ਬੋਲਿਆ ਜਾਂਦਾ ਹੈ, ਇਮਤਿਹਾਨਾਂ ਵਿਚ ਨਕਲ ਦੀ ਪ੍ਰਵਿਰਤੀ ਵੱਧਦੀ ਹੈ, ਟਾਹਲੀਆਂ ਦੀ ਥਾਂ ਸਫੈਦੇ ਲਾਏ ਜਾਂਦੇ ਹਨ, ਰਿਸ਼ਵਤਖੋਰੀ ਵੱਧਦੀ ਹੈ, ਸੜਕਾਂ ਚੌੜੀਆਂ ਹੁੰਦੀਆਂ ਜਾਂਦੀਆਂ ਹਨ ਪਰ ਉਨ੍ਹਾਂ ਉੱਤੇ ਤੁਰਨ ਵਾਲੇ ਸੁੰਗੜਦੇ ਜਾਂਦੇ ਹਨ।

ਸਾਰਾ ਸਮਾਜ ਵਾਵਰੋਲੇ ਦੀ ਪਕੜ ਵਿਚ ਆ ਜਾਂਦਾ ਹੈ।

ਕੀਮਤਾਂ ਵਿਚ ਬੇਰੋਕ ਵਾਧਾ ਸਮੁੱਚੇ ਸਮਾਜਿਕ ਵਿਹਾਰ ਵਿਚ ਤਰੇੜਾਂ ਉਪਜਾਉਂਦਾ ਹੈ। ਕਿਉਂਕਿ ਪ੍ਰਾਪਤੀ ਅਤੇ ਇੱਛਾ ਵਿਚਕਾਰ ਵਿੱਥ ਵਧਣ ਕਾਰਨ, ਆਪਣੇ ਵੀ ਬੇਗਾਨਿਆਂ ਵਾਂਗ ਮਿਲਦੇ ਹਨ ਅਤੇ ਭਟਕਣ ਵੱਧ ਜਾਂਦੀ ਹੈ।

ਆਮਦਨਾਂ ਵਧਣ ਨਾਲ ਵੀ ਅਣਬਣ ਵੱਧਦੀ ਹੈ, ਕਿਉਂਕਿ ਹਰ ਕੋਈ ਆਪਣੇ ਹੱਕਾਂ ਪ੍ਰਤੀ ਸੁਚੇਤ ਅਤੇ ਆਪਣੇ ਕਰਤਵਾਂ ਪ੍ਰਤੀ ਅਵੇਸਲਾ ਹੋ ਜਾਂਦਾ ਹੈ।

ਆਮਦਨ ਦੇ ਵਧਣ ਕਾਰਨ ਸੰਤਾਨ ਵਿੱਚ ਖਾਣ-ਹੰਢਾਉਣ ਦੀ ਬਿਰਤੀ ਵਧਣ ਨਾਲ ਬਜ਼ੁਰਗ ਮਾਪੇ ਅਣਗਹਿਲੀ ਦਾ ਸ਼ਿਕਾਰ ਹੁੰਦੇ ਹਨ ਅਤੇ ਘਰਾਂ ਵਿਚ ਉਨ੍ਹਾਂ ਦੇ ਰਿਸ਼ਤੇਦਾਰਾਂ ਦਾ ਆਉਣਾ ਅਤੇ ਠਹਿਰਨਾ ਪ੍ਰਵਾਨ ਨਹੀਂ ਕੀਤਾ ਜਾਂਦਾ।

ਭਟਕਣ ਦੇ ਦੇਸ਼ ਵਿਚ ਕਿਸੇ ਦਾ ਕੋਈ ਹਾਣ-ਪ੍ਰਵਾਨ ਨਹੀਂ ਹੁੰਦਾ।

ਜਦੋਂ ਆਮਦਨਾਂ ਜਾਂ ਕੀਮਤਾਂ ਬੇਰੋਕ ਵੱਧਦੀਆਂ ਹਨ ਤਾਂ ਹਰ ਕੋਈ ਜੁਆਰੀਏ ਵਾਂਗ ਵਿਚਰਦਾ ਹੈ। ਜਿੱਤਣ ਦੀ ਕਾਹਲ ਵਿਚ ਹਰ ਕੋਈ ਹਾਰ ਜਾਂਦਾ ਹੈ। ਜਦੋਂ ਵਾਸਤਵ ਵਿਚ ਸੰਜਮ ਦੀ ਲੋੜ ਹੁੰਦੀ ਹੈ, ਉਦੋਂ ਦਰੋਪਦੀ ਨੂੰ ਵੀ ਦਾਓ ਤੇ ਲਾ ਦਿੱਤਾ ਜਾਂਦਾ ਹੈ।

ਪੁਰਸ਼ ਅਤੇ ਇਸਤਰੀ ਵਿਚ ਵਿੱਥ ਵੱਧ ਜਾਂਦੀ ਹੈ। ਦੂਜੇ ਦੀ ਸੁਣਨ ਦੀ ਥਾਂ ਅਸੀਂ ਸੁਣਾਉਣ ਦੀ ਜ਼ਿੱਦ ਕਰਦੇ ਹਾਂ। ਅਸੀਂ ਭੁਲ ਜਾਂਦੇ ਹਾਂ ਕਿ ਦਿਲ ਦਾ ਦਰਦ ਕੇਵਲ ਔਰਤ ਨੂੰ ਬਿਆਨ ਕਰਨਾ ਆਉਂਦਾ ਹੈ, ਅਜਿਹਾ ਕਰਦਿਆਂ ਪੁਰਸ਼ ਬੜਾ ਭੱਦਾ ਲਗਦਾ ਹੈ, ਸੋ ਉਸ ਨੂੰ ਦੁੱਖ ਪ੍ਰਗਟਾਉਣ ਦੀ ਥਾਂ ਹੰਢਾਉਣਾ ਸਿਖਣਾ ਚਾਹੀਦਾ ਹੈ ਪਰ ਪੁਰਸ਼ ਸਿੱਖਣ ਤੋਂ ਇਨਕਾਰੀ ਹੁੰਦਾ ਜਾ ਰਿਹਾ ਹੈ, ਅਜਿਹੀ ਸਥਿਤੀ ਖਿੱਚੋਤਾਣ ਸਿਰਜਦੀ ਹੈ।

ਮਨੁੱਖ ਦੇ ਡਰ ਅਤੇ ਗੁੱਸੇ ਨੇ ਹੀ ਉਸ ਨੂੰ ਹਥਿਆਰ ਬਣਾਉਣ ਦੇ ਰਾਹ ਪਾਇਆ ਹੈ। ਹਥਿਆਰ ਪੁਰਸ਼ ਨੇ ਬਣਾਏ ਹਨ, ਇਸੇ ਲਈ ਇਹ ਆਕਰਮਣਕਾਰੀ ਹਨ। ਜੇ ਹਥਿਆਰ ਇਸਤਰੀ ਨੇ ਬਣਾਏ ਹੁੰਦੇ ਤਾਂ ਇਹ ਰੱਖਿਆਤਮਿਕ ਹੋਣੇ ਸਨ।

ਚਾਕੂ, ਪਿਸਤੌਲ, ਬੰਦੂਕ, ਤੋਪ, ਮਿਜ਼ਾਈਲ ਆਦਿ ਪੁਰਸ਼ ਲਿੰਗ ਦੇ ਹੀ ਰੂਪ ਹਨ।

ਡਰਿਆ ਹੋਇਆ ਵਿਅਕਤੀ ਹੀ ਹਥਿਆਰ ਪ੍ਰਾਪਤ ਕਰਨਾ ਚਾਹੁੰਦਾ ਹੈ ਅਤੇ ਹਥਿਆਰ ਪ੍ਰਾਪਤ ਕਰ ਕੇ ਉਹ ਆਪਣੇ ਬਹਾਦਰ ਹੋਣ ਦਾ ਭਰਮ ਉਪਜਾਉਂਦਾ ਹੈ।

ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਜਦੋਂ ਵਿਅਕਤੀ ਕੋਲ ਹਥਿਆਰ ਹੋਵੇ ਤਾਂ ਉਸ ਨੂੰ ਗੁੱਸਾ ਵਧੇਰੇ ਚੜ੍ਹਦਾ ਹੈ। ਜਦੋਂ ਕਿਸੇ ਕੋਲ ਹਥਿਆਰ ਹੋਵੇ ਤਾਂ ਉਹ ਇਸ ਭਰਮ ਦਾ ਸ਼ਿਕਾਰ ਹੋ ਜਾਂਦਾ ਹੈ ਕਿ ਟਕਰਾਓ ਦੀ ਸਥਿਤੀ ਵਿਚ ਉਸਦਾ ਹਥਿਆਰ ਉਸ ਲਈ ਸਥਿਤੀ ਨੂੰ ਆਪਣੇ ਪੱਖ ਵਿਚ ਕਰਨ ਵਿਚ ਸਹਾਈ ਹੋਵੇਗਾ।

ਜਦੋਂ ਦੂਜੀ ਧਿਰ ਕੋਲ ਵੀ ਹਥਿਆਰ ਹੋਵੇ ਤਾਂ ਵਧੇਰੇ ਸ਼ਕਤੀਸ਼ਾਲੀ ਹਥਿਆਰ ਵਾਲੀ ਧਿਰ ਆਪਣੇ ਅਜਿੱਤ ਹੋਣ ਦਾ ਭਰਮ ਪਾਲਦੀ ਹੈ। ਜੰਗ ਵਿਚ ਵਿਰੋਧੀ ਨੂੰ ਦੁਸ਼ਮਣ ਮਿੱਥ ਕੇ ਇਸ ਲਈ ਨਹੀਂ ਮਾਰਿਆ ਜਾਂਦਾ ਕਿ ਉਸ ਨਾਲ ਕੋਈ ਵਿਰੋਧ ਹੁੰਦਾ ਹੈ, ਸਗੋਂ ਇਸ ਲਈ ਮਾਰਿਆ ਜਾਂਦਾ ਹੈ ਕਿ ਕਿਧਰੇ ਉਹ ਮੈਨੂੰ ਹੀ ਨਾ ਮਾਰ ਦੇਵੇ।

ਸੱਪ ਨਾਲ ਵੀ ਸਾਡਾ ਵਰਤਾਰਾ ਅਜਿਹਾ ਹੀ ਹੁੰਦਾ ਹੈ।

ਗੁੱਸੇ ਦਾ ਸਿੱਧਾ ਸਬੰਧ ਸਾਡੀ ਖੁਰਾਕ ਨਾਲ ਹੁੰਦਾ ਹੈ। ਭਾਰਤ ਵਿਚ ਅਹਿੰਸਾ ਦਾ ਪ੍ਰਚਾਰ ਤਾਂ ਹੀ ਸੰਭਵ ਹੋਇਆ, ਜਦੋਂ ਖੁਰਾਕ ਵਿਚੋਂ ਸਰੀਰ ਨੂੰ ਭੜਕਾਉਣ ਵਾਲੇ ਤੱਤ ਕੱਢ ਦਿੱਤੇ ਗਏ। ਸਮਾਧੀ ਲਾਉਣ ਨਾਲ ਆਤਮਿਕ ਬਲ ਮਿਲਦਾ ਹੈ ਜਾਂ ਨਹੀਂ, ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਹ ਨਿਸਚੇ ਨਾਲ ਕਿਹਾ ਜਾ ਸਕਦਾ ਹੈ ਕਿ ਸਮਾਧੀ ਉਦੋਂ ਹੀ ਲਾਉਣੀ ਸੰਭਵ ਹੁੰਦੀ ਹੈ ਜਦੋਂ ਸਰੀਰ ਖੁਰਾਕ ਦੇ ਪੱਖੋਂ ਨਿਤਾਣਾ ਹੋਵੇ।

ਵਰਤ ਰੱਖਣ ਦੇ ਪਿੱਛੇ ਵੀ ਭਾਵਨਾ ਇਹੀ ਰਹੀ ਹੈ ਕਿ ਜਦੋਂ ਸਰੀਰ ਨੂੰ ਘੱਟ ਖੁਰਾਕ ਨਾਲ ਸਮਝੌਤਾ ਕਰਨਾ ਪਵੇਗਾ ਤਾਂ ਸਰੀਰ ਆਪਣੀ ਹਿਲ-ਜੁਲ ਨੂੰ ਘਟਾ ਦੇਵੇਗਾ ਅਤੇ ਸ਼ਾਂਤ ਹੋ ਜਾਵੇਗਾ।

ਖੁਰਾਕ ਅਤੇ ਉਸ ਵਿਚਲੇ ਤੱਤ ਕਾਮ-ਇੱਛਾ ਨੂੰ ਨਿਰਧਾਰਿਤ ਕਰਦੇ ਹਨ। ਕਾਮ-ਪ੍ਰਵਿਰਤੀ ਵੀ ਹਿੰਸਾ ਦਾ ਹੀ ਇਕ ਰੂਪ ਹੁੰਦੀ ਹੈ। ਖੇਡਾਂ ਵੀ ਹਿੰਸਾ ਦਾ ਰੂਪ ਹਨ। ਜਦੋਂ ਹਿੰਸਾ ਵਿਚ ਵਾਧਾ ਹੁੰਦਾ ਹੈ ਤਾਂ ਇਸ ਦਾ ਪ੍ਰਭਾਵ ਕਾਮ-ਖੇਤਰ ਵਿਚ ਵੀ ਵੱਧਦਾ ਹੈ। ਅਜਿਹੀ

ਸਥਿਤੀ ਵਿਚ ਸਮੁੱਚੇ ਵਾਤਾਵਰਣ ਵਿਚ ਅਸੰਤੁਸ਼ਟਤਾ ਪਸਰਦੀ ਹੈ। ਡਰ, ਗੁੱਸੇ, ਈਰਖਾ, ਸਾੜੇ, ਲਾਲਚ ਆਦਿ ਵਾਂਗ ਕਾਮ-ਇੱਛਾ ਦੀ ਵੀ ਕੋਈ ਸੀਮਾ ਨਹੀਂ, ਸੋ ਜਦੋਂ ਇਕ ਖੇਤਰ ਵਿਚ ਵਾਧਾ ਹੁੰਦਾ ਹੈ ਤਾਂ ਦੂਜੇ ਖੇਤਰਾਂ ਵਿਚ ਆਪ-ਮੁਹਾਰੇ ਵਾਧਾ ਹੋ ਜਾਂਦਾ ਹੈ।

ਜੰਗਲੇ, ਵਾੜਾਂ, ਗਰਿੱਲਾਂ ਅਤੇ ਗੇਟ ਆਦਿ ਬੰਦੇ ਵਿਚ ਗੁੱਸੇ ਦੀ ਵਧੀ ਪ੍ਰਵਿਰਤੀ ਤੋਂ ਉਪਜੇ ਡਰ ਦਾ ਪ੍ਰਗਟਾਵਾ ਹੀ ਹਨ।

ਭੂਟਾਨ ਵਿਚ ਬੁੱਧ ਧਰਮ ਦੇ ਵਿਆਪਕ ਪ੍ਰਭਾਵ ਕਾਰਨ ਚੋਰੀ ਕਰਨਾ ਪਾਪ ਹੈ, ਸੋ ਘਰਾਂ ਨੂੰ ਉਥੇ ਕੋਈ ਜੰਦਰਾ ਨਹੀਂ ਮਾਰਦਾ। ਇਸੇ ਕਰਕੇ ਉਥੋਂ ਦੀ ਬੋਲੀ ਵਿਚ ਜੰਦਰੇ ਦੇ ਅਰਥਾਂ ਵਾਲਾ ਕੋਈ ਸ਼ਬਦ ਵੀ ਨਹੀਂ। ਇਵੇਂ ਹੀ ਉਥੇ ਕੋਈ ਝੂਠ ਨਹੀਂ ਬੋਲਦਾ, ਸੋ ਉਥੇ ਝੂਠ ਵਾਲੇ ਅਰਥਾਂ ਵਾਲਾ ਵੀ ਕੋਈ ਸ਼ਬਦ ਨਹੀਂ।

ਜਦੋਂ ਇਹ ਕਹਿਣਾ ਹੋਵੇ ਕਿ ਤੂੰ ਚੋਰੀ ਕੀਤੀ ਹੈ ਤਾਂ ਇਹ ਕਿਹਾ ਜਾਂਦਾ ਹੈ ਕਿ ਇਹ ਵਸਤ ਤੇਰੀ ਨਹੀਂ। ਜਦੋਂ ਇਹ ਕਹਿਣਾ ਹੋਵੇ ਕਿ ਤੂੰ ਝੂਠ ਬੋਲਦਾ ਹੈਂ ਤਾਂ ਕਿਹਾ ਜਾਦਾ ਹੈ ਕਿ ਤੂੰ ਸੱਚ ਨਹੀਂ ਬੋਲ ਰਿਹਾ ਪਰ ਹੁਣ ਉਥੇ ਵੀ ਪੱਛਮੀ ਪ੍ਰਭਾਵਾਂ ਅਧੀਨ ਤਬਦੀਲੀ ਵਾਪਰ ਰਹੀ ਹੈ। ਹੁਣ ਉਥੇ ਵੀ ਲੋਕ, ਝੂਠ ਬੋਲਦੇ ਅਤੇ ਚੋਰੀ ਕਰਦੇ ਹਨ।

ਰਾਜਨੀਤੀ ਅਤੇ ਟੈਕਸਾਂ ਨੇ ਹਰ ਕਿਸੇ ਨੂੰ ਝੂਠਾ, ਬੇਈਮਾਨ ਅਤੇ ਚਲਾਕ ਬਣਾ ਦਿੱਤਾ ਹੈ। ਜਿਵੇਂ ਨਿਮਰ ਸ਼ੇਰ ਦਾ, ਈਮਾਨਦਾਰ ਸ਼ਿਕਾਰੀ ਦਾ ਜਾਂ ਸੁਹਿਰਦ ਰਾਜਸੀ ਨੇਤਾ ਦਾ ਕੋਈ ਸੰਕਲਪ ਨਹੀਂ, ਇਵੇਂ ਹੀ ਡਰੇ ਹੋਏ ਜਾਂ ਗੁੱਸੇ ਹੋਏ ਹੋਏ ਜਾਂ ਉਦਾਸ ਵਿਅਕਤੀ ਵਲੋਂ ਕੋਈ ਉਸਾਰੂ ਕੰਮ ਕਰਨ ਦਾ ਵੀ ਕੋਈ ਸੰਕਲਪ ਨਹੀਂ।

ਭੈੜੇ ਅਫਸਰ ਜਾਂ ਮਤਰੇਈ ਮਾਂ ਨਾਲ ਗੁੱਸੇ ਨਹੀਂ ਹੋਇਆ ਜਾ ਸਕਦਾ, ਇਨ੍ਹਾਂ ਨਾਲ ਰੁੱਸਿਆ ਵੀ ਨਹੀਂ ਜਾ ਸਕਦਾ।

ਅਫਸਰ ਗੁੱਸੇ ਹੁੰਦਾ ਹੈ ਅਤੇ ਕਰਮਚਾਰੀ ਉਦਾਸ। ਉਹੀ ਕਰਮਚਾਰੀ ਪਤਨੀ ਸਾਹਮਣੇ ਪਤੀ ਦੇ ਰੂਪ ਵਿਚ ਗੁੱਸੇ ਹੁੰਦਾ ਹੈ ਅਤੇ ਪਤਨੀ ਉਦਾਸ ਹੋ ਜਾਂਦੀ ਹੈ, ਉਹੀ ਪਤਨੀ ਅੱਗੋਂ ਨੌਕਰਾਣੀ ਨਾਲ ਗੁੱਸੇ ਹੁੰਦੀ ਹੈ ਅਤੇ ਨੌਕਰਾਣੀ ਉਦਾਸ ਹੁੰਦੀ ਹੈ।

ਗੁੱਸੇ ਹੋਇਆ ਵਿਅਕਤੀ ਆਪਣੇ ਹੁੱਬੇ ਅਤੇ ਮਹੱਤਵਪੂਰਨ ਹੋਣ ਦਾ ਭਰਮ ਪਾਲਦਾ ਹੈ। ਉਸ ਨੂੰ ਵਧੀਕੀ ਕਰਨ ਵਿਚੋਂ ਤਸੱਲੀ ਮਿਲ ਰਹੀ ਹੁੰਦੀ ਹੈ।

ਉਦਾਸ ਉਹੀ ਹੁੰਦਾ ਹੈ, ਜਿਸ ਨਾਲ ਵਧੀਕੀ ਹੋਈ ਹੋਵੇ। ਜਵਾਬੀ ਵਾਰ ਕਰਨ ਦੀ ਅਯੋਗਤਾ ਵਿਚੋਂ ਉਦਾਸੀ ਉਪਜਦੀ ਹੈ। ਗੁੱਸੇ ਹੋਏ ਵਿਅਕਤੀ ਨੂੰ ਆਪਣਾ ਆਪ ਚੰਗਾ ਲਗਦਾ ਹੈ, ਉਸ ਨੂੰ ਆਪਣੇ ਜਿਊਂਦੇ ਹੋਣ ਦਾ ਤੀਬਰ ਅਹਿਸਾਸ ਹੁੰਦਾ ਹੈ।

ਗੁੱਸੇ ਉਹੀ ਹੋ ਸਕਦਾ ਹੈ, ਜਿਸ ਦੀ ਪਹਿਲਾਂ ਕਿਸੇ ਹੋਰ ਦੇ ਹੱਥੋਂ ਬੇਇਜ਼ਤੀ ਹੋਈ ਹੋਵੇ। ਆਪਣੀ ਬੇਇਜ਼ਤੀ ਨੂੰ ਉਹ ਗੁੱਸੇ ਵਿਚ ਅੱਗੇ ਟੋਰ ਦਿੰਦਾ ਹੈ ਅਤੇ ਇਵੇਂ ਉਹ ਆਪਣਾ ਗੁਆਚਿਆ ਸੰਤੁਲਨ ਮੁੜ ਬਹਾਲ ਕਰਦਾ ਹੈ।

ਪਤਨੀ ਨੂੰ ਪਤਾ ਹੁੰਦਾ ਹੈ ਕਿ ਪਤੀ ਨਾਲ ਗੁੱਸੇ ਹੋਣਾ ਲਾਹੇਵੰਦਾ ਨਹੀਂ, ਸੋ ਉਹ ਬੱਚਿਆਂ ਨਾਲ ਗੁੱਸੇ ਹੋਵੇਗੀ। ਬੱਚਿਆਂ ਦੀ ਮਾਰ-ਕੁਟਾਈ ਵੀ ਉਦੋਂ ਤਕ ਹੀ ਹੁੰਦੀ ਹੈ, ਜਦੋਂ ਤਕ ਉਹ ਜੁਆਬ ਦੇਣ ਦੇ ਪੱਖੋਂ ਅਸਮਰੱਥ ਹੁੰਦੇ ਹਨ।

ਜਦੋਂ ਉਹ ਮੋੜਵਾਂ ਜੁਆਬ ਦੇਣ ਦੇ ਯੋਗ ਹੋ ਜਾਂਦੇ ਹਨ ਤਾਂ ਅਸੀਂ ਉਨ੍ਹਾਂ ਪ੍ਰਤੀ ਆਪਣਾ ਵਤੀਰਾ ਬਦਲ ਲੈਂਦੇ ਹਾਂ ਅਤੇ ਗੁੱਸੇ ਹੋਣ ਦੀ ਥਾਂ ਨਾਰਾਜ਼ ਹੋਣ ਲਗ ਪੈਂਦੇ ਹਾਂ। ਇਵੇਂ ਗੁੱਸਾ ਕਈ ਗਿਣਤੀਆਂ-ਮਿਣਤੀਆਂ ਨੂੰ ਧਿਆਨ ਵਿਚ ਰੱਖ ਕੇ ਹੀ ਕੀਤਾ ਜਾਂਦਾ ਹੈ।

ਬੱਚਿਆਂ ਕੋਲ ਅੱਗੋਂ ਗੁੱਸੇ ਹੋਣ ਲਈ ਕੋਈ ਵਿਅਕਤੀ ਨਹੀਂ ਹੁੰਦਾ, ਸੋ ਉਹ ਆਪਣੀਆਂ ਕਿਤਾਬਾਂ-ਕਾਪੀਆਂ ਪਾੜ ਦਿੰਦੇ ਹਨ, ਚੀਜ਼ਾਂ ਵਗਾਹ ਮਾਰਦੇ ਹਨ।

ਅਸੀਂ ਉਦਾਸ ਹੋਣ ਤੋਂ ਬਚਣ ਵਾਸਤੇ ਵੀ ਗੁੱਸੇ ਹੁੰਦੇ ਰਹਿੰਦੇ ਹਾਂ।

ਤੁਹਾਨੂੰ ਆਲੇ-ਦੁਆਲੇ ਵਿਚ ਕਈ ਚਿਹਰੇ ਅਜਿਹੇ ਦਿਖਾਈ ਦੇਣਗੇ, ਜਿਨ੍ਹਾਂ ਉਤੇ ਸਦੀਵੀ ਉਦਾਸੀ ਦੀ ਮੋਹਰ ਲੱਗੀ ਹੋਵੇਗੀ। ਇਹ ਉਹ ਲੋਕ ਹੁੰਦੇ ਹਨ, ਜਿਹੜੇ ਕਿਸੇ ਨਾਲ ਗੁੱਸੇ ਨਹੀਂ ਹੋ ਸਕਦੇ। ਅਜਿਹੇ ਉਦਾਸ ਲੋਕ, ਸਮਾਜ ਦੀ ਪੌੜੀ ਦੇ ਸਭ ਤੋਂ ਹੇਠਲੇ ਡੰਡੇ 'ਤੇ ਬੈਠੇ ਹੁੰਦੇ ਹਨ।

ਜਿਉਂ-ਜਿਉਂ ਤੁਸੀਂ ਉਪਰ ਜਾਵੋਗੇ ਤਿਉਂ-ਤਿਉਂ ਗੁੱਸੇ ਦੀ ਮਾਤਰਾ ਵੱਧਦੀ ਜਾਵੇਗੀ, ਜਿਉਂ-ਜਿਉਂ ਥੱਲੇ ਜਾਵੋਗੇ, ਉਦਾਸ ਲੋਕਾਂ ਦੀ ਗਿਣਤੀ ਵਧੇਗੀ।

ਬ੍ਰਾਹਮਣ ਗੁੱਸੇ ਹੈ, ਸ਼ੂਦਰ ਉਦਾਸ ਹੈ। ਨੇਤਾ ਗੁੱਸੇ ਹੈ, ਜਨਤਾ ਉਦਾਸ ਹੈ।

ਸਹਿਣਸ਼ੀਲਤਾ ਮਨ ਦੀ ਉਹ ਅਵਸਥਾ ਹੁੰਦੀ ਹੈ, ਜਦੋਂ ਤੁਸੀਂ ਨਾ ਗੁੱਸੇ ਹੋਵੋ ਨਾ ਉਦਾਸ। ਇਹ ਟਿਕਾਓ ਦੀ ਅਵਸਥਾ ਹੈ। ਜਦੋਂ ਅਸੀਂ ਅੰਦਰੋਂ ਖੁਸ਼ ਹੋਈਏ ਤਾਂ ਕਿਸੇ ਨਾਲ ਗੁੱਸੇ ਹੋਣਾ ਅਸੰਭਵ ਹੁੰਦਾ ਹੈ। ਪ੍ਰਸੰਨ ਪੁਰਸ਼ ਵਾਂਗ ਗਰਭਵਤੀ ਇਸਤਰੀ ਬੜੀ ਸਹਿਣਸ਼ੀਲ ਹੋ ਜਾਂਦੀ ਹੈ, ਉਹ ਦੂਜੇ ਦੇ ਗੁੱਸੇ ਨੂੰ ਹੱਸ ਕੇ ਟਾਲ ਦਿੰਦੀ ਹੈ।

ਅਸੀਂ ਉਦੋਂ ਹੀ ਗੁੱਸੇ ਹੋ ਸਕਦੇ ਹਾਂ ਜਦੋਂ ਅਸੀਂ ਅਸੰਤੁਸ਼ਟ ਹੋਈਏ ਅਤੇ ਜਦੋਂ ਅਸੀਂ ਆਪਣੇ ਕੇਂਦਰ ਤੋਂ ਹਿੱਲੇ ਹੋਈਏ। ਜਦੋਂ ਅਸੀਂ ਟਿਕਾਓ ਵਿਚ ਹੋਈਏ ਤਾਂ ਗੁੱਸੇ ਹੋਣ ਯੋਗ ਸਾਨੂੰ ਕੁਝ ਦਿਖਾਈ ਹੀ ਨਹੀਂ ਦਿੰਦਾ।

ਜਿਸ ਦੀ ਕਿਸੇ ਕੰਮ, ਕਿਸੇ ਪਿਆਰ, ਕਿਸੇ ਲਗਨ, ਕਿਸੇ ਜਨੂੰਨ ਨਾਲ ਲਿਵ ਲਗੀ ਹੋਵੇ, ਉਸ ਕੋਲ ਗੁੱਸੇ ਹੋਣ ਲਈ ਸਮਾਂ ਹੀ ਨਹੀਂ ਹੁੰਦਾ।

ਗੁੱਸਾ ਇਕ ਪ੍ਰਕਾਰ ਦੀ ਤੇਜ਼ੀ ਹੈ, ਜਿਥੇ ਤੇਜ਼ੀ ਹੈ ਉਥੇ ਸਹਿਣਸ਼ੀਲਤਾ ਨਹੀਂ ਹੋਵੇਗੀ, ਅਕਸਰ ਤੇਜ਼ੀ ਦੀ ਅਣਹੋਂਦ ਨੂੰ ਹੀ ਸਹਿਣਸ਼ੀਲਤਾ ਕਹਿੰਦੇ ਹਨ। ਸਹਿਣਸ਼ੀਲਤਾ ਦੀ ਵੀ ਹੱਦ ਹੁੰਦੀ ਹੈ। ਮਾਨਵਜਾਤੀ ਵਿਚ ਇਤਨਾ ਗੁੱਸਾ ਹੈ ਕਿ ਇਸ ਤੋਂ ਛੁਟਕਾਰਾ ਪਾਉਣ ਲਈ ਹਰ ਦਹਾਕੇ ਮਗਰੋਂ ਇਕ ਵਿਸ਼ਵ ਯੁੱਧ ਦੀ ਲੋੜ ਹੈ।

ਯੁੱਧ ਦੌਰਾਨ ਤੁਸੀਂ ਲੋਕਾਂ ਦੇ ਚਿਹਰਿਆਂ ਵਲ ਵੇਖੋ, ਇਕ ਰੌਣਕ ਵਿਖਾਈ ਦੇਵੇਗੀ,

ਉਹ ਜੋਸ਼ ਵਿਚ ਉਛਲਣਗੇ। ਮਿਲਵਰਤਣ, ਤਿਆਗ ਆਦਿ ਜਿਨ੍ਹਾਂ ਮਨੁੱਖੀ ਗੁਣਾਂ ਦੀ ਉਂਜ ਅਣਹੋਂਦ ਹੁੰਦੀ ਹੈ, ਉਹ ਯੁੱਧ ਦੌਰਾਨ ਸਾਫ਼ ਦਿਖਾਈ ਦੇਣਗੇ।

ਉਨ੍ਹਾਂ ਨੂੰ ਦੁਸ਼ਮਣ ਨੂੰ ਗਾਲ੍ਹਾਂ ਕੱਢਣ ਦਾ ਅਵਸਰ ਮਿਲਦਾ ਹੈ ਅਤੇ ਗਾਲ੍ਹਾਂ ਕੱਢ ਕੇ ਉਨ੍ਹਾਂ ਨੂੰ ਅੰਤਾਂ ਦੀ ਸ਼ਾਂਤੀ ਦਾ ਅਹਿਸਾਸ ਹੁੰਦਾ ਹੈ।

ਯੁੱਧ ਦੌਰਾਨ, ਵਿਰੋਧੀ ਦੇਸ਼ ਨੂੰ ਸਾਰੇ ਦੋਸ਼ ਦੇ ਕੇ ਆਪਣੇ ਮਹਾਨ, ਸਾਊ ਅਤੇ ਪਵਿੱਤਰ ਹੋਣ ਦਾ ਭਰਮ ਉਪਜਾਇਆ ਜਾਂਦਾ ਹੈ। ਅਜਿਹੀ ਸਥਿਤੀ ਵਿਚ ਤਬਾਹੀ ਮਚਾਉਣ ਅਤੇ ਦੁਸ਼ਮਣ ਦਾ ਖ਼ਾਤਮਾ ਕਰਨ ਦੀ ਪ੍ਰਸੰਸਾ ਕੀਤੀ ਜਾਂਦੀ ਹੈ।

ਜਦੋਂ ਜਜ਼ਬੇ ਠੰਡੇ ਪੈ ਜਾਣ ਤਾਂ ਮਨੁੱਖ ਉਪਦੇਸ਼ ਦੇਣ ਲਗ ਪੈਂਦਾ ਹੈ।

ਥੱਕੇ ਹੋਏ ਮਨੁੱਖ ਵਿਚ ਝਗੜਾ ਕਰਨ ਦੀ ਸਮਰੱਥਾ ਨਹੀਂ ਹੁੰਦੀ।

ਅਗਿਆਨਤਾ, ਗੁੱਸੇ ਦੀ ਖਾਣ ਹੁੰਦੀ ਹੈ।

ਸਮਝ ਆਉਣ ਅਤੇ ਗਿਆਨ ਵੱਧਣ ਨਾਲ ਗੁੱਸੇ ਵਾਲੀ ਸ਼ਕਤੀ ਉਪਜਾਊ ਕੰਮਾਂ ਵਿਚ ਲਗਦੀ ਹੈ।

ਇਹੀ ਸ਼ਕਤੀ ਹਮਦਰਦੀ, ਪਿਆਰ, ਪ੍ਰੇਮ ਅਤੇ ਮੋਹ ਬਣ ਜਾਂਦੀ ਹੈ ਅਤੇ ਇਹੀ ਸ਼ਕਤੀ, ਗੀਤ, ਸੰਗੀਤ, ਨ੍ਰਿਤ, ਚਿੱਤਰਕਲਾ ਅਤੇ ਮੂਰਤੀਕਲਾ ਵਿਚ ਪ੍ਰਗਟ ਹੁੰਦੀ ਹੈ।

ਧਰਮ ਕਹਿੰਦੇ ਹਨ : 'ਗੁੱਸੇ ਨੂੰ ਕਾਬੂ ਕਰੋ' ਜਦੋਂ ਕਿ ਲੋੜ ਗੁੱਸੇ ਨੂੰ ਜਾਣਨ ਦੀ ਹੈ, ਕਿਉਂਕਿ ਕਾਬੂ ਜਜ਼ਬਾ ਬੇਕਾਬੂ ਹੋਣ ਵਿਚ ਦੇਰ ਨਹੀਂ ਲਗਦੀ।

ਦੁਸ਼ਮਣਾਂ ਨੂੰ ਪਿਆਰ ਕਰਨ ਦੀ ਲੋੜ ਨਹੀਂ, ਪਹਿਲਾਂ ਮਿੱਤਰਾਂ ਨੂੰ ਤਾਂ ਪਿਆਰ ਕਰ ਲਵੋ। ਜੇ ਮਿੱਤਰਾਂ ਨੂੰ ਪਿਆਰ ਕਰਨਾ ਜਾਂ ਮਿੱਤਰ ਬਣਨਾ ਸਿੱਖ ਲਿਆ ਜਾਵੇ ਤਾਂ ਦੁਸ਼ਮਣ ਬਣਦਾ ਹੀ ਕੋਈ ਨਹੀਂ।

ਜਿਸ ਗੁੱਸੇ ਦਾ ਕਾਰਨ ਸਮਝ ਆ ਜਾਵੇ, ਉਹ ਗੁੱਸਾ ਨਹੀਂ ਰਹਿੰਦਾ।

ਸੰਤ, ਮਹਾਤਮਾ ਵੀ ਗੁੱਸੇ ਤੋਂ ਮੁਕਤ ਨਹੀਂ ਹੁੰਦੇ, ਉਨ੍ਹਾਂ ਵਿਚ ਵੀ ਅੰਤਾਂ ਦੀ ਨਫ਼ਰਤ, ਈਰਖਾ ਅਤੇ ਸਾੜਾ ਹੁੰਦਾ ਹੈ।

ਇਨ੍ਹਾਂ ਭਾਵਨਾਵਾਂ ਵਿਚੋਂ ਹੀ ਉਨ੍ਹਾਂ ਨੇ ਆਪਣੇ ਦੁਸ਼ਮਣਾਂ ਲਈ ਨਰਕ ਅਤੇ ਆਪਣੇ ਮਿੱਤਰਾਂ-ਪ੍ਰਸੰਸਕਾਂ ਲਈ ਸਵਰਗ ਦੇ ਸੰਕਲਪ ਉਸਾਰੇ ਹਨ।

ਜਦੋਂ ਅਸੀਂ ਆਪਣੇ ਦੁੱਖ-ਸੁੱਖ ਦੂਜਿਆਂ ਨਾਲ ਸਾਂਝੇ ਕਰ ਲਈਏ ਤਾਂ ਲਾਲਚ, ਈਰਖਾ ਅਤੇ ਸਾੜਾ ਆਦਿ ਪੈਦਾ ਹੀ ਨਹੀਂ ਹੁੰਦੇ।

ਜਿੱਥੇ ਇਹ ਭਾਵਨਾਵਾਂ ਨਾ ਹੋਣ ਉਥੇ ਹਉਮੈ ਨਹੀਂ ਹੁੰਦੀ।

ਹਉਮੈ ਗਲਤ ਬੰਦਿਆਂ ਕੋਲ ਹੀ ਵਸਦੀ ਹੈ।

ਗੁੱਸੇ ਹੁੰਦਾ ਹੀ ਉਹ ਹੈ, ਜਿਸ ਨੂੰ ਹਉਮੈ ਦਾ ਵੀ ਰੋਗ ਹੋਵੇ।

ਸਾਡੀ ਮਰਜ਼ੀ ਵਿਰੁਧ ਕੋਈ ਵਿਅਕਤੀ ਸਾਨੂੰ ਗੁੱਸੇ ਕਰ ਨਹੀਂ ਸਕਦਾ।

ਗੁੱਸਾ ਸਾਡੇ ਵਿਚ ਕਿਸੇ ਕਾਰਨ ਪਹਿਲਾਂ ਹੀ ਹੁੰਦਾ ਹੈ, ਉਹ ਵਿਅਕਤੀ ਤਾਂ ਉਸ ਗੁੱਸੇ ਨੂੰ ਕੇਵਲ ਜਗਾਉਂਦਾ ਹੈ। ਜੇਕਰ ਅੰਦਰ ਗੁੱਸਾ ਨਾ ਹੋਵੇ ਤਾਂ ਕਿਸੇ ਦੀਆਂ ਗਾਲ੍ਹਾਂ ਵੀ ਅਸੀਂ ਅਣਸੁਣੀਆਂ ਕਰ ਦਿੰਦੇ ਹਾਂ।

ਜਦੋਂ ਅੰਦਰ ਗੁੱਸਾ ਹੋਵੇ ਪਰ ਕੋਈ ਉਸ ਨੂੰ ਜਗਾਉਣ ਦੀ ਕਿਰਪਾ ਨਾ ਕਰੇ ਤਾਂ ਅਸੀਂ ਆਪ ਕੋਈ ਬਹਾਨਾ ਬਣਾ ਕੇ ਉਸ ਨੂੰ ਜਗਾ ਦਿੰਦੇ ਹਾਂ।

ਜੇ ਸਾਡੇ ਵਿਚ ਗੁੱਸਾ ਹੋਵੇ ਤਾਂ ਦੂਜੇ ਦੀ ਸਹਿਣਸ਼ੀਲਤਾ ਵੀ, ਜਿਸ ਦੀ ਸਾਨੂੰ ਲੋੜ ਹੁੰਦੀ ਹੈ, ਸਾਨੂੰ ਭੜਕਾ ਦਿੰਦੀ ਹੈ।

ਅਜੋਕੇ ਸੰਸਾਰ ਵਿਚ ਰਾਜਨੀਤੀ ਨੇ ਗੁੱਸੇ ਨੂੰ ਬੜਾ ਪ੍ਰਚੰਡ ਕਰ ਦਿੱਤਾ ਹੈ।

ਡਾਰਵਿਨ ਅਤੇ ਮਾਰਕਸ ਨੇ ਜੱਦੋ-ਜਹਿਦ ਅਤੇ ਸੰਘਰਸ਼ ਦੇ ਸੰਕਲਪ ਦੇ ਕੇ ਧਾਰਮਿਕ ਸਹਿਣਸ਼ੀਲਤਾ ਨੂੰ ਲਗਭਗ ਮੁਕਾ ਦਿੱਤਾ ਹੈ।

ਇਹੀ ਕਾਰਨ ਹੈ ਕਿ ਅਜੋਕੇ ਯੁੱਗ ਦੇ ਬਹੁਤੇ ਲੋਕ ਉਦਾਸ ਹਨ।

ਸਵਰਗ ਦਾ ਭਰਮ ਟੁੱਟ ਜਾਣ ਕਾਰਨ ਆਤਮਘਾਤ ਵੱਧ ਰਹੇ ਹਨ ਅਤੇ ਕਤਲ ਦੀ ਰਾਜਨੀਤੀ ਦਾ ਬੋਲਬਾਲਾ ਹੈ।

ਅਜੋਕੇ ਯੁੱਗ ਵਿਚ ਗੁੱਸੇ ਦੇ ਪੱਖ ਤੋਂ ਅਸਹਿਣਸ਼ੀਲਤਾ ਦੀ ਇਕ ਨਵੀਂ ਸਮੱਸਿਆ ਉਪਜ ਰਹੀ ਹੈ। ਸਾਡੀ ਸਹਿਣਸ਼ੀਲਤਾ ਇਤਨੀ ਘੱਟ ਗਈ ਹੈ ਕਿ ਅਸੀਂ ਹਰ ਥਾਂ ਅਤੇ ਹਰ ਕਿਸੇ ਨਾਲ ਲੜਾਈ ਵਾਲੇ ਮੁਹਾਵਰੇ ਅਤੇ ਲੜਨ-ਝਗੜਨ ਵਾਲੇ ਪੈਂਤੜੇ ਨਾਲ ਵਿਚਰਦੇ ਹਾਂ। ਸੰਸਾਰ ਵਿਚ ਇਨਕਲਾਬ ਦੇ ਸੰਕਲਪ ਨੇ ਵੀ ਗੁੱਸਾ ਵਧਾਇਆ ਹੈ। ਇਸ ਨਾਲ ਡਰ ਵੀ ਵਧਿਆ ਹੈ।

ਸਾਰੇ ਸਥਿਤੀ ਨੂੰ ਬਦਲਣ ਵਿਚ ਲੱਗੇ ਹੋਏ ਹਨ, ਪਰ ਸਥਿਤੀ ਬਦਲ ਨਹੀਂ ਰਹੀ।

ਜਿਨ੍ਹਾਂ ਨੇ ਕੋਸ਼ਿਸ਼ ਕਰਨੀ ਹੈ, ਉਹ ਗੁੱਸੇ ਵਿਚ ਹਨ।

ਜਿਹੜੇ ਕੋਸ਼ਿਸ਼ ਕਰ ਚੁੱਕੇ ਹਨ, ਉਹ ਉਦਾਸ ਹਨ।

ਜਿਨ੍ਹਾਂ ਤੋਂ ਸਾਨੂੰ ਪਿਆਰ ਦੀ ਆਸ ਸੀ, ਉਹ ਗੁੱਸੇ ਹਨ, ਅਸੀਂ ਉਦਾਸ ਹਾਂ।

✡✡✡

ਬੱਚਤ ਦੀ ਆਦਤ

ਜੇਕਰ ਆਮਦਨ ਵਧਣ ਨਾਲ ਜੀਵਨ ਦੇ ਸੁਖ-ਸਾਧਨ ਨਾ ਵਧਾਏ ਜਾਣ ਤਾਂ ਬੰਦਾ ਕਮੀਨਾ ਹੋ ਜਾਂਦਾ ਹੈ ਅਤੇ ਜੇ ਆਮਦਨ ਹੋਣ ਦੇ ਬਾਵਜੂਦ ਸੰਭਵ ਅਤੇ ਲੋੜੀਂਦੀ ਬੱਚਤ ਨਾ ਕੀਤੀ ਜਾਵੇ ਤਾਂ ਬੰਦਾ ਕੰਗਾਲ ਹੋ ਜਾਂਦਾ ਹੈ।

ਅਸੀਂ ਜਵਾਨ ਰਹਿਣ ਦੇ ਸਾਰੇ ਯਤਨਾਂ ਦੇ ਬਾਵਜੂਦ ਬੁੱਢੇ ਹੋਣਾ ਹੈ, ਅਸੀਂ ਚੰਗੀਆਂ ਖ਼ੁਰਾਕਾਂ ਦੇ ਬਾਵਜੂਦ ਕਮਜ਼ੋਰ ਹੋਣਾ ਹੈ ਅਤੇ ਅਸੀਂ ਅਰੋਗ ਰਹਿਣ ਦੇ ਸਾਰੇ ਉਪਰਾਲਿਆਂ ਦੇ ਬਾਵਜੂਦ ਬੀਮਾਰ ਪੈਣਾ ਹੈ, ਬੱਚਤ ਅਜਿਹੇ ਮੌਕਿਆਂ ਉਤੇ ਹੀ ਕੰਮ ਆਉਂਦੀ ਹੈ।

ਹਰ ਵਿਅਕਤੀ ਦੇ ਮਨ ਵਿਚ ਆਪਣੇ ਮੌਜੂਦਾ ਘਰ ਨਾਲੋਂ ਵੱਖਰੇ ਇਕ ਘਰ ਦੀ ਕਲਪਨਾ ਅੰਗੜਾਈਆਂ ਲੈਂਦੀ ਹੈ, ਇਹ ਕਲਪਨਾ ਬੱਚਤ ਨਾਲ ਹੀ ਵਾਸਤਵਿਕਤਾ ਵਿਚ ਉਲਥਾਈ ਜਾ ਸਕਦੀ ਹੈ।

ਜੇ ਤੁਸੀਂ ਮਕਾਨ ਦੀ ਥਾਂ ਮਲਬੇ ਦੇ ਇੱਛੁਕ ਹੋ, ਵਗਦੇ ਦਰਿਆ ਦੀ ਥਾਂ ਸੁੱਕੇ ਟੋਬੇ ਵਾਂਗ ਦਿਖਾਈ ਦੇਣਾ ਚਾਹੁੰਦੇ ਹੋ ਤਾਂ ਤੁਸੀਂ ਬੱਚਤ ਅਤੇ ਖਰਚਿਆਂ ਪ੍ਰਤੀ ਉਦਾਸੀਨ ਅਤੇ ਲਾਪ੍ਰਵਾਹ ਹੋ ਸਕਦੇ ਹੋ।

ਜਿਨ੍ਹਾਂ ਵਿਚ ਬੱਚਤ ਦੀ ਆਦਤ ਨਹੀਂ ਹੁੰਦੀ, ਉਨ੍ਹਾਂ ਵਿਚ ਸੰਜਮ ਅਤੇ ਸਲੀਕੇ ਦੀ ਵੀ ਘਾਟ ਹੁੰਦੀ ਹੈ। ਅਜਿਹੇ ਲੋਕਾਂ ਦਾ ਹਰ ਦਿਨ ਇਕ ਥੱਕੀ ਹੋਈ ਉਬਾਸੀ ਵਾਂਗ ਸ਼ੁਰੂ ਹੁੰਦਾ ਹੈ। ਜਿਨ੍ਹਾਂ ਕੋਲ ਕਟੋਰਾ ਹੀ ਨਹੀਂ ਹੁੰਦਾ, ਉਹ ਜ਼ਿੰਦਗੀ ਦਾ ਰਸ ਕੀ ਮਾਣਨਗੇ। ਅਜਿਹੇ ਵਿਅਕਤੀ ਉਜੜੀ ਕਚਹਿਰੀ ਵਿਚ ਆਪਣੀ ਜ਼ਿੰਦਗੀ ਦਾ ਮੁਕੱਦਮਾ ਲੜਦੇ ਹਨ। ਇਹ ਜ਼ਿੰਦਗੀ ਦਾ ਜੂਆ ਖੇਡਦੇ ਹਨ।

ਜੂਆ ਖੇਡ ਕੇ ਕਦੇ ਕੋਈ ਅਮੀਰ ਨਹੀਂ ਹੋਇਆ।

ਬੱਚਤ ਦੀ ਆਦਤ ਦੀ ਅਣਹੋਂਦ ਉਹੋ ਜਿਹੀ ਹੀ ਕੁਰੀਤੀ ਹੈ, ਜਿਹੋ ਜਿਹੀ ਜੂਆ ਖੇਡਣਾ। ਬੱਚਤ ਨਾ ਕਰਨ ਵਾਲਾ ਵਿਅਕਤੀ ਸਦਾ ਥੁੜ੍ਹਾਂ ਦਾ ਸ਼ਿਕਾਰ ਹੁੰਦਾ ਹੈ ਅਤੇ ਆਪਣੀ ਅਣਗਹਿਲੀ ਨਾਲ ਪੈਦਾ ਕੀਤੀਆਂ ਸਮੱਸਿਆਵਾ ਨੂੰ ਸੁਲਝਾਉਣ ਲਈ ਲੰਮੇ ਲੰਮੇ ਵਾਅਦਿਆਂ ਨਾਲ ਰਕਮਾਂ ਉਧਾਰ ਮੰਗਦਾ ਹੈ ਅਤੇ ਇਵੇਂ ਉਹ ਆਪਣੇ ਦੋਸਤਾਂ ਨੂੰ ਦੁਸ਼ਮਣਾਂ ਵਿਚ ਤਬਦੀਲ ਕਰਦਾ ਰਹਿੰਦਾ ਹੈ।

ਜਿਨ੍ਹਾਂ ਨੂੰ ਬੱਚਤ ਦੀ ਆਦਤ ਨਹੀਂ, ਉਹ ਕਿਸੇ ਦਾ ਤਾਂ ਕੀ ਸੰਵਾਰਨਗੇ, ਉਹ ਆਪਣੀਆਂ ਸਮੱਸਿਆਵਾਂ ਵੀ ਹੱਲ ਨਹੀਂ ਕਰ ਸਕਦੇ।

ਅਜਿਹੇ ਵਿਅਕਤੀ ਆਪਣਾ ਆਦਿ-ਜੁਗਾਦਿ ਚੋਰੀ ਕਰ ਲੈਂਦੇ ਹਨ ਅਤੇ ਆਪਣੇ ਭੂਤ-ਭਵਿੱਖ ਨੂੰ ਗਿਰਵੀ ਰੱਖ ਦਿੰਦੇ ਹਨ।

ਸਾਡੀਆਂ ਪ੍ਰਾਪਤੀਆਂ ਦਾ ਕੱਦ-ਕਾਠ ਇਸ ਕਰ ਕੇ ਸੰਤੋਖਜਨਕ ਨਹੀਂ, ਕਿਉਂਕਿ ਸਾਡੇ ਬਜ਼ੁਰਗਾਂ ਨੇ ਬੱਚਤ ਦੇ ਮਹੱਤਵ ਨੂੰ ਨਹੀਂ ਪਛਾਣਿਆ ਸੀ।

ਯੋਰਪ ਦੀ ਖੁਸ਼ਹਾਲੀ ਪਿੱਛੇ ਸੱਤ ਸਦੀਆਂ ਦੀ ਬੱਚਤ ਖਲੋਤੀ ਹੋਈ ਹੈ।

ਆਰਥਿਕ ਸਮੱਸਿਆਵਾਂ, ਕਮਾਈ ਅਤੇ ਬੱਚਤ ਵਰਗੇ, ਆਰਥਿਕ ਵਸੀਲਿਆਂ ਨਾਲ ਹੀ ਸੁਲਝਾਈਆਂ ਜਾ ਸਕਦੀਆਂ ਹਨ।

ਨਿਰੋਲ ਹਮਦਰਦੀ ਦੇ ਆਧਾਰ ਉੱਤੇ ਜੋ ਵੀ ਤਬਦੀਲੀ ਵਾਪਰਦੀ ਹੈ, ਉਹ ਹੰਢਦਸਾਰ ਅਤੇ ਵਿਸ਼ਾਲ ਪ੍ਰਭਾਵ ਵਾਲੀ ਨਹੀਂ ਹੁੰਦੀ।

ਮੰਗ ਕੇ ਪੈਸਿਆਂ ਨਾਲ ਉਸਾਰਿਆ ਮਕਾਨ, ਅੰਤ ਨੂੰ ਵਿੱਕ ਜਾਂਦਾ ਹੈ।

ਕੰਜੂਸ ਬਣਨ ਦੀ ਲੋੜ ਨਹੀਂ, ਲੋੜ ਸੰਜਮ ਅਤੇ ਸੰਕੋਚ ਦੀ ਹੈ।

ਜੇਕਰ ਤੁਸੀਂ ਆਪਣੀ ਆਮਦਨ ਵਧਾਉਣੀ ਚਾਹੁੰਦੇ ਹੋ ਤਾਂ ਬੱਚਤ ਕਰੋ।

ਜ਼ਰੂਰੀ ਨਹੀਂ ਕਿ ਸ਼ੁਰੂ ਵਿਚ ਸੈਂਕੜੇ ਜਾਂ ਹਜ਼ਾਰਾਂ ਰੁਪਏ ਬਚਾਏ ਜਾਣ, ਲੋੜ ਇਸ ਗੱਲ ਦੀ ਹੈ ਕਿ ਕੁਝ ਬਚਾਇਆ ਜਾਵੇ। ਲੋੜ ਬੱਚਤ ਦੀ ਆਦਤ ਦੀ ਹੈ।

ਬੱਚਤ ਨਾਲ ਅਸੀਂ ਆਪਣੇ ਘਰ ਵਿਚ ਹੀ ਟਕਸਾਲ ਲਾ ਸਕਦੇ ਹਾਂ।

ਪਹਿਲੇ ਕੁਝ ਹਜ਼ਾਰ ਰੁਪਏ ਬਚਾਉਣੇ ਔਖੇ ਹੁੰਦੇ ਹਨ, ਉਸ ਉਪਰੰਤ ਬੱਚਤ ਦੀ ਆਦਤ ਕਾਰਨ ਕੋਈ ਵੀ ਰਕਮ ਬਚਾਈ ਜਾ ਸਕਦੀ ਹੈ ਅਤੇ ਜਿਹੜਾ ਵਿਅਕਤੀ ਸੱਤ ਸਾਲ ਲਗਾਤਾਰ ਬੱਚਤ ਕਰ ਲਵੇ, ਉਸ ਨੂੰ ਜ਼ਿੰਦਗੀ ਵਿਚ ਕਦੀ ਪੈਸੇ ਦੀ ਥੁੜ੍ਹ ਨਹੀਂ ਆਉਂਦੀ ਅਤੇ ਅਜਿਹਾ ਵਿਅਕਤੀ ਆਪਣੇ ਬਚਪਨ ਦੇ ਸੁਪਨੇ ਸਹਿਜੇ ਹੀ ਪੂਰੇ ਕਰ ਸਕਦਾ ਹੈ।

ਜਿਸ ਵਿਅਕਤੀ ਨੂੰ ਬੱਚਤ ਦੀ ਆਦਤ ਹੈ, ਉਸ ਦੇ ਵਿਹਾਰ ਵਿਚ ਆਪ-ਮੁਹਾਰੇ ਸਲੀਕਾ ਆ ਜਾਂਦਾ ਹੈ, ਅਜਿਹੇ ਵਿਅਕਤੀ ਵਿਚ ਸਵੈਮਾਣ ਦੀ ਭਾਵਨਾ ਜਾਗਦੀ ਹੈ, ਅਜਿਹਾ ਵਿਅਕਤੀ ਸਵੈ-ਵਿਸ਼ਵਾਸ ਨਾਲ ਵਿਚਰਦਾ ਹੈ, ਅਜਿਹੇ ਵਿਅਕਤੀ ਵਿਚ ਚੰਗਾ ਜੀਵਨ ਜਿਊਣ ਦੇ ਨਾਲ-ਨਾਲ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵੀ ਵਿਸ਼ਾਲ ਹੁੰਦਾ ਹੈ।

ਪੈਸਾ ਸਾਰੀਆਂ ਮੁਸ਼ਕਿਲਾਂ ਦਾ ਹੱਲ ਨਹੀਂ ਹੋ ਸਕਦਾ ਪਰ ਪੈਸੇ ਬਿਨਾਂ ਤਾਂ ਕੋਈ ਵੀ ਮੁਸ਼ਕਿਲ ਹੱਲ ਨਹੀਂ ਹੁੰਦੀ।

ਬੱਚਤ ਦੀ ਆਦਤ ਕਾਰਨ ਅਚਨਚੇਤੀ ਬਿਪਤਾਵਾਂ ਨਹੀਂ ਵਾਪਰਦੀਆਂ ਅਤੇ ਜੇਕਰ ਵਾਪਰਨ ਵੀ ਤਾਂ ਬੱਚਤ ਦੀ ਆਦਤ ਕਾਰਨ ਅਤੇ ਬਚਾਏ ਸਰਮਾਏ ਨਾਲ ਉਨ੍ਹਾਂ ਦਾ ਸਾਹਮਣਾ ਸਹਿਜੇ ਹੀ ਕੀਤਾ ਜਾ ਸਕਦਾ ਹੁੰਦਾ ਹੈ।

ਵਿਕਾਸ ਤਾਂ ਹੀ ਹੁੰਦਾ ਹੈ ਜੇ ਇਕ ਮੁਨਸ਼ੀ ਦਾ ਪੁੱਤਰ ਵਕੀਲ ਬਣੇ, ਇਕ ਲੁਹਾਰ ਦਾ ਪੁੱਤਰ ਇੰਜੀਨੀਅਰ ਬਣੇ, ਇਕ ਸਕੂਲ ਅਧਿਆਪਕ ਦਾ ਪੁੱਤਰ ਪ੍ਰੋਫੈਸਰ ਬਣੇ ਅਤੇ ਇਕ ਕੰਪਾਊਡਰ ਦਾ ਪੁੱਤਰ ਡਾਕਟਰ ਬਣੇ। ਇਹ ਕੁਝ ਬਣਨਾ ਤਾਂ ਹੀ ਸੰਭਵ ਹੁੰਦਾ ਹੈ, ਜੇ ਪੁੱਤਰ ਵਿਚ ਮਿਹਨਤ ਦੀ ਅਤੇ ਪਿਤਾ ਵਿਚ ਬੱਚਤ ਦੀ ਆਦਤ ਹੋਵੇ।

ਲੋੜਾਂ ਮਹਿੰਗੀਆਂ ਨਹੀਂ ਹੁੰਦੀਆਂ, ਮਹਿੰਗੀਆਂ ਤਾਂ ਇੱਛਾਵਾਂ ਹੁੰਦੀਆਂ ਹਨ।

ਬੱਚਤ ਇਸ ਕਰ ਕੇ ਸੰਭਵ ਨਹੀਂ ਹੁੰਦੀ, ਕਿਉਂਕਿ ਅਸੀਂ ਲੋੜਾਂ ਦੀ ਥਾਂ ਇੱਛਾਵਾਂ ਪੂਰੀਆਂ ਕਰਨ ਲਗ ਪੈਂਦੇ ਹਾਂ ਅਤੇ ਅਕਸਰ ਇਸ ਕਰਕੇ ਸਾਰੇ ਪੈਸੇ ਖਰਚ ਕਰ ਦਿੰਦੇ ਹਾਂ ਕਿ ਹੁਣ ਚੀਜ਼ਾਂ ਸੱਸਤੀਆਂ ਮਿਲ ਰਹੀਆਂ ਹਨ।

ਜਿਹੜੇ ਲੋਕ ਸੜਕ ਉਤੇ ਵਿਕਦੀਆਂ ਚੀਜ਼ਾਂ ਖਰੀਦਦੇ ਹਨ, ਉਨ੍ਹਾਂ ਨੂੰ ਉਹ ਚੀਜ਼ਾਂ ਵਾਰ-ਵਾਰ ਖਰੀਦਣੀਆਂ ਪੈਂਦੀਆਂ ਹਨ, ਕਿਉਂਕਿ ਉਹ ਚੀਜ਼ਾਂ ਚੰਗੀਆਂ ਅਤੇ ਹੰਢਣਸਾਰ ਨਹੀ ਹੁੰਦੀਆਂ।

ਜੇ ਬੱਚਤ ਦੀ ਆਦਤ ਹੋਵੇ ਤਾਂ ਖਰੀਦਾਰੀ ਸਮੇਂ ਵਿਹਾਰ ਵਿਚ ਸਬਰ ਹੁੰਦਾ ਹੈ ਅਤੇ ਚੀਜ਼ ਲੋੜ ਸਮੇਂ ਹੀ ਖਰੀਦੀ ਜਾਂਦੀ ਹੈ।

ਬੱਚਤ, ਮਨੁੱਖ ਨੂੰ ਆਸ਼ਾਵਾਦੀ ਅਤੇ ਭਵਿੱਖਵਾਦੀ ਬਣਾਉਂਦੀ ਹੈ।

ਪੈਸੇ ਘੱਟ ਹੋਣ ਕਾਰਨ ਅਸੀਂ ਬਹੁਤ ਕੁਝ ਫਾਲਤੂ ਖਰੀਦਣ ਦਾ ਸ਼ਿਕਾਰ ਹੋ ਜਾਂਦੇ ਹਾਂ। ਬੱਚਤ ਸੰਭਵ ਹੀ ਤਾਂ ਹੁੰਦੀ ਹੈ ਜੇ ਅਸੀਂ ਫਜ਼ੂਲ ਚੀਜ਼ਾਂ ਨੂੰ ਖਰੀਦਣ ਤੋਂ ਬੱਚਣ ਦਾ ਹੁਨਰ ਜਾਣਦੇ ਹੋਈਏ। ਬੱਚਤ ਦਾ ਆਪਣਾ ਸੁੱਖ ਹੁੰਦਾ ਹੈ। ਜਿਵੇਂ ਤੁਪਕੇ ਰਲ ਕੇ ਇਕ ਧਾਰ ਬਣ ਜਾਂਦੇ ਹਨ ਅਤੇ ਨੁਕਤੇ ਰਲ ਕੇ ਇਕ ਲਕੀਰ ਬਣ ਜਾਂਦੀ ਹੈ, ਇਵੇਂ ਹੀ ਸਾਡੀਆਂ ਛੋਟੀਆਂ-ਛੋਟੀਆਂ ਬੱਚਤਾਂ ਸਾਡਾ ਵੱਡਾ ਸਰਮਾਇਆ ਬਣ ਜਾਂਦੀਆਂ ਹਨ।

ਸਾਡੀ ਸੋਚ ਸਾਡੀ ਆਰਥਿਕ ਸਥਿਤੀ ਤੋਂ ਬਾਹਰ ਨਹੀਂ ਜਾਂਦੀ। ਬੱਚਤ ਦੀ ਆਦਤ ਨਾ ਹੋਣ ਕਾਰਨ ਜ਼ਿੰਦਗੀ ਦੇ ਅਨੁਭਵ ਦੇ ਅਨੇਕਾਂ ਬੂਹੇ-ਬਾਰੀਆਂ ਬੰਦ ਹੀ ਰਹਿ ਜਾਂਦੇ ਹਨ।

ਪੈਸੇ ਤੋਂ ਥੁੜ੍ਹੇ ਵਿਅਕਤੀ ਦੀ ਦ੍ਰਿਸ਼ਟੀ ਦੂਰ ਤਕ ਨਹੀਂ ਵੇਖ ਸਕਦੀ। ਅਸੀਂ ਕਿਤਨੀ ਦੂਰ ਤਕ ਸੋਚ ਸਕਦੇ ਹਾਂ, ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਅਸੀਂ ਬੱਚਤ ਨਾਲ ਜੋੜਿਆ ਕੀ ਕੁਝ ਹੈ।

ਬੱਚਤ ਨਾਲ ਵੱਡੇ ਖਰਚੇ ਕਰਨ ਦੀ ਸਮਰੱਥਾ ਉਪਜਦੀ ਹੈ।

ਇਹ ਕਹਿਣਾ ਵਧੇਰੇ ਯੋਗ ਹੋਵੇਗਾ ਕਿ ਜਿਸ ਨੂੰ ਬੱਚਤ ਦੀ ਆਦਤ ਹੈ, ਉਸ ਵਿਚ ਹੋਰ ਵੀ ਕਈ ਚੰਗੀਆਂ ਆਦਤਾਂ ਹੋਣਗੀਆਂ। ਅਜਿਹਾ ਵਿਅਕਤੀ ਬਹਾਨੇ ਨਹੀਂ ਲਾਵੇਗਾ, ਸਮੇਂ ਪ੍ਰਤੀ ਲਾਪ੍ਰਵਾਹ ਨਹੀਂ ਹੋਵੇਗਾ ਅਤੇ ਆਪਣੇ ਵਾਅਦੇ ਪ੍ਰਤੀ ਝੂਠਾ ਸਾਬਤ ਨਹੀਂ ਹੋਵੇਗਾ।

ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਵਿਚ ਬੱਚਤ ਦੀ ਆਦਤ ਵਧੇਰੇ ਹੁੰਦੀ ਹੈ।

ਇਸਤਰੀਆਂ ਆਦਤਨ ਹੀ ਭਵਿੱਖਵਾਦੀ ਹੁੰਦੀਆਂ ਹਨ ਅਤੇ ਆਪਣਾ ਘਰ ਬਣਾਉਣ ਅਤੇ ਉਸ ਵਿਚ ਨਿਰੰਤਰ ਵਿਕਾਸ ਕਰਨ ਦੀ ਆਦਤ ਅਤੇ ਇੱਛਾ, ਉਨ੍ਹਾਂ ਨੂੰ ਬਚਾਉਣ ਅਤੇ ਖਰਚਣ ਦੋਹਾਂ ਦੀ ਜਾਚ ਸਿਖਾ ਦਿੰਦੀ ਹੈ।

ਜਦੋਂ ਪਤੀ ਨੂੰ ਕਿਸੇ ਤੋਂ ਆਪਣੇ ਘਰ ਦੇ ਖਰਚਿਆਂ ਲਈ ਪੈਸੇ ਮੰਗਣੇ ਪੈਣ ਤਾਂ ਸਿਆਣੀ ਪਤਨੀ ਇਸ ਨੂੰ ਆਪਣੀ ਬੇਇਜ਼ਤੀ ਸਮਝਦੀ ਹੈ।

ਇਕ ਸਿਆਣੀ ਮਾਂ ਆਪਣੇ ਬੱਚਿਆਂ ਵਿਚ ਹੋਰ ਚੰਗੀਆਂ ਆਦਤਾਂ ਵਾਂਗ ਬੱਚਤ ਕਰਨ ਦੀ ਆਦਤ ਵੀ ਪਾਉਂਦੀ ਹੈ।

ਜਿਹੜਾ ਟੱਬਰ ਬੱਚਤ ਨਹੀਂ ਕਰਦਾ, ਸਮਝੋ ਉਸ ਟੱਬਰ ਵਿਚ ਬੱਚੇ ਨਹੀਂ ਪਲ ਰਹੇ, ਮੰਗਤੇ ਤਿਆਰ ਹੋ ਰਹੇ ਹਨ।

ਜੇਕਰ ਤੁਹਾਡਾ ਬੱਚਾ ਬਿਸਕੁਟ ਖਰੀਦਣ ਲਈ ਲਿਆ ਰੁਪਿਆ ਬਚਾ ਕੇ ਰੱਖਣਾ ਚਾਹੁੰਦਾ ਹੈ ਤਾਂ ਬਚਾਉਣ ਦਿਓ, ਉਹ ਇਕ ਦਿਨ ਜ਼ਰੂਰ ਕੇਕ ਖਾਏਗਾ।

ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਦਾਣੇ ਰਲ ਕੇ ਢੇਰ ਅਖਵਾਉਂਦੇ ਹਨ, ਦਰੱਖਤ ਰਲ ਕੇ ਬੀੜ ਬਣਦੇ ਹਨ, ਪਤਰੇ ਰਲ ਕੇ ਗ੍ਰੰਥ ਬਣਦੇ ਹਨ। ਕਿਹਾ ਜਾਂਦਾ ਹੈ ਕਿ ਕੱਲ੍ਹ ਦਾ ਗਿਆਨ ਕੀੜੀ ਤੋਂ ਸਿੱਖੋ। ਕੱਲ੍ਹ ਸਬੰਧੀ ਅੱਜ ਸੋਚਣਾ ਪਵੇਗਾ।

ਅਨੇਕਾਂ ਵਿਅਕਤੀ ਬੱਚਤ ਕਰਨ ਦੀ ਆਦਤ ਦਾ ਇਸ ਹੱਦ ਤਕ ਸ਼ਿਕਾਰ ਹੋ ਜਾਂਦੇ ਹਨ ਕਿ ਉਹ ਕੰਜੂਸ ਅਖਵਾਉਣ ਲਗ ਪੈਂਦੇ ਹਨ।

ਕਿਸੇ ਨੇ ਕਿਸੇ ਕੰਜੂਸ ਨੂੰ ਪੁੱਛਿਆ : ਤੁਹਾਡੇ ਕੋਲ ਇਤਨਾ ਸਰਮਾਇਆ ਕਿਵੇਂ ਇਕੱਠਾ ਹੋਇਆ ? ਤਾਂ ਕੰਜੂਸ ਨੇ ਕਿਹਾ : ਦੱਸਣ ਲਈ ਅੱਧਾ ਘੰਟਾ ਲਗੇਗਾ, ਮੈਂ ਮੂੰਹ ਨਾਲ ਬੋਲਣਾ ਹੈ, ਤੁਸੀਂ ਕੰਨਾਂ ਨਾਲ ਸੁਣਨਾ ਹੈ, ਸੋ ਜੇ ਇਤਰਾਜ਼ ਨਾ ਹੋਵੇ ਤਾਂ ਉਤਨੇ ਚਿਰ ਲਈ ਬੱਚਤ ਕਰਨ ਵਾਸਤੇ ਬੱਤੀ ਬੁਝਾ ਦੇਵਾਂ ? ਪੁੱਛਣ ਵਾਲੇ ਨੇ ਕਿਹਾ: ਹੋਰ ਦੱਸਣ ਦੀ ਲੋੜ ਨਹੀਂ, ਮੈਂ ਤੁਹਾਡੀ ਬੱਚਤ ਦਾ ਭੇਤ ਪਾ ਲਿਆ ਹੈ।

ਇਕ ਵਿਅਕਤੀ ਨੇ ਬੱਚਤ ਦਾ ਮਹੱਤਵ ਸਮਝਾਉਣ ਲਈ ਆਪਣੇ ਪੁੱਤਰ ਨੂੰ ਸੌ ਰੁਪਏ ਦਿੰਦਿਆਂ ਕਿਹਾ : ਪੁੱਤਰ, ਇਸ ਨੂੰ ਇਕ ਲੱਖ ਬਣਾਉਣ ਵਾਸਤੇ ਕੇਵਲ ਨਿੜੱਨਵੇਂ ਹਜ਼ਾਰ ਨੌਂ ਸੌ ਰੁਪਏ, ਹੋਰ ਜੋੜਨੇ ਪੈਣਗੇ।

ਬੱਚਤ ਅਤੇ ਕੰਜੂਸੀ ਦੇ ਅੰਤਰ ਨੂੰ ਜਾਣਨ ਦੀ ਲੋੜ ਹੈ।

ਇਕ ਵਿਅਕਤੀ ਆਪਣੇ ਪਿੰਡ ਇਸ ਕਰ ਕੇ ਪੈਦਲ ਚਲ ਪਿਆ, ਕਿਉਂਕਿ ਇਵੇਂ ਉਸ ਦਾ ਵਕਤ ਵੀ ਕੱਟ ਜਾਣਾ ਸੀ ਅਤੇ ਕਿਰਾਏ ਦੇ ਕੁਝ ਰੁਪਏ ਵੀ ਬਚ ਜਾਣੇ ਸਨ ਪਰ ਰਸਤੇ ਵਿਚ ਉਸ ਨੂੰ ਆਪਣੇ ਪਿੰਡ ਵਿਚ ਨਵੀਂ ਵਿਆਹੀ ਆਈ ਨੂੰਹ ਮਿਲ ਪਈ, ਉਸ ਨੇ ਬੜੀ ਖੁਸ਼ੀ ਨਾਲ ਉਸ ਨੂੰ ਬਚਾਏ ਰੁਪਇਆਂ ਦੇ ਦੱਸ ਗੁਣਾਂ ਪੈਸਿਆਂ ਦਾ ਸ਼ਗਨ ਪਾ ਦਿੱਤਾ।

ਸਾਨੂੰ ਉਦੋਂ ਤਕ ਫਜ਼ੂਲ ਖਰਚੀ ਨਹੀਂ ਕਰਨੀ ਚਾਹੀਦੀ, ਜਦੋਂ ਤਕ ਸਾਡੇ ਕੋਲ ਬੱਚਤ ਦੀ ਮੋਟੀ ਰਕਮ ਨਹੀਂ ਜੁੜ ਜਾਂਦੀ ਪਰ ਇਸ ਉਪਰੰਤ ਤਬਦੀਲੀ ਇਹ ਵਾਪਰੇਗੀ ਕਿ ਫਜ਼ੂਲ-ਖਰਚੀ ਕਰਨੀ ਚੰਗੀ ਹੀ ਨਹੀਂ ਲਗੇਗੀ।

ਬੱਚਤ ਵਾਲਾ ਵਿਅਕਤੀ ਕਦੇ ਵੀ ਗਰੀਬ ਨਹੀਂ ਹੁੰਦਾ ਅਤੇ ਬੱਚਤ ਵਿਹੂਣਾ ਵਿਅਕਤੀ ਕਦੇ ਵੀ ਅਮੀਰ ਨਹੀਂ ਹੁੰਦਾ। ਕਰਜ਼ਾ ਲੈਣਾ ਚੰਗੀ ਗੱਲ ਹੈ ਪਰ ਤਾਂ ਹੀ ਜੇ ਬੱਚਤ ਦੀ ਆਦਤ ਹੋਵੇ। ਕਿਸੇ ਦੀ ਮਦਦ ਕਰ ਵੇਖੋ, ਜੇ ਉਸ ਵਿਅਕਤੀ ਵਿਚ ਬੱਚਤ ਦੀ ਆਦਤ ਨਹੀਂ ਤਾਂ ਰਕਮ ਦਾ ਭੋਗ ਪਾ ਦੇਣਾ ਹੀ ਚੰਗਾ ਹੋਵੇਗਾ। ਜੇਕਰ ਕਿਸੇ ਨੂੰ ਬੱਚਤ ਦੀ ਆਦਤ ਹੈ ਤਾਂ ਉਹ ਕਿਸੇ ਤੋਂ ਮਦਦ ਮੰਗੇਗਾ ਹੀ ਨਹੀਂ।

ਬੱਚਤ ਬਾਰੇ ਕਹਿੰਦੇ ਹਨ, ਸੈਂਕੜੇ ਤੁਸੀਂ ਬਚਾਓ, ਹਜ਼ਾਰਾਂ ਆਪੇ ਬਚ ਜਾਣਗੇ।

ਬੱਚਤ ਵੀ ਇਕ ਦ੍ਰਿਸ਼ਟੀਕੋਣ ਹੈ, ਜੇ ਜੇਬ ਵਿਚ ਪੈਸੇ ਹਨ ਤਾਂ ਦੁਨੀਆਂ ਵਿਸ਼ਾਲ ਲੱਗੇਗੀ ਅਤੇ ਤੁਸੀਂ ਕਈ ਨਵੇਂ ਰਾਹਾਂ ਉਤੇ ਚੱਲਣ ਦਾ ਸਾਹਸ ਕਰ ਸਕੋਗੇ।

ਆਪਣੀ ਬੱਚਤ ਨੂੰ ਗੁਪਤ ਰੱਖਣ ਦੀ ਬੜੀ ਲੋੜ ਹੁੰਦੀ ਹੈ।

ਜੇ ਤੁਹਾਡੇ ਰਿਸ਼ਤੇਦਾਰਾਂ ਨੂੰ ਪਤਾ ਲਗ ਜਾਵੇ ਕਿ ਤੁਹਾਡੇ ਕੋਲ ਬਚਾਇਆ ਹੋਇਆ ਸਰਮਾਇਆ ਹੈ ਤਾਂ ਉਹ ਉਸੇ ਸ਼ਾਮ ਨੂੰ ਹੀ ਤੁਹਾਨੂੰ ਲੁੱਟਣ ਲਈ ਬੜੀਆਂ ਚੁੰਧਿਆ ਦੇਣ ਵਾਲੀਆਂ ਵਿਉਂਤਾਂ ਲੈ ਕੇ ਆਉਣਗੇ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਉਮਰ ਦੇ ਵਧਣ ਨਾਲ ਖਰਚੇ ਵਧਦੇ ਹਨ, ਸੋ ਬੱਚਤ ਦੀ ਆਦਤ ਨਿਰੰਤਰ ਬਣੀ ਰਹਿਣੀ ਚਾਹੀਦੀ ਹੈ।

ਜ਼ਿੰਦਗੀ ਦੀ ਸ਼ਾਮ ਨੂੰ, ਤੁਹਾਡੀ ਇੱਜ਼ਤ ਤਾਂ ਹੀ ਹੋ ਸਕੇਗੀ ਜੇ ਤੁਹਾਡੇ ਕੋਲ ਆਪਣੀਆਂ ਲੋੜਾਂ ਅਨੁਸਾਰ ਬਚਾਇਆ ਹੋਇਆ ਸਰਮਾਇਆ ਹੋਵੇਗਾ।

ਇਸੇ ਕਰ ਕੇ ਕਹਿੰਦੇ ਹਨ ਕਿ ਚਾਨਣੇ ਵਿਚ ਬਚਾਏ ਪੈਸੇ, ਹਨੇਰੇ ਵਿਚ ਕੰਮ ਆਉਂਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਪਰਿਵਾਰ ਦੇ ਜੀਆਂ ਨੂੰ ਬਹੁਤੀਆਂ ਬੀਮਾਰੀਆਂ ਬੱਚਤ ਨਾ ਹੋਣ ਕਾਰਨ ਲਗਦੀਆਂ ਹਨ।

ਜੇ ਤੁਸੀਂ ਆਮਦਨ ਦਾ ਇਕ ਚੌਥਾਈ ਬਚਾ ਸਕਦੇ ਹੋ ਤਾਂ ਤੁਹਾਡੇ ਜੀਵਨ ਵਿਚ ਕੋਈ ਵੀ ਅਜਿਹੀ ਚੀਜ਼ ਨਹੀਂ ਹੋਵੇਗੀ, ਜਿਹੜੀ ਤੁਸੀਂ ਖਰੀਦ ਨਾ ਸਕੋ।

ਘਰੇਲੂ ਅਤੇ ਪਰਿਵਾਰਕ ਸਬੰਧ ਬੱਚਤ ਦੀ ਆਦਤ ਦੇ ਅਨੁਪਾਤ ਵਿਚ ਹੀ ਵਿਰੋਧੀ ਅਤੇ ਸਹਿਯੋਗੀ ਜਾਂ ਦੁਖਾਵੇਂ ਅਤੇ ਸੁਖਾਵੇਂ ਹੁੰਦੇ ਹਨ।

ਕਹਿੰਦੇ ਹਨ ਨਾਲ-ਨਾਲ ਲਾਈਆਂ ਟਾਕੀਆਂ ਫੈਸ਼ਨ ਹੁੰਦੀਆਂ ਹਨ, ਜਦੋਂ ਕਿ ਟਾਕੀ ਉਤੇ ਲਾਈ ਟਾਕੀ ਮੰਗਤੇ ਦੀ ਪੋਸ਼ਾਕ ਹੁੰਦੀ ਹੈ।

ਸੱਸਤੇ ਦਰਜ਼ੀ ਤੋਂ ਸਿਵਾਏ ਕੱਪੜੇ, ਤੰਗ ਹੋਣ ਕਾਰਨ ਪਹਿਨੇ ਨਹੀਂ ਜਾਂਦੇ, ਸਾਂਭੇ ਹੀ ਜਾਂਦੇ ਹਨ। ਸੋ ਲੋੜ ਕਿਰਸਾਂ ਦੀ ਨਹੀਂ, ਬੱਚਤਾਂ ਦੀ ਹੈ।

ਜਿਥੇ ਖਰਚਣਾ ਯੋਗ ਹੋਵੇ ਅਤੇ ਖਰਚਣ ਦੀ ਲੋੜ ਹੋਵੇ, ਉਥੇ ਅਮੀਰ ਆਦਮੀ ਵਾਂਗ ਖੁਲ੍ਹ ਕੇ ਖਰਚ ਕਰੋ ਪਰ ਜਿਥੇ ਬੱਚਤ ਦੀ ਲੋੜ ਹੋਵੇ ਅਤੇ ਸੰਭਾਵਨਾ ਹੋਵੇ, ਉਥੇ ਹਰ ਰੁਪਇਆ ਆਪਣੇ ਆਪ ਨਾਲ ਸਖਤੀ ਕਰਕੇ ਬਚਾਓ।

ਇਤਨੀ ਬੱਚਤ ਜ਼ਰੂਰ ਕਰਨੀ ਚਾਹੀਦੀ ਹੈ ਕਿ ਅਸੀਂ ਆਪਣੀਆਂ ਲੋੜਾਂ ਹੀ ਨਹੀਂ, ਆਪਣੀਆਂ ਵਾਜਬ ਇੱਛਾਵਾਂ ਵੀ ਆਪਣੇ ਵਸੀਲਿਆਂ ਵਿਚੋਂ ਪੂਰੀਆਂ ਕਰ ਸਕੀਏ। ਇਤਨੀ ਬੱਚਤ ਅਵੱਸ਼ ਕਰਨੀ ਚਾਹੀਦੀ ਹੈ ਕਿ ਸਾਨੂੰ ਕਿਸੇ ਨਾਲ ਆਪਣੀ ਆਮਦਨ ਅਤੇ ਖਰਚਿਆਂ ਬਾਰੇ ਕਦੇ ਕੋਈ ਗੱਲਬਾਤ ਨਾ ਕਰਨੀ ਪਵੇ।

ਜਿਹੜੇ ਵਰਤ ਰੱਖ ਕੇ ਅਨਾਜ ਬਚਾਉਣ ਬਾਰੇ ਸੋਚਦੇ ਹਨ, ਉਹ ਰਿਸ਼ਤਿਆਂ ਨੂੰ ਬੋਝ ਅਤੇ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ।

ਬੱਚਤ ਨੂੰ ਸੰਭਾਲਣ ਅਤੇ ਇਸ ਦਾ ਨਿਵੇਸ਼ ਕਰਨ ਦੀ ਬੜੀ ਲੋੜ ਹੈ।

ਕਈ ਲੋਕਾਂ ਨੂੰ ਬੱਚਤ ਦੀ ਆਦਤ ਤਾਂ ਹੁੰਦੀ ਹੈ ਪਰ ਉਹ ਪਹਿਲੇ ਮੌਕੇ ਉੱਤੇ ਹੀ ਸਭ ਕੁਝ ਡੋਲ੍ਹ ਦਿੰਦੇ ਹਨ, ਅਜਿਹੀ ਬਿਰਤੀ ਤੋਂ ਬਚਣ ਦੀ ਲੋੜ ਹੈ।

ਤੁਸੀਂ ਜਾਣਦੇ ਹੀ ਹੋ ਕਿ ਜੇ ਲੱਖ ਰੁਪਏ ਵਿਚੋਂ ਇਕ ਰੁਪਿਆ ਵੀ ਕੱਢ ਲਿਆ ਜਾਵੇ ਤਾਂ ਉਸ ਦੀ ਲੱਖ ਵਾਲੀ ਸ਼ਾਨ ਨਹੀਂ ਰਹਿੰਦੀ।

ਸਾਡਾ ਭਵਿੱਖ ਕਿਹੋ ਜਿਹਾ ਹੋਵੇਗਾ, ਇਹ ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਅੱਜ ਸਾਡੀ ਬੱਚਤ ਕਿਹੋ ਜਿਹੀ ਹੈ।

ਆਪਣਾ ਭਵਿੱਖ ਜਾਣਨ ਲਈ ਕਿਸੇ ਜੋਤਸ਼ੀ ਕੋਲ ਜਾਣ ਦੀ ਲੋੜ ਨਹੀਂ, ਡਾਕਖਾਨੇ ਜਾਂ ਬੈਂਕ ਦੀ ਪਾਸ-ਬੁਕ ਵਿਚਲੀਆਂ ਰੇਖਾਵਾਂ ਵੇਖ ਲੈਣੀਆਂ ਹੀ ਕਾਫੀ ਹਨ।

***

ਘਰ-ਪਰਿਵਾਰ

ਬਾਦਸ਼ਾਹ ਵੀ ਆਪਣੀ ਪਤਨੀ ਦੀਆਂ ਨਜ਼ਰਾਂ ਵਿਚ ਕੇਵਲ ਪਤੀ ਹੀ ਹੁੰਦਾ ਹੈ।

ਜਿਸ ਪਤੀ ਵਿਚ ਕੋਈ ਨੁਕਸ ਨਹੀਂ ਹੁੰਦਾ, ਸਮਝੋ ਉਹ ਬੜਾ ਖਤਰਨਾਕ ਆਦਮੀ ਹੈ। ਅਜਿਹੇ ਵਿਅਕਤੀ ਨਾਲ ਰਹਿਣਾ ਸੰਭਵ ਨਹੀਂ ਹੁੰਦਾ।

ਬਹੁਤੇ ਇਸਤਰੀ-ਪੁਰਸ਼ ਪਤੀ-ਪਤਨੀ ਦੀ ਚੋਣ ਕਰਦਿਆਂ ਕੇਵਲ ਆਪਣੀਆਂ ਅੱਖਾਂ ਤੋਂ ਕੰਮ ਲੈਂਦੇ ਹਨ, ਜਦੋਂ ਕਿ ਲੋੜ ਇਸ ਗੱਲ ਦੀ ਹੈ ਕਿ ਅੱਖਾਂ ਦੇ ਮੁਕਾਬਲੇ ਕੰਨਾਂ ਤੋਂ ਕੰਮ ਵਧੇਰੇ ਲਿਆ ਜਾਵੇ।

ਪਤੀ ਹੋਣਾ ਇਕ ਬੜੀ ਜ਼ਿੰਮੇਵਾਰੀ ਵਾਲਾ ਕੰਮ ਹੈ ਪਰ ਕਿਉਂਕਿ ਹਰ ਇਕ ਵਿਅਕਤੀ ਜ਼ਿੰਮੇਵਾਰੀ ਨਹੀਂ ਸੰਭਾਲ ਸਕਦਾ, ਇਸੇ ਲਈ ਘਰੇਲੂ ਅਤੇ ਪਰਿਵਾਰਕ ਰਿਸ਼ਤਿਆਂ ਵਿਚ ਬਨਾਵਟ, ਤਣਾਓ ਅਤੇ ਖਿਚੋਤਾਣ ਵੱਧ ਰਹੀ ਹੈ।

ਹਰ ਕੋਈ ਸੋਹਣੀ ਪਤਨੀ ਪ੍ਰਾਪਤ ਕਰਨੀ ਚਾਹੁੰਦਾ ਹੈ ਪਰ ਹਰ ਕਿਸੇ ਵਿਚ ਸੋਹਣੀ ਪਤਨੀ ਦੇ ਰੱਖ-ਰਖਾਓ ਦੀ ਸਮਰੱਥਾ ਨਾ ਹੋਣ ਕਾਰਨ ਉਲਝਣਾਂ ਵੱਧ ਰਹੀਆਂ ਹਨ।

ਵੇਖਿਆ ਗਿਆ ਹੈ ਕਿ ਰਿਸ਼ਤਾ ਹੋਣ ਸਮੇਂ ਬਣਨ ਵਾਲੇ ਪਤੀ ਦਾ ਭਵਿੱਖ ਵੇਖਿਆ ਜਾਂਦਾ ਹੈ ਜਦੋਂ ਕਿ ਬਣਨ ਵਾਲੀ ਪਤਨੀ ਦੀ ਵਰਤਮਾਨ ਸਥਿਤੀ ਵੇਖੀ ਜਾਂਦੀ ਹੈ। ਅਰਥਾਤ ਪਤੀ ਦੀ ਆਮਦਨ ਅਤੇ ਆਮਦਨ ਵੱਧਣ ਦੀ ਦਰ ਅਤੇ ਪਤਨੀ ਦੀ ਸੁੰਦਰਤਾ, ਚੱਜ, ਸਲੀਕਾ ਅਤੇ ਉਸ ਦੇ ਸਾਥ ਦਾ ਨਿੱਘ ਆਦਿ ਫੈਸਲੇ ਦਾ ਆਧਾਰ ਬਣਦੇ ਹਨ।

ਸਿਆਣੇ ਬੰਦੇ ਅਕਸਰ ਵਿਅੰਗ ਨਾਲ ਕਹਿੰਦੇ ਹਨ : ਪਤਨੀ ਚੁਣਨੀ ਅਤੇ ਤਲਵਾਰ ਖਰੀਦਣੀ ਇਕੋ ਪ੍ਰਕਾਰ ਦੇ ਕੰਮ ਹਨ।

ਜਿਵੇਂ ਜੰਗ ਦੇ ਮੈਦਾਨ ਵਿਚ ਕਿਸੇ ਨੂੰ ਵੀ ਦੂਜੀ ਵਾਰੀ ਗਲਤੀ ਕਰਨ ਦਾ ਅਵਸਰ ਨਹੀਂ ਮਿਲਦਾ, ਉਵੇਂ ਹੀ ਪਤੀ ਜਾਂ ਪਤਨੀ ਦੀ ਚੋਣ ਕਰਨ ਦਾ ਵੀ ਅਕਸਰ ਇਕ ਹੀ ਅਵਸਰ ਮਿਲਦਾ ਹੈ।

ਪੱਛਮ ਵਿਚ ਬਹੁਤੇ ਰਿਸ਼ਤਿਆਂ ਦਾ ਫੈਸਲਾ ਐਤਵਾਰ ਗਿਰਜੇ ਘਰ ਵਿਚ ਤਿਉਹਾਰੀ ਵਾਤਾਵਰਣ ਵਿਚ ਜਾਂ ਕਿਸੇ ਤਿਉਹਾਰ ਜਿਹੇ ਅਵਸਰ ਸਮੇਂ ਹੁੰਦਾ ਹੈ, ਜਦੋਂ ਦੋਵੇਂ ਧਿਰਾਂ ਉਚੇਚ ਨਾਲ ਸੱਜ-ਧੱਜ ਕੇ ਆਈਆਂ ਹੁੰਦੀਆਂ ਹਨ।

ਦੋਵੇਂ ਧਿਰਾਂ ਉੱਚਾ-ਉੱਚਾ ਸੋਚਦੀਆਂ ਹਨ ਅਤੇ ਮਿੱਠਾ-ਮਿੱਠਾ ਬੋਲਦੀਆਂ ਹਨ।

ਦੋਵੇਂ ਧਿਰਾਂ ਇਂਜ ਵਿਚਰਦੀਆਂ ਹਨ, ਜਿਵੇਂ ਸਤਰੰਗੀ ਪੀਂਘ ਝੂਟਦੀਆਂ ਅਤੇ ਲਾਚੀਆਂ ਦੇ ਬਾਗ ਵਿਚ ਸੈਰ ਕਰ ਰਹੀਆਂ ਹੋਣ।

ਇਸਤਰੀ ਅਕਸਰ ਆਪਣੇ ਬਣਨ ਵਾਲੇ ਪਤੀ ਵਿਚੋਂ ਪਤੀ ਘੱਟ ਅਤੇ ਪ੍ਰੇਮੀ ਵਧੇਰੇ ਵੇਖਦੀ ਹੈ। ਇਵੇਂ ਹੀ ਪੁਰਸ਼ ਆਪਣੀ ਬਣਨ ਵਾਲੀ ਪਤਨੀ ਵਿਚੋਂ ਪਤਨੀ ਘੱਟ ਅਤੇ ਪਰੀ, ਮਾਡਲ ਜਾਂ ਫਿਲਮੀ ਨਾਇਕਾ ਵੱਧ ਲਭਦਾ ਹੈ।

ਪ੍ਰੇਮੀ, ਇਕ ਭਰਮ ਹੈ ਜਦੋਂ ਕਿ ਪਤੀ ਇਕ ਵਾਸਤਵਿਕਤਾ ਹੁੰਦਾ ਹੈ।

ਪਿਆਰ ਸਾਨੂੰ ਸੁਆਉਂਦਾ ਹੈ, ਵਿਆਹ ਸਾਨੂੰ ਜਗਾਉਂਦਾ ਹੈ।

ਕਿਸੇ ਨੇ ਵਿਅੰਗ ਨਾਲ ਕਿਹਾ ਹੈ ਕਿ ਵਿਆਹ ਦੀ ਦਹਿਲੀਜ਼ ਟੱਪਦਿਆਂ ਹੀ ਪਿਆਰ-ਮੁਹੱਬਤ ਵਾਲੀਆਂ ਖੁਸ਼ੀਆਂ ਬਾਹਰੋਂ ਮੁੜ ਜਾਂਦੀਆਂ ਹਨ।

ਚੰਗਾ ਜੀਵਨ ਸਾਥੀ, ਚੰਗੀ ਆਮਦਨ ਅਤੇ ਚੰਗੀ ਸਿਹਤ, ਜੀਵਨ ਦੇ ਅਮੁੱਲੇ ਵਰਦਾਨ ਹੁੰਦੇ ਹਨ। ਕਿਉਂਕਿ ਇਨ੍ਹਾਂ ਵਰਦਾਨਾਂ ਦੀ ਸੰਭਾਵਨਾ ਘੱਟਦੀ ਜਾ ਰਹੀ ਹੈ, ਇਸੇ ਲਈ ਘਰੇਲੂ ਸਬੰਧਾਂ ਦੇ ਖੇਤਰ ਵਿਚ ਨਵੀਆਂ ਵੰਗਾਰਾਂ, ਖਿਚੋਤਾਣਾਂ, ਸਮੱਸਿਆਵਾਂ, ਮੁਸ਼ਕਿਲਾਂ ਅਤੇ ਉਲਝਣਾਂ ਉਪਜ ਰਹੀਆਂ ਹਨ।

ਰਾਜਨੀਤੀ ਨੇ ਸਾਡੇ ਜੀਵਨ ਨੂੰ ਇਸ ਹੱਦ ਤਕ ਪ੍ਰਭਾਵਿਤ ਕੀਤਾ ਹੋਇਆ ਹੈ ਕਿ ਘਰੇਲੂ ਰਿਸ਼ਤਿਆਂ ਉਤੇ ਵੀ ਇਸ ਦਾ ਪ੍ਰਭਾਵ ਪ੍ਰਤੱਖ ਹੈ।

ਜਿਹੜਾ ਪਿਤਾ ਆਪਣੀ ਸੰਤਾਨ ਦੇ ਸੰਦਰਭ ਵਿਚ ਰਾਜਨੀਤਕ ਪੈਂਤੜਿਆਂ ਨੂੰ ਤਿਆਗ ਕੇ ਕੇਵਲ ਸਾਊ ਅਤੇ ਸੁਹਿਰਦ ਮਨੁੱਖ ਵਜੋਂ ਵਿਚਰਦਾ ਹੈ, ਉਸ ਦਾ ਹਾਲ ਉਹੀ ਹੁੰਦਾ ਹੈ, ਜਿਹੜਾ ਔਰੰਗਜ਼ੇਬ ਨੇ ਸ਼ਾਹਜਹਾਨ ਨਾਲ ਕੀਤਾ ਸੀ।

ਪਤੀ ਅਤੇ ਪਤਨੀ ਦੋਹਾਂ ਨੂੰ ਘਰ ਚਲਾਉਣ ਲਈ ਬੜੀ ਸਾਵਧਾਨੀ ਨਾਲ ਚਲਣਾ ਪੈਂਦਾ ਹੈ। ਘਰ ਚਲਾਉਣਾ ਆਪਣੇ ਆਪ ਵਿਚ ਇਕ ਕਿੱਤਾ ਬਣ ਗਿਆ ਹੈ ਅਤੇ ਸਾਡੇ ਘਰੇਲੂ ਅਤੇ ਦਫ਼ਤਰੀ ਵਿਹਾਰ ਵਿਚ ਬਹੁਤਾ ਅੰਤਰ ਨਹੀਂ ਰਿਹਾ ਅਤੇ ਘਰ ਵਿਚ ਵੀ ਦਫ਼ਤਰੀ ਪ੍ਰਕਾਰ ਦੀਆਂ ਸਮੱਸਿਆਵਾਂ ਉਠ ਖੜ੍ਹੀਆਂ ਹੋਈਆਂ ਹਨ।

ਅਨੇਕਾਂ ਪਤਨੀਆਂ ਘਰ ਵਿਚ ਪਤੀ ਦੀ ਅਫਸਰਸ਼ਾਹੀ ਵਿਰੁਧ, ਵਿਰੋਧੀ ਪਾਰਟੀ ਵਾਂਗ ਵਿਚਰਨ ਲਗ ਪਈਆਂ ਹਨ।

ਹੁਣ ਵਿਆਹ ਦੇਰ ਨਾਲ ਹੋਣ ਕਾਰਨ ਦੋਵੇਂ ਧਿਰਾਂ ਦੀਆ ਪਸੰਦਗੀਆਂ ਅਤੇ ਨਾਪਸੰਦਗੀਆਂ ਪੀਡੀਆਂ ਹੋ ਚੁੱਕੀਆਂ ਹੁੰਦੀਆਂ ਹਨ।

ਪੀਡੀਆਂ ਗੰਢਾਂ ਮਨੁੱਖੀ ਵਿਵਹਾਰ ਵਿਚ ਲੱਚਕ ਨੂੰ ਖਤਮ ਕਰ ਰਹੀਆਂ ਹਨ ਅਤੇ ਲੱਚਕ ਦੇ ਖਤਮ ਹੋਣ ਕਾਰਨ ਸਮੱਸਿਆਵਾਂ ਉਪਜਣ ਦੀ ਸੂਰਤ ਵਿਚ ਕੇਵਲ ਆਪਣਾ ਪੱਖ ਪੇਸ਼ ਕਰਨ ਉਤੇ ਜ਼ੋਰ ਵੱਧ ਗਿਆ ਹੈ, ਜਦੋਂ ਕਿ ਦੂਜੇ ਦਾ ਪੱਖ ਸਮਝਣ ਦੀ ਸੰਭਾਵਨਾ ਜੇ ਮੁੱਕ ਨਹੀਂ ਗਈ ਤਾਂ ਸੁੰਗੜ ਜ਼ਰੂਰ ਗਈ ਹੈ।

ਇਕ ਪੜ੍ਹਿਆ-ਲਿਖਿਆ ਵਿਅਕਤੀ ਅਨਪੜ੍ਹ ਪਤਨੀ ਨਾਲ ਗੁਜ਼ਾਰਾ ਕਰ ਸਕਦਾ ਹੈ ਪਰ ਇਕ ਪੜ੍ਹੀ-ਲਿਖੀ ਇਸਤਰੀ ਇਕ ਅਨਪੜ੍ਹ ਜਾਂ ਘੱਟ ਪੜ੍ਹੇ ਪਤੀ ਨਾਲ ਗੁਜ਼ਾਰਾ ਨਹੀਂ ਕਰ ਸਕਦੀ।

ਆਪਣੀਆਂ ਮਾਂਵਾਂ ਦੇ ਲਾਡਲੇ, ਧੀਆਂ ਅਤੇ ਪੁੱਤਰ, ਆਲਸ ਅਤੇ ਬੇਸਮਝੀ ਕਾਰਨ, ਸਫਲ ਪਤੀ-ਪਤਨੀਆਂ ਨਹੀਂ ਬਣ ਸਕਦੇ।

ਵੇਖਿਆ ਗਿਆ ਹੈ ਕਿ ਹਰ ਘਰੇਲੂ ਝਗੜੇ ਵਿਚ ਕਿਸੇ ਨਾ ਕਿਸੇ 'ਬਾਹਰੀ' ਸ਼ਕਤੀ ਦਾ ਹੱਥ ਹੁੰਦਾ ਹੈ, ਜਿਸ ਨਾਲ ਤਾਣੀ ਉਲਝਦੀ ਹੈ।

ਹਰ ਸਮੱਸਿਆ ਸੁਲਝਾਈ ਜਾ ਸਕਦੀ ਹੈ ਪਰ ਭੈੜੇ ਪਤੀ ਅਤੇ ਭੈੜੀ ਪਤਨੀ ਦਾ ਕੋਈ ਇਲਾਜ ਨਹੀਂ ਹੁੰਦਾ।

ਘਰੇਲੂ ਰਿਸ਼ਤਿਆਂ ਵਿਚ ਆ ਰਹੇ ਵਿਗਾੜ ਨਾਲ ਸਮੁੱਚੇ ਸਮਾਜ ਵਿਚ ਹਿੰਸਾ ਵੱਧ ਰਹੀ ਹੈ। ਜਿਸ ਅਨੁਪਾਤ ਵਿਚ ਦਾਜ ਵੱਧ ਰਹੇ ਹਨ, ਉਸੇ ਅਨੁਪਾਤ ਵਿਚ ਘਰ ਟੁੱਟ ਰਹੇ ਹਨ। ਜਿਹੜੀਆਂ ਇਸਤਰੀਆਂ ਪੁਰਸ਼ ਦਾ ਪੈਸਾ ਵੇਖ ਕੇ ਉਸ ਨਾਲ ਵਿਆਹ ਕਰਦੀਆਂ ਹਨ, ਉਹ ਵਿਧਵਾਵਾਂ ਨਾਲੋਂ ਵੀ ਭੈੜਾ ਜੀਵਨ ਜਿਉਂਦੀਆਂ ਹਨ ਅਤੇ ਜਿਹੜੇ ਪੁਰਸ਼ ਕੇਵਲ ਸੁੰਦਰਤਾ ਨੂੰ ਸਾਹਮਣੇ ਰੱਖ ਕੇ ਵਿਆਹ ਕਰਦੇ ਹਨ, ਉਨ੍ਹਾਂ ਨੂੰ ਪਤਨੀ ਨਹੀਂ ਮਿਲਦੀ, ਥਾਣੇਦਾਰਨੀ ਮਿਲਦੀ ਹੈ।

ਬਾਂਝ ਅਤੇ ਅਸੰਤੁਸ਼ਟ ਪਤਨੀਆਂ, ਪਤੀ ਦੇ ਦੋਸਤਾਂ ਵਿਚ ਵਧੇਰੇ ਦਿਲਚਸਪੀ ਲੈਂਦੀਆਂ ਹਨ ਅਤੇ ਕਲਫ ਲਾਉਣ ਵਾਲੇ ਪਤੀ, ਪਤੀ ਘੱਟ ਅਤੇ ਸ਼ਿਕਾਰੀ ਵਧੇਰੇ ਹੁੰਦੇ ਹਨ।

ਚਲਾਕ ਪਤਨੀਆਂ ਆਪਣੇ ਪਤੀ ਨੂੰ ਓਹਲੇ ਵਾਂਗ ਵਰਤਦੀਆਂ ਹਨ ਅਤੇ ਚਲਾਕ ਪਤੀ ਦੇਰ ਨਾਲ ਆਉਣ ਉਤੇ ਅਕਸਰ ਕਹਿੰਦੇ ਹਨ, 'ਕੁਝ ਦੋਸਤ ਮਿਲ ਗਏ ਸਨ, ਬੜੀ ਮੁਸ਼ਕਿਲ ਨਾਲ ਖਹਿੜਾ ਛੁਡਾ ਕੇ ਆਇਆ ਹਾਂ।'

ਪੰਜਾਹ ਸਾਲ ਦਾ ਵਿਦੇਸ਼ੀ ਪਤੀ ਮਿਲਣ ਉਤੇ ਜਵਾਨ ਪਤਨੀ ਸੋਚਦੀ ਹੈ, ਚੰਗਾ ਹੁੰਦਾ ਜੇ ਪੰਝੀ-ਪੰਝੀ ਸਾਲ ਦੇ ਦੋ ਪਤੀ ਮਿਲੇ ਹੁੰਦੇ।

ਸ਼ਾਂਤ-ਸੁਭਾਅ ਵਾਲੇ ਪਤੀਆਂ ਨੂੰ ਅਕਸਰ ਹਨੇਰੀ ਅਤੇ ਤੂਫਾਨ ਦੇ ਸੁਭਾਅ ਵਾਲੀਆਂ ਪਤਨੀਆਂ ਮਿਲਦੀਆਂ ਹਨ।

ਹੁਣ ਬਾਜ਼ਾਰ ਵਿਚ ਸੈਂਕੜੇ ਅਜਿਹੀਆਂ ਚੀਜ਼ਾਂ ਆ ਗਈਆਂ ਹਨ, ਜਿਨ੍ਹਾਂ ਨੂੰ ਕੇਵਲ ਨਾਜਾਇਜ਼ ਸਬੰਧਾਂ ਲਈ ਹੀ ਖਰੀਦਿਆ ਜਾ ਸਕਦਾ ਹੈ।

ਹੁਣ ਸੁਨੇਹਾ ਲੈਣਾ-ਦੇਣਾ, ਕਿਸੇ ਨੂੰ ਬੁਲਾਉਣਾ ਜਾਂ ਆਪ ਜਾਣਾ, ਸੁਖਾਲਾ ਹੋਣ ਕਾਰਨ, ਨਾਜਾਇਜ਼ ਸਬੰਧ ਉਸਾਰਨੇ ਸੌਖੇ ਹੋ ਗਏ ਹਨ।

ਸਾਡੇ ਦੇਸ਼ ਵਿਚ ਤਾਂ ਪਤਨੀ ਨੂੰ, ਆਪਣੇ ਭੈੜੇ ਪਤੀ ਵਿਰੁਧ, ਰੱਬ ਅੱਗੇ ਅਰਦਾਸ ਕਰਨ ਦੀ ਵੀ ਆਗਿਆ ਨਹੀਂ ਹੈ।

ਜਿਹੜੇ ਪਤੀ ਅਚਾਨਕ ਆਪਣੀਆਂ ਪਤਨੀਆਂ ਉਤੇ ਮਿਹਰਬਾਨ ਹੋ ਜਾਂਦੇ ਹਨ, ਉਹ ਅਸਲ ਵਿਚ ਬਾਹਰ ਕੋਈ ਹੋਰ ਰਿਸ਼ਤਾ ਉਸਾਰ ਰਹੇ ਹੁੰਦੇ ਹਨ, ਜਿਹੜੇ ਪਤੀ ਆਪਣੀਆਂ ਪਤਨੀਆਂ ਨੂੰ ਕੁਝ ਕਰ ਕੇ ਅਚਾਨਕ ਹੈਰਾਨ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਜਲਦੀ ਹੀ ਕੁਝ ਅਜਿਹਾ ਵੇਖਣ ਨੂੰ ਮਿਲ ਜਾਂਦਾ ਹੈ ਕਿ ਉਹ ਆਪ ਹੈਰਾਨ ਅਤੇ ਪ੍ਰੇਸ਼ਾਨ ਹੋ ਜਾਂਦੇ ਹਨ।

ਪਤੀ-ਪਤਨੀ ਸਬੰਧੀ ਉਪਰੋਕਤ ਪ੍ਰਚਲਿਤ ਧਾਰਨਾਵਾਂ, ਘਰ ਪਰਿਵਾਰ ਵਿਚ ਪਤੀ-ਪਤਨੀ ਦੀ ਆਪਸੀ ਸਥਿਤੀ ਨੂੰ ਸਮਝਣ ਵਿਚ ਸਹਾਈ ਹੋ ਸਕਦੀਆਂ ਹਨ।

ਆਮ ਕਰ ਕੇ ਪਤਨੀ ਦੀ ਇਹ ਇੱਛਾ ਹੁੰਦੀ ਹੈ ਕਿ ਉਸ ਦਾ ਪਤੀ ਸਵੈ-ਵਿਸ਼ਵਾਸ ਵਾਲਾ ਅਤੇ ਝੱਟਪੱਟ ਫੈਸਲੇ ਕਰਨ ਦੀ ਯੋਗਤਾ ਵਾਲਾ ਵਿਅਕਤੀ ਹੋਵੇ।

ਉਹ ਪਤੀ ਨੂੰ ਅਗਵਾਈ ਪ੍ਰਦਾਨ ਕਰਨ ਦੀ ਪ੍ਰੇਰਨਾ ਦਿੰਦੀ ਹੈ ਅਤੇ ਉਸ ਦੇ ਸੁਯੋਗ ਫੈਸਲਿਆਂ ਨੂੰ ਲਾਗੂ ਕਰਨ ਅਤੇ ਅਮਲ ਵਿਚ ਲਿਆਉਣ ਦਾ ਯਤਨ ਵੀ ਕਰਦੀ ਹੈ।

ਜੇਕਰ ਫੈਸਲਾ ਕਰਨ ਦੀ ਯੋਗਤਾ ਹੋਵੇ ਤਾਂ ਹੀ ਪਤੀ ਠੀਕ ਫੈਸਲੇ ਕਰ ਸਕੇਗਾ।

ਠੀਕ ਫੈਸਲੇ ਨੂੰ ਲਾਗੂ ਕਰਨ ਵਿਚ ਕਿਸੇ ਧਿਰ ਨੂੰ ਕੋਈ ਝਿਜਕ ਨਹੀਂ ਹੁੰਦੀ।

ਠੀਕ ਫੈਸਲਾ ਕਰਨਾ ਬੜਾ ਔਖਾ ਕੰਮ ਹੁੰਦਾ ਹੈ ਅਤੇ ਮਹਿੰਗਾਈ ਦੇ ਜ਼ਮਾਨੇ ਵਿਚ ਇਹ ਮਹਿੰਗਾ ਕੰਮ ਵੀ ਹੈ, ਕਿਉਂਕਿ ਹਰ ਇਕ ਫੈਸਲੇ ਨੂੰ ਲਾਗੂ ਕਰਨ ਉਤੇ ਢੇਰ ਖਰਚ ਆਉਂਦਾ ਹੈ। ਇਵੇਂ ਪਰਿਵਾਰਕ ਸਬੰਧ ਪਤੀ ਵਲੋਂ ਫੈਸਲੇ ਕਰਨ ਦੀ ਯੋਗਤਾ-ਅਯੋਗਤਾ ਉਤੇ ਨਿਰਭਰ ਕਰਦੇ ਹਨ।

ਅਜੋਕੇ ਜੀਵਨ ਦੇ ਕਿਸੇ ਵੀ ਖੇਤਰ ਵਿਚ ਸੰਪੂਰਨਤਾ ਦੀ ਸੰਭਾਵਨਾ ਨਹੀਂ ਹੈ ਪਰ ਜਿਹੜੇ ਪਤੀ ਸੰਪੂਰਣ ਫੈਸਲਾ ਕਰਨ ਦੇ ਅਭਿਲਾਸ਼ੀ ਹੁੰਦੇ ਹਨ, ਉਹ ਅਕਸਰ ਗਲਤ ਫੈਸਲਾ ਕਰਦੇ ਹਨ ਅਤੇ ਅਕਸਰ ਕਈ ਵਾਰੀ ਆਪਣੇ ਫੈਸਲੇ ਨੂੰ ਬਦਲਦੇ ਹਨ ਜਾਂ ਫੈਸਲਾ ਕਰਨ ਦੀ ਘੜੀ ਲੰਘਾ ਕੇ ਫੈਸਲਾ ਕਰਦੇ ਹਨ।

ਇਸਤਰੀਆਂ, ਪਤਨੀਆਂ ਦੇ ਰੂਪ ਵਿਚ ਫੈਸਲਾ ਕਰਨ ਦੇ ਜੋਖਮ ਤੋਂ ਅਕਸਰ ਬੱਚਣਾ ਚਾਹੁੰਦੀਆਂ ਹਨ ਪਰ ਜਦੋਂ ਪਤੀ ਫੈਸਲਾ ਕਰਨ ਦੀ ਯੋਗਤਾ ਦਾ ਪ੍ਰਮਾਣ ਹੀ ਨਾ ਦੇਵੇ ਤਾਂ ਘਰ ਦੀ ਵਾਗਡੋਰ ਉਨ੍ਹਾਂ ਨੂੰ ਸੰਭਾਲਣੀ ਹੀ ਪੈਂਦੀ ਹੈ।

ਮਾਂਵਾਂ ਦੇ ਲਾਡਲੇ ਪੁੱਤਰ ਕੋਈ ਵੀ ਫੈਸਲਾ ਕਰਨ ਸਮੇਂ ਲੜਖੜਾਉਂਦੇ ਹਨ ਅਤੇ ਜਦੋਂ ਅਜਿਹੇ ਪਤੀਆਂ ਦੀਆਂ ਪਤਨੀਆਂ ਅਗਵਾਈ ਪ੍ਰਦਾਨ ਕਰਨ ਦਾ ਯਤਨ ਕਰਦੀਆਂ ਹਨ ਤਾਂ ਉਨ੍ਹਾਂ ਦੇ ਵਿਰੁੱਧ ਸੱਸਾਂ ਮੋਰਚਾ ਲਾ ਦਿੰਦੀਆਂ ਹਨ।

ਅਜਿਹੀ ਸਥਿਤੀ ਵਿਚ ਬਾਹਰਲੀ ਦਖਲ-ਅੰਦਾਜ਼ੀ ਵੱਧ ਜਾਂਦੀ ਹੈ ਅਤੇ ਸਥਿਤੀ ਨਿਰੰਤਰ ਵਿਗੜਦੀ ਜਾਂਦੀ ਹੈ। ਅਜਿਹੇ ਪਤੀ ਆਪਣਾ ਨਿਰਧਾਰਤ ਰੋਲ ਅਦਾ ਕਰਨ ਦੀ ਅਯੋਗਤਾ ਕਾਰਨ ਸ਼ਰਾਬ ਆਦਿ ਦਾ ਆਸਰਾ ਲੈਂਦੇ ਹਨ।

ਬਹਾਨਾ ਉਹ ਭਾਵੇਂ ਕੋਈ ਲਾਉਣ, ਅਸਲ ਵਿਚ ਉਹ ਘਰੇਲੂ ਅਤੇ ਪਰਿਵਾਰਕ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਹੋਏ ਹੁੰਦੇ ਹਨ।

ਨੌਕਰੀ ਕਰਨ ਵਾਲੀ ਪਤਨੀ ਨੂੰ ਘਰ ਵਿਚ ਰਹਿਣ ਵਾਲੀ ਪਤਨੀ ਦੇ ਮੁਕਾਬਲੇ ਵਧੇਰੇ ਕੰਮ ਕਰਨਾ ਪੈਂਦਾ ਹੈ।

ਨੌਕਰੀ ਕਰਨ ਵਾਲੀ ਪਤਨੀ ਵਿਚ ਜ਼ਿੰਮੇਵਾਰੀ ਦੀ ਭਾਵਨਾ ਵੀ ਵਧੇਰੇ ਹੁੰਦੀ ਹੈ ਪਰ ਅਜਿਹੀ ਪਤਨੀ ਵਿਚ ਆਪਣੇ ਪਤੀ ਦੇ ਅਯੋਗ ਵਿਵਹਾਰ ਨੂੰ ਬਰਦਾਸ਼ਤ ਕਰਨ ਦੀ ਸਮਰੱਥਾ ਘੱਟ ਹੁੰਦੀ ਹੈ। ਅਜਿਹੀ ਪਤਨੀ ਚਾਹੁੰਦੀ ਹੈ ਕਿ ਉਸ ਦਾ ਪਤੀ ਕੇਵਲ ਫ਼ਰਮਾਨ ਜਾਰੀ ਕਰਨ ਦੀ ਥਾਂ ਘਰੇਲੂ ਕੰਮਾਂ ਪ੍ਰਤੀ ਯੋਗ ਧਿਆਨ ਵੀ ਦੇਵੇ।

ਅਜਿਹੀ ਪਤਨੀ ਵਿਚ ਚੰਗੇਰਾ ਜੀਵਨ ਜਿਉਣ ਦੀ ਇੱਛਾ ਵਧੇਰੇ ਹੁੰਦੀ ਹੈ ਅਤੇ ਉਸ ਵਿਚ ਬੱਚਤ ਦੀ ਭਾਵਨਾ ਅਤੇ ਬੱਚਤ ਨਾਲ ਘਰ ਦੀਆਂ ਵਸਤਾਂ, ਚੀਜ਼ਾਂ ਖਰੀਦਣ ਦੀ ਇੱਛਾ ਵੀ ਵਧਰੇ ਬਲਵਾਨ ਹੁੰਦੀ ਹੈ।

ਅਜਿਹੀ ਪਤਨੀ ਨਵੀਆਂ ਅਤੇ ਘਰੇਲੂ ਕੰਮਾਂ ਨੂੰ ਸੌਖਾ ਕਰਨ ਵਾਲੀਆਂ ਮਸ਼ੀਨਾਂ ਅਤੇ ਵਸਤਾਂ ਖਰੀਦਣ ਦੀ ਵਧੇਰੇ ਇੱਛੁਕ ਹੁੰਦੀ ਹੈ।

ਅਜਿਹੀ ਪਤਨੀ ਉਨ੍ਹਾਂ ਚੀਜ਼ਾਂ ਉਤੇ ਖੁਸ਼ੀ-ਖੁਸ਼ੀ ਪੈਸੇ ਖਰਚਦੀ ਹੈ, ਜਿਹੜੀਆਂ ਸਭ ਦੇ ਸੁੱਖ ਵਿਚ ਵਾਧਾ ਕਰਨ ਅਤੇ ਘਰ ਨੂੰ ਹੋਰ ਸੋਹਣਾ ਬਣਾਉਣ।

ਅਜਿਹੀ ਇਸਤਰੀ ਨੂੰ ਨੌਕਰੀ ਵਿਚ ਹੋਣ ਕਾਰਨ ਵਧੇਰੇ ਫੈਸਲੇ ਕਰਨੇ ਪੈਂਦੇ ਹਨ, ਸੋ ਉਸ ਵਿਚ ਕੀਤੇ ਜਾਣ ਵਾਲੇ ਫੈਸਲਿਆਂ ਦੇ ਕਈ ਪੱਖਾਂ ਨੂੰ ਇਕੋ ਵੇਲੇ ਸਮਝਣ ਦੀ ਯੋਗਤਾ ਪੈਦਾ ਹੁੰਦੀ ਹੈ। ਅਜਿਹੀ ਇਸਤਰੀ ਕਿਸੇ ਅਜਿਹੇ ਖਰਚ ਨੂੰ ਬਰਦਾਸ਼ਤ ਨਹੀਂ ਕਰਦੀ, ਜਿਹੜਾ ਸਿਹਤ ਨੂੰ ਵਿਗਾੜੇ, ਘਰ ਦੇ ਵਸੀਲਿਆਂ ਨੂੰ ਘਟਾਏ ਅਤੇ ਘਰ ਦੇ ਅਮਨ ਨੂੰ ਤੋੜੇ।

ਜਦੋਂ ਤਕ ਪਤੀ, ਆਪਣੇ ਪਤੀ ਹੋਣ ਦੇ ਫਰਜ਼ ਨਿਭਾਉਂਦਾ ਹੈ, ਪਤਨੀ ਡੱਟ ਕੇ ਉਸ ਦਾ ਸਾਥ ਦਿੰਦੀ ਹੈ ਪਰ ਜਦੋਂ ਉਹ ਫਰਜ਼ਾਂ ਪ੍ਰਤੀ ਅਵੇਸਲਾ ਹੋ ਕੇ ਜੂਏ ਜਾਂ ਸ਼ਰਾਬ ਆਦਿ ਉਤੇ ਪੈਸੇ ਖਰਚਣ ਲਗ ਪਵੇ ਤਾਂ ਸਭ ਤੋਂ ਪਹਿਲਾਂ ਵਿਰੋਧ ਵੀ ਉਹੀ ਕਰਦੀ ਹੈ। ਇਸ ਸਥਿਤੀ ਵਿਚ ਹੀ ਘਰ ਦੀ ਵਾਗਡੋਰ ਸੰਭਾਲਣ ਦੀ ਖਿੱਚੋਤਾਣ ਆਰੰਭ ਹੋ ਜਾਂਦੀ ਹੈ।

ਅਜਿਹੀ ਖਿੱਚੋਤਾਣ ਕਾਰਨ ਕਾਮ-ਸਬੰਧਾਂ ਉਤੇ ਭੈੜਾ ਅਸਰ ਪੈਂਦਾ ਹੈ ਅਤੇ ਵਿਗੜੇ ਹੋਏ ਕਾਮ-ਸਬੰਧ ਖਿੱਚੋਤਾਣ ਨੂੰ ਵਧਾਉਂਦੇ ਹਨ ਅਤੇ ਘਰ, ਘਰ ਨਾ ਰਹਿ ਕੇ ਅਦਾਲਤ ਬਣ ਜਾਂਦਾ ਹੈ, ਜਿੱਥੇ ਨਿਤ ਨਵਾਂ ਮੁਕੱਦਮਾ ਲੜਿਆ ਜਾਂਦਾ ਹੈ।

ਸੁਖਾਵੇਂ ਕਾਮ-ਸਬੰਧ ਪਤੀ-ਪਤਨੀ ਦੇ ਉਸਾਰੂ ਰਿਸ਼ਤੇ ਦਾ ਮੂਲ ਆਧਾਰ ਹੁੰਦੇ ਹਨ। ਜਦੋਂ ਇਹ ਸਬੰਧ ਸੁਖਾਵੇਂ ਨਾ ਰਹਿਣ ਤਾਂ ਨਿੱਤ ਨਵੀਆਂ ਸਮੱਸਿਆਵਾਂ ਉਪਜਦੀਆਂ ਹਨ ਅਤੇ ਦੋਵੇਂ ਧਿਰਾਂ ਆਪਣਾ ਨਿਰਧਾਰਤ ਰੋਲ ਅਦਾ ਕਰਨ ਤੋਂ ਇਨਕਾਰੀ ਹੋ ਜਾਂਦੀਆਂ ਹਨ।

ਅਜਿਹੀ ਵਿਗੜੀ ਹਾਲਤ ਵਿਚ ਪਤੀ, ਬਦਲਾ ਲੈਣ ਦੀਆਂ ਵਿਉਂਤਾਂ ਬਣਾਉਂਦਾ ਹੈ ਅਤੇ ਪਤਨੀ, ਆਪਣੇ ਆਪ ਨੂੰ ਮਜ਼ਲੂਮ ਸਮਝਦੀ ਹੈ।

ਉਹ ਸਥਿਤੀ ਬੜੀ ਦੁਖਦਾਈ ਹੁੰਦੀ ਹੈ, ਜਦੋਂ ਦੋਵੇਂ ਧਿਰਾਂ ਆਪਣੇ ਬੱਚਿਆਂ ਨੂੰ ਆਪਣੇ ਨਾਲ ਰਲਾਉਣ ਅਤੇ ਉਨ੍ਹਾਂ ਨੂੰ ਗਵਾਹ ਬਣਾਉਣ ਦਾ ਯਤਨ ਕਰਦੀਆਂ ਹਨ।

ਇਵੇਂ ਸਥਾਪਤ ਘਰ ਹੀ ਨਹੀਂ ਟੁੱਟ ਰਿਹਾ ਹੁੰਦਾ ਸਗੋਂ ਬੱਚਿਆਂ ਦੇ ਵਿਆਹ ਉਪਰੰਤ ਉਸਰਨ ਵਾਲੇ ਘਰਾਂ ਦੀਆਂ ਬੁਨਿਆਦਾਂ ਵਿਚ ਵੀ ਤਰੇੜਾਂ ਉਭਰਨ ਲਗ ਪੈਂਦੀਆਂ ਹਨ।

ਲੜਦੇ ਹੋਏ ਪਤੀ-ਪਤਨੀ ਨੂੰ ਵੇਖ ਕੇ ਸੋਚਣਾ ਪੈਂਦਾ ਹੈ ਕਿ ਕੀ ਕਦੇ ਇਨ੍ਹਾਂ ਨੇ ਇਕ ਦੂਜੇ ਨੂੰ ਪਿਆਰ ਵੀ ਕੀਤਾ ਹੋਵੇਗਾ ?

ਸੰਸਾਰ ਵਿਚ ਸਭ ਤੋਂ ਵੱਧ ਕਰੂਪ ਦ੍ਰਿਸ਼ ਪਤੀ-ਪਤਨੀ ਦਾ ਝਗੜਾ ਹੁੰਦਾ ਹੈ ਅਤੇ ਸਭ ਤੋਂ ਭੈੜੀ ਸਥਿਤੀ ਉਹ ਹੁੰਦੀ ਹੈ ਜਦੋਂ ਉਹ ਇਕ-ਦੂਜੇ ਉਤੇ ਪਤੀ ਦੇ ਨਿਪੁੰਸਕ ਅਤੇ ਪਤਨੀ ਦੇ ਚਰਿਤਰਹੀਣ ਹੋਣ ਦੇ ਦੋਸ਼ ਲਾ ਰਹੇ ਹੋਣ।

ਅਜੋਕੇ ਪਤੀ ਦਾ ਫਰਜ਼ ਹੈ ਕਿ ਉਹ ਆਪਣੀ ਪਤਨੀ ਪ੍ਰਤੀ ਆਪਣੇ ਦ੍ਰਿਸ਼ਟੀਕੋਣ ਨੂੰ ਬਦਲੇ। ਕੁਝ ਪਤਨੀਆਂ ਭੈੜੀਆਂ ਵੀ ਹੁੰਦੀਆਂ ਹਨ, ਜਿਹੜੀਆਂ ਉਜੜਨ ਅਤੇ ਉਜਾੜਨ ਦੇ ਬਹਾਨੇ ਲੱਭਦੀਆਂ ਰਹਿੰਦੀਆਂ ਹਨ ਪਰ ਅਕਸਰ ਵੇਖਿਆ ਗਿਆ ਹੈ ਕਿ ਪਤਨੀਆਂ ਸ਼ਾਂਤ ਅਤੇ ਸੁਖਾਵਾਂ ਜੀਵਨ ਜਿਉਣ ਦੀਆਂ ਇੱਛੁਕ ਹੁੰਦੀਆਂ ਹਨ ਅਤੇ ਆਪਣੇ ਪਤੀਆਂ ਤੋਂ ਉਨ੍ਹਾਂ ਸਥਿਤੀਆਂ ਅਤੇ ਉਸ ਵਾਤਾਵਰਣ ਦੀ ਆਸ ਕਰਦੀਆਂ ਹਨ, ਜਿਨ੍ਹਾਂ ਵਿਚ ਉਹ ਪਤਨੀ ਅਤੇ ਮਾਂ ਦੇ ਆਪਣੇ ਫਰਜ਼ ਯੋਗਤਾ ਨਾਲ ਨਿਭਾਅ ਸਕਣ।

ਪਤਨੀ ਵਿਚ ਹਾਕਮ ਬਣਨ ਦੀ ਇੱਛਾ ਨਹੀਂ ਹੁੰਦੀ ਪਰ ਹਾਕਮ ਬਣੇ ਪਤੀ, ਉਨ੍ਹਾਂ ਨੂੰ ਵਿਦਰੋਹ ਲਈ ਮਜਬੂਰ ਕਰ ਦਿੰਦੇ ਹਨ।

ਇਕ ਪਤਨੀ ਨੂੰ ਜਦੋਂ ਕਿਸੇ ਨੇ ਪੁੱਛਿਆ ਕਿ ਤੁਹਾਡੇ ਘਰ ਵਿਚ ਕਿਸ ਦੀ ਚਲਦੀ ਹੈ ਤਾਂ ਉਸ ਨੇ ਕਿਹਾ ਕਿ ਉਸ ਨੂੰ ਤਾਂ ਇਸ ਗੱਲ ਦਾ ਕਦੇ ਖਿਆਲ ਹੀ ਨਹੀਂ ਆਇਆ।

ਸ਼ਕਤੀਸ਼ਾਲੀ ਬਾਦਸ਼ਾਹ, ਹੁਕਮ ਵੀ ਬੇਨਤੀ ਦੀ ਭਾਸ਼ਾ ਵਿਚ ਕਰਦੇ ਹਨ ਅਤੇ ਸੋਹਣੀਆਂ ਮਹਾਰਾਣੀਆਂ ਪਤੀ ਨੂੰ ਸਿਆਣਾ ਅਤੇ ਸ਼ਕਤੀਸ਼ਾਲੀ ਪਤੀ ਬਣਨ ਦੀ ਆਜ਼ਾਦੀ ਦੇ ਕੇ, ਉਨ੍ਹਾਂ ਉਤੇ ਰਾਜ ਕਰਦੀਆਂ ਹਨ।

ਸਭ ਤੋਂ ਸੋਹਣਾ ਅਤੇ ਨੇੜਲਾ ਸਾਥ ਪਤੀ-ਪਤਨੀ ਦਾ ਹੁੰਦਾ ਹੈ।

ਸਭ ਤੋਂ ਚੰਗਾ, ਸੱਸਤਾ ਅਤੇ ਅਤੇ ਸੁਖਾਵਾਂ ਮਨਪ੍ਰਚਾਵਾ ਆਪਣੀ ਪਤਨੀ ਅਤੇ ਆਪਣੇ ਬੱਚਿਆਂ ਨਾਲ ਹੁੰਦਾ ਹੈ।

ਪਤੀ ਲਈ ਇਤਨਾ ਹੀ ਕਾਫੀ ਹੈ ਕਿ ਉਹ ਪਤੀ ਬਣਿਆ ਰਹੇ।

ਜਿਹੜੇ ਪਤੀ, ਆਪਣੇ ਘਰ ਵਿਚ, ਪਰਿਵਾਰ ਲਈ ਹਾਕਮ ਬਣਨਾ ਚਾਹੁੰਦੇ ਹਨ, ਉਹ ਨਾ ਪਤੀ ਰਹਿੰਦੇ ਹਨ ਨਾ ਹਾਕਮ ਬਣਦੇ ਹਨ।

ਉਹ ਘਰ ਅਜੇ ਬਣਨਾ ਹੈ, ਜਿਥੇ ਕਦੀ ਝਗੜਾ ਨਾ ਹੋਇਆ ਹੋਵੇ।

ਥੋੜ੍ਹੇ ਜਿਹੇ ਅਭਿਆਸ ਅਤੇ ਵਿਸ਼ਲੇਸ਼ਣ ਮਗਰੋਂ ਦੋਹਾਂ ਧਿਰਾਂ ਨੂੰ ਪਤਾ ਲਗ ਜਾਂਦਾ ਹੈ ਕਿ ਉਨ੍ਹਾਂ ਵਿਚਕਾਰ ਕਿਸ ਕਾਰਨ ਝਗੜਾ ਉਪਜਦਾ ਹੈ ਅਤੇ ਕਿਸ ਢੰਗ ਨਾਲ ਜਾਂ ਕਿਹੜੀਆਂ ਗੱਲਾਂ ਨਾਲ ਇਹ ਨਿਬੜਦਾ ਹੈ।

ਹਰ ਝਗੜੇ ਨੂੰ ਸਮਝਿਆ ਅਤੇ ਸਵੀਕਾਰ ਕੀਤਾ ਜਾ ਸਕਦਾ ਹੈ ਪਰ ਸਮਝੌਤੇ ਦੀ ਸੰਭਾਵਨਾ ਵੀ ਬਣੀ ਰਹਿਣੀ ਚਾਹੀਦੀ ਹੈ।

ਜੇਕਰ ਇਹ ਸੰਕਲਪ ਕਰ ਲਿਆ ਜਾਵੇ ਕਿ ਅਸੀਂ ਬੱਚਿਆਂ ਸਾਹਮਣੇ ਨਹੀਂ ਝਗੜਨਾ ਤਾਂ ਝਗੜੇ ਆਪੇ ਮੁੱਕ ਜਾਂਦੇ ਹਨ।

ਪਤੀ-ਪਤਨੀ ਦਾ ਆਪਸੀ ਰੁਸੇਵਾਂ ਇਕ ਸ਼ੌਕ ਹੀ ਹੋਣਾ ਚਾਹੀਦਾ ਹੈ, ਇਹ ਦੋਹਾਂ ਦੀ ਆਦਤ ਨਹੀਂ ਬਣਨਾ ਚਾਹੀਦਾ।

ਵੇਖਿਆ ਗਿਆ ਹੈ ਕਿ ਬਹੁਤੇ ਝਗੜੇ ਉਨ੍ਹਾਂ ਘਰਾਂ ਅਤੇ ਪਰਿਵਾਰਾਂ ਵਿਚ ਉਪਜਦੇ ਹਨ, ਜਿਥੇ ਵਿਆਹ ਲਾਪ੍ਰਵਾਹੀ ਨਾਲ ਹੋਏ ਹੋਣ ਅਤੇ ਬੱਚੇ ਹੋਰ ਵੀ ਲਾਪ੍ਰਵਾਹੀ ਨਾਲ ਪੈਦਾ ਕੀਤੇ ਗਏ ਅਤੇ ਵਿਗਾੜੇ ਗਏ ਹੋਣ।

ਲਾਪ੍ਰਵਾਹੀ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਵੀ ਵੱਡੇ-ਵੱਡੇ ਝਗੜੇ, ਉਲਝਣਾਂ ਅਤੇ ਮੁਸੀਬਤਾਂ ਬਣ ਜਾਂਦੀਆਂ ਹਨ। ਲਾਪ੍ਰਵਾਹ ਪਤੀ-ਪਤਨੀ ਆਮ ਕਰਕੇ ਹਨੀਮੂਨ ਦੌਰਾਨ ਹੀ ਤਲਾਕ ਬਾਰੇ ਸੋਚਣ ਲਗ ਪੈਂਦੇ ਹਨ।

ਲਾਪ੍ਰਵਾਹ ਵਿਅਕਤੀ ਵਿਚ ਸੰਭਲਣ ਦੀ ਸਮਰੱਥਾ ਨਹੀਂ ਹੁੰਦੀ।

ਘਰ ਵਿਚ ਆਮ ਕਰਕੇ ਸਵੇਰੇ ਪਰਿਵਾਰ ਦਾ ਜਿਹੜਾ ਜੀਅ ਸਭ ਤੋਂ ਪਹਿਲਾਂ ਉਠਦਾ ਹੈ, ਗੱਲ ਉਸ ਦੀ ਮੰਨੀ ਜਾਂਦੀ ਹੈ।

ਇਵੇਂ ਹੀ ਜਿਹੜਾ ਜ਼ਿੰਮੇਵਾਰ ਹੈ, ਉਸ ਦੀ ਗੱਲ ਵਧੇਰੇ ਸੌਖ ਨਾਲ ਮੰਨੀ ਜਾਂਦੀ ਹੈ।

ਉਸ ਘਰ ਵਿਚ ਸਾਰੀਆਂ ਖੁਸ਼ੀਆਂ ਹੁੰਦੀਆਂ ਹਨ, ਜਿਥੇ ਪਤਨੀ ਆਪਣੇ ਪਤੀ ਨੂੰ ਦੁਨੀਆਂ ਦਾ ਸਭ ਤੋਂ ਸਿਆਣਾ ਆਦਮੀ ਮੰਨਦੀ ਹੈ ਅਤੇ ਜਿੱਥੇ ਪਤੀ, ਆਪਣੀ ਪਤਨੀ ਨੂੰ ਸੰਸਾਰ ਦੀ ਸਭ ਤੋਂ ਵੱਧ ਸੁੰਦਰ ਇਸਤਰੀ ਸਮਝਦਾ ਹੈ।

ਜਿੱਥੇ ਪਿਆਰ ਹੋਵੇ, ਉਥੇ ਕੋਈ ਵਿਰੋਧ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਬਹਿਸ ਦੀ ਲੋੜ ਉਪਜਦੀ ਹੈ। ਅਜਿਹੇ ਪਤੀ-ਪਤਨੀ ਵੀ ਝਗੜਦੇ ਹਨ ਪਰ ਉਹ ਝਗੜੇ ਨੂੰ ਲਮਕਾਉਂਦੇ ਨਹੀਂ ਅਤੇ ਉਹ ਹਰ ਝਗੜੇ ਤੋਂ ਸਬਕ ਸਿਖਦੇ ਹਨ।

ਜਿਹੜੇ ਘਰ ਬਰਕਤਾਂ ਦੇ ਬਾਗ ਹੁੰਦੇ ਹਨ, ਉਥੇ ਹਕੂਮਤ ਦਾ ਝਗੜਾ ਨਹੀਂ ਹੁੰਦਾ। ਜਿਥੇ ਹਕੂਮਤ ਦਾ ਝਗੜਾ ਹੈ, ਉਹ ਘਰ ਕਾਣ ਪਈ ਮੰਜੀ ਵਾਂਗ ਹੁੰਦੇ ਹਨ।

ਮਨ ਦੇ ਮੇਲ ਬਿਨਾਂ, ਵਿਆਹ ਜਿਸਮਾਂ ਦਾ ਵਿਉਪਾਰ ਹੋ ਨਿਬੜਦਾ ਹੈ।

ਘਰ ਦੀ ਜ਼ਿੰਮੇਵਾਰੀ ਬਹੁਤ ਵੱਡੀ ਚੀਜ਼ ਹੈ, ਇਹ ਕੇਵਲ ਇਕ ਵਿਅਕਤੀ ਵਲੋਂ, ਕੇਵਲ ਦੋ ਹੱਥਾਂ ਵਿਚ ਸੰਭਾਲੀ ਜਾਣ ਵਾਲੀ ਚੀਜ਼ ਨਹੀਂ।

ਘਰ ਵਿਚ ਹਕੂਮਤ ਪਿਆਰ ਦੀ ਹੁੰਦੀ ਹੈ ਅਤੇ ਇਹ ਹਕੂਮਤ ਉਸ ਦੀ ਚਲਦੀ ਹੈ ਜਿਹੜਾ ਘਰ ਨੂੰ ਪਵਿੱਤਰ ਸਮਝਦਾ ਹੈ।

ਜਿਹੜਾ ਆਪਣੇ ਛੋਟੇ ਘਰ ਨੂੰ ਆਪਣੇ ਦਿਲ ਨਾਲ ਵੱਡਾ ਕਰੇ, ਉਹੀ ਉਸ ਘਰ ਦਾ ਮੁਖੀ ਜਾਂ ਬਾਦਸ਼ਾਹ ਹੁੰਦਾ ਹੈ ਅਤੇ ਉਹੀ ਉਸ ਘਰ ਦੀ ਰਾਣੀ ਹੁੰਦੀ ਹੈ।

ਕੰਮ ਦਾ ਮਹੱਤਵ

ਮਨੁੱਖ ਕਦੇ ਵੀ ਕਿਸੇ ਅਜਿਹੀ ਸਮਾਜਿਕ ਪ੍ਰਣਾਲੀ ਦਾ ਨਿਰਮਾਣ ਨਹੀਂ ਕਰ ਸਕੇਗਾ, ਜਿਸ ਵਿਚ ਕੰਮ ਕਰਨ ਦੀ ਲੋੜ ਨਹੀਂ ਹੋਵੇਗੀ।

ਕੰਮ ਕਰਨਾ ਮਨੁੱਖ ਲਈ ਸਰਾਪ ਨਹੀਂ, ਸਗੋਂ ਇਹ ਤਾਂ ਜ਼ਿੰਦਗੀ ਦੇ ਅਰਥ ਲੱਭਣ ਦਾ ਇਕ-ਮਾਤਰ ਸਾਧਨ ਹੈ।

ਜਿਹੜੇ ਕੰਮ ਕਰਦੇ ਹਨ, ਉਹ ਜਾਣਦੇ ਹਨ ਕਿ ਸੱਚੇ ਆਨੰਦ ਦੀ ਪ੍ਰਾਪਤੀ ਸੰਭਵ ਹੀ ਕੰਮ ਵਿਚੋਂ ਹੁੰਦੀ ਹੈ।

ਮਨੁੱਖ ਦੇ ਜਨਮ ਨਾਲ ਹੀ ਉਸ ਲਈ ਕੰਮ ਵੀ ਜੰਮ ਪੈਂਦਾ ਹੈ ਅਤੇ ਸੱਚੇ ਅਰਥਾਂ ਵਿਚ ਕਿਸੇ ਨੂੰ ਕਿਸੇ ਤੋਂ ਪੁੱਛਣ ਦੀ ਲੋੜ ਨਹੀਂ ਕਿ ਮੈਂ ਕੀ ਕੰਮ ਕਰਾਂ।

ਕਈ ਨਿਕੰਮੇ ਲੋਕਾਂ ਦਾ ਜ਼ਿੰਦਗੀ ਭਰ ਇਹ ਯਤਨ ਹੁੰਦਾ ਹੈ ਕਿ ਕੰਮ ਤੋਂ ਬਚਿਆ ਕਿਵੇਂ ਜਾਵੇ। ਇਹ ਵੀ 'ਕੰਮ' ਹੈ ਅਤੇ ਉਹ ਨਿਰੰਤਰ ਕੰਮ ਵਿਚ ਰੁੱਝੇ ਹੋਏ ਹਨ।

ਬਹੁਤ ਘੱਟ ਲੋਕ ਅਜਿਹੇ ਹੋਣਗੇ ਜਿਹੜੇ ਕੰਮ ਕਰਨਾ ਚਾਹੁੰਦੇ ਹੋਣ ਅਤੇ ਉਨ੍ਹਾਂ ਕੋਲ ਕਿਸੇ ਪ੍ਰਕਾਰ ਦਾ ਕੰਮ ਨਾ ਹੋਵੇ।

ਕਿਹਾ ਜਾਂਦਾ ਹੈ ਕਿ ਜਦੋਂ ਕੰਮ ਅਤੇ ਕਾਮਾ ਇਕ-ਸੁਰ ਹੋ ਜਾਣ ਤਾਂ ਹੁਨਰ ਅਤੇ ਕਲਾ ਦਾ ਜਨਮ ਹੁੰਦਾ ਹੈ ਅਤੇ ਕਾਮਾ ਕਲਾਕਾਰ ਬਣ ਜਾਂਦਾ ਹੈ।

ਸੱਚਾ ਆਚਾਰ ਜਾਂ ਉੱਚਾ ਚਰਿੱਤਰ ਸੁੱਚੇ ਕੰਮ ਵਿਚੋਂ ਹੀ ਪ੍ਰਾਪਤ ਹੁੰਦਾ ਹੈ।

ਜਿਹੜੇ ਲੋਕ ਬੇਰੋਜ਼ਗਾਰੀ ਦੀ ਸ਼ਿਕਾਇਤ ਕਰਦੇ ਹਨ, ਅਸਲ ਵਿਚ ਉਹ ਇਹ ਕਹਿਣਾ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਕੰਮ ਤੋਂ ਬਿਨਾਂ ਹੀ ਤਨਖਾਹ ਮਿਲਣ ਲਗ ਪਵੇ। ਜੇ ਉਨ੍ਹਾਂ ਤੋਂ ਪੁੱਛਿਆ ਜਾਵੇ : ਤੁਸੀਂ ਕੀ ਕਰ ਸਕਦੇ ਹੋ ? ਤਾਂ ਉਹ ਇਹ ਉੱਤਰ ਨਹੀਂ ਦੇਣਗੇ ਕਿ ਉਹ ਕੀ ਕਰ ਸਕਦੇ ਹਨ ਸਗੋਂ ਕਹਿਣਗੇ : ਜਿਵੇਂ ਦੂਜਿਆਂ ਨੂੰ ਤਨਖਾਹ ਮਿਲਦੀ ਹੈ, ਉਵੇਂ ਹੀ ਸਾਨੂੰ ਮਿਲਣੀ ਚਾਹੀਦੀ ਹੈ।

ਇਥੇ ਹੀ ਬਸ ਨਹੀਂ, ਉਹ ਵਿਅਕਤੀ ਵੀ ਅਜੇ ਜੰਮਣਾ ਹੈ ਜਿਹੜਾ ਆਪਣੀ ਤਨਖਾਹ ਨਾਲ ਸੰਤੁਸ਼ਟ ਹੋਵੇ ਜਾਂ ਆਪਣੇ ਕੰਮ ਨਾਲ ਪੂਰਨ ਭਾਂਤ ਪ੍ਰਸੰਨ ਹੋਵੇ।

ਬੱਚਿਆਂ ਲਈ ਖੇਡਣਾ ਹੀ ਕੰਮ ਹੈ, ਵਿਦਿਆਰਥੀਆਂ ਲਈ ਪੜ੍ਹਨਾ ਹੀ ਕੰਮ ਹੈ, ਬੀਮਾਰਾਂ ਲਈ ਆਰਾਮ ਨਾਲ ਬਿਸਤਰੇ 'ਤੇ ਪਿਆ ਰਹਿਣਾ ਕੰਮ ਹੈ, ਵੇਸਵਾ ਲਈ ਸੰਭੋਗ ਹੀ ਕੰਮ ਹੈ।

ਕੰਮ ਅਤੇ ਖੇਡ ਵਿਚਕਾਰ ਬੁਨਿਆਦੀ ਅੰਤਰ ਇਹ ਹੈ ਕਿ ਕੰਮ ਕਰਨ ਦੀ ਮਜਬੂਰੀ ਹੁੰਦੀ ਹੈ, ਜਦੋਂ ਕਿ ਖੇਡਣ ਦੀ ਨਹੀਂ ਹੁੰਦੀ।

ਇਹ ਅੰਤਰ ਵੀ ਹੈ ਕਿ ਕੰਮ ਨੂੰ ਅਸੀਂ ਮੁਕਾਉਣ ਦੀ ਦ੍ਰਿਸ਼ਟੀ ਨਾਲ ਕਰਦੇ ਹਾਂ, ਜਦੋਂ ਕਿ ਖੇਡ ਨੂੰ ਅਸੀਂ ਜਾਰੀ ਰੱਖਣ ਦੇ ਉਦੇਸ਼ ਨਾਲ ਖੇਡਦੇ ਹਾਂ।

ਕੰਮ ਦੇ ਸੰਦਰਭ ਵਿਚ ਇਕ ਨਿਸ਼ਚਿਤ ਨਿਸ਼ਾਨਾ ਹੁੰਦਾ ਹੈ, ਜਦੋਂ ਕਿ ਖੇਡ ਦੇ ਸੰਦਰਭ ਵਿਚ ਕੇਵਲ ਰੁਝੇ ਰਹਿਣਾ ਹੀ ਉਦੇਸ਼ ਹੁੰਦਾ ਹੈ।

ਜਦੋਂ ਕਿਸੇ ਖਿਡਾਰੀ ਲਈ ਖੇਡਣਾ ਹੀ ਕੰਮ ਬਣਾ ਦਿੱਤਾ ਜਾਵੇ ਤਾਂ ਉਸ ਵਿਚੋਂ ਮਨਪ੍ਰਚਾਵੇ ਦਾ ਅੰਸ਼ ਉਡ ਜਾਂਦਾ ਹੈ ਅਤੇ ਜਦੋਂ ਆਰਾਮ ਕਰਨਾ ਹੀ ਕੰਮ ਹੋ ਜਾਵੇ ਤਾਂ ਆਰਾਮ ਵੀ ਸਜ਼ਾ ਭਾਸਣ ਲੱਗ ਪੈਂਦਾ ਹੈ।

ਪੁਰਾਤਨ ਜ਼ਮਾਨੇ ਦੇ ਉਪਜੀਵਕਾ ਨਾਲ ਜੁੜੇ ਕਾਰਜ ਜਿਵੇਂ ਦੌੜਨਾ, ਹੱਥੋਪਾਈ ਹੋ ਕੇ ਚੀਜ਼ ਖੋਹਣਾ, ਨੇਜ਼ਾ ਜਾਂ ਭਾਲਾ ਸੁੱਟਣਾ, ਦੂਰ ਤੱਕ ਪੱਥਰ ਵਗਾਹ ਕੇ ਮਾਰਨਾ, ਉੱਚੀ ਛਾਲ ਮਾਰ ਕੇ ਰੁਕਾਵਟ ਟੱਪ ਜਾਣਾ ਅਤੇ ਲੰਮੀ ਛਾਲ ਮਾਰ ਕੇ ਪਿੱਛਾ ਕਰ ਰਹੇ ਜਾਨਵਰ ਤੋਂ ਛੁਟਕਾਰਾ ਪਾਉਣਾ ਆਦਿ, ਅੱਜ ਦੀਆਂ ਖੇਡਾਂ ਹਨ।

ਇਵੇਂ ਹੀ ਜਿਨ੍ਹਾਂ ਨੂੰ ਅਸੀਂ ਅੱਜ ਮਨਪ੍ਰਚਾਵਾ ਸਮਝਦੇ ਹਾਂ, ਜਿਵੇਂ ਮੱਛੀ ਫੜਨਾ, ਘੋੜਸਵਾਰੀ ਕਰਨੀ ਅਤੇ ਬਾਗਬਾਨੀ ਆਦਿ ਉਹ ਗੁਜ਼ਰੇ ਜ਼ਮਾਨੇ ਵਿਚ ਉਪਜੀਵਕਾ ਦੇ ਸਾਧਨ ਹੋਇਆ ਕਰਦੇ ਸਨ।

ਇਵੇਂ ਹੀ ਜਿਨ੍ਹਾਂ ਨੂੰ ਅਸੀਂ ਅੱਜ ਕੰਮ, ਕਿੱਤੇ ਅਤੇ ਰੁਝੇਵੇਂ ਸਮਝਦੇ ਹਾਂ, ਉਹ ਭਵਿੱਖ ਵਿਚ ਮਨੋਰੰਜਨ ਅਤੇ ਮਨਪ੍ਰਚਾਵੇ ਹੋਣਗੇ।

ਹਰ ਇਕ ਸਦੀ ਨੇ ਮਨੋਰੰਜਨ, ਉਪਜੀਵਕਾ ਦੇ ਸਾਧਨਾਂ ਅਤੇ ਕੰਮਾਂ ਦੇ ਪੱਖੋਂ ਮਨੁੱਖੀ ਇਤਿਹਾਸ ਵਿਚ ਨਿਵੇਕਲਾ ਯੋਗਦਾਨ ਪਾਇਆ ਹੈ।

ਕਿਸੇ ਵੀ ਦੋ ਸਦੀਆਂ ਦੀਆਂ ਸਮੱਸਿਆਵਾਂ ਇਕੋ ਜਿਹੀਆਂ ਨਹੀਂ ਹੁੰਦੀਆਂ।

ਯੂਰਪ ਦੀ ਉੱਨਤੀ ਦਾ ਕਾਰਨ ਇਹ ਹੈ ਕਿ ਉਥੋਂ ਦੇ ਲੋਕ ਘੋੜਿਆਂ ਵਾਂਗ ਕੰਮ ਕਰਦੇ ਹਨ। ਯੂਰਪ ਦੀ ਖੁਸ਼ਹਾਲੀ ਪਿੱਛੇ ਕਈ ਸਦੀਆਂ ਦੀ ਸਖਤ ਮਿਹਨਤ ਹੈ।

ਸਾਡੇ ਦੇਸ਼ ਵਿਚ ਧਰਮ ਨੇ ਸਾਨੂੰ ਤਿਆਗ ਕਰਨਾ ਹੀ ਸਿਖਾਇਆ ਹੈ।

ਸਾਡੀ ਹੁਣ ਸਭ ਤੋਂ ਵੱਡੀ ਮੁਸ਼ਕਿਲ ਇਹ ਬਣੀ ਹੋਈ ਹੈ ਕਿ ਹਰ ਵੇਲੇ ਧਾਰਮਿਕ ਰਸਮਾਂ ਵਿਚ ਰੁਝੇ ਲੋਕਾਂ ਨੂੰ ਕੰਮ ਵਲ ਕਿਵੇਂ ਮੋੜਿਆ ਜਾਵੇ।

ਅਸੀਂ ਇਕ ਹੋਰ ਆਦਤ ਦਾ ਸ਼ਿਕਾਰ ਵੀ ਹੋਏ ਹੋਏ ਹਾਂ, ਉਹ ਇਹ ਹੈ ਕਿ ਹਰ ਕੋਈ ਆਪਣੇ ਕੰਮ ਨੂੰ ਛੱਡ ਕੇ ਹੋਰ-ਹੋਰ ਕੰਮਾਂ ਵਿਚ ਉਲਝਣ ਦੇ ਤਰਲੇ ਲੈ ਰਿਹਾ ਹੈ।

ਉਪਰੋਕਤ ਰੁਚੀ ਅਸਲ ਵਿਚ ਕੰਮ ਤੋਂ ਬੱਚਣ ਦਾ ਇਕ ਢੰਗ ਹੀ ਹੈ। ਬਹੁਤ ਘੱਟ ਲੋਕ ਹਨ ਜਿਹੜੇ ਉਹ ਕੰਮ ਕਰ ਰਹੇ ਹਨ, ਜਿਹੜਾ ਉਨ੍ਹਾਂ ਦਾ ਕੰਮ ਹੈ।

ਇਸ ਦੇ ਨਾਲ ਹੀ ਕੰਮ ਨੂੰ ਮੁਲਤਵੀ ਕਰਨ ਜਾਂ ਟਾਲਣ ਦਾ ਹਰ ਸੰਭਵ ਢੰਗ ਵਰਤਿਆ ਜਾ ਰਿਹਾ ਹੈ। ਇਸ ਸਭ ਕੁਝ ਦੀ ਰੋਸ਼ਨੀ ਵਿਚ ਹੈਰਾਨੀ ਵਾਲੀ ਗੱਲ ਨਹੀਂ ਕਿ ਤਰੱਕੀ ਕਿਉਂ ਨਹੀਂ ਹੋ ਰਹੀ ਅਤੇ ਵਿਕਾਸ ਕਿਉਂ ਨਹੀਂ ਵਾਪਰ ਰਿਹਾ।

ਇਸ ਦੇ ਨਾਲ ਹੀ ਹਰ ਇਕ ਵਿਅਕਤੀ ਨੌਕਰੀ ਵਿਚ ਤਰੱਕੀ ਲਈ ਤਾਂਘ ਰਿਹਾ ਹੈ ਅਤੇ ਤਰੱਕੀ ਨਾ ਮਿਲਣ ਨੂੰ ਬੇਇਨਸਾਫੀ ਦੱਸ ਕੇ ਹਥਲੇ ਕੰਮ ਨੂੰ ਟਾਲ ਰਿਹਾ ਹੈ।

ਕੰਮ ਦੀ ਅਜਿਹੀ ਸਥਿਤੀ ਸਬੰਧੀ ਕਈ ਫਾਰਮੂਲੇ ਘੜੇ ਗਏ ਹਨ, ਜਿਵੇਂ ਵਿਹਲਿਆਂ ਨੂੰ ਸਲਾਹਕਾਰ ਨਿਯੁਕਤ ਕਰ ਕੇ ਉਨ੍ਹਾਂ ਲਈ ਕੰਮ ਪੈਦਾ ਕੀਤਾ ਜਾਂਦਾ ਹੈ।

ਸਲਾਹਕਾਰ ਰਲ ਕੇ ਇਕ ਕਮੇਟੀ ਬਣਾਉਂਦੇ ਹਨ।

ਉਸ ਕਮੇਟੀ ਲਈ ਕੰਮ ਵਧੇਰੇ ਪ੍ਰਤੀਤ ਹੁੰਦਾ ਹੈ, ਇਸ ਕਰ ਕੇ ਇਕ ਹੋਰ ਜਾਂ ਇਕ ਸਬ-ਕਮੇਟੀ ਬਣਾਈ ਜਾਂਦੀ ਹੈ।

ਇਵੇਂ ਹੀ ਕੰਮ ਨੂੰ ਸੌ ਫੀਸਦੀ ਵਧਾਉਣ ਲਈ, ਹਰ ਫਾਈਲ ਉੱਤੇ ਕਿਸੇ ਨਾ ਕਿਸੇ ਪ੍ਰਕਾਰ ਦਾ ਇਤਰਾਜ਼ ਲਾਇਆ ਜਾਂਦਾ ਹੈ।

ਕੰਮ ਥੋੜ੍ਹਾ ਹੈ, ਸਮਾਂ ਜ਼ਿਆਦਾ ਹੈ, ਇਸ ਲਈ ਇਤਰਾਜ਼ ਲਾ ਕੇ ਵਿਹਲਿਆਂ ਲਈ ਕੰਮ ਪੈਦਾ ਕੀਤਾ ਜਾਂਦਾ ਹੈ।

ਕਰਮਚਾਰੀਆਂ ਜਾਂ ਵਪਾਰੀਆਂ ਦੀ ਹੇਰਾਫੇਰੀ ਰੋਕਣ ਲਈ ਇੰਸਪੈਕਟਰ ਲਾਏ ਜਾਂਦੇ ਹਨ, ਇੰਸਪੈਕਟਰਾਂ ਉਤੇ ਫਲਾਈਂਗ ਸਕੁਐਡ ਲਾਏ ਜਾਂਦੇ ਹਨ, ਉਨ੍ਹਾਂ ਦੇ ਨਿਯੰਤਰਣ ਲਈ ਹੋਰ ਅਮਲਾ ਲਾਇਆ ਜਾਂਦਾ ਹੈ।

ਜੇ ਲੋਕਾਂ ਨੂੰ ਕਿਹਾ ਜਾਵੇ ਕਿ ਇਕ ਪਾਸੇ ਪਈਆਂ ਇੱਟਾਂ ਜਾਂ ਫਾਈਲਾਂ ਕੰਧ ਦੇ ਦੂਜੇ ਪਾਸੇ ਸੁਟੀ ਜਾਓ ਅਤੇ ਦੂਜੇ ਪਾਸੇ ਦੇ ਲੋਕਾਂ ਨੂੰ ਮੁੜ ਪਹਿਲੇ ਪਾਸੇ ਸੁੱਟਣ ਲਈ ਕਿਹਾ ਜਾਵੇ ਤਾਂ ਉਹ ਤੁਹਾਡੇ ਵੱਲ ਹੈਰਾਨੀ ਨਾਲ ਵੇਖਣਗੇ, ਪਰ ਸੱਚਾਈ ਇਹ ਹੈ ਕਿ ਲੋਕਾਂ ਦੀ ਬਹੁਗਿਣਤੀ ਅਜਿਹੇ ਕੰਮਾਂ 'ਚ ਹੀ ਰੁੱਝੀ ਹੋਈ ਹੈ।

ਜੇ ਡਾਕਟਰ ਕਹਿੰਦਾ ਹੈ ਕਿ ਮਰੀਜ਼ ਅਜੇ ਦਾਖਲ ਕਰਨ ਯੋਗ ਨਹੀਂ ਤਾਂ ਸਾਰਾ ਜ਼ੋਰ ਲਾ ਦਿੱਤਾ ਜਾਂਦਾ ਹੈ ਕਿ ਮਰੀਜ਼ ਦਾਖਲ ਕੀਤਾ ਜਾਵੇ।

ਜੇ ਡਾਕਟਰ ਕਹਿੰਦੇ ਹਨ ਮਰੀਜ਼ ਅਜੇ ਛੁੱਟੀ ਦੇਣ ਯੋਗ ਨਹੀਂ ਤਾਂ ਸਾਰਾ ਜ਼ੋਰ ਲਾ ਦਿੱਤਾ ਜਾਂਦਾ ਹੈ ਕਿ ਛੁੱਟੀ ਲੈਣੀ ਹੈ। ਇਹੀ ਹਾਲ ਬਾਕੀ ਖੇਤਰਾਂ ਵਿਚ ਹੈ।

ਜੋ ਕੁਝ ਵੀ ਯੋਗ, ਸਹੀ, ਢੁੱਕਵਾਂ ਅਤੇ ਲੋੜੀਂਦਾ ਹੈ, ਉਹ ਨਹੀਂ ਕੀਤਾ ਜਾ ਰਿਹਾ, ਜੋ ਯੋਗ ਨਹੀਂ, ਸਾਰਾ ਜ਼ੋਰ ਉਸ ਉਤੇ ਲਗ ਰਿਹਾ ਹੈ।

ਹਰ ਇਕ ਵਿਅਕਤੀ ਨੌਕਰੀ ਵਿਚ ਆਪਣੀ ਅਯੋਗਤਾ ਦੀ ਪੱਧਰ ਤਕ ਤਰੱਕੀ ਪ੍ਰਾਪਤ ਕਰਨੀ ਚਾਹੁੰਦਾ ਹੈ।

ਇਸ ਸਿਧਾਂਤ ਦੇ ਅਰਥ ਇਹ ਹਨ ਕਿ ਹਰ ਇਕ ਵਿਅਕਤੀ ਉਸ ਪਦਵੀ ਲਈ ਤਾਂਘ ਰਿਹਾ ਹੈ, ਜਿਸ ਦੇ ਅਸਲ ਵਿਚ ਉਹ ਯੋਗ ਨਹੀਂ।

ਉਸ ਪਦਵੀ ਉਤੇ ਲੱਗ ਕੇ ਅਜਿਹਾ ਵਿਅਕਤੀ ਆਪਣੀ ਅਯੋਗਤਾ ਛੁਪਾਉਣ ਲਈ ਚਲਿੱਤਰ ਕਰਨ ਲੱਗ ਪੈਂਦਾ ਹੈ ਅਤੇ ਧੜੇਬੰਦੀਆਂ ਪਾਲਦਾ ਹੈ।

ਇਹ ਸਭ ਯਤਨ ਉਸ ਵਲੋਂ ਕਿਸੇ ਨਾ ਕਿਸੇ ਤਰੀਕੇ ਆਪਣੀ ਅਯੋਗਤਾ ਛੁਪਾਉਣ ਦੇ ਉਪਰਾਲੇ ਹੀ ਹੁੰਦੇ ਹਨ।

ਇਸ ਦੇ ਨਾਲ ਹੀ ਆਮ ਕਰਕੇ ਕੰਮ ਨੂੰ ਇਸ ਢੰਗ ਨਾਲ ਉਲਝਾਇਆ ਜਾਂਦਾ ਹੈ ਤਾਂ ਜੁ ਉਲਝਾਉਣ ਵਾਲਾ ਵਿਅਕਤੀ ਹੀ ਉਸ ਨੂੰ ਸੁਲਝਾ ਸਕੇ।

ਇਹ ਕੰਮ ਨਾ ਕਰਨ ਦਾ ਇਕ ਹੋਰ ਢੰਗ ਹੈ।

ਹਰ ਖੇਤਰ ਵਿਚ ਤੱਥਾਂ ਨੂੰ ਅੰਕੜਿਆਂ ਵਿਚ ਛੁਪਾਇਆ ਜਾ ਰਿਹਾ ਹੈ।

ਨਤੀਜੇ ਸਾਹਮਣੇ ਰੱਖ ਕੇ ਅੰਕੜੇ ਤਰੋੜੇ-ਮਰੋੜੇ ਜਾ ਰਹੇ ਹਨ।

ਅਜੋਕੇ ਯੁੱਗ ਵਿੱਚ ਅਦਾਲਤਾਂ ਵਿਚ ਮੁਕੱਦਮੇਬਾਜ਼ੀ ਅਤੇ ਅਦਾਲਤੀ ਕਾਰਵਾਈ ਨੂੰ ਇਸ ਹੱਦ ਤਕ ਗੁੰਝਲਦਾਰ ਬਣਾ ਦਿੱਤਾ ਗਿਆ ਹੈ ਕਿ ਜੇ ਚਾਹੁਣ ਤਾਂ ਲੋਕ ਸਤ ਸੌ ਸਾਲ ਤਕ ਇਕੋ ਮੁਕੱਦਮਾ ਲੜ ਸਕਦੇ ਹਨ।

ਸਾਡਾ ਸਾਰਾ ਰਾਸ਼ਟਰ ਅਜਿਹੇ ਤਾਣਿਆਂ-ਬਾਣਿਆਂ ਵਿਚ ਉਲਝਿਆ ਪਿਆ ਹੈ। ਕੌਣ ਕਹਿੰਦਾ ਹੈ ਕਿ ਸਾਡੇ ਦੇਸ਼ ਵਿਚ ਕੁਝ ਹੋ ਨਹੀਂ ਰਿਹਾ ?

ਮੁੱਖ ਤੌਰ ਉਤੇ ਕੰਮ ਤਿੰਨ ਪ੍ਰਕਾਰ ਦੇ ਹੁੰਦੇ ਹਨ।

ਮੁੱਢਲਾ ਕੰਮ ਪਦਾਰਥ ਦੇ ਰੂਪ ਨੂੰ ਬਦਲਣਾ ਹੁੰਦਾ ਹੈ। ਜਿਹੜੇ ਲੋਕ ਖੇਤਾਂ ਵਿਚ, ਭੱਠਿਆਂ ਉਤੇ, ਸਰੀਰਕ ਕੰਮਾਂ 'ਚ ਲੱਗੇ ਹੋਏ ਹਨ, ਉਹ ਆਪਣੀ ਧਰਤੀ ਦੇ ਨੇੜੇ ਹਨ, ਗਰੀਬ ਹਨ, ਪਛੜੇ ਹੋਏ ਹਨ। ਇਨ੍ਹਾਂ ਨੂੰ ਹੀ ਕਾਮੇ, ਮਜ਼ਦੂਰ ਕਿਹਾ ਜਾਂਦਾ ਹੈ।

ਦੂਜਾ ਕੰਮ ਬੌਧਿਕ ਸ਼ਕਤੀ ਨੂੰ ਵਰਤਣ ਦਾ ਹੈ ਅਤੇ ਇਸ ਕੰਮ ਵਿਚ ਰੁਝੇ ਹੋਏ ਲੋਕ ਚੰਗੇ ਘਰਾਂ 'ਚ ਰਹਿਣ, ਚੰਗਾ ਭੋਜਨ ਖਾਣ 'ਚ ਅਤੇ ਚੰਗਾ ਪਹਿਨਣ ਵਿਚ ਲਗੇ ਹੋਏ ਹਨ। ਇਸ ਵਰਗ ਦੇ ਲੋਕਾਂ ਨੇ ਜੰਮਣ, ਵਿਆਹ, ਮਰਨ ਆਦਿ ਨੂੰ ਕੰਮਾਂ ਵਿਚ ਤਬਦੀਲ ਕਰ ਦਿੱਤਾ ਹੈ ਅਤੇ ਆਮਦਨ ਦੇ ਸਾਧਨ ਬਣਾ ਲਿਆ ਹੈ।

ਕਿਸੇ ਦੇ ਜੰਮਣ ਵਿਚ ਸਹਾਈ ਹੋਣ ਵਾਲਿਆਂ ਨੂੰ ਡਾਕਟਰ, ਦਵਾਫਰੋਸ਼, ਨਰਸਾਂ, ਦਾਈਆਂ, ਆਦਿ ਕਹਿੰਦੇ ਹਨ।

ਵਿਆਹ ਵਿਚ ਸਹਾਈ ਹੋਣ ਵਾਲੇ ਬਜਾਜ, ਦਰਜ਼ੀ, ਸੁਨਿਆਰੇ, ਖਾਨਸਾਮੇ, ਹਲਵਾਈ, ਪਨਸਾਰੀ ਅਖਵਾਉਂਦੇ ਹਨ।

ਸਪਸ਼ਟ ਹੈ ਕਿ ਮੁੱਖ ਤੌਰ ਉੱਤੇ ਕੰਮ ਤਿੰਨ ਪ੍ਰਕਾਰ ਦੇ ਹਨ : ਪਦਾਰਥ ਦਾ ਰੂਪ ਬਦਲਣਾ, ਸੇਵਾਵਾਂ ਪ੍ਰਦਾਨ ਕਰਨਾ ਅਤੇ ਕਿਸੇ ਨਾ ਕਿਸੇ ਬੌਧਿਕ ਕਾਰਜ ਵਿਚ ਰੁੱਝਣਾ।

ਪਹਿਲੀ ਕਿਸਮ ਦੇ ਲੋਕ ਆਪਣਾ ਪੇਟ ਭਰਨ ਦੀ ਚਿੰਤਾ ਨਾਲ ਦੁੱਖੀ ਹਨ, ਦੂਜੀ, ਤੀਜੀ ਪ੍ਰਕਾਰ ਦੇ ਲੋਕ ਪੰਜ-ਰੋਜ਼ਾ ਕ੍ਰਿਕਟ ਮੈਚ ਖੇਡਣ ਅਤੇ ਵੇਖਣ ਵਿਚ ਮਗਨ ਹਨ।

ਵੇਖਣ ਨੂੰ ਸਾਰੇ ਕੰਮ ਵਿਚ ਲਗੇ ਹੋਏ ਹਨ।

ਪਹਿਲਾਂ ਘਰ ਹੀ ਛੋਟੇ-ਛੋਟੇ ਉਦਯੋਗ ਸਨ ਪਰ ਹੁਣ ਘਰ ਉਪਭੋਗਤਾ ਕੇਂਦਰ ਬਣ ਕੇ ਰਹਿ ਗਏ ਹਨ। ਉਦਯੋਗੀਕਰਨ ਨਾਲ ਨਵੀਆਂ ਸ਼ਕਤੀਆਂ ਅਤੇ ਅਮੀਰੀਆਂ ਜਨਮੀਆਂ ਹਨ ਅਤੇ ਨਾਲ ਹੀ ਨਵੀਆਂ ਗਰੀਬੀਆਂ ਸਾਹਮਣੇ ਆਈਆਂ ਹਨ।

ਮਸ਼ੀਨੀਕਰਨ ਨਾਲ ਮਜ਼ਦੂਰ ਨੂੰ ਕੁਝ ਵੀ ਸੋਚਣ ਦੀ ਲੋੜ ਨਹੀਂ ਰਹੀ, ਸੋ ਇਹ ਉਸ ਦੀ ਮਾਨਸਿਕ ਗਰੀਬੀ ਦਾ ਆਰੰਭ ਸਾਬਤ ਹੋਇਆ ਹੈ।

ਜਿਤਨਾ ਕਿਸੇ ਨੂੰ ਵੱਧ ਤੋਂ ਵੱਧ ਮੂਰਖ ਅਤੇ ਉਜੱਡ ਬਣਾਇਆ ਜਾ ਸਕਦਾ ਹੈ, ਉਹ ਮਸ਼ੀਨਾਂ ਨੇ ਮਜ਼ਦੂਰਾਂ ਨੂੰ ਬਣਾ ਦਿੱਤਾ ਹੈ।

ਮਸ਼ੀਨਾਂ ਦੀ ਆਵਾਜ਼ ਮਜ਼ਦੂਰਾਂ ਨੂੰ ਇਕ ਦੂਜੇ ਨਾਲ ਗੱਲ ਕਰਨ ਤੋਂ ਰੋਕਦੀ ਹੈ। ਇਸ ਬੋਰੀਅਤ ਤੋਂ ਛੁਟਕਾਰਾ ਪਾਉਣ ਲਈ ਉਹ ਸ਼ਰਾਬ ਪੀਂਦੇ ਅਤੇ ਨਸ਼ੇ ਕਰਦੇ ਹਨ। ਉਨ੍ਹਾਂ ਕੋਲ ਮਨਪ੍ਰਚਾਵੇ ਦੇ ਮਹਿੰਗੇ ਸਾਧਨ ਹੰਢਾਉਣ ਲਈ ਸਰਮਾਇਆ ਨਹੀਂ, ਇਸ ਲਈ ਪਤਨੀਆਂ ਨਾਲ ਸੰਭੋਗ ਹੀ ਉਨ੍ਹਾਂ ਦਾ ਮਨਪ੍ਰਚਾਵਾ ਹੋ ਨਿਬੜਦਾ ਹੈ।

ਮਜ਼ਦੂਰ ਇਸ ਲਈ ਗਰੀਬ ਹਨ, ਕਿਉਂਕਿ ਉਨ੍ਹਾਂ ਦੇ ਬੱਚੇ ਜ਼ਿਆਦਾ ਹੁੰਦੇ ਹਨ ਅਤੇ ਬੱਚੇ ਵਧੇਰੇ ਹੋਣ ਕਰਕੇ ਹੀ ਉਹ ਗਰੀਬ ਰਹਿੰਦੇ ਹਨ।

ਇਹ ਇਕ ਅਜਿਹਾ ਚੱਕਰ ਹੈ ਕਿ ਮਜ਼ਦੂਰ ਚਰੱਖੜੀ ਤੇ ਚੜ੍ਹਿਆ ਰਹਿੰਦਾ ਹੈ।

ਵਿਗਿਆਨੀਆਂ ਦਾ ਕਾਢਾਂ ਨਾਲ ਮਤਲਬ ਹੈ, ਬੰਦਿਆਂ ਨਾਲ ਨਹੀਂ, ਜਿਵੇਂ ਕਲਰਕਾਂ ਦਾ ਫਾਈਲਾਂ ਨਾਲ ਮਤਲਬ ਹੈ, ਵਿਅਕਤੀਆਂ ਨਾਲ ਨਹੀਂ।

ਇਵੇਂ ਹੌਲੀ-ਹੌਲੀ ਕੰਮ ਉਵੇਂ ਹੀ ਅਰਥਹੀਣ ਹੋਣ ਲਗ ਪੈਂਦਾ ਹੈ, ਜਿਵੇਂ ਪੁਰਾਣੇ ਸਿਲੇਬਸ ਨਿਰਰਥਕ ਹੋ ਜਾਂਦੇ ਹਨ। ਹੌਲੀ-ਹੌਲੀ, ਪ੍ਰਸੰਨ ਹੋ ਕੇ ਕੰਮ ਕਰਨ ਅਤੇ ਦਿਲਚਸਪੀ ਨਾਲ ਪੜ੍ਹਨ ਦੀ ਰੁਚੀ ਹੀ ਖਤਮ ਹੋ ਜਾਂਦੀ ਹੈ।

ਇਵੇਂ ਕੰਮ, ਜਿਹੜਾ ਜੀਵਨ ਦੀ ਮੁੱਖ ਟੇਕ ਹੁੰਦਾ ਹੈ, ਜਿਉਂਦੇ ਰਹਿਣ ਦਾ ਪੈਂਤੜਾ ਹੁੰਦਾ ਹੈ, ਆਨੰਦ ਪ੍ਰਾਪਤੀ ਦਾ ਸੋਮਾ ਹੁੰਦਾ ਹੈ, ਜ਼ਿੰਦਗੀ ਦੇ ਅਰਥ ਲੱਭਣ ਦਾ ਸਾਧਨ ਹੁੰਦਾ ਹੈ, ਉਹ ਇਕ ਸਰਾਪ ਬਣ ਜਾਂਦਾ ਹੈ, ਜਿਸ ਤੋਂ ਹਰ ਕੋਈ ਬਚਣਾ ਚਾਹੁੰਦਾ ਹੈ।

ਅਜੋਕੀ ਪੀੜ੍ਹੀ ਬੜੀ ਮਿਹਨਤ ਨਾਲ ਕੰਮ ਤੋਂ ਬਚਣ ਦੇ ਨਵੇਂ ਤੋਂ ਨਵੇਂ ਢੰਗ ਲੱਭਣ ਵਿਚ ਮਗਨ ਹੈ। ਇਸੇ ਕਰਕੇ ਉਹ ਡੂੰਘੇ ਅਤੇ ਵਿਸ਼ਾਲ ਜੀਵਨ-ਅਨੁਭਵ ਤੋਂ ਵਿਰਵੀ ਹੈ ਅਤੇ ਨਸ਼ਿਆਂ ਦਾ ਸ਼ਿਕਾਰ ਹੋ ਰਹੀ ਹੈ।

☆☆☆

- ਤਿੱਖੇ ਦਰਦ ਲੰਮੇ ਨਹੀਂ ਹੁੰਦੇ ਅਤੇ ਲੰਮੇ ਦਰਦ ਤਿੱਖੇ ਨਹੀਂ ਹੁੰਦੇ।
- ਨਵੇਂ ਰਾਹ ਉਨ੍ਹਾਂ ਨੂੰ ਹੀ ਲਭਦੇ ਹਨ, ਜਿਹੜੇ ਰਾਹ ਭੁੱਲ ਜਾਣ।
- ਮਨੁੱਖ ਪਹਿਲਾਂ ਸੋਚਾਂ ਵਿਚ ਹਾਰਦਾ ਹੈ, ਫਿਰ ਅਮਲਾਂ ਵਿਚ ਪੱਛੜਦਾ ਹੈ।
- ਚੁੱਪ ਰਹਿਣ ਦੀ ਆਦਤ, ਪ੍ਰਸੰਨਤਾ ਵਲ ਪਹਿਲਾ ਕਦਮ ਹੁੰਦੀ ਹੈ।
- ਸਾਡੀਆਂ ਸਰੀਰਕ ਸਮੱਸਿਆਵਾਂ, ਸਾਡੇ ਮਨ ਦੀਆਂ ਸ਼ਿਕਾਇਤਾਂ ਹੁੰਦੀਆਂ ਹਨ।
- ਸਿਆਣੇ ਲੋਕਾਂ ਦੀ ਉਦਾਸੀ ਵਿਚ ਵੀ ਰੌਣਕ ਹੁੰਦੀ ਹੈ।
- ਭਾਰਤ ਵਿਚ ਦਰਿਆ ਕੇਵਲ ਬ੍ਰਹਮਪੁੱਤਰ ਹੈ, ਬਾਕੀ ਸਭ ਨਦੀਆਂ ਹਨ।
- ਅਕਲ ਦਾ ਸੁਭਾਅ ਪੁਰਸ਼ ਵਾਲਾ ਅਤੇ ਸਮਝ ਦਾ ਸੁਭਾਅ ਇਸਤਰੀ ਵਾਲਾ ਹੁੰਦਾ ਹੈ।
- ਰੁਝੇ ਹੋਏ ਅਨੁਭਵੀ ਵਿਅਕਤੀ ਨੂੰ ਕਲਾਕਾਰ ਕਹਿੰਦੇ ਹਨ।
- ਕੇਵਲ ਮੁਰਦੇ ਅਤੇ ਮੂਰਖ ਹੀ ਆਪਣੇ ਵਿਚਾਰ ਨਹੀਂ ਬਦਲਦੇ।
- ਅਸੀਂ ਉਨ੍ਹਾਂ ਚੀਜ਼ਾਂ ਬਾਰੇ ਹੀ ਸੋਚਦੇ ਹਾਂ, ਜਿਨ੍ਹਾਂ ਦੀ ਥੁੜ ਹੁੰਦੀ ਹੈ।
- ਪਰੰਪਰਕ ਸਮਾਜਾਂ ਵਿਚ ਪੁਰਸ਼ਾਂ ਦੇ ਦੋਸ਼ ਵੀ ਇਸਤਰੀਆਂ ਦੇ ਸਿਰ ਲਗਦੇ ਹਨ।
- ਨਲਾਇਕ ਵਿਦਿਆਰਥੀ ਸਕੂਲ ਬਦਲਦੇ ਹਨ, ਜਮਾਤ ਉਹੀ ਰਹਿੰਦੀ ਹੈ।
- ਜਿੱਥੇ ਪਿਆਰ ਅਤੇ ਸਤਿਕਾਰ ਹੋਵੇ, ਉੱਥੇ ਬਹਿਸ ਸੰਭਵ ਨਹੀਂ ਹੁੰਦੀ।
- ਬੱਚਤ, ਮਨੁੱਖ ਨੂੰ ਆਸ਼ਾਵਾਦੀ ਅਤੇ ਭਵਿੱਖਵਾਦੀ ਬਣਾਉਂਦੀ ਹੈ।
- ਚਾਕੂ, ਪਿਸਤੌਲ, ਤਲਵਾਰ, ਬੰਦੂਕ, ਤੋਪ, ਮਿਜ਼ਾਇਲ ਆਦਿ ਪੁਰਸ਼ ਲਿੰਗ ਦੇ ਹੀ ਰੂਪ ਹਨ।
- ਪ੍ਰਸੰਨ ਹੋਣ ਲਈ ਧਨ ਦੀ ਲੋੜ ਨਹੀਂ, ਮਨ ਦੀ ਲੋੜ ਹੁੰਦੀ ਹੈ।
- ਲੋਕਾਂ ਦੀਆਂ ਸਮੱਸਿਆਵਾਂ ਨਵੇਂ-ਨਵੇਂ ਰੋਜ਼ਗਾਰ ਸਿਰਜਦੀਆਂ ਹਨ।
- ਚੁੱਪ ਦੀ ਆਪਣੀ ਬੋਲੀ ਅਤੇ ਆਪਣੀ ਵਿਆਕਰਣ ਹੁੰਦੀ ਹੈ।
- ਚੰਗਾ ਪ੍ਰਸੰਨ-ਜੀਵਨ, ਸਵੈ-ਕਾਬੂ ਤੋਂ ਬਿਨਾਂ ਸੰਭਵ ਨਹੀਂ ਹੁੰਦਾ।
- ਜੀਵਨ ਦੀ ਕਾਰੋਬਾਰੀ ਭਾਸ਼ਾ ਵਿਚ ਆਨੰਦ ਦਾ ਕੋਈ ਸੰਕਲਪ ਨਹੀਂ ਹੈ।
- ਮਾਂਗਵੇਂ ਪੈਸਿਆਂ ਨਾਲ ਉਸਾਰਿਆ ਮਕਾਨ, ਜਲਦੀ ਵਿੱਕ ਜਾਂਦਾ ਹੈ।
- ਹਮਲਾਵਰ ਵੀਜ਼ੇ ਲੈ ਕੇ ਨਹੀਂ ਆਉਂਦੇ।

unistarbooks.com

UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: +91-172-5077427, 5077428, 5089761
Ludhiana : Punjabi Bhawan • +9198154 71219

ISBN 81-7142-924-6
9788171429240

Rs. 100/-